**Reo-Bankowned Properties**
From San Jose to Sacramento
JASSI GILL *Broker/Owner*
Ph:510-304-9292
**Refinance Now**
@ZERO COST
Call Sukhi Gill:510-207-9067
CA DRE Lic.#01180969

*Jassi Gill*
CA DRE# 00966763

ਵਾਜਬ ਭਾਅ ਉਤੇ ਵਧੀਆ ਹੈਲਥ ਇੰਸ਼ੋਰੈਂਸ
COVERED CALIFORNIA
Your Destination For
AFFORDABLE
QUALITY HEALTH CARE
Including Medi-Cal
510-797-7989
Certified Insurance Agent
Gurcharan Singh Mann
License# 0C70672
2450 Peralta Blvd., Suite # 203,
Fremont, CA 94536


ਸਸਤੀ ਅਤੇ ਵਧੀਆ
ਹੈਲਥ ਇੰਸ਼ੋਰੈਂਸ
Quality Health Care
Including MEDI-CAL
COVERED CALIFORNIA
*Manjit Gill*
Certified Insurance Agent
CA. Lic#0B23990
Ph:510-888-1180
209-524-4008
Gill Financial & Insurance Services
27165 Mission Blvd, Hayward CA 94544
*www.gillfinancial.com*

Fifteenth Year of Publication
ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 15, Issue 14, April 5, 2014 20451 N Plum Grove Rd., Palatine, IL 60074 Ph:847-359-0746, Fax:847-705-9388

# ਆਖਰਕਾਰ ਜ਼ਿੰਦਗੀ ਜਿੱਤੀ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਲੰਮੀ ਕਾਨੂੰਨੀ ਲੜਾਈ ਮਗਰੋਂ ਸੁਪਰੀਮ ਕੋਰਟ ਨੇ ਆਖਰ 1993 ਦੇ ਦਿੱਲੀ ਬੰਬ ਧਮਾਕੇ ਦੇ ਕੇਸ ਵਿਚ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਫਾਂਸੀ ਦੀ ਸਜ਼ਾ ਉਮਰ ਕੈਦ ਵਿਚ ਬਦਲ ਦਿੱਤੀ ਹੈ। ਇਸ ਬਹੁ-ਚਰਚਿਤ ਕੇਸ ਵਿਚ ਕਈ ਉਤਰਾਅ-ਚੜ੍ਹਾਅ ਆਏ ਅਤੇ ਅਦਾਲਤ ਨੇ ਆਖਰਕਾਰ ਪ੍ਰੋ. ਭੁੱਲਰ ਨੂੰ ਰਾਹਤ ਦੇ ਦਿੱਤੀ। ਅਦਾਲਤ ਦੇ ਇਸ ਫੈਸਲੇ ਦਾ ਸਿੱਖ ਭਾਈਚਾਰੇ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ ਹੈ ਅਤੇ ਨਾਲ ਹੀ ਪ੍ਰੋ. ਭੁੱਲਰ ਨੂੰ ਜਲਦ ਤੋਂ ਜਲਦ ਰਿਹਾ ਕਰਨ ਦੀ ਮੰਗ ਕੀਤੀ ਹੈ।

ਪ੍ਰੋ. ਭੁੱਲਰ ਦੀ ਰਹਿਮ ਦੀ ਅਪੀਲ ਮੌਤ ਦੀ ਸਜ਼ਾ ਮਿਲਣ ਤੋਂ ਅੱਠ ਸਾਲ ਮਗਰੋਂ 14 ਮਈ 2011 ਨੂੰ ਰਾਸ਼ਟਰਪਤੀ ਨੇ ਖਾਰਜ ਕਰ ਦਿੱਤੀ ਸੀ। ਇਸ ਮਗਰੋਂ ਸਿੱਖ ਜਥੇਬੰਦੀਆਂ ਲਗਾਤਾਰ ਪ੍ਰੋ. ਭੁੱਲਰ ਦੀ ਰਿਹਾਈ ਲਈ ਸੰਘਰਸ਼ ਕਰਦੀਆਂ ਆ ਰਹੀਆਂ ਹਨ। ਸੁਪਰੀਮ ਕੋਰਟ ਨੇ ਆਪਣੇ ਫੈਸਲੇ ਵਿਚ ਕਿਹਾ ਕਿ ਮੌਤ ਦੀ ਸਜ਼ਾ ਲਾਗੂ ਕਰਨ ਵਿਚ ਦੇਰੀ ਆਪਣੇ ਆਪ ਵਿਚ ਅਮਾਨਵੀ ਕਾਰਵਾਈ ਹੈ। ਫੈਸਲੇ ਦੀ ਸਾਲਾਂਬੱਧੀ ਉਡੀਕ ਕਰਨੀ ਆਪਣੇ ਆਪ ਵਿਚ ਵੱਡਾ ਸੰਤਾਪ ਹੈ। ਅਦਾਲਤ ਨੇ ਪ੍ਰੋ. ਭੁੱਲਰ ਨੂੰ ਇਹ ਰਾਹਤ, ਉਸ ਦੀ ਰਹਿਮ ਦੀ ਅਪੀਲ 'ਤੇ ਫੈਸਲਾ ਲੈਣ ਵਿਚ ਹੋਈ ਦੇਰੀ ਅਤੇ ਉਸ ਦੀ ਸਿਹਤ ਵਿਚ ਆਏ ਨਿਘਾਰ ਦੇ ਆਧਾਰ 'ਤੇ ਦਿੱਤੀ ਹੈ। ਚੀਫ ਜਸਟਿਸ ਪੀ. ਸਦਾਸ਼ਿਵਮ ਦੀ ਅਗਵਾਈ ਵਾਲੇ ਚਾਰ ਮੈਂਬਰੀ ਬੈਂਚ ਨੇ ਪ੍ਰੋ. ਭੁੱਲਰ ਦੀ ਰਹਿਮ ਦੀ ਅਪੀਲ 'ਤੇ ਫੈਸਲਾ ਕਰਨ ਵਿਚ ਹੋਈ ਦੇਰੀ ਅਤੇ ਉਸ ਦੀ ਮਾਨਸਿਕ ਹਾਲਤ ਦੇ ਆਧਾਰ 'ਤੇ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਤਬਦੀਲ ਕਰ ਦਿੱਤਾ। ਕਾਨੂੰਨੀ ਮਾਹਿਰਾਂ ਮੁਤਾਬਕ ਹੁਣ ਪ੍ਰੋ. ਭੁੱਲਰ ਦੀ ਰਿਹਾਈ ਦੇ ਆਸਾਰ ਵੀ ਬਣ ਗਏ ਹਨ, ਕਿਉਂਕਿ ਅਦਾਲਤ ਨੇ ਆਪਣੇ ਅੱਠ ਸਫਿਆਂ ਦੇ ਫੈਸਲੇ ਵਿਚ ਕਿਤੇ ਇਹ ਨਹੀਂ ਲਿਖਿਆ ਕਿ ਭੁੱਲਰ ਉਮਰ ਭਰ ਜੇਲ੍ਹ ਵਿਚ ਰਹਿਣਾ ਪਏਗਾ। ਇਸ ਦਾ ਮਤਲਬ ਹੈ ਕਿ ਸਬੰਧਤ ਰਾਜ ਸਰਕਾਰ (ਦਿੱਲੀ) ਤੋਂ ਨਿਯਮਿਤ ਆਧਾਰ 'ਤੇ ਸਜ਼ਾ ਵਿਚ ਛੋਟ ਮਿਲ ਸਕਦੀ ਹੈ।

## ਪ੍ਰੋ. ਭੁੱਲਰ ਦੀ ਫਾਂਸੀ ਉਮਰ ਕੈਦ ਵਿਚ ਤਬਦੀਲ

## ਹੁਣ ਰਿਹਾਈ ਲਈ ਰਾਹ ਵੀ ਖੁੱਲ੍ਹਿਆ



ਉਧਰ, ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਤੇ ਸਾਬਕਾ ਪ੍ਰਧਾਨ ਹਰਵਿੰਦਰ ਸਿੰਘ ਸਰਨਾ, ਦਲ ਖਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ ਸਮੇਤ ਕਈ ਆਗੂਆਂ ਨੇ ਪ੍ਰੋ. ਭੁੱਲਰ ਨੂੰ ਫਾਂਸੀ ਦੀ ਸਜ਼ਾ ਮੁਆਫ ਹੋਣ ਬਾਅਦ ਉਨ੍ਹਾਂ ਦੀ ਛੇਤੀ ਰਿਹਾਈ ਦੀ ਮੰਗ ਕੀਤੀ ਹੈ।

ਅਦਾਲਤ ਨੇ ਇਹ ਫੈਸਲਾ ਪ੍ਰੋ. ਭੁੱਲਰ ਦੀ ਪਤਨੀ ਨਵਨੀਤ ਕੌਰ ਭੁੱਲਰ ਵੱਲੋਂ ਪਾਈ ਗਈ ਪਟੀਸ਼ਨ 'ਤੇ ਦਿੱਤਾ। ਬੈਂਚ ਵਿਚ ਜਸਟਿਸ ਆਰ.ਐਮ. ਲੋਧਾ, ਐਚ.ਐਲ. ਦਾਤੂ ਤੇ ਐਸ.ਜੇ. ਮੁਖੋਪਾਧਿਆਏ ਵੀ ਸ਼ਾਮਲ ਸਨ। ਇਸ ਤੋਂ ਪਹਿਲਾਂ ਕੇਂਦਰ ਸਰਕਾਰ ਨੇ ਵੀ ਪ੍ਰੋ. ਭੁੱਲਰ ਦੀ ਸਜ਼ਾ ਘਟਾਉਣ ਦੀ ਹਾਮੀ ਭਰ ਦਿੱਤੀ ਸੀ ਜਿਸ ਮਗਰੋਂ ਅਦਾਲਤ ਨੇ ਇਹ ਫੈਸਲਾ ਸੁਣਾਇਆ। ਆਮ ਆਦਮੀ ਪਾਰਟੀ ਸਣੇ ਹੋਰ ਕਈ ਸਿਆਸੀ ਧਿਰਾਂ ਵੀ ਇਹ ਮੰਗ ਕਰ ਰਹੀਆਂ ਸਨ ਕਿ ਪ੍ਰੋ. ਭੁੱਲਰ ਦੀ ਫਾਂਸੀ ਦੀ ਸਜ਼ਾ ਰੱਦ ਕਰ ਦਿੱਤੀ ਜਾਣੀ ਚਾਹੀਦੀ

*(ਬਾਕੀ ਸਫਾ 6 'ਤੇ)*

## ਕੇਂਦਰ ਦੀ ਹਾਮੀ ਨੇ ਕੀਤਾ ਰਾਹ ਪੱਧਰਾ

**ਚੰਡੀਗੜ੍ਹ:** ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਸਜ਼ਾ ਘਟਾਉਣ ਲਈ ਕੇਂਦਰ ਸਰਕਾਰ ਨੇ ਹਾਂ-ਪੱਖੀ ਰਵੱਈਆ ਅਪਨਾਇਆ। ਕੇਂਦਰ ਨੇ ਸੁਪਰੀਮ ਕੋਰਟ ਨੂੰ ਕਿਹਾ ਕਿ ਪ੍ਰੋ. ਭੁੱਲਰ ਦੀ ਮੌਤ ਦੀ ਸਜ਼ਾ ਨੂੰ ਮੁਆਫ਼ ਕਰ ਕੇ ਉਮਰ ਕੈਦ ਵਿਚ ਬਦਲਣ 'ਤੇ ਉਸ ਨੂੰ ਕੋਈ ਇਤਰਾਜ਼ ਨਹੀਂ। ਕੇਂਦਰ ਸਰਕਾਰ ਨੇ ਸਿਫਾਰਸ਼ ਕੀਤੀ ਕਿ ਸੁਪਰੀਮ ਕੋਰਟ ਦੇ ਇਸ ਫ਼ੈਸਲੇ ਕਿ ਰਹਿਮ ਦੀ ਅਪੀਲ 'ਤੇ ਫ਼ੈਸਲਾ ਕਰਨ ਵਿਚ ਦੇਰੀ ਮੌਤ ਦੀ ਸਜ਼ਾ ਮੁਆਫ਼ ਕਰਨ ਦਾ ਆਧਾਰ ਬਣ ਸਕਦਾ ਹੈ, ਨੂੰ ਦੇਖਦੇ ਹੋਏ ਇਸ ਬਾਰੇ ਪਟੀਸ਼ਨ ਸਵੀਕਾਰ ਕੀਤੀ ਜਾਵੇ। ਅਟਾਰਨੀ ਜਨਰਲ ਜੀ.ਈ. ਵਾਹਨਵਟੀ ਨੇ ਅਦਾਲਤ ਨੂੰ ਕਿਹਾ ਕਿ ਇਸ ਮਾਮਲੇ ਵਿਚ ਪਟੀਸ਼ਨ ਨੂੰ ਸਵੀਕਾਰ ਕੀਤਾ ਜਾਵੇ, ਕਿਉਂਕਿ ਦੋਸ਼ੀ ਦੀ ਰਹਿਮ ਦੀ ਅਪੀਲ 'ਤੇ ਫ਼ੈਸਲਾ ਕਰਨ ਵਿਚ ਅੱਠ ਸਾਲ ਦੀ ਦੇਰੀ ਹੋਈ ਸੀ। ਅਟਾਰਨੀ ਜਨਰਲ ਨੇ ਕਿਹਾ ਕਿ ਉਹ ਇਸ ਬਾਰੇ ਇਹ

*(ਬਾਕੀ ਸਫਾ 6 'ਤੇ)*

## ਮੰਦੀ ਬੋਲ ਬਾਣੀ ਤੋਂ ਚੋਣ ਕਮਿਸ਼ਨ ਹੋਇਆ ਖਫਾ


**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਲੋਕ ਸਭਾ ਚੋਣਾਂ ਦਾ ਮਾਹੌਲ ਭਖਣ ਨਾਲ ਸਿਆਸੀ ਆਗੂਆਂ ਦੀ ਬਿਆਨਬਾਜ਼ੀ ਵਿਚ ਆਈ ਤਲਖੀ ਤੋਂ ਚੋਣ ਕਮਿਸ਼ਨ ਵੀ ਖਫਾ ਹੈ। ਪਿਛਲੇ ਦਿਨੀਂ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਚੋਣ ਰੈਲੀ ਵਿਚ ਕਿਹਾ ਸੀ ਕਿ ਕਾਂਗਰਸੀਆਂ ਦੀ ਧੌਣ ਮਰੋੜ ਦਿੱਤੀ ਜਾਵੇਗੀ। ਇਸ ਤੋਂ ਪਹਿਲਾਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸੋਨੀਆ ਗਾਂਧੀ ਨੂੰ ਹੰਟਰ ਵਾਲੀ ਬੀਬੀ ਅਤੇ ਆਨੰਦਪੁਰ ਸਾਹਿਬ ਤੋਂ ਅਕਾਲੀ ਦਲ ਦੇ ਉਮੀਦਵਾਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਾਂਗਰਸੀ ਉਮੀਦਵਾਰ ਅੰਬਿਕਾ ਸੋਨੀ ਨੂੰ ਬੁੱਢੀ ਆਖ ਦਿੱਤਾ ਸੀ।

ਕਾਂਗਰਸ ਦਾ ਕਹਿਣਾ ਹੈ ਕਿ ਅਕਾਲੀ ਦਲ ਆਪਣੀ ਹਾਰ ਵੇਖ ਕੇ ਬੁਖਲਾ ਗਿਆ ਹੈ, ਇਸ ਲਈ ਹੀ ਅਜਿਹੀ ਹੋਛੀ ਬਿਆਨਬਾਜ਼ੀ ਕਰ ਰਿਹਾ ਹੈ। ਅਸਲ ਵਿਚ ਇਸ ਵਾਰ ਵੀ ਕਾਂਗਰਸ ਵਿਚ ਚੱਲ ਰਹੀ ਖਿੱਚੋਤਾਣ ਵੇਖਦਿਆਂ ਹਾਕਮ ਧਿਰ ਆਪਣੀ ਜਿੱਤ ਯਕੀਨੀ ਮੰਨ ਰਹੀ ਸੀ, ਪਰ ਕਾਂਗਰਸ ਹਾਈ ਕਮਾਨ ਨੇ ਅਚਾਨਕ ਵੱਡੇ ਆਗੂਆਂ ਨੂੰ ਚੋਣ ਮੈਦਾਨ ਵਿਚ ਉਤਾਰ ਕੇ ਅਕਾਲੀ-ਭਾਜਪਾ ਗੱਠਜੋੜ ਦੀਆਂ ਗਿਣਤੀਆਂ ਮਿਣਤੀਆਂ ਵਿਗਾੜ ਦਿੱਤੀਆਂ। ਇਨ੍ਹਾਂ ਵਿਚ ਅੰਮ੍ਰਿਤਸਰ ਤੋਂ ਕੈਪਟਨ ਅਮਰਿੰਦਰ ਸਿੰਘ, ਅਨੰਦਪੁਰ ਸਾਹਿਬ ਤੋਂ ਅੰਬਿਕਾ ਸੋਨੀ, ਫਿਰੋਜ਼ਪੁਰ ਤੋਂ ਸੁਨੀਲ ਜਾਖੜ, ਗੁਰਦਾਸਪੁਰ ਤੋਂ ਪ੍ਰਤਾਪ ਸਿੰਘ ਬਾਜਵਾ ਸ਼ਾਮਲ ਹਨ। ਕਾਂਗਰਸ ਦੀ ਇਸ ਰਣਨੀਤੀ ਨੂੰ ਟੱਕਰ ਦੇਣ ਲਈ ਸੱਤਾ ਧਿਰ ਨੇ ਵੀ ਆਪਣੀ ਸਰਗਰਮੀ ਵਧਾ ਦਿੱਤੀ

*(ਬਾਕੀ ਸਫਾ 6 'ਤੇ)*

REAL ESTATE & HOME LOANS

Low Interest Rate
3.5% Down Payment
Free Credit Report
Free Pre-Approval
ਸਾਡੀ ਆਪਣੀ ਮਾਰਗੇਜ ਕੰਪਨੀ ਹੈ।
Successful Shortsale ਲਈ ਅੱਜ ਹੀ ਕਾਲ ਕਰੋ !
AMAN HUNDAL
Century 21
Broker/Associate
209.918.6464
ahundal@c21mm.com


Raja SWEETS & CATERING
Toll Free 1-866-FOR-RAJA
www.rajasweets.com
Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Call Makhan Bains or Ravinder Singh For Your Next Party
1-866-FOR-RAJA
www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ

Manpreet S. Gahra
*Attorny At Law*
Criminal Defense (DUI, simple battery, domestic violence, immigration post-conviction relief)
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com


ੴ ਸਤਿਗੁਰ ਪ੍ਰਸਾਦਿ॥
SIKH CENTER OF PACIFIC COAST
2211 HIGHLAND AVE. SELMA, CA 93662, PHONE: 559 270 3272
ਵਿਸਾਖੀ ਸਮਾਗਮ 2014 ਅਤੇ 20ਵਾਂ ਵਿਸ਼ਾਲ ਨਗਰ ਕੀਰਤਨ
ਸਿੱਖ ਸੰਗਤਾਂ ਨੂੰ ਇਹ ਜਾਣਕੇ ਬੜੀ ਖੁਸ਼ੀ ਹੋਵੇਗੀ ਕਿ ਖਾਲਸੇ ਦਾ ਸਿਰਜਣਾ ਦਿਵਸ 'ਵਿਸਾਖੀ' ਦਾ ਤਿਓਹਾਰ
13 ਅਪ੍ਰੈਲ 2014 ਦਿਨ ਐਤਵਾਰ ਨੂੰ
ਸਿੱਖ ਸੈਂਟਰ ਆਫ ਪੈਸੀਫਿਕ ਕੋਸਟ, ਸੈਲਮਾ
ਵਿਖੇ ਸਮੂਹ ਸੰਗਤਾਂ ਅਤੇ ਸੈਂਟਰਲ ਵੈਲੀ ਦੇ ਲਗਭਗ ਸਾਰੇ ਗੁਰਦੁਆਰਿਆਂ ਦੇ ਸਹਿਯੋਗ ਨਾਲ
ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ।
ਪ੍ਰੋਗਰਾਮ
ਅਰੰਭ ਸ੍ਰੀ ਅਖੰਡ ਪਾਠ ਸਾਹਿਬ ....................11 ਅਪ੍ਰੈਲ ਦਿਨ ਸ਼ੁੱਕਰਵਾਰ ਸਵੇਰ 8 ਵਜੇ
ਨਿਸ਼ਾਨ ਸਾਹਿਬ ਦੇ ਚੋਹਲਾ ਸਾਹਿਬ ਦੀ ਸੇਵਾ ..........12 ਅਪ੍ਰੈਲ ਦਿਨ ਸ਼ਨਿੱਚਰਵਾਰ ਸਵੇਰ 10 ਵਜੇ
ਅੰਮ੍ਰਿਤ ਸੰਚਾਰ.................................... 12 ਅਪ੍ਰੈਲ ਦਿਨ ਸ਼ਨਿੱਚਰਵਾਰ ਸਵੇਰ 10 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ ....................13 ਅਪ੍ਰੈਲ ਦਿਨ ਐਤਵਾਰ ਸਵੇਰ 8 ਵਜੇ
ਬੁਲਾਏ ਗਏ ਉੱਘੇ ਵਿਦਵਾਨਾਂ ਦੀਆਂ ਤਕਰੀਰਾਂ..........13 ਅਪ੍ਰੈਲ ਦਿਨ ਐਤਵਾਰ ਸਵੇਰ 9 ਤੋਂ 10 ਵਜੇ ਤੱਕ
ਨਗਰ ਕੀਰਤਨ.................................... 13 ਅਪ੍ਰੈਲ ਦਿਨ ਐਤਵਾਰ ਸਵੇਰ 10 ਵਜੇ ਤੋਂ 1:30 ਵਜੇ ਤੱਕ
GET ਪੰਜਾਬੀ
Watch Program live on GET Punjabi
Dish Channel 738
Media Sponsor:
Radio Watno Door &
www.hayermedia.com
ਹਜ਼ੂਰੀ ਰਾਗੀ ਭਾਈ ਜੋਗਿੰਦਰ ਸਿੰਘ ਚੰਦਨ ਜੀ ਦਾ ਕੀਰਤਨੀ ਜਥਾ
• ਬਹੁਤ ਸਾਰੇ ਗੁਰਦੁਆਰਿਆਂ ਦੀਆਂ ਸੰਗਤਾਂ ਵਲੋਂ ਲੰਗਰਾਂ ਦੇ ਪੰਡਾਲ ਲਗਾਏ ਜਾਣਗੇ ਜਿਸ ਦੌਰਾਨ ਗੁਰੂ ਕਾ ਲੰਗਰ ਅਟੁੱਟ ਵਰਤੇਗਾ।
• ਮਿੰਨੀ ਬਜ਼ਾਰ ਵੀ ਲੱਗੇਗਾ ਜਿਥੋਂ ਸੰਗਤਾਂ ਧਾਰਮਿਕ ਅਤੇ ਰੋਜ਼ਾਨਾ ਜ਼ਰੂਰਤ ਦੀਆਂ ਵਸਤੂਆਂ ਖਰੀਦ ਸਕਣਗੀਆਂ।
• ਅੰਮ੍ਰਿਤ ਅਭਿਲਾਖੀ ਬੀਬੀਆਂ ਤੇ ਵੀਰਾਂ ਨੂੰ ਕਕਾਰ ਗੁਰਦੁਆਰਾ ਸੈਲਮਾ ਵਲੋਂ ਦਰਸ਼ਨ ਭੇਂਟ ਕਿਤੇ ਜਾਣਗੇ।
ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਸਿੰਘ ਕੇਸਰੀ ਦਸਤਾਰਾਂ ਸਜਾ ਕੇ ਅਤੇ ਬੀਬੀਆਂ ਕੇਸਰੀ ਚੁੰਨੀਆਂ ਲੈ ਕੇ ਨਗਰ ਕੀਰਤਨ ਵਿਚ ਸ਼ਾਮਿਲ ਹੋਣ
ਪੰਥ ਪ੍ਰਸਿੱਧ ਢਾਡੀ, ਕੀਰਤਨੀ ਜਥੇ ਅਤੇ ਕਥਾਵਾਚਕ ਸੰਗਤਾਂ ਨੂੰ ਗੁਰੂ ਜਸ ਨਾਲ ਨਿਹਾਲ ਕਰਨਗੇ।
ਨਗਰ ਕੀਰਤਨ ਸਬੰਧੀ ਸੰਪਰਕ
ਰਾਜਵੀਰ ਸਿੰਘ ਪੰਨੂੰ ਪ੍ਰਧਾਨ - (559) 994-9232
ਜਸ ਮਾਨ ਜਨਰਲ ਸਕੱਤਰ - (559) 960-9156
ਮਹਿੰਦਰ ਸਿੰਘ ਸੰਧਾਵਲੀਆ ਸਕੱਤਰ- (559) 355-4399
ਹਰਨਿੰਦਰ ਸਿੰਘ ਗਿੱਲ ਸਕੱਤਰ (559) 906-7411
ਅੰਮ੍ਰਿਤ ਸੰਚਾਰ ਸਬੰਧੀ ਸੰਪਰਕ
ਮੇਜਰ ਰਘੁਬੀਰ ਸਿੰਘ ਗਿੱਲ (559) 577-3486
ਦਵਿੰਦਰ ਸਿੰਘ ਗਿੱਲ (559) 579-8295
ਤਰਲੋਕ ਸਿੰਘ ਰੰਧਾਵਾ (559) 708-8218
ਸਟਾਲਾਂ 'ਤੇ ਦੁਕਾਨਾਂ ਸਬੰਧੀ ਸੰਪਰਕ
ਸਿੰਦਰਪਾਲ ਸਿੰਘ ਸਹੋਤਾ ਵਾਈਸ ਪ੍ਰਧਾਨ (559) 269-1088
ਸੁਖਦੇਵ ਸਿੰਘ ਧਾਲੀਵਾਲ (559) 355-3144
ਸੁਖਪਾਲ ਸਿੰਘ ਧਾਲੀਵਾਲ (559) 994-0837
ਪਵਿੱਤਰ ਸਿੰਘ ਸਹੋਤਾ (559) 930-9515
ਸੁਖਜਿੰਦਰ ਸਿੰਘ ਬੋਲਾ (559) 243-6836
ਅੰਮ੍ਰਿਤ ਸੰਚਾਰ ਅਤੇ ਨਗਰ ਕੀਰਤਨ ਸਬੰਧੀ ਕਿਸੇ ਵੀ ਜਾਣਕਾਰੀ ਲਈ ਭਾਈ ਅਮਰੀਕ ਸਿੰਘ ਹੈੱਡ ਗ੍ਰੰਥੀ ਨਾਲ ਫੋਨ ਨੰਬਰ 559 270 3272 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਚੋਣ ਕਮਿਸ਼ਨ ਵੱਲੋਂ ਬਾਦਲ ਸਰਕਾਰ ਨੂੰ ਝਟਕਾ, 8 ਅਫ਼ਸਰ ਬਦਲੇ

**ਚੰਡੀਗੜ੍ਹ:** ਚੋਣ ਕਮਿਸ਼ਨ ਨੇ ਪੰਜਾਬ ਸਰਕਾਰ ਨੂੰ ਝਟਕਾ ਦਿੰਦਿਆਂ ਵਿਵਾਦਾਂ ਵਿਚ ਘਿਰੇ ਲੁਧਿਆਣਾ ਦੇ ਪੁਲੀਸ ਕਮਿਸ਼ਨਰ ਪਰਮਜੀਤ ਸਿੰਘ ਗਿੱਲ, ਤਿੰਨ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਜੀ.ਕੇ. ਸਿੰਘ (ਪਟਿਆਲਾ), ਇੰਦੂ ਮਲਹੋਤਰਾ (ਸੰਗਰੂਰ) ਤੇ ਬਸੰਤ ਗਰਗ (ਫ਼ਾਜ਼ਿਲਕਾ) ਅਤੇ ਚਾਰ ਜ਼ਿਲ੍ਹਿਆਂ ਦੇ ਐਸ.ਐਸ.ਪੀ. ਮਨਮਿੰਦਰ ਸਿੰਘ (ਫ਼ਿਰੋਜ਼ਪੁਰ), ਕੰਵਲਜੀਤ ਸਿੰਘ ਢਿੱਲੋਂ (ਮੋਗਾ), ਅਸ਼ੋਕ ਬਾਠ (ਫ਼ਾਜ਼ਿਲਕਾ) ਤੇ ਭੁਪਿੰਦਰ ਸਿੰਘ ਸਿੱਧੂ (ਮਾਨਸਾ) ਨੂੰ ਤਬਦੀਲ ਕਰ ਦਿੱਤਾ।

ਕਮਿਸ਼ਨ ਵੱਲੋਂ ਸੂਬੇ ਦੀਆਂ 13 ਲੋਕ ਸਭਾ ਸੀਟਾਂ ਦੀਆਂ ਚੋਣਾਂ ਲਈ ਨੋਟੀਫਿਕੇਸ਼ਨ ਜਾਰੀ ਹੋਣ ਤੋਂ ਐਨ ਪਹਿਲਾਂ ਸਿਵਲ ਅਤੇ ਪੁਲੀਸ ਅਧਿਕਾਰੀਆਂ ਦੇ ਕੀਤੇ ਗਏ ਤਬਾਦਲਿਆਂ ਨੂੰ ਅਹਿਮ ਮੰਨਿਆ ਜਾ ਰਿਹਾ ਹੈ। ਇਨ੍ਹਾਂ ਹੁਕਮਾਂ ਦਾ ਮਹੱਤਵਪੂਰਨ ਪਹਿਲੂ ਇਹ ਵੀ ਹੈ ਕਿ ਕਮਿਸ਼ਨ ਨੇ ਸੂਬਾ ਸਰਕਾਰ ਤੋਂ ਅਫਸਰਾਂ ਦੀ ਨਿਯੁਕਤੀ ਲਈ ਪੈਨਲ ਵੀ ਨਹੀਂ ਮੰਗਿਆ। ਨਵੇਂ ਅਫਸਰਾਂ ਦੀਆਂ ਨਿਯੁਕਤੀਆਂ ਦੇ ਹੁਕਮ ਦਿੱਲੀ ਤੋਂ ਫੈਕਸ ਰਾਹੀਂ ਭੇਜੇ ਗਏ। ਕਮਿਸ਼ਨ ਨੇ ਚਾਰ ਜ਼ਿਲ੍ਹਿਆਂ ਵਿਚ ਸਿੱਧੇ ਭਰਤੀ ਹੋਏ ਆਈ.ਏ.ਐਸ. ਅਤੇ ਆਈ.ਪੀ.ਐਸ. ਅਫਸਰਾਂ ਨੂੰ ਡਿਪਟੀ ਕਮਿਸ਼ਨਰ ਅਤੇ ਐਸ.ਐਸ.ਪੀ. ਤਾਇਨਾਤ ਕੀਤਾ ਹੈ। ਸੂਤਰਾਂ ਦਾ ਦੱਸਣਾ ਹੈ ਕਿ ਜੀ.ਕੇ. ਸਿੰਘ ਦਾ ਤਬਾਦਲਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਘਨੌਰ ਰੈਲੀ ਦੌਰਾਨ ਕਥਿਤ ਤੌਰ 'ਤੇ ਸ਼ਰਾਬ ਵੰਡੇ ਜਾਣ ਦੇ ਮਾਮਲੇ 'ਤੇ 'ਕਲੀਨ ਚਿੱਟ' ਦਿੱਤੇ ਜਾਣ ਕਾਰਨ ਕੀਤਾ ਗਿਆ ਹੈ।

ਕਮਿਸ਼ਨ ਦੇ ਹੁਕਮਾਂ ਮੁਤਾਬਕ ਸੰਜੀਵ ਕਾਲੜਾ ਨੂੰ ਲੁਧਿਆਣਾ ਦਾ ਨਵਾਂ ਪੁਲੀਸ ਕਮਿਸ਼ਨਰ, ਸ੍ਰੀਮਤੀ ਜਗਦਾਲੇ ਨਿਲੰਭਰੀ ਨੂੰ ਐਸ.ਐਸ.ਪੀ. ਫ਼ਾਜ਼ਿਲਕਾ, ਰਾਹੁਲ ਸਿੰਘ ਨੂੰ ਐਸ.ਐਸ.ਪੀ. ਫਿਰੋਜ਼ਪੁਰ, ਐਸ. ਭੂਪਤੀ ਨੂੰ ਐਸ.ਐਸ.ਪੀ. ਮੋਗਾ, ਅਤੇ ਬਿਕਰਮ ਪਾਲ ਸਿੰਘ ਭੱਟੀ ਨੂੰ ਐਸ.ਐਸ.ਪੀ. ਮਾਨਸਾ ਲਾਇਆ ਗਿਆ ਹੈ। ਇਸੇ ਤਰ੍ਹਾਂ ਕਵਿਤਾ ਮੋਹਨ ਸਿੰਘ ਨੂੰ ਡਿਪਟੀ ਕਮਿਸ਼ਨਰ ਸੰਗਰੂਰ, ਪ੍ਰਿਅੰਕ ਭਾਰਤੀ ਨੂੰ ਡਿਪਟੀ ਕਮਿਸ਼ਨਰ ਪਟਿਆਲਾ ਅਤੇ ਕਰੁਣਾ ਐਸ. ਰਾਜੂ ਨੂੰ ਡਿਪਟੀ ਕਮਿਸ਼ਨਰ ਫਾਜ਼ਿਲਕਾ ਲਾਇਆ ਗਿਆ ਹੈ। ਕਮਿਸ਼ਨ ਵੱਲੋਂ ਆਈ.ਏ.ਐਸ. ਅਤੇ ਆਈ.ਪੀ.ਐਸ. ਅਫਸਰਾਂ ਦੀਆਂ ਗਰੇਡੇਸ਼ਨ ਸੂਚੀਆਂ ਮੰਗਵਾਈਆਂ ਹੋਈਆਂ ਹਨ ਤੇ ਅਫਸਰਾਂ ਦੀਆਂ ਸਿੱਧੀਆਂ ਹੀ ਤਾਇਨਾਤੀਆਂ ਕਰ ਦਿੱਤੀਆਂ ਗਈਆਂ।

ਮੋਗਾ ਦੇ ਐਸ.ਐਸ.ਪੀ. ਕੰਵਲਜੀਤ ਸਿੰਘ ਢਿੱਲੋਂ ਉਸ ਸਮੇਂ ਵਿਵਾਦਾਂ ਵਿਚ ਘਿਰ ਗਏ ਸਨ ਜਦੋਂ ਤਰਨ ਤਾਰਨ ਵਿਚ ਇੱਕ ਲੜਕੀ ਨੂੰ ਪੁਲੀਸ ਮੁਲਾਜ਼ਮਾਂ ਨੇ ਸ਼ਰੇਆਮ ਕੁੱਟਿਆ ਸੀ। ਸ੍ਰੀ ਢਿੱਲੋਂ ਉਸ ਸਮੇਂ ਤਰਨ ਤਾਰਨ ਦੇ ਐਸ.ਐਸ.ਪੀ. ਸਨ। ਸਰਕਾਰ ਨੂੰ ਸੁਪਰੀਮ ਕੋਰਟ ਦੇ ਨਿਰਦੇਸ਼ਾਂ 'ਤੇ ਇਸ ਪੁਲੀਸ ਅਫਸਰ ਦਾ ਤਬਾਦਲਾ ਕਰਨਾ ਪਿਆ ਸੀ।

ਲੁਧਿਆਣਾ ਦੇ ਪੁਲੀਸ ਕਮਿਸ਼ਨਰ ਪਰਮਜੀਤ ਸਿੰਘ ਗਿੱਲ ਉਤੇ ਲੁਧਿਆਣਾ ਹਲਕੇ ਤੋਂ ਆਜ਼ਾਦ ਉਮੀਦਵਾਰ ਸਿਮਰਜੀਤ ਸਿੰਘ ਬੈਂਸ ਵੱਲੋਂ ਅਕਾਲੀ ਉਮੀਦਵਾਰ ਮਨਪ੍ਰੀਤ ਸਿੰਘ ਇਯਾਲੀ ਦੀ ਮੱਦਦ ਕਰਨ ਅਤੇ ਝੂਠੇ ਮਾਮਲੇ ਦਰਜ ਕਰਨ ਦੇ ਦੋਸ਼ ਲਾਏ ਜਾ ਰਹੇ ਸਨ। ਇਸ ਪੁਲੀਸ ਅਫਸਰ ਨੂੰ ਡੀ.ਜੀ.ਪੀ. ਦਫ਼ਤਰ ਤੇ ਗ੍ਰਹਿ ਵਿਭਾਗ ਨੇ ਕਲੀਨ ਚਿਟ ਦੇ ਦਿੱਤੀ ਸੀ। ਇਸੇ ਤਰ੍ਹਾਂ ਫ਼ਿਰੋਜ਼ਪੁਰ, ਫ਼ਾਜ਼ਿਲਕਾ ਤੇ ਮਾਨਸਾ ਦੇ ਜ਼ਿਲ੍ਹਾ ਪੁਲੀਸ ਮੁਖੀਆਂ ਵਿਰੁਧ ਵੀ ਕਮਿਸ਼ਨ ਨੂੰ ਲਗਾਤਾਰ ਸ਼ਿਕਾਇਤਾਂ ਮਿਲ ਰਹੀਆਂ ਸਨ।

## ਅਮਰਿੰਦਰ ਵੱਲੋਂ ਪਾਰਟੀ ਛੱਡਣ ਵਾਲਿਆਂ ਨੂੰ ਪਰਤਣ ਦਾ ਸੱਦਾ

**ਅੰਮ੍ਰਿਤਸਰ:** ਸਾਬਕਾ ਮੁੱਖ ਮੰਤਰੀ ਅਤੇ ਕਾਂਗਰਸੀ ਉਮੀਦਵਾਰ ਕੈਪਟਨ ਅਮਰਿੰਦਰ ਸਿੰਘ ਵੱਲੋਂ ਆਪਣੇ ਪੱਧਰ 'ਤੇ ਪਾਰਟੀ ਛੱਡ ਕੇ ਜਾ ਚੁੱਕੇ ਕਾਂਗਰਸੀ ਸਾਥੀਆਂ ਨੂੰ ਮੁੜ ਪਾਰਟੀ ਵਿਚ ਪਰਤ ਆਉਣ ਦੀ ਕੀਤੀ ਅਪੀਲ ਪਾਰਟੀ ਸਫਾਂ ਵਿਚ ਹਲਚਲ ਪੈਦਾ ਕਰ ਸਕਦੀ ਹੈ। ਇਸ ਤੋਂ ਪਹਿਲਾਂ ਵੀ ਉਹ ਪਾਰਟੀ ਲਈ ਕਾਰਜਕਾਰੀ ਪ੍ਰਧਾਨ ਲਾਉਣ ਦੀ ਸਲਾਹ ਦੇ ਚੁੱਕੇ ਹਨ ਜਿਸ ਦਾ ਇਤਰਾਜ਼ ਕੀਤਾ ਗਿਆ ਸੀ। ਦੂਜੇ ਪਾਸੇ ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਇਸ ਅਪੀਲ ਨੂੰ ਕੈਪਟਨ ਅਮਰਿੰਦਰ ਸਿੰਘ ਦੇ ਨਿੱਜੀ ਵਿਚਾਰ ਕਰਾਰ ਦਿੱਤਾ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਸਾਰੇ ਪੁਰਾਣੇ ਸਾਥੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਭਾਵੇਂ ਕਿਸੇ ਵੀ ਕਾਰਨ ਅਤੇ ਕਿਸੇ ਵੀ ਤਰ੍ਹਾਂ ਦੇ ਹਾਲਾਤ ਦੇ ਦਬਾਅ ਹੇਠ ਪਾਰਟੀ ਛੱਡਣ ਲਈ ਮਜਬੂਰ ਹੋਏ ਹੋਣ, ਹੁਣ ਘਰ ਵਾਪਸ ਆਉਣ ਅਤੇ ਨਵੀਂ ਸ਼ੁਰੂਆਤ ਕਰਨ। ਉਨ੍ਹਾਂ ਖੁਲਾਸਾ ਕੀਤਾ ਕਿ ਪਾਰਟੀ ਛੱਡ ਚੁੱਕੇ ਅਜਿਹੇ ਕਈ ਸਾਥੀ ਉਨ੍ਹਾਂ ਦੇ ਸੰਪਰਕ ਵਿਚ ਹਨ ਅਤੇ ਅਜਿਹੇ ਸਾਥੀਆਂ ਨੇ ਉਨ੍ਹਾਂ 'ਤੇ ਭਰੋਸਾ ਪ੍ਰਗਟ ਕਰਦਿਆਂ ਘਰ ਵਾਪਸੀ ਦੀ ਇੱਛਾ ਪ੍ਰਗਟਾਈ ਹੈ। ਉਨ੍ਹਾਂ ਆਖਿਆ ਕਿ ਪਾਰਟੀ ਛੱਡ ਕੇ ਗਏ ਅਜਿਹੇ ਕਈ ਕਾਂਗਰਸੀ ਆਗੂ ਨਵੀਆਂ ਪਾਰਟੀਆਂ, ਖਾਸ ਕਰ ਕੇ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋ ਕੇ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ। ਕਾਂਗਰਸ ਛੱਡਣ ਤੋਂ ਬਾਅਦ ਉਨ੍ਹਾਂ ਦੇ ਭਰਮ ਭੁਲੇਖੇ ਵੀ ਟੁੱਟ ਚੁੱਕੇ ਹਨ ਅਤੇ ਉਹ ਠੱਗੇ ਗਏ ਮਹਿਸੂਸ ਕਰ ਰਹੇ ਹਨ। ਅਜਿਹੀ ਸਥਿਤੀ ਵਿਚ ਉਹ ਘਰ ਪਰਤ ਸਕਦੇ ਹਨ। ਉਨ੍ਹਾਂ ਅਜਿਹੇ ਆਗੂਆਂ ਨੂੰ ਕਿਹਾ ਕਿ ਉਨ੍ਹਾਂ ਸਾਰਿਆਂ ਲਈ ਪਾਰਟੀ ਦੇ ਦਰਵਾਜ਼ੇ ਖੁੱਲ੍ਹੇ ਹਨ ਅਤੇ ਕਾਂਗਰਸ ਉਨ੍ਹਾਂ ਨੂੰ ਬਣਦਾ ਮਾਣ ਸਨਮਾਨ ਦੇਵੇਗੀ। ਉਨ੍ਹਾਂ ਕਿਹਾ ਕਿ ਕਈ ਵਾਰ ਮੌਕੇ ਦੇ ਹਾਲਾਤ ਕਾਰਨ ਮਜਬੂਰ ਹੋਣਾ ਪੈਂਦਾ ਹੈ ਅਤੇ ਸਥਿਤੀ ਨੂੰ ਸਮਝਣ ਵਿਚ ਗਲਤੀ ਹੋ ਜਾਂਦੀ ਹੈ। ਅਜਿਹਾ ਹੀ ਇਨ੍ਹਾਂ ਕਾਂਗਰਸੀ ਸਾਥੀਆਂ ਨਾਲ ਹੋਇਆ ਹੈ। ਇਸ ਲਈ ਇਨ੍ਹਾਂ ਨੂੰ ਗਲਤੀ ਸੁਧਾਰਨ ਦਾ ਮੌਕਾ ਮਿਲਣਾ ਚਾਹੀਦਾ ਹੈ।

ਇਸ ਦੌਰਾਨ ਅਮਰਿੰਦਰ ਸਿੰਘ ਨੇ ਇਕ ਵੱਖਰੇ ਬਿਆਨ ਰਾਹੀਂ ਭਾਜਪਾ ਵੱਲੋਂ ਪ੍ਰਧਾਨ ਮੰਤਰੀ ਦੇ ਅਹੁਦੇ ਦੇ ਉਮੀਦਵਾਰ ਨਰੇਂਦਰ ਮੋਦੀ ਨੂੰ ਕੱਟੜਪੰਥੀ ਸੋਚ ਵਾਲੇ ਘਮੰਡੀ ਆਗੂ ਕਰਾਰ ਦਿੱਤਾ ਹੈ। ਆਪਣੀ ਫੇਸ ਬੁੱਕ ਪੋਸਟ 'ਤੇ ਉਨ੍ਹਾਂ ਲਿਖਿਆ ਕਿ ਮੋਦੀ ਨੇ ਗੁਜਰਾਤ ਵਿਚ 2002 ਵਿਚ ਹੋਏ ਦੰਗਿਆਂ ਲਈ ਮੁਆਫੀ ਮੰਗਣ ਤੋਂ ਇਨਕਾਰ ਕੀਤਾ ਹੈ ਜੋ ਉਨ੍ਹਾਂ ਦੇ ਘਮੰਡ ਨੂੰ ਦਰਸਾਉਂਦਾ ਹੈ।

## ਵਿਧਾਇਕ ਹਰਮੀਤ ਸਿੰਘ ਸੰਧੂ ਦੇ ਪੀ.ਏ ਦਾ ਕਤਲ

**ਅੰਮ੍ਰਿਤਸਰ:** ਹਲਕਾ ਤਰਨਤਾਰਨ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਤੇ ਮੁੱਖ ਪਾਰਲੀਮਾਨੀ ਸਕੱਤਰ ਹਰਮੀਤ ਸਿੰਘ ਸੰਧੂ ਦੇ ਬੀਤੇ ਦਿਨੀਂ ਲਾਪਤਾ ਹੋਏ ਨਿੱਜੀ ਸਹਾਇਕ ਸੁਖਦੀਪ ਸਿੰਘ (35) ਦੀ ਲਾਸ਼ ਇਥੇ ਵੱਲ੍ਹਾ ਨਹਿਰ ਵਿਚੋਂ ਬਰਾਮਦ ਕਰ ਲਈ ਗਈ ਹੈ।

ਮ੍ਰਿਤਕ ਪਿਛਲੇ ਕਾਫ਼ੀ ਸਮੇਂ ਤੋਂ ਹਰਮੀਤ ਸਿੰਘ ਸੰਧੂ ਨਾਲ ਨਿੱਜੀ ਸਹਾਇਕ ਵਜੋਂ ਵਿਚਰ ਰਿਹਾ ਸੀ। ਪੁਲਿਸ ਨੇ ਕਤਲ ਦਾ ਪਰਚਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਮ੍ਰਿਤਕ ਦੇ ਮਾਪਿਆਂ ਨੇ ਮੰਗ ਕੀਤੀ ਹੈ ਕਿ ਪੁਲਿਸ ਕਾਤਲਾਂ ਨੂੰ ਛੇਤੀ ਤੋਂ ਛੇਤੀ ਗ੍ਰਿਫ਼ਤਾਰ ਕਰੇ।


American Travel & Tours
4127 Bay Street, Suite 5, Fremont, CA-94538
For best domestic and international fares
Fremont: (24/7): 510-509-8890
preety@americantravels.us
San Jose: 408-916-1234, Tracy: 209-451-2000
ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ ਗੁਜਰਾਤੀ ਬੋਲਦੇ ਹਾਂ
Mon-Fri 9:00am-6:00pm
Saturday- 10:00am-2:00pm
Sunday- Upon Appointment
American Travel & Tours
Fax: 916-451-8656 www.americantravels.us
Sacramento office: 5246 Fruitridge Rd., Sacramento, CA 95820



ਪਹਿਲੀ ਵਾਰ ਟਾਇਰਾਂ ਦੀ ਸਭ ਤੋਂ ਵੱਡੀ ਸੇਲ
GILL EXPRESS
TRUCK TIRE ON SALE
WITH PURCHASE OF 8 TIRES
PRICE GOOD @ THESE LOCATIONS
Bakersfield @ 24/7 Truck Stop
Fresno @ Kline Truck Stop
Frazier Park @ Flying J Truck Stop
Ripon @ Jimco Truck Stop
269.99 Installed
LP22.5

CASH PRICE STEER OR DRIVE
FET, SALES TAX, MOUNTING INCLUDED
INSTALLED OUT THE DOOR PRICE
661-203-0433

# ਸੁਖਬੀਰ ਬਾਦਲ ਦੇ ਸਾਰੇ ਭਰਮ ਚਕਨਾਚੂਰ ਹੋ ਜਾਣਗੇ: ਪ੍ਰਤਾਪ ਸਿੰਘ ਬਾਜਵਾ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਚਿਹਰੇ 'ਤੇ ਹਾਰ ਦਾ ਡਰ ਸਾਫ ਨਜ਼ਰ ਆ ਰਿਹਾ ਹੈ ਜਿਨ੍ਹਾਂ ਲਈ ਮੁੱਖ ਵਿਰੋਧੀ ਪਾਰਟੀ ਨੇ ਮੁਸ਼ਕਲ ਚੁਣੌਤੀ ਪੈਦਾ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਇਹ ਲੋਕ ਸਭਾ ਚੋਣਾਂ ਸੁਖਬੀਰ ਬਾਦਲ ਦਾ ਚੋਣਾਂ ਵਿਚ ਜੇਤੂ ਰਹਿਣ ਦਾ ਭਰਮ ਚਕਨਾਚੂਰ ਕਰ ਦੇਣਗੀਆਂ।

ਬਾਜਵਾ ਨੇ ਕਿਹਾ ਕਿ ਅਕਾਲੀ ਦਲ-ਭਾਰਤੀ ਜਨਤਾ ਪਾਰਟੀ ਵਰਗੀਆਂ ਫਿਰਕੂ ਤਾਕਤਾਂ ਨੂੰ ਸੱਤਾ 'ਤੇ ਪਹੁੰਚਣ ਤੋਂ ਰੋਕਣ ਲਈ ਸੋਨੀਆ ਗਾਂਧੀ ਤੇ ਰਾਹੁਲ ਗਾਂਧੀ ਦੀ ਅਗਵਾਈ ਵਿਚ ਪੰਜਾਬ ਕਾਂਗਰਸ ਚਟਾਨ ਵਾਂਗ ਖੜ੍ਹੀ ਹੈ, ਜਿਹੜਾ ਗਠਜੋੜ ਸਾਡੇ ਸਮਾਜਕ ਭਾਈਚਾਰੇ ਲਈ ਗੰਭੀਰ ਖ਼ਤਰਾ ਹੈ। ਉਨ੍ਹਾਂ ਕਿਹਾ ਕਿ ਸਮਾਜ ਦੇ ਵਿਕਾਸ, ਧਰਮ ਨਿਰਪੱਖ ਸਮਾਜਕ ਵਾਤਾਵਰਣ ਤੇ ਆਪਸੀ ਭਾਈਚਾਰੇ ਲਈ ਇਹ ਬਹੁਤ ਜ਼ਰੂਰੀ ਹੈ ਤੇ ਸੁਖਬੀਰ ਬਾਦਲ ਨੂੰ ਛੱਡ ਕੇ ਹਰ ਕੋਈ ਇਸ ਅਹਿਮੀਅਤ ਨੂੰ ਜਾਣਦਾ ਹੈ, ਜਿਨ੍ਹਾਂ ਦੀ ਪਾਰਟੀ ਵੱਲੋਂ ਪੈਦਾ ਕੀਤੇ ਹਾਲਾਤ ਦਹਾਕਿਆਂ ਤਕ ਇਸ ਸਰਹੱਦੀ ਸੂਬੇ ਵਿਚ ਅਸ਼ਾਂਤੀ ਦਾ ਕਾਰਨ ਰਹੇ ਹਨ ਜਿਸ ਦੀ ਪੰਜਾਬ ਨੂੰ ਵੱਡੀ ਕੀਮਤ ਅਦਾ ਕਰਨੀ



ਪਈ ਹੈ।

ਉਨ੍ਹਾਂ ਕਿਹਾ ਕਿ ਸੁਖਬੀਰ ਬਾਦਲ ਨੂੰ ਅਕਾਲੀ ਭਾਜਪਾ ਗਠਜੋੜ ਉਮੀਦਵਾਰਾਂ ਦੀਆਂ ਸੰਭਾਵਨਾਵਾਂ ਬਾਰੇ ਚਿੰਤਾ ਕਰਨੀ ਚਾਹੀਦੀ ਹੈ। ਇਨ੍ਹਾਂ ਲੋਕ ਸਭਾ ਚੋਣਾਂ ਨੇ ਲੋਕਾਂ ਨੂੰ ਇਸ ਭ੍ਰਿਸ਼ਟ, ਤਾਨਾਸ਼ਾਹੀ ਤੇ ਅੱਤਿਆਚਾਰੀ ਸ਼ਾਸਨ ਤੇ ਇਸ ਦੇ ਗੁੰਡਾਰਾਜ ਤੋਂ ਮੁਕਤੀ ਪਾਉਣ ਦਾ ਸੁਨਹਿਰੀ ਮੌਕਾ ਦਿੱਤਾ ਹੈ। ਪ੍ਰਦੇਸ਼ ਕਾਂਗਰਸ ਪ੍ਰਧਾਨ ਨੇ ਕਿਹਾ ਕਿ ਕਾਂਗਰਸ ਨੇ ਅਕਾਲੀ ਭਾਜਪਾ ਦੇ ਕਿਲੇ ਨੂੰ ਢਾਹੁਣ ਲਈ ਲੋਕ ਸਭਾ ਚੋਣਾਂ ਦੌਰਾਨ ਪਾਰਟੀ ਦੇ ਸਾਰੇ ਪ੍ਰਮੁੱਖ ਆਗੂਆਂ ਨੂੰ ਖੜ੍ਹਾ ਕੀਤਾ ਹੈ ਜਿਸ ਵਿਚ ਪਹਿਲਾਂ ਹੀ ਤਰੇੜਾਂ ਆਉਣੀਆਂ ਸ਼ੁਰੂ ਹੋ ਗਈਆਂ ਹਨ।

ਉਨ੍ਹਾਂ ਕਿਹਾ ਕਿ ਕਾਂਗਰਸ ਪੰਜਾਬ ਦੀਆਂ 13 ਦੀਆਂ 13 ਲੋਕ ਸਭਾ ਸੀਟਾਂ 'ਤੇ ਜਿੱਤ ਦਰਜ ਕਰੇਗੀ। ਲੋਕ ਇਸ ਤਾਨਾਸ਼ਾਹੀ, ਭ੍ਰਿਸ਼ਟ ਤੇ ਅੱਤਿਆਚਾਰੀ ਸਰਕਾਰ ਤੋਂ ਤੰਗ ਆ ਚੁੱਕੇ ਹਨ। ਉਨ੍ਹਾਂ ਨੇ ਅਕਾਲੀ ਭਾਜਪਾ ਸਰਕਾਰ ਦੀ ਪ੍ਰਸ਼ਾਸਨਿਕ ਸੁਧਾਰ ਬਾਰੇ ਸਾਰੀਆਂ ਗੱਲਾਂ ਨੂੰ ਸ਼ਰਮ ਵਾਲੀ ਦੱਸਿਆ ਹੈ ਜਿਨ੍ਹਾਂ ਦੇ ਸ਼ਾਸਨ ਵਿਚ ਇਕ ਆਮ ਆਦਮੀ ਨੂੰ ਪੁਲਿਸ ਅਧਿਕਾਰੀਆਂ ਕੋਲ ਸ਼ਿਕਾਇਤ ਦਰਜ ਕਰਵਾਉਣ ਤੋਂ ਪਹਿਲਾਂ ਸਥਾਨਕ ਅਕਾਲੀ ਗੁੰਡਿਆਂ ਦੀ ਮਨਜ਼ੂਰੀ ਲੈਣੀ ਪੈਂਦੀ ਹੈ।

ਉਨ੍ਹਾਂ ਨੇ ਕਿਹਾ ਕਿ ਖੁਦ ਨੂੰ ਅਕਾਲੀ ਭਾਜਪਾ ਗਠਜੋੜ ਦਾ ਕਮਾਂਡਰ-ਇਨ-ਚੀਫ ਸਮਝਣ ਵਾਲੇ ਡਿਪਟੀ ਮੁੱਖ ਮੰਤਰੀ ਵਾਸਤੇ ਇਸ ਤੋਂ ਵੱਡਾ ਝਟਕਾ ਨਹੀਂ ਹੋਵੇਗਾ ਕਿ ਬਠਿੰਡਾ ਲੋਕ ਸਭਾ ਹਲਕੇ ਦੇ ਪਿੰਡਾਂ ਵਿਚ ਸੱਤਾਧਾਰੀ ਪਾਰਟੀ ਦੀ ਉਮੀਦਵਾਰ ਹਰਸਿਮਰਤ ਕੌਰ ਬਾਦਲ ਦਾ ਬਾਈਕਾਟ ਹੋਣਾ ਸ਼ੁਰੂ ਹੋ ਗਿਆ ਹੈ ਜਿਸ ਨੂੰ ਸੁਖਬੀਰ ਬਾਦਲ ਦੀ ਪਤਨੀ ਹੋਣ ਕਾਰਨ ਪਹਿਲਾਂ ਇਕ ਮਜ਼ਬੂਤ ਉਮੀਦਵਾਰ ਮੰਨਿਆ ਜਾ ਰਿਹਾ ਸੀ।

# ਤਲਵੰਡੀ ਸਾਬੋ ਦੀ ਜ਼ਿਮਨੀ ਚੋਣ ਤੋਂ ਡਰ ਗਏ ਅਕਾਲੀ

**ਚੰਡੀਗੜ੍ਹ:** ਤਲਵੰਡੀ ਸਾਬੋ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਦੇ ਮਾਮਲੇ ਵਿਚ ਚੋਣ ਕਮਿਸ਼ਨ ਵੱਲੋਂ ਤੁਰੰਤ ਕੋਈ ਫ਼ੈਸਲਾ ਲੈਣ ਦੇ ਆਸਾਰ ਘਟ ਗਏ ਹਨ। ਇਸ ਦਾ ਮੁੱਖ ਕਾਰਨ ਇਹ ਹੈ ਕਿ ਸੱਤਾ ਧਿਰ ਅਕਾਲੀ ਦਲ ਇਸ ਚੋਣ ਤੋਂ ਕੰਨੀ ਕਤਰਾ ਰਿਹਾ ਹੈ। ਵਿਧਾਨ ਸਭਾ ਵੱਲੋਂ ਸੱਤ ਮਾਰਚ ਨੂੰ ਜਾਰੀ ਕੀਤੇ ਨੋਟੀਫਿਕੇਸ਼ਨ ਜਿਸ ਮੁਤਾਬਕ ਕਾਂਗਰਸੀ ਵਿਧਾਇਕ ਜੀਤਮਹਿੰਦਰ ਸਿੰਘ ਸਿੱਧੂ ਦਾ ਅਸਤੀਫ਼ਾ ਪ੍ਰਵਾਨ ਕਰ ਕੇ ਇਸ ਹਲਕੇ ਨੂੰ ਖਾਲੀ ਐਲਾਨਿਆ ਗਿਆ ਸੀ, ਨੂੰ ਕਮਿਸ਼ਨ ਅਧਿਕਾਰਤ ਦਸਤਾਵੇਜ਼ ਨਹੀਂ ਮੰਨ ਰਿਹਾ।

ਹਾਕਮ ਸ਼੍ਰੋਮਣੀ ਅਕਾਲੀ ਦਲ ਨੂੰ ਖ਼ਦਸ਼ਾ ਹੈ ਕਿ ਜੇਕਰ ਜ਼ਿਮਨੀ ਚੋਣ ਲੋਕ ਸਭਾ ਚੋਣਾਂ ਦੇ ਨਾਲ ਕਰਾਈ ਜਾਂਦੀ ਹੈ ਤਾਂ ਨਤੀਜੇ ਬਾਰੇ ਤੌਖ਼ਲਾ ਬਣਿਆ ਰਹਿੰਦਾ ਹੈ ਤੇ ਜ਼ਿਮਨੀ ਚੋਣ ਸਰਕਾਰੀ ਕੰਟਰੋਲ ਹੇਠਾਂ ਵੀ ਨਹੀਂ ਲੜੀ ਜਾ ਸਕਦੀ। ਤਲਵੰਡੀ ਸਾਬੋ ਕਿਉਂਕਿ ਬਠਿੰਡਾ ਲੋਕ ਸਭਾ ਹਲਕੇ ਦਾ ਹਿੱਸਾ ਹੈ ਜਿਥੋਂ ਹਰਸਿਮਰਤ ਕੌਰ ਬਾਦਲ ਪਾਰਟੀ ਦੀ ਉਮੀਦਵਾਰ ਹੈ, ਇਸ ਲਈ ਸ਼੍ਰੋਮਣੀ ਅਕਾਲੀ ਦਲ ਕਿਸੇ ਤਰ੍ਹਾਂ ਦਾ ਜ਼ੋਖਮ ਉਠਾਉਣ ਦੀ ਸਮਰਥਾ ਵਿਚ ਵੀ ਨਹੀਂ ਹੈ। ਇਨ੍ਹਾਂ ਘਟਨਾਵਾਂ ਦੇ ਚਲਦਿਆਂ ਇਹੀ ਸਮਝਿਆ ਜਾ ਰਿਹਾ ਹੈ ਕਿ ਵਿਧਾਨ ਸਭਾ ਸਕੱਤਰੇਤ ਵੱਲੋਂ ਤਲਵੰਡੀ ਸਾਬੋ ਬਾਰੇ ਨੋਟੀਫਿਕੇਸ਼ਨ ਲੋਕ ਸਭਾ ਚੋਣਾਂ ਦੇ ਨੋਟੀਫਿਕੇਸ਼ਨ ਜੋ ਦੋ ਅਪਰੈਲ ਨੂੰ ਜਾਰੀ ਹੋਣਾ ਹੈ, ਤੋਂ ਬਾਅਦ ਹੀ ਜਾਰੀ ਕੀਤਾ ਜਾਵੇਗਾ।

ਕਮਿਸ਼ਨ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਵਿਧਾਨ ਸਭਾ ਵੱਲੋਂ ਅਧਿਕਾਰਤ ਤੌਰ 'ਤੇ ਜਾਰੀ ਕੀਤੇ ਜਾਣ ਵਾਲੇ ਨੋਟੀਫਿਕੇਸ਼ਨ ਤੋਂ ਬਾਅਦ ਹੀ ਕਮਿਸ਼ਨ ਤਲਵੰਡੀ ਸਾਬੋ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਕਰਾਉਣ ਬਾਰੇ ਕੋਈ ਫ਼ੈਸਲਾ ਕਰ ਸਕਦਾ ਹੈ।

ਜ਼ਿਕਰਯੋਗ ਹੈ ਕਿ ਕਾਂਗਰਸ ਦੇ ਬੁਲਾਰੇ ਸੁਖਪਾਲ ਸਿੰਘ ਖਹਿਰਾ ਨੇ ਵਿਧਾਨ ਸਭਾ ਵੱਲੋਂ ਜਾਰੀ ਨੋਟੀਫਿਕੇਸ਼ਨ ਦੀ ਕਾਪੀ ਕਮਿਸ਼ਨ ਨੂੰ ਭੇਜਦਿਆਂ ਜ਼ਿਮਨੀ ਚੋਣ ਦੇ ਐਲਾਨ ਦੀ ਮੰਗ ਕੀਤੀ ਸੀ। ਪੰਜਾਬ ਦੇ ਮੁੱਖ ਚੋਣ ਅਧਿਕਾਰੀ ਵੀ.ਕੇ. ਸਿੰਘ ਨੇ ਦੱਸਿਆ ਕਿ ਵਿਧਾਨ ਸਭਾ ਸਕੱਤਰੇਤ ਵੱਲੋਂ ਇਹੀ ਦਾਅਵਾ ਕੀਤਾ ਗਿਆ ਹੈ ਕਿ ਤਲਵੰਡੀ ਸਾਬੋ ਵਿਧਾਨ ਸਭਾ ਹਲਕੇ ਨੂੰ ਖਾਲੀ ਕਰਨ ਬਾਰੇ ਨੋਟੀਫਿਕੇਸ਼ਨ ਜਾਰੀ ਨਹੀਂ ਕੀਤਾ ਗਿਆ ਹੈ। ਚੇਤੇ ਰਹੇ ਕਿ ਸ. ਸਿੱਧੂ ਦੇ ਐਲਾਨ ਮਗਰੋਂ ਕਮਿਸ਼ਨ ਨੇ ਫ਼ੈਸਲਾ ਕੀਤ ਸੀ ਕਿ ਜੇ ਦੋ ਅਪਰੈਲ ਤੱਕ ਕੋਈ ਵਿਧਾਨ ਸਭਾ ਹਲਕਾ ਖਾਲੀ ਐਲਾਨਿਆ ਜਾਂਦਾ ਹੈ ਤਾਂ ਉਥੇ ਜ਼ਿਮਨੀ ਚੋਣ ਲੋਕ ਸਭਾ ਚੋਣਾਂ ਦੇ ਨਾਲ 30 ਅਪਰੈਲ ਨੂੰ ਕਰਾਈ ਜਾ ਸਕਦੀ ਹੈ। ਚੋਣ ਕਮਿਸ਼ਨ ਦੇ ਰੁਖ਼ ਨੂੰ ਦੇਖਦਿਆਂ ਹਾਕਮ ਪਾਰਟੀ ਨੇ ਨੋਟੀਫਿਕੇਸ਼ਨ ਰੁਕਵਾ ਦਿੱਤਾ ਸੀ ਤਾਂ ਜੋ ਜ਼ਿਮਨੀ ਚੋਣ ਬਾਅਦ ਵਿਚ ਹੋਵੇ।

# ਬਾਦਲ ਦੇ ਦੋਹਰੇ ਮਾਪਦੰਡ ਬੇਨਕਾਬ ਕਰਨ ਦਾ ਦਾਅਵਾ

**ਚੰਡੀਗੜ੍ਹ:** ਕਾਂਗਰਸ ਨੇ ਦੋਸ਼ ਲਾਇਆ ਹੈ ਕਿ 6 ਦਸੰਬਰ, 2006 ਨੂੰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਪ੍ਰਕਾਸ਼ ਸਿੰਘ ਬਾਦਲ ਨੇ ਖੁਦ ਜੇ.ਐਲ.ਪੀ.ਐਲ. ਦੇ ਐਮ.ਡੀ. ਕੁਲਵੰਤ ਸਿੰਘ 'ਤੇ 1500 ਕਰੋੜ ਰੁਪਏ ਦੇ ਘਪਲੇ ਦੇ ਦੋਸ਼ਾਂ ਵਿਚ ਰਾਜਪਾਲ ਨੂੰ ਮੰਗ ਪੱਤਰ ਦੇ ਕੇ ਸੀ.ਬੀ.ਆਈ. ਜਾਂਚ ਦੀ ਮੰਗ ਕੀਤੀ ਸੀ। ਆਰ.ਟੀ.ਆਈ. ਰਾਹੀਂ ਪ੍ਰਾਪਤ ਜਾਣਕਾਰੀ ਦੇ ਆਧਾਰ 'ਤੇ ਪੰਜਾਬ ਕਾਂਗਰਸ ਦੇ ਬੁਲਾਰੇ ਸੁਖਪਾਲ ਸਿੰਘ ਖਹਿਰਾ ਨੇ ਖੁਲਾਸਾ ਕੀਤਾ ਕਿ ਹੁਣ ਉਸੇ ਵਿਅਕਤੀ ਨੂੰ ਫ਼ਤਿਹਗੜ੍ਹ ਸਾਹਿਬ ਤੋਂ ਪਾਰਟੀ ਦਾ ਉਮੀਦਵਾਰ ਬਣਾਇਆ ਗਿਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਬਾਦਲ ਵੱਲੋਂ ਦੋਹਰੇ ਮਾਪਦੰਡ ਅਪਣਾਏ ਜਾ ਰਹੇ ਹਨ। ਘਪਲੇ ਦਾ ਦੋਸ਼ੀ ਹੁਣ ਉਸੇ ਬਾਦਲ ਦਾ ਚਹੇਤਾ ਬਣ ਗਿਆ ਹੈ।

ਰਾਜਪਾਲ ਨੂੰ ਬਾਦਲ ਵੱਲੋਂ ਦਿੱਤੇ ਮੰਗ ਪੱਤਰ ਦੀ ਆਰ.ਟੀ.ਆਈ. ਕਾਪੀ ਦੇ ਹਵਾਲੇ ਨਾਲ ਸ. ਖਹਿਰਾ ਨੇ ਕਿਹਾ ਕਿ ਕੁਲਵੰਤ ਸਿੰਘ 'ਤੇ ਗੈਰ ਕਾਨੂੰਨੀ ਤਰੀਕੇ ਨਾਲ 1500 ਕਰੋੜ ਦਾ ਲਾਭ ਕਮਾਉਣ ਲਈ ਮੋਹਾਲੀ ਦੇ ਸੈਕਟਰ-91 ਜਨਤਕ ਪਾਰਕਾਂ ਦੀ ਬਹੁ-ਕੀਮਤੀ 120 ਏਕੜ ਜ਼ਮੀਨ 'ਤੇ ਨਿਯਮ ਤੇ ਕਾਨੂੰਨਾਂ ਨੂੰ ਤੋੜ ਕੇ ਨਿਰਮਾਣ ਕਰਨ ਦਾ ਦੋਸ਼ ਹੈ। ਮੰਗ ਵਿਚ ਪੱਤਰ ਵਿਚ ਲਾਏ ਗਏ 1500 ਕਰੋੜ ਦੇ ਦੋਸ਼ਾਂ ਨੂੰ ਸਹੀ ਸਾਬਿਤ ਕਰਨ ਲਈ ਸਕੱਤਰ ਹਾਊਸਿੰਗ ਪੁੱਡਾ, ਚੀਫ਼ ਟਾਊਨ, ਚੀਫ਼ ਟਾਊਨ ਪਲਾਨਰ ਤੇ ਉਸ ਸਮੇਂ ਦੇ ਹਾਊਸਿੰਗ ਵਿਭਾਗ ਦੇ ਮੰਤਰੀ ਦੀਆਂ ਕਈ ਸਰਕਾਰੀ ਰਿਪੋਰਟਾਂ ਅਨੁਲਗ ਦੇ ਰੂਪ ਵਿਚ ਮੰਗ ਪੱਤਰ ਦੇ ਨਾਲ ਨੱਥੀ ਕੀਤੀਆਂ ਗਈਆਂ ਸਨ। ਉਸ ਸਮੇਂ ਇਸ ਲਈ ਬਾਦਲ ਨੇ ਸੀ.ਬੀ.ਆਈ. ਦੀ ਜਾਂਚ ਦੀ ਮੰਗ ਕੀਤੀ ਸੀ।

ਸ. ਖਹਿਰਾ ਨੇ ਕਿਹਾ ਕਿ 2007 ਵਿਚ ਸੱਤਾ ਸੰਭਾਲਣ ਤੋਂ ਬਾਅਦ ਬਾਦਲ ਨੇ ਕੁਲਵੰਤ ਸਿੰਘ ਨੂੰ ਬਚਾਉਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦੱਸਿਆ ਕਿ ਘਪਲੇ ਬਾਰੇ ਦਿੱਤੇ ਮੰਗ ਪੱਤਰ 'ਤੇ ਕਾਰਵਾਈ ਕਰਨ ਵਿਚ ਅਸਫ਼ਲ ਰਹਿਣ ਕਾਰਨ ਹਾਈਕੋਰਟ ਨੇ ਅਕਾਲੀ-ਭਾਜਪਾ ਸਰਕਾਰ ਨੂੰ ਝਾੜ ਵੀ ਪਾਈ ਸੀ।

# ਭਗਵੰਤ ਮਾਨ ਨੇ ਸੁਖਬੀਰ ਨੂੰ ਕਰਾਰੇ ਹੱਥੀਂ ਲਿਆ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੇ ਸੰਗਰੂਰ ਤੋਂ ਉਮੀਦਵਾਰ ਤੇ ਮਸ਼ਹੂਰ ਪੰਜਾਬੀ ਹਾਸਰਸ ਕਲਾਕਾਰ ਭਗਵੰਤ ਮਾਨ ਨੇ ਸੁਖਬੀਰ ਸਿੰਘ ਬਾਦਲ ਵੱਲੋਂ ਬੀਤੇ ਦਿਨੀਂ ਸੁਨਾਮ ਵਿਚ ਦਿੱਤੇ ਗਏ ਉਸ ਬਿਆਨ ਜਿਸ ਵਿਚ ਸ. ਮਾਨ ਵੱਲੋਂ ਸ਼੍ਰੋਮਣੀ ਅਕਾਲੀ ਦਲ ਜੁਆਇਨ ਕਰਨ ਦੀ ਇੱਛਾ ਨੂੰ ਸੁਖਬੀਰ ਬਾਦਲ ਵੱਲੋਂ ਨਕਾਰਨ ਦੀ ਗੱਲ ਕਹੀ ਗਈ ਸੀ, ਦਾ ਮਜ਼ਾਕ ਉਡਾਉਂਦਿਆਂ ਕਿਹਾ ਕਿ ਇਹ ਬਿਆਨ ਸੁਖਬੀਰ ਬਾਦਲ ਦੀ ਸੰਗਰੂਰ ਵਿਚ ਨਜ਼ਰ ਆ ਰਹੀ ਹਾਰ ਦੀ ਘਬਰਾਹਟ ਦਾ ਨਤੀਜਾ ਹੈ। ਸ. ਮਾਨ ਨੇ ਕਿਹਾ ਕਿ ਗੱਲ ਇਸ ਤੋਂ ਬਿਲਕੁਲ ਉਲਟ ਹੈ। ਸੱਚ ਇਹ ਹੈ ਕਿ ਸੁਖਬੀਰ ਬਾਦਲ ਨੇ ਕੁਝ ਲੋਕ ਉਸ ਕੋਲ ਇਹ ਸੰਦੇਸ਼ ਦੇ ਕੇ ਭੇਜੇ ਸਨ ਕਿ ਉਹ ਸ. ਮਾਨ ਨੂੰ ਸ਼੍ਰੋਮਣੀ ਅਕਾਲੀ ਦਲ ਜੁਆਇਨ ਕਰਵਾਉਣਾ ਚਾਹੁੰਦੇ ਹਨ। ਉਨ੍ਹਾਂ ਨੇ ਸੰਦੇਸ਼ ਵਾਹਕਾਂ ਨੂੰ ਕਿਹਾ ਕਿ ਸ. ਮਾਨ ਭੁੱਖਾ ਰਹਿ ਸਕਦਾ ਹੈ ਪਰ ਸ਼੍ਰੋਮਣੀ ਅਕਾਲੀ ਦਲ ਜਾਂ ਕਾਂਗਰਸ ਦੇ ਪਰਛਾਵੇਂ ਤੋਂ ਵੀ ਦੂਰ ਰਹੇਗਾ। ਉਨ੍ਹਾਂ ਕਿਹਾ ਕਿ ਟਾਇਰਾਂ ਨੂੰ ਅੱਗ ਲਾ ਕੇ ਤੇ ਚਿਮਨੀ ਵਿਚੋਂ ਧੂੰਆਂ ਕੱਢ ਕੇ ਬਿਜਲੀ ਪਲਾਂਟ ਦਾ



ਉਦਘਾਟਨ ਕਰਨ ਵਾਲੇ ਬਾਦਲ ਦੇ ਬਿਆਨਾਂ ਨੂੰ ਹੁਣ ਸੂਬੇ ਦੀ ਜਨਤਾ ਗੰਭੀਰਤਾ ਨਾਲ ਨਹੀਂ ਲੈਂਦੀ।

ਉਨ੍ਹਾਂ ਕਿਹਾ ਕਿ ਜਨਤਾ ਨੂੰ ਵਿਸ਼ਵਾਸ ਹੋ ਗਿਆ ਹੈ ਕਿ ਸ. ਬਾਦਲ ਝੂਠ ਦੇ ਆਧਾਰ 'ਤੇ ਅਜੇ ਤੱਕ ਉਨ੍ਹਾਂ ਨੂੰ ਬੇਵਕੂਫ਼ ਬਣਾਉਂਦਾ ਆ ਰਿਹਾ ਹੈ। ਸ. ਮਾਨ ਨੇ ਵਿਅੰਗ ਵਿਚ ਕਿਹਾ ਕਿ ਇਹ ਉਹੀ ਸੁਖਬੀਰ ਬਾਦਲ ਹੈ ਜਿਨ੍ਹਾਂ ਨੇ ਮੋਗਾ ਤੋਂ ਕਾਂਗਰਸੀ ਵਿਧਾਇਕ ਜੋਗਿੰਦਰ ਪਾਲ ਜੈਨ ਦੀ ਸਹੀ ਥਾਂ ਜੇਲ੍ਹ ਕਰਾਰ ਦਿੰਦਿਆਂ ਇਸ ਲਈ ਫਰੀਦਕੋਟ ਵਿਚ ਜੇਲ੍ਹ ਬਣਵਾਉਣ ਦਾ ਐਲਾਨ ਕੀਤਾ ਸੀ ਪਰ ਜੈਨ ਨੂੰ ਅਕਾਲੀ ਦਲ ਵਿਚ ਸ਼ਾਮਲ ਕਰਕੇ ਕਹਿਣ ਲੱਗੇ ਕਿ ਸ਼੍ਰੋਮਣੀ ਅਕਾਲੀ ਦਲ ਵਿਚ ਹੀਰਾ ਸ਼ਾਮਲ ਹੋ ਗਿਆ ਹੈ।

ਸ. ਮਾਨ ਨੇ ਕਿਹਾ ਕਿ ਉਹ ਇਕ ਮਿਸ਼ਨ ਨੂੰ ਲੈ ਕੇ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਏ ਹਨ ਨਾ ਕਿ ਅਕਾਲੀਆਂ ਦੀ ਤਰਜ਼ 'ਤੇ ਕਮੀਸ਼ਨ ਲਈ। ਸ. ਮਾਨ ਨੇ ਕਿਹਾ ਕਿ ਆਮ ਆਦਮੀ ਪਾਰਟੀ 'ਤੇ ਸੁਖਬੀਰ ਬਾਦਲ ਨੇ ਬਿਆਨ ਦਿੱਤਾ ਸੀ ਕਿ ਇਸ ਪਾਰਟੀ ਦਾ ਹਾਲ ਵੀ ਮਨਪ੍ਰੀਤ ਬਾਦਲ ਦੀ ਪੀ.ਪੀ.ਪੀ. ਦੀ ਤਰਜ਼ 'ਤੇ ਹੋਵੇਗਾ ਪਰ ਦਿੱਲੀ ਵਿਚ ਚੋਣ ਨਤੀਜੇ ਆਉਣ ਤੋਂ ਬਾਅਦ ਬਾਦਲ ਕਹਿਣ ਲੱਗੇ ਕਿ ਮੈਂ ਪੰਜਾਬ ਦਾ ਕੇਜਰੀਵਾਲ ਹਾਂ।

# ਕੋਈ ਨਹੀਂ ਤੋੜ ਸਕਿਆ ਮਾਨ ਦਾ ਰਿਕਾਰਡ

**ਚੰਡੀਗੜ੍ਹ:** 1988 ਵਿਚ 10ਵੀਂ ਲੋਕ ਸਭਾ ਚੋਣ ਮੌਕੇ ਜਦੋਂ ਤਰਨ ਤਾਰਨ ਲੋਕ ਸਭਾ ਹਲਕੇ ਤੋਂ ਗਰਮ ਖਿਆਲੀ ਸਿੱਖ ਆਗੂ ਤੇ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਇਕਪਾਸੜ ਮੁਕਾਬਲੇ ਵਿਚ ਜੇਤੂ ਰਹੇ ਸਨ। ਇਹ ਦੇਸ਼ ਅੰਦਰ ਹੋਈਆਂ ਅੱਜ ਤੱਕ ਦੀਆਂ ਚੋਣਾਂ ਵਿਚ ਵੱਖਰੇ ਇਤਿਹਾਸ ਵਾਲਾ ਮੁਕਾਬਲਾ ਕਰਕੇ ਜਾਣਿਆ ਜਾਂਦਾ ਹੈ।

ਇਸ ਮੁਕਾਬਲੇ ਵਿਚ ਸ. ਮਾਨ ਉਦੋਂ ਰਾਮ ਵਿਲਾਸ ਪਾਸਵਾਨ ਤੋਂ ਬਾਅਦ ਦੂਜੇ ਅਜਿਹੇ ਉਮੀਦਵਾਰ ਸਨ ਜਿਹੜੇ ਆਪਣੇ ਨੇੜਲੇ ਵਿਰੋਧੀ ਉਮੀਦਵਾਰ ਨਾਲੋਂ ਸਭ ਤੋਂ ਜ਼ਿਆਦਾ ਵੋਟਾਂ ਹਾਸਲ ਕਰਕੇ ਜਿੱਤੇ। ਉਸ ਮੌਕੇ ਸ. ਮਾਨ ਭਾਗਲਪੁਰ ਦੀ ਜੇਲ੍ਹ ਅੰਦਰ ਦੇਸ਼ ਧਰੋਹ ਦੇ ਦੋਸ਼ ਅਧੀਨ ਬੰਦ ਸਨ। ਸ. ਮਾਨ ਸਾਬਕਾ ਆਈ.ਪੀ.ਐਸ. ਅਧਿਕਾਰੀ ਸਨ। ਉਹ ਖਾਲਿਸਤਾਨ ਦੀ ਮੰਗ ਕਰਦੇ ਆ ਰਹੇ ਸਨ। ਉਹ ਸਮਾਂ ਅਜਿਹਾ ਸੀ ਜਦੋਂ ਸੂਬੇ ਅੰਦਰ ਖਾੜਕੂਵਾਦ ਦੀ ਲਹਿਰ ਭਰ ਜੋਬਨ 'ਤੇ ਸੀ।

ਜਿਵੇਂ ਹੀ ਸ. ਮਾਨ ਇਸ ਹਲਕੇ ਤੋਂ ਉਮੀਦਵਾਰ ਬਣੇ, ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੇ ਅਕਾਲੀ ਦਲ ਨੇ ਉਨ੍ਹਾਂ ਦੇ ਮੁਕਾਬਲੇ ਉਮੀਦਵਾਰ ਨਾ ਉਤਾਰਿਆ। ਸਾਬਕਾ



ਐਮ.ਪੀ. ਤਰਲੋਚਨ ਸਿੰਘ ਤੁੜ ਸਿਮਰਨਜੀਤ ਸਿੰਘ ਮਾਨ ਦੇ ਦਲ ਤੋਂ ਹੀ ਬਾਗੀ ਹੋ ਕੇ ਚੋਣ ਮੈਦਾਨ ਵਿਚ ਆ ਡਟੇ ਪਰ ਕੁਝ ਦਿਨਾਂ ਬਾਅਦ ਉਨ੍ਹਾਂ ਖੁਦ ਹੀ ਆਪਣੇ ਨਾਮਜ਼ਦਗੀ ਕਾਗਜ਼ ਵਾਪਸ ਲੈ ਲਏ। ਨਾਮਜ਼ਦਗੀ ਪਰਚੇ ਦਾਖਲ ਕਰਦਿਆਂ ਸ. ਮਾਨ ਪ੍ਰਤੀ ਹਮਦਰਦੀ ਦੀ ਅਜਿਹੀ ਲਹਿਰ ਚੱਲੀ ਕਿ ਹਲਕੇ ਵਿਚ ਕਿਸੇ ਹੋਰ ਉਮੀਦਵਾਰ ਦੀ ਕੋਈ ਹੋਂਦ ਹੀ ਨਜ਼ਰ ਨਹੀਂ ਸੀ ਆ ਰਹੀ।

ਸ. ਮਾਨ ਦੀ ਚੋਣ ਮੁਹਿੰਮ ਦੀ ਕਮਾਂਡ ਜਾਂ ਤਾਂ ਉਨ੍ਹਾਂ ਦੇ 80 ਵਰ੍ਹਿਆਂ ਤੋਂ ਵੱਧ ਉਮਰ ਵਾਲੇ ਬਿਰਧ ਪਿਤਾ ਜੋਗਿੰਦਰ ਸਿੰਘ ਮਾਨ ਦੇ ਹੱਥ ਵਿਚ ਸੀ ਜਾਂ ਫਿਰ ਸ. ਰਣਜੀਤ ਸਿੰਘ ਬ੍ਰਹਮਪੁਰਾ ਸਮੇਤ ਹੋਰ ਅਕਾਲੀ ਆਗੂ ਚਲਾ ਰਹੇ ਸਨ। ਨਤੀਜਾ ਆਇਆ ਤਾਂ ਹਲਕੇ ਦੀਆਂ ਕੁੱਲ ਭੁਗਤੀਆਂ 5,99,322 ਵਿਚੋਂ ਸ. ਮਾਨ 5,27,707 ਵੋਟਾਂ ਲੈ ਗਏ ਤੇ ਕਾਂਗਰਸ ਦੇ ਉਮੀਦਵਾਰ ਅਜੀਤ ਸਿੰਘ ਮਾਨ ਨੂੰ 47,290 ਵੋਟਾਂ ਹੀ ਮਿਲੀਆਂ। ਰਾਜ ਅੰਦਰ ਸ. ਸਿਮਰਨਜੀਤ ਸਿੰਘ ਮਾਨ ਦੇ ਹੱਕ ਵਿਚ ਚੱਲੀ ਲਹਿਰ ਨਾਲ ਪਟਿਆਲਾ ਤੋਂ ਉਨ੍ਹਾਂ ਦੇ ਹਮਾਇਤੀ ਅਤਿੰਦਰਪਾਲ ਸਿੰਘ, ਫਿਰੋਜ਼ਪੁਰ ਤੋਂ ਧਿਆਨ ਸਿੰਘ ਮੰਡ, ਸੰਗਰੂਰ ਤੋਂ ਰਾਜਦੇਵ ਸਿੰਘ, ਬਠਿੰਡਾ ਤੋਂ ਸੁੱਚਾ ਸਿੰਘ, ਫਰੀਦਕੋਟ ਤੋਂ ਜਗਦੇਵ ਸਿੰਘ ਖੁੱਡੀਆਂ, ਰੋਪੜ ਤੋਂ ਬੀਬੀ ਬਿਮਲ ਕੌਰ ਖਾਲਸਾ ਤੇ ਲੁਧਿਆਣਾ ਤੋਂ ਬੀਬੀ ਰਜਿੰਦਰ ਕੌਰ ਬੁਲਾਰਾ ਸਮੇਤ ਕੁਲ ਅੱਠ ਉਮੀਦਵਾਰ ਚੋਣ ਜਿੱਤ ਗਏ। ਸ. ਸਿਮਰਨਜੀਤ ਸਿੰਘ ਮਾਨ ਇਕ ਦਿਨ ਵੀ ਪਾਰਲੀਮੈਂਟ ਅੰਦਰ ਦਾਖਲ ਨਹੀਂ ਹੋਏ। ਉਹ ਤਿੰਨ ਫੁੱਟ ਲੰਬੀ ਕਿਰਪਾਨ ਨਾਲ ਲੈ ਕੇ ਪਾਰਲੀਮੈਂਟ ਵਿਚ ਜਾਣਾ ਚਾਹੁੰਦੇ ਸਨ ਜਿਸ ਨੂੰ ਸਰਕਾਰ ਵੱਲੋਂ ਆਗਿਆ ਨਹੀਂ ਸੀ ਦਿੱਤੀ ਜਾ ਰਹੀ।

# ਬੀਰਦਵਿੰਦਰ ਸਿੰਘ ਨੇ ਇਕ ਵਾਰ ਫਿਰ ਫੜਿਆ ਕਾਂਗਰਸ ਦਾ ਹੱਥ

**ਪਟਿਆਲਾ:** ਪੰਜਾਬ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਬੀਰਦਵਿੰਦਰ ਸਿੰਘ ਪੰਜ ਸਾਲਾਂ ਬਾਅਦ ਮੁੜ ਕਾਂਗਰਸ ਪਾਰਟੀ ਵਿਚ ਪਰਤ ਆਏ ਹਨ।

ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਰਾਜਿੰਦਰ ਕੌਰ ਭੱਠਲ ਦੀ ਪ੍ਰੇਰਨਾ ਸਦਕਾ ਮੁੜ ਪਾਰਟੀ ਵਿਚ ਸ਼ਾਮਲ ਹੋਣ ਲਈ ਤਿਆਰ ਹੋਏ ਬੀਰਦਵਿੰਦਰ ਸਿੰਘ ਨੂੰ ਕਾਂਗਰਸ ਪ੍ਰਧਾਨ ਸੋਨੀਆਂ ਗਾਂਧੀ ਦੇ ਆਦੇਸ਼ਾਂ 'ਤੇ ਕੇਂਦਰੀ ਹਾਈਕਮਾਂਡ ਨੇ ਕਾਂਗਰਸ ਵਿਚ ਸ਼ਾਮਲ ਕਰ ਲਿਆ।



ਜ਼ਿਕਰਯੋਗ ਹੈ ਕਿ ਉਹ ਪਹਿਲਾਂ ਸਰਹਿੰਦ ਤੇ ਫਿਰ ਖਰੜ ਤੋਂ ਕਾਂਗਰਸ ਪਾਰਟੀ ਦੇ ਵਿਧਾਇਕ ਬਣੇ ਤੇ ਕੈਪਟਨ ਸਰਕਾਰ ਦੌਰਾਨ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਵੀ ਰਹੇ ਪਰ 2009 ਦੀ ਲੋਕ ਸਭਾ ਚੋਣ ਦੌਰਾਨ ਉਹ ਕਾਂਗਰਸ ਛੱਡ ਕੇ ਅਕਾਲੀ ਦਲ ਵਿਚ ਸ਼ਾਮਲ ਹੋ ਗਏ ਸਨ। ਫਿਰ ਕੁਝ ਸਮੇਂ ਬਾਅਦ ਉਨ੍ਹਾਂ ਨੇ ਮਨਪ੍ਰੀਤ ਸਿੰਘ ਬਾਦਲ ਦੀ ਅਗਵਾਈ ਹੇਠਲੀ ਪੀ.ਪੀ.ਪੀ. ਦੇ ਨਾਲ ਹੱਥ ਮਿਲਾ ਲਿਆ ਤੇ 2012 ਦੌਰਾਨ ਖਰੜ ਤੋਂ ਵਿਧਾਨ ਸਭਾ ਦੀ ਚੋਣ ਵੀ ਲੜੀ ਤੇ ਫੇਰ ਪੀ.ਪੀ.ਪੀ. ਨਾਲੋਂ ਵੀ ਨਾਤਾ ਤੋੜ ਲਿਆ ਤੇ ਘਰ ਬੈਠ ਗਏ। ਇਸ ਤਰ੍ਹਾਂ ਉਹ ਮੁੜ ਕਾਂਗਰਸ ਵਿਚ ਪਰਤ ਆਏ ਹਨ। ਇਹ ਘਰ ਵਾਪਸੀ ਪੰਜਾਬ ਕਾਂਗਰਸ ਦੇ ਆਗੂਆਂ ਵੱਲੋਂ ਉਨ੍ਹਾਂ ਨੂੰ ਮੁੜ ਤੋਂ ਪਾਰਟੀ ਵਿਚ ਵਾਪਸ ਲਿਆਉਣ ਦੀ ਕੇਂਦਰੀ ਹਾਈਕਮਾਂਡ ਕੋਲ ਰੱਖੀ ਤਜਵੀਜ਼ ਤਹਿਤ ਹੋਈ ਹੈ।

ਇਸ ਸੰਬਧੀ ਪਾਰਟੀ ਦੇ ਜਨਰਲ ਸਕੱਤਰ ਜਨਾਰਦਨ ਦਵੀਵੇਦੀ ਵੱਲੋਂ ਇਸ ਬਾਬਤ ਬਾਕਾਇਦਾ ਪੱਤਰ ਵੀ ਜਾਰੀ ਕੀਤਾ ਗਿਆ ਹੈ। ਬੀਰਦਵਿੰਦਰ ਸਿੰਘ ਨੇ ਕਿਹਾ ਕਿ ਇਸ ਬਾਬਤ ਨੂੰ ਕੈਪਟਨ ਅਮਰਿੰਦਰ ਸਿੰਘ ਤੇ ਬੀਬੀ ਰਾਜਿੰਦਰ ਕੌਰ ਭੱਠਲ ਨੇ ਵੀ ਪ੍ਰੇਰਿਆ।

ਉਂਜ ਇਸ ਵਿਚ ਕਾਂਗਰਸ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਦੀ ਭੂਮਿਕਾ ਵੀ ਰਹੀ। ਜ਼ਿਕਰਯੋਗ ਹੈ ਕਿ ਵਿਦਿਅਰਥੀ ਲਹਿਰਾਂ ਤੋਂ ਹੀ ਸਿਆਸਤ ਨਾਲ ਜੁੜੇ ਬੀਰਦਵਿੰਦਰ ਸਿੰਘ ਵਧੀਆ ਬੁਲਾਰੇ ਹਨ। ਉਹ ਆਪਣੇ ਭਾਸ਼ਣ ਨਾਲ ਲੋਕਾਂ ਨੂੰ ਬੰਨ੍ਹ ਦੇਣ ਦੀ ਸਮਰਥਾ ਰੱਖਦੇ ਹਨ। ਕਾਂਗਰਸ ਪਾਰਟੀ ਕੋਲ ਇਸ ਇਲਾਕੇ ਵਿਚ ਅਜਿਹੇ ਬੁਲਾਰੇ ਦੀ ਘਾਟ ਹੈ।

**SUPER TRAVEL**
847-676-9090, 773-465-5566
*E-mail: supertravel2003@yahoo.com*
*Lowest Fares With Excellent Service*
*AMERICAN AIR, CONTINENTAL AIR*

*JET AIRWAYS DELTA, AIR INDIA, KLM, LUFTHANSA.*
*For Emergency Call anytime at 847-673-3825*
*EARLY BIRD SALE!!!!*
India $545
London $250

*To Advertise with Punjab Times Call: 847-359-0746*

COVERED CALIFORNIA™
ਬਹੁਤ ਵਾਜਬ ਭਾਅ 'ਤੇ ਵਧੀਆ ਹੈਲਥ ਇੰਸ਼ੋਰੈਂਸ
ਲਿਵਿੰਗਸਟਨ, ਮਰਸਡ, ਐਟਵਾਟਰ, ਟਰਲੱਕ, ਮਾਡੈਸਟੋ ਅਤੇ ਸੈਂਟਰ ਵੈਲੀ ਦੇ ਹੋਰ ਸ਼ਹਿਰਾਂ ਵਿਚ
ਅਸੀਂ ਓਬਾਮਾ ਕੇਅਰ ਅਤੇ ਮੈਡੀ-ਕੈਲ ਦੀਆਂ ਅਰਜੀਆਂ ਮੁਫਤ ਭਰਦੇ ਹਾਂ
ਆਪਣਾ ਨਾਂ ਤੁਰੰਤ ਇਨਰੋਲ ਕਰਾਓ ਕਿਉਂਕਿ ਇਨਰੋਲਮੈਂਟ 31 ਮਾਰਚ 2014 ਤਕ ਹੀ ਹੈ।
ਆਪਣੇ ਸਰਟੀਫਾਈਡ ਇੰਸ਼ੋਰੈਂਸ ਏਜੈਂਟ ਨਾਲ ਸੰਪਰਕ ਕਰੋ
Jarnail Singh Lallria (License # 0C19939)
**Phone: (209) 394-9191**
E-mail: Jarnail_lallria@yahoo.com

## ਆਮ ਆਦਮੀ ਪਾਰਟੀ ਲਈ ਫੰਡਰੇਜ਼ਰ 5 ਨੂੰ

**ਫਰਿਜ਼ਨੋ (ਬਿਊਰੋ):** ਭਾਰਤੀ ਸਿਆਸੀ ਦ੍ਰਿਸ਼ 'ਤੇ ਬੜੀ ਤੇਜ਼ੀ ਨਾਲ ਉਭਰੀ ਆਮ ਆਦਮੀ ਪਾਰਟੀ ਵਲੋਂ ਪੰਜਾਬ ਵਿਚ ਚੋਣ ਲੜ ਰਹੇ ਉਮੀਦਵਾਰਾਂ ਦੀ ਮਦਦ ਲਈ ਇਕ ਫੰਡਰੇਜ਼ਰ ਸਥਾਨਕ ਨੌਜਵਾਨਾਂ ਦੇ ਇਕ ਗਰੁਪ ਵਲੋਂ 5 ਅਪਰੈਲ, ਸਨਿਚਰਵਾਰ ਨੂੰ ਬਾਅਦ ਦੁਪਹਿਰ 2 ਵਜੇ ਇਥੇ ਗੁਰਦੁਆਰਾ ਸਿੰਘ ਸਭਾ ਵਿਖੇ ਹੋਵੇਗਾ।

ਫੰਡਰੇਜ਼ਰ ਪ੍ਰਬੰਧਕਾਂ ਨੇ ਸਮੂਹ ਪੰਜਾਬ ਹਿਤੈਸ਼ੀਆਂ ਨੂੰ ਬੇਨਤੀ ਕੀਤੀ ਹੈ ਕਿ ਭਾਰਤੀ ਸਿਆਸੀ ਸਿਸਟਮ ਵਿਚ ਬੁਨਿਆਦੀ ਤਬਦੀਲੀ ਦਾ ਟੀਚਾ ਲੈ ਕੇ ਉਭਰੀ ਇਸ ਪਾਰਟੀ ਨੂੰ ਕਾਮਯਾਬ ਕਰਨ ਲਈ ਇਸ ਫੰਡਰੇਜ਼ਰ ਵਿਚ ਆਪਣੀ ਸਮਰਥਾ ਅਨੁਸਾਰ ਹਿੱਸਾ ਪਾਇਆ ਜਾਵੇ। ਉਨ੍ਹਾਂ ਕਿਹਾ ਕਿ ਇਸ ਫੰਡ ਲਈ ਬਾਕਾਇਦਾ ਰਸੀਦਾਂ ਜਾਰੀ ਕੀਤੀਆਂ ਜਾਣਗੀਆਂ। ਹੋਰ ਜਾਣਕਾਰੀ ਲਈ ਫੋਨ 559-333-5777 ਜਾਂ 559-916-9653 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

## ਭਾਈ ਸਰਬਜੀਤ ਸਿੰਘ ਧੂੰਦਾ ਫਰਿਜ਼ਨੋ 'ਚ ਕਥਾ ਵਿਆਖਿਆ ਕਰਨਗੇ

**ਫਰਿਜ਼ਨੋ:** ਕਥਾਵਾਚਕ ਭਾਈ ਸਰਬਜੀਤ ਸਿੰਘ ਧੂੰਦਾ ਇਨ੍ਹੀਂ ਦਿਨੀਂ ਕੈਲੀਫੋਰਨੀਆ ਦੀ ਪ੍ਰਚਾਰ ਫੇਰੀ 'ਤੇ ਹਨ, ਆਉਂਦੀ 4 ਅਪਰੈਲ ਤੋਂ 9 ਅਪਰੈਲ ਤੱਕ ਸਥਾਨਕ ਗੁਰਦੁਆਰਾ ਸਿੰਘ ਸਭਾ ਵਿਚ ਕਥਾ ਵਿਆਖਿਆ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।



ਜ਼ਿਕਰਯੋਗ ਹੈ ਕਿ ਭਾਈ ਸਰਬਜੀਤ ਸਿੰਘ ਧੂੰਦਾ ਪਿਛਲੇ ਲੰਮੇ ਅਰਸੇ ਤੋਂ ਪਖੰਡਵਾਦ ਅਤੇ ਡੇਰਾਵਾਦ ਦੇ ਖਿਲਾਫ ਅਵਾਜ਼ ਬੁਲੰਦ ਕਰਦੇ ਆ ਰਹੇ ਹਨ ਅਤੇ ਸੰਗਤਾਂ ਨੂੰ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਉਣ ਲਈ ਉਪਰਾਲੇ ਕਰ ਰਹੇ ਹਨ।

**ਕੱਰੀ ਕੁਕ ਤੇ ਹੈਲਪਰ ਦੀ ਲੋੜ ਹੈ**
ਵਚੀਟਾ, ਕੈਨਸਸ ਵਿਚ ਭਾਰਤੀ ਰੈਸਟੋਰੈਂਟ ਲਈ ਕੱਰੀ ਕੁਕ ਅਤੇ ਹੈਲਪਰ ਦੀ ਲੋੜ ਹੈ
ਚੰਗੀ ਤਨਖਾਹ, ਰਿਹਾਇਸ਼ ਮੁਫਤ
ਸੰਪਰਕ ਕਰੋ:
316-691-8300 ਜਾਂ 316-518-5382
12-15


Security Cameras
Special promotion for limited time only
1000 TVL camera for the price of 700 TVL camera
Limit 4 for each customer only
*For more Details, Contact:*
Balbir S Sidhu-209-495-3905 (Cell)
Toll Free (888) 233-4566
DVRunlimited Inc.
Fax-(209) 982-9133

**ਨੈਸ਼ਨਲ ਟਰੱਕ ਡਰਾਈਵਿੰਗ ਸਕੂਲ**
**National Truck Driving School**
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

**When Banks Say-No, We Say-ਹਾਂ ਜੀ**
We provide Cash (ਕੈਸ਼) Flow to transport companies any size-**Big or Small**
We will fund the sale of your freight invoice(s) quickly via **Check, ACH, Wire, Fuel Card** or **T-Check.**
Check us out for our **unbeatable speed.**

Compare our **fees and services** with our competitors.
**We will not be undersold.**
**Invoice of any size is welcome** (ਇਨਵਾਇਸ ਦਾ ਸਾਈਜ਼ ਕੋਈ ਵੀ ਹੋਵੇ)
*Less paperwork and hassle free approvals*
American Factoring Group
ਸੰਪਰਕ ਕਰੋ
ਬਰਜਿੰਦਰ ਸਿੰਘ, ਫੋਨ: 716-312-1212
American Factoring Group, Inc.
Visit us on the web: www.factor101.com

**Punjab Times**

**Established in 2000**
**15th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਨਵਨੀਤ ਕੌਰ ਭੁੱਲਰ ਦੀ ਅਰਦਾਸ ਬਰ ਆਈ

**ਦਿੱਲੀ:** ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ 48 ਸਾਲਾ ਪਤਨੀ ਨਵਨੀਤ ਕੌਰ ਭੁੱਲਰ ਦੀ ਸਾਲਾਂ ਤੋਂ ਕੀਤੀ ਮਿਹਨਤ ਨੂੰ ਬੂਰ ਪੈ ਗਿਆ ਹੈ। ਸੋਮਵਾਰ ਨੂੰ ਜਦੋਂ ਸੁਪਰੀਮ ਕੋਰਟ ਨੇ ਪ੍ਰੋ. ਭੁੱਲਰ ਦੀ ਫਾਂਸੀ ਦੀ ਸਜ਼ਾ ਉਮਰ ਕੈਦ ਵਿਚ ਤਬਦੀਲ ਕਰਨ ਦਾ ਫ਼ੈਸਲਾ ਸੁਣਾਇਆ ਤਾਂ ਨਵਨੀਤ ਦਾ ਕਹਿਣਾ ਸੀ ਕਿ ਉਹ ਹਰ ਸਵੇਰੇ ਤੜਕੇ ਉੱਠਦੀ ਰਹੀ ਹੈ, ਕਿਉਂਕਿ ਉਸ ਨੂੰ ਇਹੀ ਧੁੜਕੂ ਲੱਗਾ ਰਹਿੰਦਾ ਸੀ ਕਿ ਕਿਤੇ ਦਵਿੰਦਰਪਾਲ ਨੂੰ ਫ਼ਾਂਸੀ ਨਾ ਦਿੱਤੀ ਗਈ ਹੋਵੇ। ਹੁਣ ਜਦੋਂ ਉਸ ਨੇ ਇੰਸਟੀਚਿਊਟ ਆਫ਼ ਹਿਊਮਨ ਬਿਹੇਵੀਅਰ ਐਂਡ ਅਲਾਈਡ ਸਾਇੰਸਜ਼ ਜਿਥੇ ਪਿਛਲੇ ਤਿੰਨ ਸਾਲ ਤੋਂ ਭੁੱਲਰ ਦਾ ਇਲਾਜ ਚਲ ਰਿਹਾ ਹੈ, ਜਾ ਕੇ ਦਵਿੰਦਰਪਾਲ ਨੂੰ ਫਾਂਸੀ ਟੁੱਟਣ ਬਾਰੇ ਦੱਸਿਆ ਤਾਂ ਉਸ ਨੇ ਕੋਈ ਪ੍ਰਤੀਕਿਰਿਆ ਜ਼ਾਹਰ ਨਹੀਂ ਕੀਤੀ। ਉਹ ਬੱਸ ਕੰਧ ਵੱਲ ਖਾਲੀ-ਖਾਲੀ ਝਾਕਦਾ ਰਿਹਾ। ਨਵਨੀਤ ਨੇ ਉਸ ਨੂੰ ਵਾਰ-ਵਾਰ ਸਮਝਾਉਣ ਦਾ ਯਤਨ ਕੀਤਾ, ਪਰ ਅਸਫਲ ਹੀ ਰਹੀ। ਨਵਨੀਤ ਦੱਸਦੀ ਹੈ ਕਿ ਦਵਿੰਦਰਪਾਲ ਹੁਣ ਬਹੁਤ ਕਮਜ਼ੋਰ ਹੋ ਗਿਆ ਹੈ, ਫਿਰ ਵੀ ਉਸ ਨੂੰ ਆਸ ਹੈ ਕਿ ਹੁਣ ਉਹ ਛੇਤੀ ਹੀ ਰਿਹਾਅ ਹੋ ਜਾਵੇਗਾ ਅਤੇ ਉਸ ਦੀ ਮਾਨਸਿਕ ਅਵਸਥਾ ਵੀ ਠੀਕ ਹੋ ਜਾਵੇਗੀ।



ਨਵਨੀਤ ਤੇ ਦਵਿੰਦਰਪਾਲ ਦੀ ਇਕ ਪੁਰਾਣੀ ਤਸਵੀਰ।

ਅਦਾਲਤ ਦੇ ਫ਼ੈਸਲੇ ਤੋਂ ਪਹਿਲਾਂ ਨਵਨੀਤ ਗੁਰਦਵਾਰਾ ਰਕਾਬ ਗੰਜ ਸਾਹਿਬ ਗਈ ਅਤੇ ਮੱਥਾ ਟੇਕਿਆ। ਉਹ ਇਸ ਗੁਰਦਵਾਰੇ ਵਿਚ ਪਿਛਲੇ ਮਹੀਨੇ ਤੋਂ ਰਹਿ ਰਹੀ ਹੈ ਅਤੇ ਭੁੱਲਰ ਲਈ ਕਾਨੂੰਨੀ ਚਾਰਾਜੋਈ ਵੀ ਕਰ ਰਹੀ ਸੀ। ਨਵਨੀਤ ਅੱਜ ਕੱਲ੍ਹ ਕੈਨੇਡਾ ਵਿਚ ਨਰਸ ਵਜੋਂ ਕੰਮ ਕਰਦੀ ਹੈ ਅਤੇ ਭੁੱਲਰ ਉਸ ਦਾ ਵਿਆਹ 1991 ਵਿਚ ਹੋਇਆ ਸੀ। ਭੁੱਲਰ ਬਾਰੇ ਇੰਸਟੀਚਿਊਟ ਦੇ ਡਾਇਰੈਕਟਰ ਡਾ. ਨਿਮੇਸ਼ ਦਿਸਾਈ ਨੇ ਦੱਸਿਆ ਕਿ ਭੁੱਲਰ ਦਾ ਇਲਾਜ ਕਰਨਾ ਉਨ੍ਹਾਂ ਨੂੰ ਬਹੁਤ ਔਖਾ ਲੱਗ ਰਿਹਾ ਸੀ, ਕਿਉਂਕਿ ਫਾਂਸੀ ਦੀ ਸਜ਼ਾ ਪ੍ਰਾਪਤ ਮਰੀਜ਼ ਨੂੰ ਜ਼ਿੰਦਗੀ ਤੇ ਜੀਣ ਬਾਰੇ ਸਮਝਾਉਣਾ ਬਹੁਤ ਔਖਾ ਸੀ। ਉਨ੍ਹਾਂ ਆਸ ਪ੍ਰਗਟਾਈ ਕਿ ਅਦਾਲਤ ਦੇ ਨਵੇਂ ਫ਼ੈਸਲੇ ਤੋਂ ਬਾਅਦ ਭੁੱਲਰ ਦੀ ਮਾਨਸਿਕ ਅਵਸਥਾ ਵਿਚ ਸੁਧਾਰ ਦੀ ਗੁੰਜਾਇਸ਼ ਵਧ ਗਈ ਹੈ।

## ਪਰਿਵਾਰ ਵੱਲੋਂ ਅਦਾਲਤ ਦੇ ਫ਼ੈਸਲੇ ਦੀ ਸ਼ਲਾਘਾ

**ਸੈਕਰਾਮੈਂਟੋ:** ਕੈਲੀਫੋਰਨੀਆ ਦੇ ਯੂਬਾ ਸਿਟੀ ਵਿਚ ਰਹਿੰਦੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੇ ਮਾਤਾ ਉਪਕਾਰ ਕੌਰ ਅਤੇ ਛੋਟੇ ਭਰਾ ਤਜਿੰਦਰ ਪਾਲ ਸਿੰਘ ਭੁੱਲਰ ਨੇ ਪੰਜਾਬ ਸਰਕਾਰ ਅਤੇ ਦਿੱਲੀ ਦੀ ਸਾਬਕਾ ਕੇਜਰੀਵਾਲ ਸਰਕਾਰ ਵੱਲੋਂ ਕੀਤੇ ਗਏ ਯਤਨਾਂ ਤੇ ਸੁਪਰੀਮ ਕੋਰਟ ਦੇ ਫੈਸਲੇ ਦੀ ਸ਼ਲਾਘਾ ਕੀਤੀ ਹੈ। ਉਨ੍ਹਾਂ ਆਖਿਆ ਕਿ ਪ੍ਰੋ. ਦਵਿੰਦਰਪਾਲ ਸਿੰਘ ਦੀ ਫਾਂਸੀ ਦੀ ਸਜ਼ਾ ਮੁਆਫ਼ੀ ਲਈ ਜਿਸ ਕਿਸੇ ਨੇ ਵੀ ਨਿੱਜੀ ਜਾਂ ਸੰਗਠਨ ਤੌਰ 'ਤੇ ਯਤਨ ਕੀਤੇ ਹਨ, ਉਹ ਉਸ ਦੇ ਧੰਨਵਾਦੀ ਹਨ।

## ਦਮਦਮੀ ਟਕਸਾਲ ਵੱਲੋਂ ਫੈਸਲੇ ਦਾ ਸਵਾਗਤ

**ਜਲੰਧਰ:** ਪਿਛਲੇ ਕਰੀਬ 19 ਸਾਲਾਂ ਤੋਂ ਜੇਲ੍ਹ ਵਿਚ ਨਜ਼ਰਬੰਦ ਪ੍ਰੋ: ਦਵਿੰਦਰਪਾਲ ਸਿੰਘ ਭੁੱਲਰ ਦੀ ਫਾਂਸੀ ਦੀ ਸਜ਼ਾ ਸੁਪਰੀਮ ਕੋਰਟ ਵੱਲੋਂ ਉਮਰ ਕੈਦ ਵਿਚ ਤਬਦੀਲ ਕਰਨ ਦੇ ਫ਼ੈਸਲੇ ਦਾ ਦਮਦਮੀ ਟਕਸਾਲ ਵੱਲੋਂ ਸਵਾਗਤ ਕੀਤਾ ਗਿਆ ਹੈ। ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ ਨੇ ਕਿਹਾ ਹੈ ਕਿ ਦੇਰ ਨਾਲ ਹੀ ਸਹੀ, ਅਦਾਲਤ ਨੇ ਸਹੀ ਫ਼ੈਸਲਾ ਕਰ ਕੇ ਸਿੱਖ ਭਾਵਨਾਵਾਂ ਦੀ ਕਦਰ ਕੀਤੀ ਹੈ। ਬਾਬਾ ਹਰਨਾਮ ਸਿੰਘ ਨੇ ਕਿਹਾ ਹੈ ਕਿ ਪ੍ਰੋ. ਭੁੱਲਰ ਪਹਿਲਾਂ ਹੀ ਜੇਲ੍ਹ ਵਿਚ ਦੋ ਉਮਰ ਕੈਦਾਂ ਜਿੰਨੀ ਸਜ਼ਾ ਭੁਗਤ ਚੁੱਕਾ ਹੈ, ਤੇ ਉਹ ਮਾਨਸਿਕ ਤੌਰ 'ਤੇ ਪੀੜਤ ਹੈ; ਇਸ ਲਈ ਕੇਂਦਰ ਸਰਕਾਰ ਨੂੰ ਉਸ ਨੂੰ ਤੁਰੰਤ ਰਿਹਾਅ ਕਰਨਾ ਚਾਹੀਦਾ ਹੈ।

# ਪ੍ਰੋ. ਭੁੱਲਰ ਦੇ ਪਿੰਡ ਵਿਚ ਜਸ਼ਨਾਂ ਵਾਲਾ ਮਾਹੌਲ

**ਭਗਤਾ ਭਾਈ:** ਸੁਪਰੀਮ ਕੋਰਟ ਵੱਲੋਂ ਦਿੱਲੀ ਦੀ ਤਿਹਾੜ ਜੇਲ੍ਹ ਵਿਚ 19 ਸਾਲਾਂ ਤੋਂ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਫਾਂਸੀ ਦੀ ਸਜ਼ਾ ਉਮਰ ਕੈਦ ਵਿਚ ਬਦਲੇ ਜਾਣ ਦੇ ਫੈਸਲੇ ਦੀ ਖ਼ਬਰ ਮਿਲਦਿਆਂ ਹੀ ਉਨ੍ਹਾਂ ਦੇ ਜੱਦੀ ਪਿੰਡ ਦਿਆਲਪੁਰਾ ਭਾਈਕਾ ਵਿਚ ਖੁਸ਼ੀ ਵਾਲਾ ਮਾਹੌਲ ਬਣ ਗਿਆ। ਹਰ ਪਿੰਡ ਵਾਸੀ ਦੀ ਨਜ਼ਰ ਸੁਪਰੀਮ ਕੋਰਟ ਵੱਲੋਂ ਸੁਣਾਏ ਜਾਣ ਵਾਲੇ ਇਸ ਫੈਸਲੇ 'ਤੇ ਸੀ।

ਉਨ੍ਹਾਂ ਦੇ ਪਿੰਡ ਰਹਿੰਦੇ ਨੇੜਲੇ ਪਰਿਵਾਰਕ ਮੈਂਬਰ ਤੇ ਪਿੰਡ ਵਾਸੀ ਸਵੇਰ ਤੋਂ ਗੁਰਦੁਆਰੇ ਜਾ ਕੇ ਪ੍ਰੋ. ਭੁੱਲਰ ਬਾਰੇ ਚੰਗੇ ਫੈਸਲੇ ਦੀ ਕਾਮਨਾ ਨੂੰ ਲੈ ਕੇ ਅਰਦਾਸ ਬੇਨਤੀਆਂ ਕਰ ਰਹੇ ਸਨ। ਜਿਉਂ ਹੀ ਪਿੰਡ ਵਾਸੀਆਂ ਤੇ ਨੇੜਲੇ ਪਰਿਵਾਰਕ ਮੈਂਬਰਾਂ ਨੇ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਤਬਦੀਲ ਕਰਨ ਬਾਰੇ ਖਬਰ ਸੁਣੀ ਤਾਂ ਉਨ੍ਹਾਂ ਸੁੱਖ ਦਾ ਸਾਹ ਲਿਆ।

ਇਸ ਫੈਸਲੇ ਉਪਰੰਤ ਪਿੰਡ ਦੇ ਬਾਹਰਵਾਰ ਢਾਣੀਆਂ ਵਿਚ ਬਣੇ ਪ੍ਰੋ. ਭੁੱਲਰ ਦੇ 21 ਸਾਲ ਤੋਂ ਉਦਾਸ ਪਏ ਘਰ ਨੂੰ ਇਕ ਵਾਰ ਫਿਰ ਆਪਣੇ ਮਾਲਕ ਦੇ ਪਰਤਣ ਦੀ ਆਸ ਬੱਝ ਗਈ ਹੈ। ਅਦਾਲਤ ਦੇ ਫੈਸਲੇ ਤੋਂ ਬਾਅਦ ਪਰਿਵਾਰਕ ਮੈਂਬਰਾਂ ਤੇ ਨਗਰ ਵਾਸੀਆਂ ਨੇ ਪਿੰਡ ਦੇ ਗੁਰਦੁਆਰੇ ਵਿਚ ਇਕੱਤਰ ਹੋ ਕੇ ਅਰਦਾਸ ਕੀਤੀ। ਇਸ ਉਪਰੰਤ ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਦੇ ਕੌਮੀ ਮੀਤ ਪ੍ਰਧਾਨ ਬਾਬਾ ਹਰਦੀਪ ਸਿੰਘ ਗੁਰੂਸਰ ਮਹਿਰਾਜ ਦੀ ਅਗਵਾਈ ਵਿਚ ਲੱਡੂ ਵੰਡੇ ਗਏ।

# ਆਖਰਕਾਰ ਜ਼ਿੰਦਗੀ ਜਿੱਤੀ

*(ਸਫਾ ਇਕ ਦੀ ਬਾਕੀ)*

ਹੈ। ਯਾਦ ਰਹੇ ਕਿ ਪ੍ਰੋ. ਭੁੱਲਰ ਪਿਛਲੇ 19 ਸਾਲ ਤੋਂ ਜੇਲ੍ਹ ਵਿਚ ਬੰਦ ਸੀ। ਨਵਨੀਤ ਕੌਰ ਨੇ ਅਦਾਲਤ ਅੱਗੇ ਬੇਨਤੀ ਕੀਤੀ ਸੀ ਕਿ ਪ੍ਰੋ. ਭੁੱਲਰ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲਣ ਦੀ ਖਾਰਜ ਕੀਤੀ ਗਈ ਅਰਜ਼ੀ ਦੇ ਫੈਸਲੇ 'ਤੇ ਇਹ ਪੁਨਰ ਵਿਚਾਰ ਕਰੇ, ਕਿਉਂਕਿ ਅਦਾਲਤ ਨੇ ਹਾਲ ਹੀ ਵਿਚ ਇਕ ਹੋਰ ਫੈਸਲੇ ਵਿਚ ਕਿਹਾ ਸੀ ਕਿ ਰਹਿਮ ਦੀ ਅਪੀਲ 'ਤੇ ਫੈਸਲਾ ਲੈਣ ਵਿਚ ਹੋਈ ਦੇਰੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿਚ ਤਬਦੀਲ ਕੀਤੇ ਜਾਣ ਦਾ ਆਧਾਰ ਹੋ ਸਕਦੀ ਹੈ।

ਪ੍ਰੋ. ਭੁੱਲਰ ਨੂੰ ਸਤੰਬਰ 1993 ਨੂੰ ਨਵੀਂ ਦਿੱਲੀ ਵਿਚ ਬੰਬ ਧਮਾਕਾ ਕਰਨ ਦੇ ਦੋਸ਼ ਵਿਚ ਮੌਤ ਦੀ ਸਜ਼ਾ ਸੁਣਾਈ ਗਈ ਸੀ। 12 ਅਪਰੈਲ 2013 ਨੂੰ ਸੁਪਰੀਮ ਕੋਰਟ ਦੇ ਹੀ ਇਕ ਹੋਰ ਬੈਂਚ ਨੇ ਪ੍ਰੋ. ਭੁੱਲਰ ਦੀ ਰਿਵਿਊ ਪਟੀਸ਼ਨ ਖਾਰਜ ਕਰ ਦਿੱਤੀ ਸੀ ਅਤੇ ਕਿਹਾ ਸੀ ਕਿ ਟਾਡਾ ਕੇਸਾਂ ਵਿਚ ਦੋਸ਼ੀ ਕਰਾਰ ਦਿੱਤੇ ਲੋਕਾਂ ਲਈ ਹਮਦਰਦੀ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ; ਇਹ ਭਾਵੇਂ ਮਾਨਸਿਕ ਹਾਲਤ ਦੇ ਆਧਾਰ 'ਤੇ ਹੋਵੇ, ਚਾਹੇ ਰਹਿਮ ਦੀ ਅਪੀਲ 'ਤੇ ਫੈਸਲਾ ਲੈਣ ਵਿਚ ਹੋਈ ਦੇਰੀ ਬਾਰੇ ਹੋਵੇ। 2013 ਦੇ ਫੈਸਲੇ ਵਿਚ ਦਿੱਤੇ ਤਰਕਾਂ ਨਾਲ ਅਸਹਿਮਤ ਹੁੰਦਿਆਂ ਸੁਪਰੀਮ ਕੋਰਟ ਨੇ ਹੁਣ ਕਿਹਾ ਕਿ ਮੌਤ ਦੀ ਸਜ਼ਾ ਵਿਚ ਹੋਈ ਦੇਰੀ ਦੇ ਆਧਾਰ 'ਤੇ ਸਾਰੇ ਟਾਡਾ ਕੇਸਾਂ ਨੂੰ ਅਯੋਗ ਕਰਾਰ ਦਿੱਤੇ ਜਾਣ ਲਈ ਕੋਈ ਵੀ ਮਨ ਲੱਗਦਾ ਕਾਰਨ ਨਜ਼ਰ ਨਹੀਂ ਆਉਂਦਾ, ਸਾਰੇ ਕੇਸਾਂ ਵਿਚ ਮੌਤ ਦੀ ਸਜ਼ਾ ਵਿਰਲੇ ਕੇਸਾਂ ਵਿਚ ਹੀ ਹੁੰਦੀ ਹੈ ਤੇ ਇਨ੍ਹਾਂ ਵਿਚੋਂ ਅਤਿਵਾਦੀਆਂ ਨੂੰ ਬਾਹਰ ਨਹੀਂ ਰੱਖਿਆ ਜਾ ਸਕਦਾ। ਨਵਨੀਤ ਕੌਰ ਅੱਗੇ ਹਮੇਸ਼ਾ ਸੁਣਵਾਈ ਮੌਕੇ ਅਦਾਲਤ ਵਿਚ ਹਾਜ਼ਰ ਹੋਇਆ ਕਰਦੀ ਸੀ ਪਰ ਫੈਸਲਾ ਸੁਣਾਏ ਜਾਣ ਮੌਕੇ ਉਹ ਅਦਾਲਤ ਵਿਚ ਹਾਜ਼ਰ ਨਹੀਂ ਸੀ।

ਸੁਪਰੀਮ ਕੋਰਟ ਨੇ ਕੇਂਦਰ ਦੇ ਇਸ ਸਟੈਂਡ ਨੂੰ ਵੀ ਧਿਆਨ ਵਿਚ ਰੱਖਿਆ ਕਿ ਰਹਿਮ ਦੀ ਅਪੀਲ 'ਤੇ ਫੈਸਲਾ ਲੈਣ ਵਿਚ ਹੋਈ ਦੇਰੀ ਤੇ ਦੋਸ਼ੀ ਦੀ ਮਾਨਸਿਕ ਹਾਲਤ ਬਾਰੇ ਜੋ ਸਿਧਾਂਤ ਹਨ, ਉਹ ਪ੍ਰੋ. ਭੁੱਲਰ 'ਤੇ ਵੀ ਲਾਗੂ ਹੋਣਗੇ। ਇੰਸਟੀਚਿਊਟ ਆਫ ਹਿਊਮਨ ਬਿਹੇਵੀਅਰ ਤੇ ਅਲਾਇਡ ਸਾਇੰਸਿਜ਼ ਦੇ ਡਾਇਰੈਕਟਰ ਤੇ ਚੇਅਰਮੈਨ ਅਤੇ ਚਾਰ ਮੈਂਬਰੀ ਮੈਡੀਕਲ ਬੋਰਡ ਨੇ 5 ਫਰਵਰੀ 2014 ਨੂੰ ਪ੍ਰੋ. ਭੁੱਲਰ ਦੀ ਸਿਹਤ ਤੇ ਵੱਖ-ਵੱਖ ਬਿਮਾਰੀਆਂ ਦੇ ਚੱਲ ਰਹੇ ਇਲਾਜ ਬਾਰੇ ਰਿਪੋਰਟ ਪੇਸ਼ ਕੀਤੀ ਸੀ। ਪ੍ਰੋ. ਭੁੱਲਰ ਨੂੰ ਜਰਮਨੀ ਤੋਂ ਵਾਪਸ ਭੇਜੇ ਜਾਣ ਮਗਰੋਂ ਜਨਵਰੀ 1995 ਵਿਚ ਗ੍ਰਿਫਤਾਰ ਕੀਤਾ ਗਿਆ ਸੀ। ਉਸ ਉਤੇ ਸਤੰਬਰ 1993 ਨੂੰ ਨਵੀਂ ਦਿੱਲੀ ਵਿਚ ਬੰਬ ਧਮਾਕਾ ਕਰਨ ਦੇ ਦੋਸ਼ ਸਨ। ਇਸ ਬੰਬ ਧਮਾਕੇ ਵਿਚ 9 ਵਿਅਕਤੀ ਮਾਰੇ ਗਏ ਸਨ ਅਤੇ ਉਸ ਸਮੇਂ ਦੇ ਯੂਥ ਕਾਂਗਰਸ ਦੇ ਪ੍ਰਧਾਨ ਮਨਿੰਦਰਜੀਤ ਸਿੰਘ ਬਿੱਟਾ ਸਮੇਤ 25 ਹੋਰ ਜ਼ਖ਼ਮੀ ਹੋ ਗਏ ਸਨ।

## ਕੇਂਦਰ ਦੀ ਹਾਮੀ ਨੇ ਕੀਤਾ ਰਾਹ ਪੱਧਰਾ

*(ਸਫਾ ਇਕ ਦੀ ਬਾਕੀ)*

ਦਲੀਲ ਇਸ ਲਈ ਦੇ ਰਹੇ ਹਨ, ਕਿਉਂਕਿ ਕੇਂਦਰ ਵੱਲੋਂ 21 ਜਨਵਰੀ ਦੇ ਫ਼ੈਸਲੇ ਜਿਸ ਵਿਚ ਕਿਹਾ ਗਿਆ ਸੀ ਕਿ ਰਹਿਮ ਦੀਆਂ ਅਪੀਲਾਂ 'ਤੇ ਸਰਕਾਰ ਵੱਲੋਂ ਫ਼ੈਸਲਾ ਕਰਨ ਵਿਚ ਦੇਰੀ ਦੋਸ਼ੀਆਂ ਦੀ ਮੌਤ ਦੀ ਸਜ਼ਾ ਮੁਆਫ਼ ਕਰਨ ਦਾ ਆਧਾਰ ਬਣ ਸਕਦੀ ਹੈ, ਨੂੰ ਚੁਣੌਤੀ ਲਈ ਕੇਂਦਰ ਵੱਲੋਂ ਦਾਇਰ ਪਟੀਸ਼ਨ ਅਦਾਲਤ ਨੇ ਖਾਰਜ ਕਰ ਦਿੱਤੀ ਸੀ। ਕੇਂਦਰ ਸਰਕਾਰ ਨੇ ਕਿਹਾ ਕਿ ਪ੍ਰੋ. ਭੁੱਲਰ ਦੀ ਪਤਨੀ ਨਵਨੀਤ ਕੌਰ ਭੁੱਲਰ ਵੱਲੋਂ ਦਾਇਰ ਸੋਧ ਪਟੀਸ਼ਨ ਦੀਆਂ ਦਲੀਲਾਂ ਦੀ ਘੋਖ ਕਰਨ ਦੀ ਲੋੜ ਨਹੀਂ। 31 ਜਨਵਰੀ ਨੂੰ ਬੈਂਚ ਨੇ ਪ੍ਰੋ. ਭੁੱਲਰ ਦੀ ਫਾਂਸੀ ਦੀ ਸਜ਼ਾ 'ਤੇ ਰੋਕ ਲਾ ਦਿੱਤੀ ਸੀ ਤੇ ਆਪਣੇ ਫ਼ੈਸਲੇ 'ਤੇ ਨਜ਼ਰਸਾਨੀ ਕਰਨ ਲਈ ਸਹਿਮਤ ਹੋ ਗਿਆ ਸੀ ਜਿਸ ਵਿਚ ਇਸ ਨੇ 1993 ਦੇ ਦਿੱਲੀ ਬੰਬ ਧਮਾਕੇ ਵਿਚ ਉਸ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲਣ ਸਬੰਧੀ ਪਟੀਸ਼ਨ ਰੱਦ ਕਰ ਦਿੱਤੀ ਸੀ।

ਬੈਂਚ ਨੇ ਸੋਧ ਪਟੀਸ਼ਨ 'ਤੇ ਕੇਂਦਰ ਤੇ ਦਿੱਲੀ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਸੀ ਤੇ ਮਾਨਸਿਕ ਰੋਗਾਂ ਬਾਰੇ ਹਸਪਤਾਲ ਨੂੰ ਵੀ ਪ੍ਰੋ. ਭੁੱਲਰ ਦੀ ਸਿਹਤ ਬਾਰੇ ਮੈਡੀਕਲ ਰਿਪੋਰਟ ਪੇਸ਼ ਕਰਨ ਦੀ ਹਦਾਇਤ ਕੀਤੀ ਸੀ ਜਿਥੇ ਪ੍ਰੋ. ਭੁੱਲਰ ਦਾ ਇਲਾਜ ਚਲ ਰਿਹਾ ਹੈ।

## ਬਿੱਟਾ ਵੱਲੋਂ ਆਤਮਦਾਹ ਦੀ ਧਮਕੀ

**ਨਵੀਂ ਦਿੱਲੀ:** ਸੁਪਰੀਮ ਕੋਰਟ ਦੇ ਫੈਸਲੇ ਤੋਂ ਖ਼ਫ਼ਾ ਹੋਏ ਯੂਥ ਕਾਂਗਰਸ ਦੇ ਸਾਬਕਾ ਪ੍ਰਧਾਨ ਮਨਿੰਦਰਜੀਤ ਸਿੰਘ ਬਿੱਟਾ ਨੇ ਕਿਹਾ ਹੈ ਕਿ ਉਹ ਪਾਰਟੀ ਪ੍ਰਧਾਨ ਸੋਨੀਆ ਗਾਂਧੀ ਤੇ ਅਦਾਲਤ ਤੋਂ ਆਤਮਦਾਹ ਦੀ ਆਗਿਆ ਮੰਗੇਗਾ। ਆਲ ਇੰਡੀਆ ਐਂਟੀ ਟੈਰਰਿਸਟ ਫਰੰਟ ਦੇ ਮੁਖੀ ਬਿੱਟਾ ਨੂੰ 1993 ਦੇ ਬੰਬ ਧਮਾਕੇ ਵਿਚ ਨਿਸ਼ਾਨਾ ਬਣਾਇਆ ਗਿਆ ਸੀ। ਇਸੇ ਕੇਸ ਨੂੰ ਲੈ ਕੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਨੂੰ ਫਾਂਸੀ ਦੀ ਸਜ਼ਾ ਹੋਈ ਸੀ। ਬਿੱਟਾ ਦਾ ਕਹਿਣਾ ਹੈ ਕਿ ਅਦਾਲਤ ਦਾ ਫੈਸਲਾ, ਅਤਿਵਾਦ ਵਿਰੁੱਧ ਲੜਨ ਵਾਲੇ ਲੋਕਾਂ ਦੀ ਹਾਰ ਹੈ।

## ਮੰਦੀ ਬੋਲ-ਬਾਣੀ ਤੋਂ ਚੋਣ ਕਮਿਸ਼ਨ ਖਫਾ

*(ਸਫਾ ਇਕ ਦੀ ਬਾਕੀ)*

ਹੈ। ਮੀਡੀਆ ਵਿਚ ਨਵੇਂ ਚੋਣ ਦ੍ਰਿਸ਼ ਬਾਰੇ ਚਰਚੇ ਕਰ ਕੇ ਅਕਾਲੀ ਦਲ ਹਮਲਾਵਰ ਰੁਖ਼ ਅਪਨਾ ਰਿਹਾ ਹੈ। ਉਧਰ, ਕਾਂਗਰਸ ਨੇ ਚੋਣ ਕਮਿਸ਼ਨ ਦੀ ਕਾਰਗੁਜ਼ਾਰੀ 'ਤੇ ਵੀ ਸਵਾਲ ਉਠਾਏ ਜਿਸ ਮਗਰੋਂ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਵੀ.ਕੇ. ਸਿੰਘ ਥੋੜ੍ਹਾ ਸਰਗਰਮ ਹੋਏ ਹਨ। ਹੁਣ ਚੋਣ ਕਮਿਸ਼ਨ ਨੇ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਵੱਲੋਂ ਕਾਂਗਰਸੀਆਂ ਦੀ ਧੌਣ ਮਰੋੜਨ ਵਾਲੇ ਬਿਆਨ ਦੀ ਸੀ.ਡੀ. ਮੰਗਵਾਈ ਗਈ ਹੈ। ਇਸ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਦੇ ਲੁਧਿਆਣਾ ਤੋਂ ਉਮੀਦਵਾਰ ਮਨਪ੍ਰੀਤ ਸਿੰਘ ਇਯਾਲੀ ਵੱਲੋਂ ਸਰਕਾਰੀ ਅਫ਼ਸਰਾਂ ਨੂੰ ਧਮਕਾਉਣ ਦੇ ਮਾਮਲੇ 'ਤੇ ਕਮਿਸ਼ਨ ਨੇ ਡਿਪਟੀ ਕਮਿਸ਼ਨਰ ਨੂੰ ਜਾਂਚ ਕਰ ਕੇ ਕਾਨੂੰਨੀ ਕਾਰਵਾਈ ਕਰਨ ਦੇ ਆਦੇਸ਼ ਦਿੱਤੇ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# ਅਮਰੀਕੀ ਗਾਇਕ ਨੇ ਨਸਲੀ ਟਿੱਪਣੀ ਲਈ ਮੰਗੀ ਮੁਆਫੀ

**ਨਿਊ ਯਾਰਕ:** ਅਮਰੀਕੀ ਗਾਇਕ ਜੋਏ ਬਡਨ ਨੇ ਵੈਬਸਾਈਟ 'ਤੇ ਸਿੱਖ ਵਿਅਕਤੀ ਵਾਲੀ ਤਸਵੀਰ ਪੋਸਟ ਕਰਕੇ ਉਸ 'ਤੇ ਨਸਲਵਾਦੀ ਟਿੱਪਣੀ ਕੀਤੀ, ਹਾਲਾਂਕਿ ਬਾਅਦ ਵਿਚ ਆਨ ਲਾਈਨ ਵਿਰੋਧ ਜਤਾਏ ਜਾਣ ਤੋਂ ਬਾਅਦ ਉਸ ਨੇ ਮੁਆਫੀ ਵੀ ਮੰਗੀ ਤੇ ਇਸ ਤਸਵੀਰ ਨੂੰ ਵੀ ਹਟਾ ਲਿਆ।

ਹਿਪ ਹਾਪ ਸਮੂਹ ਸਲਾਟਰ ਹਾਊਸ ਦੇ ਮੈਂਬਰ ਜੋਏ ਬਡਨ ਨੇ ਪਿਛਲੇ ਹਫਤੇ ਫੋਟੋ ਤੇ ਵੀਡੀਓ ਸ਼ੇਅਰਿੰਗ ਵੈਬ ਸਾਈਟ ਇੰਸਟਾਗ੍ਰਾਮ 'ਤੇ ਇਕ ਤਸਵੀਰ ਪੋਸਟ ਕੀਤੀ ਸੀ, ਇਸ ਵਿਚ ਇਕ ਸਿੱਖ ਵਿਅਕਤੀ ਨੂੰ ਹਵਾਈ ਅੱਡੇ ਦੀ ਸੁਰੱਖਿਆ ਜਾਂਚ ਦੀ ਕਤਾਰ ਵਿਚ ਖੜ੍ਹੇ ਵਿਖਾਇਆ ਗਿਆ ਸੀ, ਇਸ ਤਸਵੀਰ ਦੇ ਹੇਠ ਟਿੱਪਣੀ ਕੀਤੀ ਗਈ 'ਨਾਟ ਓਨ ਮਾਈ ਵਾਚ ਹੋਮ ਬੁਆਏ!', ਜਿਸ ਵਿਚ ਉਸ ਵਿਅਕਤੀ ਦੇ ਅੱਤਵਾਦੀ ਹੋਣ ਦਾ ਸੰਕੇਤ ਦਿੱਤਾ ਗਿਆ ਸੀ।

ਇਸ ਟਿੱਪਣੀ ਤੋਂ ਬਾਅਦ ਬਡਨ ਨੂੰ ਮਾਈਕਰੋ ਬਲਾਗਿੰਗ ਸਾਈਟ ਟਵਿੱਟਰ 'ਤੇ ਕਈ ਲੋਕਾਂ ਦੇ ਗੁੱਸੇ ਦਾ ਸਾਹਮਣਾ ਕਰਨਾ ਪਿਆ। ਸਿੱਖ ਕੋਇਲੇਸ਼ਨ ਨਾਂ ਦੇ ਸੰਗਠਨ ਨੇ ਇਸ ਨੂੰ ਲੈ ਕੇ ਚਿੰਤਾ ਜਤਾਈ। ਬਡਨ ਦੀ ਕੀਤੀ ਗਈ ਟਿੱਪਣੀ 'ਤੇ ਕਈ ਲੋਕਾਂ ਨੇ ਆਨਲਾਈਨ ਉਸ ਦੀ ਟਿੱਪਣੀ ਦਾ ਵਿਰੋਧ ਕੀਤਾ ਜਿਸ ਵਿਚ ਫਤਿਹ ਸਿੰਘ, ਜਸਕਰਨ ਧਨੋਆ ਤੇ ਅਰਸਾਲਾਨ ਇਫਤਿਖਾਰ ਸ਼ਾਮਿਲ ਸਨ। ਹਾਲਾਂਕਿ ਵਿਰੋਧ ਹੋਣ ਦੇ ਬਾਅਦ ਜੋਏ ਬਡਨ ਨੇ ਇਸ ਟਿੱਪਣੀ ਲਈ ਮੁਆਫੀ ਮੰਗੀ ਤੇ ਪੋਸਟ ਨੂੰ ਇੰਸਟਗ੍ਰਾਮ ਦੇ ਆਪਣੇ ਪੇਜ ਤੋਂ ਹਟਾ ਦਿੱਤਾ।

## ਸਾਬਕਾ ਵਿਧਾਇਕ ਗਿੱਲ ਵੀ ਡਟੇ ਮੈਦਾਨ 'ਚ

**ਮੋਗਾ:** ਧਰਮਕੋਟ ਦੇ ਸਾਬਕਾ ਵਿਧਾਇਕ ਗੁਰਦੇਵ ਸਿੰਘ ਗਿੱਲ ਨੇ ਸ਼੍ਰੋਮਣੀ ਅਕਾਲੀ ਦਲ (ਬ) ਤੋਂ ਕਿਨਾਰਾ ਕਰਦਿਆਂ ਲੋਕ ਸਭਾ ਹਲਕਾ ਫਰੀਦਕੋਟ (ਰਾਖਵਾਂ) ਤੋਂ ਆਜ਼ਾਦ ਚੋਣ ਲੜਨ ਦਾ ਐਲਾਨ ਕੀਤਾ ਹੈ। ਸ. ਗਿੱਲ 1985 ਵਿਚ ਧਰਮਕੋਟ ਹਲਕੇ ਤੋਂ ਕਾਂਗਰਸ ਦੀ ਟਿਕਟ 'ਤੇ ਚੋਣ ਲੜ ਕੇ ਵਿਧਇਕ ਬਣੇ ਸਨ ਤੇ 2007 ਵਿਚ ਕਾਂਗਰਸ ਨੂੰ ਅਲਵਿਦਾ ਕਹਿ ਕੇ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋਏ ਸਨ।


ਲੋੜ ਹੈ

ਸਟੋਰ ਲਈ ਅੰਗਰੇਜ਼ੀ ਬੋਲਣ ਵਾਲੇ ਕੈਸ਼ੀਅਰ ਅਤੇ ਸੁਪਰਵਾਈਜ਼ਰ ਦੀ ਤੁਰੰਤ ਲੋੜ ਹੈ

ਸੰਪਰਕ ਕਰੋ

661-364-0341

Want to Sell Your Home

We can sell your home fast @ best price.

ਵਧੀਆ ਕੀਮਤਾਂ 'ਤੇ ਘਰ ਵੇਚਣ ਦਾ ਸੁਨਹਿਰੀ ਮੌਕਾ



Sohanpreet (Sam) Chahal
CA Lic. 01504071
Realtor/Notary Public
email:samchahal@hotmail.com

*Sacramento, Stockton, Roseville area prices are on the rise.*

Please call me to find out value of your home.
If you are thinking to Buy or Sell a Home, please give us a chance

*Call: Sohanpreet 'Sam' Chahal*

@916-612-5773

Serving from Bay Area to Sacramento

Multi-Million Dollars Producer-2007 to 2012

Golden State Realty

Sacramento Office: 9912 Kapalua Ln., Elk Grove, CA 95624
Tel: 916-612-5773 Fax: 916-689-5707

Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ

ਗੁਰਬੰਸ ਸਿੰਘ ਗਿੱਲ, ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay

We Specialize in Bankowned, Foreclosure and Short Sale Homes

For Sale & Purchase of Residential, Commercial Property and AG-Land

ਘਰ ਖਰੀਦਣ ਦੇ ਚਾਹਵਾਨਾਂ ਲਈ ਖੁਸ਼ਖਬਰੀ
ਹੁਣ ਵਿਆਜ ਦਰਾਂ ਬਹੁਤ ਹੀ ਘੱਟ ਹਨ

ਬਦਾਮਾਂ ਦੇ ਖੇਤ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ
ਗੁਰਬੰਸ ਗਿੱਲ, ਫੋਨ: 209-815-1869



Gurbans Singh Gill
Realtor
DRE#01227109
15 Years Experiance in Real Estate
e-mail: gurbans@gotracy.com
Fax: 209-836-0706
www.gotracy.com

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD Millennium

Gurbans Gill 209-815-1869

ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



*Rates as low as 2.0%*

ਸੰਪਰਕ ਕਰੋ: ਪਾਲ ਫੋਨ 1-800-705-3863

Trucking Companies-Improve Your Cash Flow

*Low Rates *One-Time Discounts *No Minimums

Call Paul at 1-800-705-3863

Transportation Funding Group, Inc.

Minneapolis , MN 55426

# ਹਵਾਲਾ ਕਾਰੋਬਾਰ ਦੇ ਦੋਸ਼ ਵਿਚ ਡੀ.ਐਸ.ਪੀ. ਗ੍ਰਿਫ਼ਤਾਰ

**ਮੋਹਾਲੀ:** ਜ਼ਿਲ੍ਹਾ ਪੁਲਿਸ ਨੇ ਇਥੇ ਡੀ.ਐਸ.ਪੀ ਸਿਟੀ-1 ਦੇ ਅਹੁਦੇ 'ਤੇ ਤਾਇਨਾਤ ਗੁਰਬੰਸ ਸਿੰਘ ਬੈਂਸ ਨੂੰ 61 ਲੱਖ ਰੁਪਏ ਦੀ ਨਕਦੀ ਦੇ ਨਾਲ ਗ੍ਰਿਫ਼ਤਾਰ ਕਰਨ ਕੀਤਾ ਹੈ। ਬੈਂਸ 'ਤੇ ਆਪਣੇ ਅਹੁਦੇ ਦੀ ਦੁਰਵਰਤੋਂ ਕਰਦੇ ਹੋਏ ਮੋਟੀ ਰਿਸ਼ਵਤ ਇਕੱਠੀ ਕਰਨ ਦਾ ਦੋਸ਼ ਲੱਗਾ ਹੈ। ਜ਼ਿਲ੍ਹਾ ਪੁਲਿਸ ਮੁਖੀ ਅਜੀਤਗੜ੍ਹ ਗੁਰਸ਼ਰਨ ਸਿੰਘ ਸੰਧੂ ਨੇ ਕਿਹਾ ਕਿ ਗੁਰਬੰਸ ਸਿੰਘ ਬੈਂਸ ਨੂੰ ਆਪਣੇ ਸਰਕਾਰੀ ਅਹੁਦੇ ਦੀ ਦੁਰਵਰਤੋਂ ਕਰਦਿਆਂ ਰਿਸ਼ਵਤ ਲੈਣ ਤੇ ਆਮਦਨ ਦੇ ਸ੍ਰੋਤਾਂ ਤੋਂ ਵੱਧ ਜਾਇਦਾਦ ਬਣਾਉਣ ਦੇ ਦੋਸ਼ ਤਹਿਤ ਗ੍ਰਿਫ਼ਤਾਰ ਕਰਨ ਉਪਰੰਤ ਨੌਕਰੀ ਤੋਂ ਬਰਖ਼ਾਸਤ ਕਰ ਦਿੱਤਾ ਹੈ।

ਇਸੇ ਦੌਰਾਨ ਬਰਖ਼ਾਸਤ ਕੀਤੇ ਡੀ.ਐਸ.ਪੀ ਦੇ ਪਟਿਆਲਾ ਸਥਿਤ ਘਰ ਦੀ ਤਲਾਸ਼ੀ ਦੌਰਾਨ ਇਕ ਗੈਰ-ਲਾਇਸੰਸੀ 32 ਬੋਰ ਵੈਬਲੇ ਸਕਾਟ ਰਿਵਾਲਵਰ ਬਰਾਮਦ ਕੀਤਾ ਗਿਆ ਹੈ। ਸ. ਸੰਧੂ ਨੇ ਦੱਸਿਆ ਕਿ ਉਕਤ ਡੀ.ਐਸ.ਪੀ ਦੇ ਕਰੀਬੀ ਐਨ.ਕੇ ਗੋਇਲ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ। ਡੀ.ਐਸ.ਪੀ ਬੈਂਸ ਨੇ ਆਪਣੀ ਪਤਨੀ ਨੂੰ ਪਟਿਆਲਾ ਤੋਂ ਲੁਧਿਆਣਾ ਜਾ ਕੇ 40 ਲੱਖ ਰੁਪਏ ਪ੍ਰਾਪਤ ਕਰਨ ਲਈ ਕਿਹਾ ਗਿਆ ਸੀ ਜੋ ਉਸ ਨੇ ਹਾਸਲ ਕੀਤੇ ਤੇ ਮਾਲ ਰੋਡ ਲੁਧਿਆਣਾ ਵਿਖੇ ਐਚ.ਡੀ.ਐਫ ਸੀ ਬੈਂਕ ਦੇ ਆਪਣੇ ਲਾਕਰ ਵਿਚ ਜੋ ਗੁਰਬੰਸ ਸਿੰਘ ਬੈਂਸ ਤੇ ਉਨ੍ਹਾਂ ਦੀ ਪਤਨੀ ਅਮਰਦੀਪ ਸ਼ੇਰਗਿੱਲ ਦੇ ਨਾਂ ਹੈ, ਵਿਚ ਰੱਖੇ ਗਏ ਸਨ। ਪੁਲਿਸ ਨੇ ਦਾਅਵਾ ਕੀਤਾ ਹੈ ਕਿ ਬੈਂਸ ਤੋਂ ਪੁੱਛਗਿੱਛ ਦੌਰਾਨ ਹੋਰ ਵੀ ਅਧਿਕਾਰੀਆਂ ਦੇ ਨਾਂ ਸਾਹਮਣੇ ਆਉਣ ਦੀ ਉਮੀਦ ਹੈ। ਲੁਧਿਆਣਾ ਪਹੁੰਚੀ ਅਜੀਤਗੜ੍ਹ ਦੀ ਵਿਸ਼ੇਸ਼ ਪੁਲਿਸ ਟੀਮ ਨੇ ਗੁਰਬੰਸ ਸਿੰਘ ਬੈਂਸ ਦੀ ਇਕਬਾਲ ਨਰਸਿੰਗ ਹੋਮ ਦੇ ਸਾਹਮਣੇ ਸਥਿਤ ਸਰਕਾਰੀ ਰਿਹਾਇਸ਼ 'ਤੇ ਛਾਪੇਮਾਰੀ ਕੀਤੀ। ਸੂਤਰਾਂ ਮੁਤਾਬਕ ਪੁਲਿਸ ਵੱਲੋਂ ਹੁਣ ਤੱਕ ਬੈਂਸ ਦੀ ਕਰੋੜਾਂ ਰੁਪਏ ਦੀ ਜਾਇਦਾਦ ਦਾ ਪਤਾ ਲਾਇਆ ਗਿਆ ਹੈ।

ਲੁਧਿਆਣਾ, ਚੰਡੀਗੜ੍ਹ, ਰਾਜਸਥਾਨ ਤੇ ਅਜੀਤਗੜ੍ਹ ਵਿਚ ਬੈਂਸ ਦੀ ਕਰੋੜਾਂ ਰੁਪਏ ਦੀ ਜਾਇਦਾਦ ਹੋਣ ਬਾਰੇ ਕਿਹਾ ਜਾ ਰਿਹਾ ਹੈ ਪਰ ਪੁਲਿਸ ਅਧਿਕਾਰੀ ਇਸ ਬਾਰੇ ਕੋਈ ਵੀ ਟਿੱਪਣੀ ਕਰਨ ਤੋਂ ਗੁਰੇਜ਼ ਕਰ ਰਹੇ ਸਨ। ਸੂਤਰਾਂ ਮੁਤਾਬਕ ਬੈਂਸ ਨੇ ਪੁਲਿਸ ਉਚ ਅਧਿਕਾਰੀਆਂ ਕੋਲ ਮੁਢਲੀ ਪੁੱਛ ਪੜਤਾਲ ਵਿਚ ਕਈ ਅਹਿਮ ਪ੍ਰਗਟਾਵੇ ਕੀਤੇ ਹਨ ਜਿਸ ਆਧਾਰ 'ਤੇ ਪੁਲਿਸ ਨੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਪੰਜਾਬ ਵਿਚ ਲੋਕ ਸਭਾ ਚੋਣਾਂ ਲਈ ਨਾਮਜ਼ਦਗੀਆਂ

**ਚੰਡੀਗੜ੍ਹ:** ਪੰਜਾਬ ਵਿਚ 30 ਅਪਰੈਲ ਨੂੰ ਹੋ ਰਹੀਆਂ ਲੋਕ ਸਭਾ ਚੋਣਾਂ ਲਈ ਨਾਮਜ਼ਦਗੀ ਕਾਗਜ਼ ਭਰਨ ਦੀ ਪ੍ਰਕਿਰਿਆ 2 ਅਪਰੈਲ ਨੂੰ ਸ਼ੁਰੂ ਹੋ ਗਈ ਹੈ। ਇਹ ਪ੍ਰਕਿਰਿਆ 9 ਅਪਰੈਲ ਤੱਕ ਚੱਲੇਗੀ। ਕਾਗਜ਼ਾਂ ਦੀ ਜਾਂਚ ਅਗਲੇ ਦਿਨ 10 ਅਪਰੈਲ ਨੂੰ ਹੋਵੇਗੀ ਅਤੇ 12 ਅਪਰੈਲ ਤੱਕ ਕਾਗਜ਼ ਵਾਪਸ ਲਏ ਜਾ ਸਕਣਗੇ।

ਚੋਣ ਕਮਿਸ਼ਨ ਅਧਿਕਾਰੀ ਨੇ ਦੱਸਿਆ ਕਿ ਉਮੀਦਵਾਰ ਨੂੰ ਸਕਿਉਰਿਟੀ ਵਜੋਂ 25 ਹਜ਼ਾਰ ਰੁਪਏ ਜਮ੍ਹਾਂ ਕਰਵਾਉਣੇ ਹੋਣਗੇ। ਅਨੁਸੂਚਿਤ ਜਾਤੀਆਂ/ਅਨੁਸੂਚਿਤ ਕਬੀਲਿਆਂ ਦੇ ਉਮੀਦਵਾਰ ਅੱਧੀ ਰਕਮ (12,500 ਰੁਪਏ) ਜਮ੍ਹਾਂ ਕਰਵਾਉਣਗੇ। ਪੰਜਾਬ ਦੇ ਕਰੀਬ 1.92 ਕਰੋੜ ਵੋਟਰ ਹਨ ਜਿਨ੍ਹਾਂ ਵਿਚ 90 ਲੱਖ ਔਰਤਾਂ ਸ਼ਾਮਲ ਹਨ। ਇਹ ਸਾਰੇ 30 ਅਪਰੈਲ ਨੂੰ 21,957 ਪੋਲਿੰਗ ਸਟੇਸ਼ਨਾਂ 'ਤੇ ਸਵੇਰੇ 7 ਵਜੇ ਤੋਂ ਸ਼ਾਮ 6 ਵਜੇ ਤੱਕ ਵੋਟ ਪਾ ਸਕਣਗੇ। ਪੰਜਾਬ ਦੇ ਪੰਜ ਲੋਕ ਸਭਾ ਹਲਕਿਆਂ ਗੁਰਦਾਸਪੁਰ, ਅੰਮ੍ਰਿਤਸਰ, ਬਠਿੰਡਾ, ਫਿਰੋਜ਼ਪੁਰ ਅਤੇ ਪਟਿਆਲਾ ਨੂੰ 'ਖਰਚੇ ਪੱਖੋਂ ਸੰਵੇਦਨਸ਼ੀਲ' ਹਲਕੇ ਐਲਾਨਿਆ ਗਿਆ ਹੈ। ਬਾਕੀ ਅੱਠ ਹਲਕਿਆਂ ਵਿਚ ਖਡੂਰ ਸਾਹਿਬ, ਜਲੰਧਰ, ਫਤਹਿਗੜ੍ਹ ਸਾਹਿਬ, ਹੁਸ਼ਿਆਰਪੁਰ, ਆਨੰਦਪੁਰ ਸਾਹਿਬ, ਲੁਧਿਆਣਾ, ਸੰਗਰੂਰ ਅਤੇ ਫਰੀਦੋਕਟ ਸ਼ਾਮਲ ਹਨ। ਪਿਛਲੀ ਵਾਰ 13 ਲੋਕ ਸਭਾ ਸੀਟਾਂ ਵਿਚੋਂ ਅੱਠ 'ਤੇ ਕਾਂਗਰਸ, ਚਾਰ 'ਤੇ ਅਕਾਲੀ ਦਲ ਅਤੇ ਇਕ 'ਤੇ ਭਾਜਪਾ ਜਿੱਤੀ ਸੀ।

## ਲਵਦੀਪ ਸਿੰਘ ਦੁੱਲਤ ਪੰਜਾਬ ਸਪੋਰਟਸ ਕਲੱਬ ਦੇ ਅਗਲੇ ਪ੍ਰਧਾਨ

**ਸ਼ਿਕਾਗੋ:** ਲਵਦੀਪ ਸਿੰਘ ਦੁੱਲਤ ਸਥਾਨਕ ਖੇਡ ਸੰਸਥਾ ਪੰਜਾਬ ਸਪੋਰਟਸ ਕਲੱਬ, ਸ਼ਿਕਾਗੋ ਦੇ ਅਗਲੇ ਪ੍ਰਧਾਨ ਹੋਣਗੇ। ਉਹ ਅਜਮੇਰ ਸਿੰਘ



*ਲਵਦੀਪ ਦੁੱਲਤ*

ਪੰਨੂ ਦੀ ਥਾਂ ਲੈਣਗੇ। ਸ੍ਰੀ ਦੁੱਲਤ ਡੀ ਏ ਵੀ ਕਾਲਜ, ਹੁਸ਼ਿਆਰਪੁਰ ਵਿਚ ਪੜ੍ਹਦਿਆਂ ਸਾਕਰ ਖਿਡਾਰੀ ਰਹੇ ਹਨ ਤੇ ਭੰਗੜਾ ਟੀਮ ਦੇ ਮੈਂਬਰ ਵੀ।

ਸ੍ਰੀ ਲਵਦੀਪ ਦੁੱਲਤ ਪਿਛਲੇ 21 ਸਾਲ ਤੋਂ ਸ਼ਿਕਾਗੋ ਰਹਿੰਦੇ ਆ ਰਹੇ ਹਨ ਅਤੇ ਪਿਛਲੇ 11 ਸਾਲ ਤੋਂ ਪੰਜਾਬ ਸਪੋਰਟਸ ਕਲੱਬ ਨਾਲ ਜੁੜੇ ਹੋਏ ਹਨ। ਸ੍ਰੀ ਦੁੱਲਤ ਨੇ ਦੱਸਿਆ ਕਿ ਪੰਜਾਬ ਸਪੋਰਟਸ ਕਲੱਬ ਦਾ ਅਗਲਾ ਕਬੱਡੀ ਟੂਰਨਾਮੈਂਟ ਆਉਂਦੀ 3 ਅਗਸਤ ਨੂੰ ਬਸੀਵੁਡ ਪਾਰਕ ਵਿਚ ਹੋਵੇਗਾ। ਉਨ੍ਹਾਂ ਨਾਲ ਸੰਪਰਕ ਫੋਨ 224-425-0705 ਰਾਹੀਂ ਕੀਤਾ ਜਾ ਸਕਦਾ ਹੈ।

# ਜ਼ਮੀਨ ਹੜੱਪਣ ਲਈ ਮਾਮੇ ਨੂੰ ਕਾਰ ਹੇਠ ਦੇ ਕੇ ਮਾਰਿਆ

**ਸੰਗਰੂਰ:** ਸੰਗਰੂਰ ਪੁਲਿਸ ਨੇ ਜ਼ਮੀਨ ਦੇ ਲਾਲਚ ਵਿਚ ਆਪਣੇ ਮਾਮੇ ਨੂੰ ਕਾਰ ਹੇਠ ਦੇ ਕੇ ਮਾਰ ਦੇਣ ਤੇ ਘਟਨਾ ਨੂੰ ਸੜਕ ਹਾਦਸੇ ਵਿਚ ਹੋਈ ਮੌਤ ਦਰਸਾਉਣ ਵਾਲੇ ਪਿਉ-ਪੁੱਤ ਨੂੰ ਗ੍ਰਿਫ਼ਤਾਰ ਕੀਤਾ ਹੈ ਤੇ ਕਤਲ ਲਈ ਵਰਤੀ ਇੰਡੀਕਾ ਕਾਰ ਵੀ ਬਰਾਮਦ ਕਰ ਲਈ ਹੈ। ਮਹੀਨਾ ਪਹਿਲਾਂ ਦੀ ਇਸ ਘਟਨਾ ਬਾਰੇ ਪੁਲੀਸ ਨੇ ਦਫ਼ਾ 174 ਦੀ ਕਾਰਵਾਈ ਕਰਕੇ ਮਾਮਲਾ ਬੰਦ ਕਰ ਦਿੱਤਾ ਸੀ।

ਜ਼ਿਲ੍ਹਾ ਪੁਲੀਸ ਮੁਖੀ ਮਨਦੀਪ ਸਿੰਘ ਸਿੱਧੂ ਨੇ ਦੱਸਿਆ ਕਿ ਬੀਤੀ 28 ਫਰਵਰੀ ਦੀ ਰਾਤ ਨੂੰ ਮਲੇਰਕੋਟਲਾ-ਧੂਰੀ ਸੜਕ 'ਤੇ ਪਿੰਡ ਸੰਗਾਲਾ ਪੁਲ ਨੇੜੇ ਗੁਰਦੇਵ ਸਿੰਘ ਪੁੱਤਰ ਬਚਨ ਸਿੰਘ ਵਾਸੀ ਜਰਗ ਦੀ ਲਾਸ਼ ਮਿਲੀ ਸੀ। ਮ੍ਰਿਤਕ ਦੇ ਰਿਸ਼ਤੇਦਾਰਾਂ ਨੇ ਮਾਮਲੇ ਦੀ ਪੜਤਾਲ ਕਰਨ ਲਈ ਬੇਨਤੀ ਕੀਤੀ ਜਿਸ 'ਤੇ ਵਿਸ਼ੇਸ਼ ਟੀਮ ਬਣਾ ਕੇ ਜਾਂਚ ਕੀਤੀ ਗਈ। ਜਾਂਚ ਮਗਰੋਂ ਰਵਿੰਦਰ ਸਿੰਘ ਤੇ ਉਸ ਦੇ ਪੁੱਤਰ ਰਣਜੋਧ ਸਿੰਘ ਉਰਫ਼ ਮੱਖਣ ਵਾਸੀ ਚੱਠੇ ਸੇਖ਼ਵਾਂ ਨੂੰ ਕਤਲ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਗਿਆ ਹੈ।

ਗੁਰਦੇਵ ਸਿੰਘ ਵਾਸੀ ਜਰਗ ਮੁਲਜ਼ਮ ਰਵਿੰਦਰ ਸਿੰਘ ਦਾ ਮਾਮਾ ਲੱਗਦਾ ਸੀ ਤੇ ਅਜੇ ਤੱਕ ਅਣਵਿਆਹਿਆ ਸੀ। ਮੁਲਜ਼ਮ ਨੇ ਮ੍ਰਿਤਕ ਗੁਰਦੇਵ ਸਿੰਘ ਦੇ ਅਣਵਿਆਹੇ ਭਰਾ ਭਜਨ ਸਿੰਘ ਨੂੰ ਪਿਛਲੇ ਕਈ ਸਾਲਾਂ ਤੋਂ ਆਪਣੇ ਕੋਲ ਰੱਖਿਆ ਹੋਇਆ ਸੀ। ਗੁਰਦੇਵ ਸਿੰਘ ਆਪਣੇ ਭਰਾ ਨੂੰ ਜਰਗ ਲਿਜਾਣਾ ਚਾਹੁੰਦਾ ਸੀ ਪਰ ਮੁਲਜ਼ਮ ਜ਼ਮੀਨ ਦੇ ਲਾਲਚ ਵਿਚ ਉਸ ਨੂੰ ਭੇਜਣਾ ਨਹੀਂ ਚਾਹੁੰਦੇ ਸਨ। 28 ਫਰਵਰੀ ਨੂੰ ਗੁਰਦੇਵ ਸਿੰਘ ਆਪਣੇ ਭਰਾ ਨੂੰ ਮਿਲਣ ਲਈ ਚੱਠੇ ਸੇਖ਼ਵਾਂ ਆਇਆ ਸੀ।

ਮੁਲਜ਼ਮ ਰਵਿੰਦਰ ਸਿੰਘ ਤੇ ਉਸ ਦੇ ਪੁੱਤਰ ਰਣਜੋਧ ਸਿੰਘ ਉਰਫ਼ ਮੱਖਣ ਨੇ ਗੁਰਦੇਵ ਸਿੰਘ ਦੀ ਜ਼ਮੀਨ ਹੜੱਪਣ ਦੇ ਲਾਲਚ ਵਿਚ ਉਸ ਨੂੰ ਖ਼ਤਮ ਕਰਨ ਦੀ ਯੋਜਨਾ ਬਣਾਈ। ਪਹਿਲਾਂ ਉਨ੍ਹਾਂ ਨੇ ਗੁਰਦੇਵ ਸਿੰਘ ਨੂੰ ਸ਼ਰਾਬ ਪਿਲਾ ਕੇ ਬੇਹੋਸ਼ ਕਰ ਦਿੱਤਾ। ਫਿਰ ਆਪਣੀ ਇੰਡੀਕਾ ਗੱਡੀ ਵਿਚ ਪਾ ਕੇ ਚੱਠੇ ਸੇਖ਼ਵਾਂ ਤੋਂ ਰਾਤ ਨੂੰ ਸਾਢੇ ਨੌਂ ਵਜੇ ਸੰਗਰੂਰ-ਧੂਰੀ ਹੁੰਦੇ ਹੋਏ ਮਲੇਰਕੋਟਲਾ ਵੱਲ ਚਲੇ ਗਏ ਤੇ ਪਿੰਡ ਸੰਗਾਲਾ ਨੇੜੇ ਕਾਰ ਵਿਚੋਂ ਬਾਹਰ ਕਢ ਕੇ ਸੜਕ 'ਤੇ ਸੁੱਟ ਦਿੱਤਾ। ਬਾਅਦ ਵਿਚ ਉਪਰੋਂ ਆਪਣੀ ਕਾਰ ਲੰਘਾ ਕੇ ਮਾਰ ਦਿੱਤਾ ਤੇ ਸਾਰੀ ਯੋਜਨਾ ਨੂੰ ਸੜਕ ਹਾਦਸੇ ਦਾ ਰੂਪ ਦੇ ਦਿੱਤਾ। ਮ੍ਰਿਤਕ ਗੁਰਦੇਵ ਸਿੰਘ ਦੇ ਪਿੰਡ ਸੰਗਾਲੀ ਵਿਚ ਨਾਨਕੇ ਸਨ ਤੇ ਮੁਲਜ਼ਮਾਂ ਨੇ ਇਹ ਭੁਲੇਖਾ ਪਾਉਣ ਦੀ ਕੋਸ਼ਿਸ਼ ਕੀਤੀ ਕਿ ਉਹ ਆਪਣੇ ਨਾਨਕੇ ਪਿੰਡ ਮਿਲਣ ਆਇਆ ਸੀ ਤੇ ਉਸ ਦੀ ਸੜਕ ਹਾਦਸੇ ਵਿਚ ਮੌਤ ਹੋ ਗਈ।

## ਸੜਕਾਂ ਕਿਨਾਰੇ ਠੇਕੇ ਖੋਲ੍ਹਣ 'ਤੇ ਅੜੀ ਪੰਜਾਬ ਸਰਕਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਸ਼ਰਾਬ ਦੇ ਠੇਕੇ ਆਪਣੀ ਨਵੀਂ ਆਬਕਾਰੀ ਨੀਤੀ ਮੁਤਾਬਕ ਹੀ ਖੋਲ੍ਹਣ 'ਤੇ ਅੜੀ ਹੋਈ ਹੈ। ਜਦਕਿ ਹਾਲੇ ਕੁਝ ਦਿਨ ਪਹਿਲਾਂ ਹੀ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਹਰਿਆਣਾ ਤੇ ਪੰਜਾਬ ਸਰਕਾਰ ਨੂੰ ਮੁੱਖ ਸੜਕਾਂ ਕਿਨਾਰੇ ਸ਼ਰਾਬ ਦੇ ਠੇਕੇ ਖੋਲ੍ਹਣ ਤੋਂ ਰੋਕਿਆ ਗਿਆ।

ਪੰਜਾਬ ਸਰਕਾਰ ਨੇ ਇਸ ਨੂੰ ਆਪਣੇ ਲਈ ਵਿੱਤੀ ਤੌਰ 'ਤੇ ਮਾਰੂ ਕਰਾਰ ਦਿੰਦਿਆਂ ਹਾਈ ਕੋਰਟ ਦੇ ਇਸ ਫ਼ੈਸਲੇ 'ਤੇ ਰੋਕ ਲਾਉਣ ਦੀ ਮੰਗ ਕਰਦਿਆਂ ਸੁਪਰੀਮ ਕੋਰਟ ਕੋਲ ਪਹੁੰਚ ਕਰ ਲਈ ਹੈ।

ਪੰਜਾਬ ਸਰਕਾਰ ਵੱਲੋਂ ਸੁਪਰੀਮ ਕੋਰਟ ਵਿਚ ਦਾਇਰ ਕੀਤੀ ਗਈ ਇਸ ਵਿਸ਼ੇਸ਼ ਲੀਵ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਮੁੱਖ ਜੱਜ ਪੀ. ਸਥਾਸ਼ਿਵਮ ਦੀ ਅਗਵਾਈ ਵਾਲੇ ਬੈਂਚ ਵੱਲੋਂ ਇਸ ਮਾਮਲੇ ਵਿਚ ਦੋਵਾਂ ਧਿਰਾਂ ਨੂੰ ਹਾਲ ਦੀ ਘੜੀ ਸਥਿਤੀ ਜਿਉਂ-ਦੀ-ਤਿਉਂ (ਸਟੇਟਸ-ਕੋ) ਬਣਾਈ ਰੱਖਣ ਦੇ ਹੁਕਮ ਦਿੰਦਿਆਂ ਹਾਈ ਕੋਰਟ ਵਿਚ ਜਨਹਿਤ ਪਟੀਸ਼ਨ ਦਾਇਰ ਕਰਤਾ 'ਅਰਾਈਵ ਸੇਫ਼ ਸੁਸਾਇਟੀ ਚੰਡੀਗੜ੍ਹ', ਨੈਸ਼ਨਲ ਹਾਇਵੇਜ਼ ਸੁਸਾਇਟੀ ਆਫ਼ ਇੰਡੀਆ, ਹਰਿਆਣਾ ਸਰਕਾਰ ਨੂੰ ਆਪੋ-ਆਪਣੇ ਜਵਾਬ ਪੇਸ਼ ਕਰਨ ਲਈ ਕਹਿ ਦਿੱਤਾ ਗਿਆ ਹੈ।

## ਜਾਟ ਰਾਖਵਾਂਕਰਨ ਬਾਰੇ ਕੇਂਦਰ ਨੂੰ ਨੋਟਿਸ


**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਸਰਕਾਰ ਲਈ ਨਵਾਂ ਸੰਕਟ ਖੜ੍ਹਾ ਕਰਦਿਆਂ, 3 ਮਾਰਚ 2014 ਦੇ ਜਾਟ ਭਾਈਚਾਰੇ ਨੂੰ ਓ.ਬੀ.ਸੀ. ਦਾ ਦਰਜਾ ਦੇਣ ਦੇ ਕੇਂਦਰੀ ਕੈਬਨਿਟ ਦੇ ਫੈਸਲੇ ਨਾਲ ਸਬੰਧਤ ਸਾਰਾ ਰਿਕਾਰਡ ਤਲਬ ਕਰ ਲਿਆ ਹੈ। ਮੰਤਰੀ ਮੰਡਲ ਨੇ ਜਾਟ ਭਾਈਚਾਰੇ ਨੂੰ ਹੋਰ ਪਛੜੇ ਵਰਗਾਂ (ਓ.ਬੀ.ਸੀਜ਼) ਦੀ ਕੇਂਦਰੀ ਸੂਚੀ ਵਿਚ ਸ਼ਾਮਲ ਕਰਨ ਦਾ ਫੈਸਲਾ ਕੀਤਾ ਸੀ ਜਿਸ ਅੀਧਨ ਉਹ ਨੌਕਰੀਆਂ ਅਤੇ ਵਿਦਿਅਕ ਅਦਾਰਿਆਂ ਵਿਚ ਓ.ਬੀ.ਸੀ. ਲਈ ਰਾਖਵੇਂ 27 ਫੀਸਦੀ ਕੋਟੇ ਦੇ ਹੱਕਦਾਰ ਹੋ ਗਏ ਸਨ।

ਚੀਫ ਜਸਟਿਸ ਪੀ. ਸਦਾਸ਼ਿਵਮ ਦੀ ਅਗਵਾਈ ਵਾਲੇ ਤਿੰਨ ਮੈਂਬਰੀ ਬੈਂਚ ਨੇ ਕੈਬਨਿਟ ਦੇ ਫੈਸਲੇ ਨੂੰ ਲਾਗੂ ਕਰਨ ਬਾਰੇ 4 ਮਾਰਚ, 2014 ਦਾ ਗਜ਼ਟ ਨੋਟੀਫਿਕੇਸ਼ਨ ਰੱਦ ਕਰਨ ਸਬੰਧੀ ਦਾਇਰ ਦੋ ਜਨਹਿੱਤ ਪਟੀਸ਼ਨਾਂ 'ਤੇ ਕੇਂਦਰ ਤੋਂ ਜੁਆਬ ਮੰਗਿਆ ਹੈ। ਕੇਂਦਰ ਨੇ ਇਹ ਨੋਟੀਫਿਕੇਸ਼ਨ 16ਵੀਂ ਲੋਕ ਸਭਾ ਚੋਣ ਦੇ 5 ਮਾਰਚ ਨੂੰ ਹੋਏ ਐਲਾਨ ਤੋਂ ਮਹਿਜ਼ ਇਕ ਦਿਨ ਪਹਿਲਾਂ ਹੀ ਕੀਤਾ ਹੈ। ਜਨਹਿੱਤ ਪਟੀਸ਼ਨਰਾਂ ਵਿਚ ਓ.ਬੀ.ਸੀ. ਰਿਜ਼ਰਵੇਸ਼ਨ ਰਕਸ਼ਾ ਸਮਿਤੀ ਤੇ ਤਿੰਨ ਹੋਰ ਸ਼ਾਮਲ ਹਨ ਜਿਨ੍ਹਾਂ ਨੇ ਇਸ ਨੋਟੀਫਿਕੇਸ਼ਨ 'ਤੇ ਫੌਰੀ ਸਟੇਅ ਮੰਗੀ ਹੈ। ਬੈਂਚ ਨੇ ਕੇਂਦਰ ਨੂੰ ਅਗਲੀ ਸੁਣਵਾਈ ਮੌਕੇ 9 ਅਪਰੈਲ ਤੱਕ ਇਸ ਬਾਰੇ ਜੁਆਬ ਦੇਣ ਲਈ ਕਿਹਾ ਹੈ।

ਸਮਿਤੀ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਕੇ.ਕੇ. ਵੇਣੂਗੋਪਾਲ ਨੇ ਕਿਹਾ ਕਿ ਜੇ ਇਸ ਨੋਟੀਫਿਕੇਸ਼ਨ 'ਤੇ ਰੋਕ ਨਹੀਂ ਲੱਗਦੀ ਤਾਂ ਓ.ਬੀ.ਸੀ. ਸ਼੍ਰੇਣੀ ਹੇਠ ਆਉਂਦੇ ਕਈ ਯੋਗ ਵਿਦਿਆਰਥੀ, 2014-15 ਦੇ ਅਕਾਦਮਿਕ ਵਰ੍ਹੇ ਦੌਰਾਨ ਸਕੂਲਾਂ ਤੇ ਕਾਲਜਾਂ ਵਿਚ ਦਾਖਲੇ ਲੈਣ ਦਾ ਲਾਭ ਲੈਣ ਤੋਂ ਰਹਿ ਜਾਣਗੇ। ਇਨ੍ਹਾਂ ਦਾਖਲਿਆਂ ਦਾ ਅਮਲ ਪਹਿਲਾਂ ਹੀ ਸ਼ੁਰੂ ਹੋ ਚੁੱਕਿਆ ਹੈ। ਸ੍ਰੀ ਵੇਣੂਗੋਪਾਲ ਨੇ ਇਹ ਨੁਕਤਾ ਵੀ ਪੇਸ਼ ਕੀਤਾ ਕਿ ਕੈਬਨਿਟ ਨੇ ਜਿਸ ਕਾਹਲੀ ਨਾਲ ਮੀਟਿੰਗ ਕੀਤੀ, ਤੇ ਜਿਸ ਤਰ੍ਹਾਂ ਚੋਣਾਂ ਦੇ ਐਲਾਨ ਤੋਂ ਪਹਿਲਾਂ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ (ਤਾਂ ਕਿ ਆਦਰਸ਼ ਚੋਣ ਜ਼ਾਬਤਾ ਸਰਕਾਰ ਦੇ ਰਾਹ 'ਚ ਅੜਿੱਕਾ ਨਾ ਬਣੇ), ਉਸ ਤੋਂ ਸਾਫ ਜ਼ਾਹਰ ਹੁੰਦਾ ਹੈ ਕਿ ਇਹ ਵੋਟ ਬੈਂਕ ਦੀ ਸਿਆਸਤ ਹੈ ਅਤੇ ਜਾਟ ਵੋਟਾਂ ਦੀ ਸਿੱਧੀ ਖਰੀਦ ਹੈ ਜੋ ਵੱਢੀਖੋਰੀ ਜਿੰਨਾ ਹੀ ਮਾੜਾ ਵਰਤਾਰਾ ਹੈ।

## ਮਾਤਾ ਦਰਸ਼ਨ ਕੌਰ ਸੰਘਾ ਸੁਰਗਵਾਸ

**ਸ਼ਿਕਾਗੋ (ਬਿਊਰੋ):** ਸਥਾਨਕ ਸਭਿਆਚਾਰਕ, ਸਮਾਜਕ ਅਤੇ ਧਾਰਮਕ ਖੇਤਰਾਂ ਵਿਚ ਸਰਗਰਮ ਸੰਘਾ ਪਰਿਵਾਰ ਨੂੰ ਉਸ ਸਮੇਂ ਸਦਮਾ ਲੱਗਾ ਜਦੋਂ ਮਾਤਾ ਦਰਸ਼ਨ ਕੌਰ ਸੰਘਾ ਲੰਮੀ ਉਮਰ ਭੋਗਣ ਪਿਛੋਂ ਲੰਘੀ 31 ਮਾਰਚ ਨੂੰ ਸਦੀਵੀ ਵਿਛੋੜਾ ਦੇ ਗਏ। ਉਹ 91 ਵਰ੍ਹਿਆਂ ਦੇ ਸਨ ਅਤੇ 1984 ਤੋਂ ਇਥੇ ਆਪਣੇ ਛੋਟੇ ਪੁੱਤਰ ਸੁਰਿੰਦਰ ਸਿੰਘ ਸੰਘਾ (ਪ੍ਰਧਾਨ, ਪੀ ਸੀ ਐਸ) ਪਾਸ ਰਹਿੰਦੇ ਸਨ।




ਮਾਤਾ ਦਰਸ਼ਨ ਕੌਰ ਸੰਘਾ ਆਪਣੇ ਪਿਛੇ ਚਾਰ ਪੁੱਤਰ-ਸੁਰਿੰਦਰ ਸਿੰਘ ਸੰਘਾ (ਨੂੰਹ ਹਰਵਿੰਦਰ ਕੌਰ), ਪਰਮਜੀਤ ਸਿੰਘ ਸੰਘਾ (ਨੂੰਹ ਸੁਰਜੀਤ ਕੌਰ ਸੰਘਾ), ਅੰਮ੍ਰਿਤਪਾਲ ਸਿੰਘ ਸੰਘਾ (ਨੂੰਹ ਪਰਮਜੀਤ ਕੌਰ ਸੰਘਾ) ਅਤੇ ਗੁਰਦੀਪ ਸਿਘ ਸੰਘਾ (ਨੂੰਹ ਬਲਵਿੰਦਰ ਕੌਰ ਸੰਘਾ) ਤੋਂ ਇਲਾਵਾ ਇਕ ਹੋਰ ਨੂੰਹ ਸੁਰਿੰਦਰ ਕੌਰ ਸੰਘਾ ਛਡ ਗਏ ਹਨ ਜਿਸ ਦੇ ਪਤੀ ਤੇ ਮਾਤਾ ਦਰਸ਼ਨ ਕੌਰ ਦੇ ਵਡੇ ਸਪੁੱਤਰ ਹਰਜਾਪ ਸਿੰਘ ਸੰਘਾ ਦਾ ਕੁਝ ਸਾਲ ਪਹਿਲਾਂ ਦੇਹਾਂਤ ਹੋ ਗਿਆ ਸੀ। ਉਹ ਦੋ ਧੀਆਂ-ਸੁਖਵਿੰਦਰ ਕੌਰ ਜੱਜ (ਸੁਪਤਨੀ ਸਵਰਗੀ ਜਸਵਿੰਦਰ ਸਿੰਘ ਜੱਜ), ਜਸਵਿੰਦਰ ਕੌਰ ਥਿਆੜਾ (ਸੁਪਤਨੀ ਅਮਰੀਕ ਸਿੰਘ ਥਿਆੜਾ) ਤੋਂ ਇਲਾਵਾ 16 ਪੋਤਰੇ-ਪੋਤਰੀਆਂ ਅਤੇ 8 ਪੜਪੋਤਰਿਆਂ ਦਾ ਭਰਿਆ ਪਰਿਵਾਰ ਛਡ ਗਏ ਹਨ।


ਮਾਤਾ ਦਰਸਨ਼ ਕੌਰ ਦਾ ਅੰਤਿਮ ਸੰਸਕਾਰ 4 ਅਪਰੈਲ ਸ਼ੁਕਰਵਾਰ ਨੂੰ ਸਟਰੈਂਗ ਫਿਊਨਰਲ ਚੈਪਲ ਐਂਡ ਕਰੀਮੈਟੋਰੀਅਮ, ਗਰੇਜ਼ਲੇਕ (ਫੋਨ 847-223-8122) ਵਿਖੇ ਬਾਅਦ ਦੁਪਹਿਰ ਦੋ ਤੋਂ ਚਾਰ ਵਜੇ ਦਰਮਿਆਨ ਹੋਵੇਗਾ। ਉਨ੍ਹਾਂ ਨਮਿਤ ਅੰਤਿਮ ਅਰਦਾਸ ਗੁਰਦੁਆਰਾ ਪੈਲਾਟਾਈਨ ਵਿਖੇ ਐਤਵਾਰ 6 ਅਪਰੈਲ ਨੂੰ ਬਾਅਦ ਦੁਪਹਿਰ 3 ਤੋਂ 5 ਵਜੇ ਤਕ ਹੋਵੇਗੀ। ਪਰਿਵਾਰ ਨਾਲ ਸੰਪਰਕ ਸੁਰਿੰਦਰ ਸਿੰਘ ਸੰਘਾ ਫੋਨ 847-532-0610, ਅੰਮ੍ਰਿਤਪਾਲ ਸੰਘਾ ਫੋਨ 630-673-9000 ਰਾਹੀਂ ਕੀਤਾ ਜਾ ਸਕਦਾ ਹੈ।

# ਡਰਗ ਵੇਚਣ ਦੇ ਦੋਸ਼ ਵਿਚ ਪੰਜਾਬੀ ਸਣੇ ਦੋ ਵਿਅਕਤੀ ਗ੍ਰਿਫਤਾਰ

**ਅਰੋਰਾ, ਕਾਲੋਰਾਡੋ (ਬਿਊਰੋ):** ਪੁਲਿਸ ਨੇ ਸੈਬਲ ਗੈਬਰੀਜ਼ਿਆਦਰ ਨਾਂ ਦੀ ਔਰਤ ਨੂੰ



*ਦਵਿੰਦਰ ਬੋਪਾਰਾਏ*



*ਸੈਬਲ ਗੈਬਰੀਜ਼ਿਆਦਰ*

ਡਰਗ ਦਾ ਵਪਾਰ ਕਰਨ ਦੇ ਦੋਸ਼ ਵਿਚ ਗ੍ਰਿਫਤਾਰ ਕਰਕੇ ਉਸ ਪਾਸੋਂ ਸ਼ੱਕੀ ਸਪਾਈਸ ਦੇ ਸੈਂਕੜੇ ਪੈਕਟ ਬਰਾਮਦ ਕੀਤੇ ਗਏ ਹਨ। ਇਸ ਔਰਤ ਦੀ ਗ੍ਰਿਫਤਾਰੀ ਤੋਂ ਤੁਰਤ ਪਿਛੋਂ ਹੀ ਪੁਲਿਸ ਨੇ ਦਵਿੰਦਰ ਬੋਪਾਰਏ ਨੂੰ ਗ੍ਰਿਫਤਾਰ ਕਰ ਲਿਆ। ਪੁਲਿਸ ਨੇ ਉਸ ਦੇ ਸਟੋਰੇਜ ਦੀ ਤਲਾਸ਼ੀ ਲੈਣ ਪਿਛੋਂ ਹੋਰ ਡਰਗ ਬਰਾਮਦ ਕੀਤੀ। ਸੂਤਰਾਂ ਅਨੁਸਾਰ ਇਨ੍ਹਾਂ ਦੀ ਗਿਣਤੀ ਕਰੀਬ 12 ਹਜ਼ਾਰ ਹੈ।

ਸਪਾਈਸ ਇਕ ਅਜਿਹੀ ਸਿੰਥੈਟਿਕ ਡਰਗ ਹੈ ਜੋ ਕਿ ਭੰਗ ਜਿਹਾ ਨਸ਼ਾ ਦਿੰਦੀ ਹੈ। ਇਹ ਡਰਗ ਕੁਦਰਤੀ ਜੜ੍ਹੀਆਂ-ਬੂਟੀਆਂ ਤੋਂ ਤਿਆਰ ਹੁੰਦੀ ਹੈ ਅਤੇ ਇਸ ਉਪਰ ਰਸਾਇਣਾਂ ਦਾ ਛਿੜਕਾਓ ਕੀਤਾ ਜਾਂਦਾ ਹੈ। ਇਹ ਡਰਗ ਸੁਲਫੇ ਲਈ ਇਸਤੇਮਾਲ ਹੁੰਦੀ ਹੈ ਅਤੇ ਭੰਗ ਨਾਲੋਂ 800 ਗੁਣਾ ਵੱਧ ਤਾਕਤਵਰ ਹੋ ਸਕਦੀ ਹੈ। ਇਹ ਇਕ ਬੇਹਦ ਖਤਰਨਾਕ ਡਰਗ ਹੈ ਅਤੇ ਵੱਧ ਮਾਤਰਾ ਵਿਚ ਲਏ ਜਾਣ 'ਤੇ ਬੰਦੇ ਦੀ ਮੌਤ ਵੀ ਹੋ ਸਕਦੀ ਹੈ। ਅਰੋਰਾ ਵਿਚ ਪਿਛਲੇ ਸਾਲ 15 ਸਾਲ ਦੇ ਇਕ ਲੜਕੇ ਦੀ ਇਸ ਡਰਗ ਕਾਰਨ ਮੌਤ ਹੋ ਚੁਕੀ ਹੈ।

ਅਰੋਰਾ ਦੇ ਪੁਲਿਸ ਮੁਖੀ ਡੇਨੀਅਲ ਓਟਸ ਨੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਕਿਹਾ ਕਿ ਸਾਨੂੰ ਨੌਜਵਾਨਾਂ ਨੂੰ ਇਸ ਪ੍ਰਤੀ ਖਬਰਦਾਰ ਕਰਨਾ ਚਾਹੀਦਾ ਹੈ ਕਿ ਇਹ ਡਰਗ ਬਹੁਤ ਬੇਹਦ ਘਾਤਕ ਹੈ। ਦੋਵੇਂ ਮਸ਼ਕੂਕ 50,000 ਡਾਲਰ ਦੀ ਬੌਂਡ 'ਤੇ ਰੱਖੇ ਗਏ ਹਨ।



# ਸੈਲਮਾ 'ਚ 20ਵਾਂ ਨਗਰ ਕੀਰਤਨ 13 ਅਪਰੈਲ ਨੂੰ

**ਸੈਲਮਾ (ਬਿਊਰੋ):** ਗੁਰਦੁਆਰਾ ਸਿੱਖ ਸੈਂਟਰ ਆਫ ਪੈਸਫਿਕ ਕੋਸਟ ਸੈਲਮਾ ਦੀਆਂ ਸੰਗਤਾਂ ਵਲੋਂ ਖਾਲਸਾ ਪੰਥ ਦੇ ਸਿਰਜਣਾ ਦਿਵਸ ਵਿਸਾਖੀ ਨੂੰ ਸਮਰਪਿਤ ਆਉਂਦੀ 13 ਅਪਰੈਲ, ਐਤਵਾਰ ਨੂੰ ਸਜਾਏ ਜਾ ਰਹੇ 20ਵੇਂ ਨਗਰ ਕੀਰਤਨ ਲਈ ਤਿਆਰੀਆਂ ਮੁਕੰਮਲ ਹੋ ਚੁਕੀਆਂ ਹਨ।

ਗੁਰਦੁਆਰਾ ਪ੍ਰਬੰਧਕਾਂ ਵਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਲੰਘੇ ਐਤਵਾਰ ਪ੍ਰਬੰਧਕ ਕਮੇਟੀ ਅਤੇ ਸੇਵਾਦਾਰਾਂ ਦੀ ਹੋਈ ਇਕ ਮੀਟਿੰਗ ਵਿਚ ਸੇਵਾਦਾਰਾਂ ਦੀਆਂ ਡਿਊਟੀਆਂ ਲਗਾ ਦਿੱਤੀਆਂ ਗਈਆਂ ਹਨ। ਤਿੰਨ ਦਿਨ ਚੱਲਣ ਵਾਲੇ ਸਮਾਗਮਾਂ ਦੇ ਪਹਿਲੇ ਦਿਨ 11 ਅਪਰੈਲ ਨੂੰ ਸਵੇਰੇ ਅਖੰਡ ਪਾਠ ਅਰੰਭ ਹੋਵੇਗਾ। 12 ਅਪਰੈਲ ਨੂੰ ਨਿਸ਼ਾਨ ਸਾਹਿਬ ਦੀ ਸੇਵਾ ਹੋਵੇਗੀ ਅਤੇ ਅੰਮ੍ਰਿਤ ਸੰਚਾਰ ਦਾ ਪ੍ਰਵਾਹ ਚੱਲੇਗਾ। 13 ਅਪਰੈਲ, ਐਤਵਾਰ ਨੂੰ ਸਵੇਰੇ 10 ਵਜੇ ਅਖੰਡ ਪਾਠ ਦੇ ਭੋਗ ਉਪਰੰਤ ਨਗਰ ਕੀਰਤਨ ਅਰੰਭ ਹੋਵੇਗਾ ਅਤੇ ਬਾਅਦ ਦੁਪਹਿਰ ਇਕ ਵਜੇ ਵਾਪਿਸ ਗੁਰਦੁਆਰਾ ਸਾਹਿਬ ਵਿਖੇ ਪਹੁੰਚੇਗਾ ਉਪਰੰਤ ਦੀਵਾਨ ਸਜਾਏ ਜਾਣਗੇ ਜਿਸ ਵਿਚ ਪੰਥ ਦੇ ਮਹਾਨ ਰਾਗੀ ਢਾਡੀ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਨਗੇ।



*ਮੀਟਿੰਗ ਉਪਰੰਤ ਗੁਰਦੁਆਰਾ ਪ੍ਰਬੰਧਕ ਅਤੇ ਸੇਵਾਦਾਰ*

# ਮੋਦੀ ਦੇ ਦੋ ਹਲਕਿਆਂ ਤੋਂ ਚੋਣ ਲੜਨ 'ਤੇ ਹੈਰਾਨੀ

**ਨਵੀਂ ਦਿੱਲੀ:** ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਤੋਂ ਬਾਅਦ ਦੇਸ਼ ਵਿਚ ਦੋ ਹਲਕਿਆਂ ਤੋਂ ਚੋਣ ਲੜਨ ਵਾਲੇ ਪ੍ਰਧਾਨ ਮੰਤਰੀ ਅਹੁਦੇ ਲਈ ਉਮੀਦਵਾਰ ਸਿਰਫ ਮੋਦੀ ਹੀ ਹਨ। ਲੋਕ ਸਭਾ ਚੋਣਾਂ 2014 ਵਿਚ ਨਰਿੰਦਰ ਮੋਦੀ ਵਦੋਦਰਾ ਤੇ ਵਾਰਾਨਸੀ ਤੋਂ ਚੋਣ ਲੜ ਰਹੇ ਹਨ।

ਗੁਜਰਾਤ ਦੇ ਵਦੋਦਰਾ ਤੋਂ ਉਨ੍ਹਾਂ ਦਾ ਚੋਣ ਲੜਨਾ ਸੁਭਾਵਕ ਹੈ ਕਿਉਂਕਿ ਇਥੇ ਉਨ੍ਹਾਂ ਨੇ ਲਗਾਤਾਰ ਤਿੰਨ ਵਾਰ ਵਿਧਾਨ ਸਭਾ ਚੋਣਾਂ ਵਿਚ ਜਿੱਤ ਪ੍ਰਾਪਤ ਕਰਕੇ ਸਰਕਾਰ ਬਣਾਈ ਜਦਕਿ ਵਾਰਾਨਸੀ ਤੋਂ ਉਨ੍ਹਾਂ ਦਾ ਚੋਣ ਲੜਨਾ ਹੈਰਾਨਕੁੰਨ ਫੈਸਲਾ ਹੈ। ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ 1980 ਵਿਚ ਆਂਧਰ ਪ੍ਰਦੇਸ਼ ਦੇ ਮੇਡਕ ਤੇ ਉੱਤਰ ਪ੍ਰਦੇਸ਼ ਦੇ ਰਾਏ ਬਰੇਲੀ ਤੋਂ ਲੋਕ ਸਭਾ ਚੋਣ ਲੜੀ ਸੀ।


**Are You Tired Of All Treatments?**

**Try Homeopathic Natural Medicines (HNM)**

**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116

Homeopathic natural medicines supply



Gurdip Singh Sandhu

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

**EX Member:**
The California Homeopathic Society
National Center For Homeopathy- USA

**Ph:(408) 687-1899**
**(408) 729-6691**
Fax:(408)292-6200

Email: Homeomdicine@yahoo.com
Website: www.Homeopathyatoz.com

**Toll Free: 1-877-OK-HOMEO (1-877-654-6636)**


# ਭਾਈ ਕੁਲਬੀਰ ਸਿੰਘ ਬੜਾਪਿੰਡ ਦੇ ਕੇਸ ਦੀ ਸੁਣਵਾਈ ਮੌਕੇ ਫਰਿਜ਼ਨੋ ਪਹੁੰਚਣ ਦੀ ਅਪੀਲ

**ਫਰੀਮਾਂਟ (ਬਿਊਰੋ):** ਸਿੱਖ ਪ੍ਰਭੂਸੱਤਾ ਲਈ ਸਥਾਪਤੀ ਲਈ ਜਮਹੂਰੀ ਢੰਗ ਨਾਲ ਜੱਦੋਜਹਿਦ ਕਰ ਰਹੀ ਜਥੇਬੰਦੀ ਸਿੱਖ ਯੂਥ ਆਫ ਅਮਰੀਕਾ ਨੇ ਕੈਲੀਫੋਰਨੀਆ ਵੱਸਦੇ ਸਿੱਖ ਭਾਈਚਾਰੇ ਨੂੰ ਬੇਨਤੀ ਕੀਤੀ ਹੈ ਕਿ ਉਹ 7 ਅਪਰੈਲ, ਸੋਮਵਾਰ ਨੂੰ ਫਰਿਜ਼ਨੋ ਡਿਸਟ੍ਰਿਕਟ ਕੋਰਟ ਵਿਚ ਜ਼ਰੂਰ ਪਹੁੰਚਣ, ਜਿਥੇ ਭਾਈ ਕੁਲਬੀਰ ਸਿੰਘ ਬੜਾਪਿੰਡ ਨਾਲ ਸਬੰਧਤ ਮੁਕੱਦਮੇ ਦੀ ਸੁਣਵਾਈ ਹੋਣੀ ਹੈ। ਇਸ ਮੁਕੱਦਮੇ ਵਿਚ ਭਾਰਤ ਸਰਕਾਰ, ਪੰਜਾਬ ਸਰਕਾਰ ਤੇ ਪੰਜਾਬ ਪੁਲਿਸ ਵਿਰੁਧ ਅਮਰੀਕਾ ਦੀ ਇਕ ਸੇਵਾ ਸੰਸਥਾ ਸਿੱਖ ਅਲਾਇੰਸ ਨੇ ਭਾਈ ਕੁਲਬੀਰ ਸਿੰਘ ਬੜਾਪਿੰਡ ਦੀ ਝੂਠੀ ਗ੍ਰਿਫਤਾਰੀ ਦੌਰਾਨ ਅਣਮਨੁੱਖੀ ਤਸ਼ੱਦਦ ਕਰਨ ਵਿਰੁਧ ਮੁਕੱਦਮਾ ਕੀਤਾ ਹੋਇਆ ਹੈ।

ਜ਼ਿਕਰਯੋਗ ਹੈ ਕਿ 13 ਸਾਲ ਅਮਰੀਕਾ ਦੀ ਜੇਲ੍ਹ ਵਿਚ ਬਿਤਾਉਣ ਤੋਂ ਬਾਦ ਹਵਾਲਗੀ ਰਾਹੀਂ ਭਾਈ ਕੁਲਬੀਰ ਸਿੰਘ ਬੜਾਪਿੰਡ ਨੂੰ ਸੰਨ 2006 ਦੌਰਾਨ ਭਾਰਤ ਦੇ ਹਵਾਲੇ ਕਰਨ ਸਮੇਂ ਭਾਰਤ ਨੇ ਅਮਰੀਕੀ ਸਰਕਾਰ ਨੂੰ ਭਰੋਸਾ ਦਿਤਾ ਸੀ ਕਿ ਉਸ ਉਤੇ ਕਿਸੇ ਕਿਸਮ ਦਾ ਤਸ਼ੱਦਦ ਨਹੀਂ ਹੋਵੇਗਾ। ਭਾਈ ਬੜਾਪਿੰਡ ਆਪਣੇ ਸਾਰੇ ਕੇਸਾਂ ਵਿਚੋਂ ਬਰੀ ਹੋ ਗਏ ਸਨ। ਜਥੇਬੰਦੀ ਅਨੁਸਾਰ ਸਤੰਬਰ 2012 ਵਿਚ ਭਾਈ ਬੜਾਪਿੰਡ ਨੂੰ ਹਿਰਾਸਤ ਵਿਚ ਲੈ ਕੇ ਪੰਜਾਬ ਪੁਲਿਸ ਵਲੋਂ ਉਸ ਉਤੇ ਬੇਪਨਾਹ ਤਸ਼ੱਦਦ ਕੀਤਾ ਗਿਆ।

ਇਸ ਮਾਮਲੇ ਨੂੰ ਲੈ ਕੇ ਕੀਤੇ ਗਏ ਮਕੱਦਮੇ ਦੀ ਸੁਣਵਾਈ ਸੋਮਵਾਰ 7 ਅਪਰੈਲ ਨੂੰ ਫਰਿਜ਼ਨੋ ਦੀ ਯੂਨਾਈਟਡ ਸਟੇਟਸ ਡਿਸਟ੍ਰਿਕਟ ਕੋਰਟ ਰੂਮ ਨੰਬਰ 2 ਵਿਚ ਅੱਠਵੀਂ ਮੰਜ਼ਿਲ ਉਤੇ ਹੋਵੇਗੀ। ਸਿੱਖ ਯੂਥ ਆਫ ਅਮਰੀਕਾ ਦੇ ਪ੍ਰਧਾਨ ਭਾਈ ਗੁਰਿੰਦਰ ਸਿੰਘ ਮਾਨਾ ਤੇ ਸੀਨੀਅਰ ਮੈਂਬਰ ਭਾਈ ਜਸਜੀਤ ਸਿੰਘ ਨੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਪੰਥਕ ਜਥੇਬੰਦੀਆਂ ਨੂੰ ਇਸ ਮੌਕੇ ਪਹੁੰਚਣ ਦੀ ਅਪੀਲ ਕੀਤੀ।

## ਜੂਨ 1984 ਦੇ ਘੱਲੂਘਾਰੇ ਦੀ 30ਵੀਂ ਵਰੇਗੰਢ ਸਬੰਧੀ ਮੀਟਿੰਗ 5 ਨੂੰ

**ਫਰੀਮਾਂਟ (ਬਿਊਰੋ):** ਜੂਨ ਚੁਰਾਸੀ ਦੇ ਘੱਲੂਘਾਰੇ ਦੀ 30ਵੀਂ ਯਾਦ ਮਨਾਉਣ ਲਈ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਪੰਥਕ ਜਥੇਬੰਦੀਆਂ ਅਤੇ ਸੰਗਤਾਂ ਦੀ ਇਕ ਸਾਂਝੀ ਮੀਟਿੰਗ ਗੁਰਦੁਆਰਾ ਫਰੀਮਾਂਟ ਵਿਖੇ ਆਉਂਦੀ 5 ਅਪਰੈਲ, ਸਨਿਚਰਵਾਰ ਨੂੰ ਸ਼ਾਮੀਂ 5 ਵਜੇ ਹੋ ਰਹੀ ਹੈ।

ਪ੍ਰਬੰਧਕਾਂ ਨੇ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਪੰਥਕ ਜਥੇਬੰਦੀਆਂ ਅਤੇ ਸੰਗਤਾਂ ਨੂੰ ਇਸ ਵਿਚ ਸ਼ਾਮਲ ਹੋਣ ਦੀ ਬੇਨਤੀ ਕੀਤੀ ਹੈ।


**Convenience Store For Sale**

Turn key convenience store with a lot of potential for sale in Bakersfield. 3400 Sqf. of space. Good location.

**Price $129,900 plus inventory**

**ਕਨਵੀਨੀਐਂਸ ਸਟੋਰ ਵਿਕਾਊ ਹੈ**

ਬੇਕਰਜ਼ਫੀਲਡ ਵਿਚ ਟਰਨ ਕੀ ਕਨਵੀਨੀਐਂਸ ਸਟੋਰ, ਵਿਕਰੀ ਵਧਾਉਣ ਦੀ ਵੱਡੀ ਸੰਭਾਵਨਾ, ਕਰੀਬ 3400 ਵਰਗ ਫੁੱਟ ਸਪੇਸ, ਵਧੀਆ ਲੋਕੇਸ਼ਨ

**ਕੀਮਤ: $129,900+ਇਨਵੈਂਟਰੀ**

*ਰੀਅਲ ਐਸਟੇਟ ਬਾਰੇ ਆਪਣੀਆਂ ਸਾਰੀਆਂ ਲੋੜਾਂ ਲਈ*

**ਸੰਪਰਕ ਕਰੋ: ਜਿੰਮੀ ਬਸਰਾ**

**Cell: 661-205-5450**

Miramar International, Fax: 866-605-4167


# ਕੇ. ਐਸ. ਮੱਖਣ ਨਸ਼ਾ ਤਸਕਰੀ ਦੇ ਕੇਸ ਵਿਚੋਂ ਬਰੀ

**ਜਲੰਧਰ:** ਬਹੁਜਨ ਸਮਾਜ ਪਾਰਟੀ ਦੇ ਆਨੰਦਪੁਰ ਸਾਹਿਬ ਤੋਂ ਉਮੀਦਵਾਰ ਤੇ ਗਾਇਕ ਕੇ. ਐਸ. ਮੱਖਣ ਨੂੰ ਨਸ਼ਾ ਤਸਕਰੀ ਦੇ ਮਾਮਲੇ ਵਿਚ ਅਦਾਲਤ ਨੇ ਬਰੀ ਕਰ ਦਿੱਤਾ ਹੈ। ਜੱਜ ਅਰੁਨਵੀਰ ਵਸ਼ਿਸ਼ਟ ਦੀ ਅਦਾਲਤ ਨੇ ਫ਼ੈਸਲਾ ਸੁਣਾਉਂਦਿਆਂ ਕੇ ਐਸ ਮੱਖਣ ਸਮੇਤ ਉਸ ਦੇ ਤਿੰਨ ਸਾਥੀਆਂ ਹਰਦੀਪ ਸਿੰਘ ਉਰਫ਼ ਕਾਕਾ, ਮਨਦੀਪ ਸਿੰਘ ਉਰਫ਼ ਮਨੀ ਤੇ ਧਰਮਪਾਲ ਨੂੰ ਵੀ ਸਾਰੇ ਦੋਸ਼ਾਂ ਤੋਂ ਬਰੀ ਕਰ ਦਿੱਤਾ।

ਇਹ ਮੁਕੱਦਮਾ ਪਿਛਲੇ ਛੇ ਸਾਲ ਤੋਂ ਚੱਲ ਰਿਹਾ ਸੀ। ਬਰੀ ਹੋਣ ਤੋਂ ਬਾਅਦ ਖੁਸ਼ੀ ਜਤਾਉਂਦਿਆਂ ਕੇ ਐਸ ਮੱਖਣ ਨੇ ਕਿਹਾ ਕਿ ਪ੍ਰਮਾਤਮਾ ਨੇ ਉਨ੍ਹਾਂ ਨਾਲ ਇਨਸਾਫ਼ ਕੀਤਾ ਹੈ। ਜ਼ਿਕਰਯੋਗ ਹੈ ਕਿ 2006 ਵਿਚ ਗਾਇਕ ਮੱਖਣ ਅਤੇ ਕੈਨੇਡਾ ਰਹਿਣ ਵਾਲੇ ਲਖਵੀਰ ਸਿੰਘ ਲੱਖਾ ਤੇ ਰਾਜਾ ਬੋਪਾਰਾਏ 'ਤੇ ਦੋਸ਼ ਲੱਗੇ ਸਨ ਕਿ ਉਹ ਕੈਨੇਡਾ ਤੋਂ ਹਵਾਲਾ ਰਾਹੀਂ ਪੈਸਾ ਪੰਜਾਬ ਵਿਚ ਮੱਖਣ ਦੇ ਭਰਾ ਹਰਦੀਪ ਨੂੰ ਭੇਜਦੇ ਹਨ ਜੋ ਪੈਸੇ ਨਾਲ ਜਲੰਧਰ ਤੇ ਨਕੋਦਰ ਇਲਾਕੇ ਦੇ ਨਸ਼ਾ ਤਸਕਰਾਂ ਨਾਲ ਮਿਲਕੇ ਨਸ਼ੇ ਦੀ ਦਲਾਲੀ ਕਰਦਾ ਸੀ। ਚੰਡੀਗੜ੍ਹ ਪੁਲਿਸ ਨੇ ਜਦੋ ਨਸ਼ਾ ਤਸਕਰ ਰਾਜਾ ਬੋਪਾਰਾਏ ਨੂੰ ਕਾਬੂ ਕੀਤਾ ਤਾਂ ਉਸ ਕੋਲੋਂ ਪੁਛਗਿੱਛ ਦੌਰਾਨ ਮੱਖਣ ਦਾ ਨਾਮ ਵੀ ਸਾਹਮਣੇ ਆਇਆ ਸੀ। ਇਸ ਤੋਂ ਬਾਅਦ ਮੱਖਣ 'ਤੇ ਐਨਡੀਪੀਐਸ ਐਕਟ ਦੀਆਂ ਧਾਰਾਵਾਂ ਤਹਿਤ ਨਕੋਦਰ ਪੁਲਿਸ ਵੱਲੋਂ ਮਾਮਲਾ ਦਰਜ ਕੀਤਾ ਗਿਆ ਸੀ।



*ਕੇ.ਐਸ. ਮੱਖਣ*




# ਸਿੱਖ ਜਥੇਬੰਦੀਆਂ ਵੱਲੋਂ 'ਆਪ' ਦੀ ਹਮਾਇਤ




**ਚੰਡੀਗੜ੍ਹ:** ਸਿੱਖ ਵਿਦਵਾਨਾਂ, ਚਿੰਤਕਾਂ ਤੇ ਇਕ ਦਰਜਨ ਸਿੱਖ ਜਥੇਬੰਦੀਆਂ ਨੇ ਪੰਜਾਬ ਤੇ ਚੰਡੀਗੜ੍ਹ ਸਮੇਤ ਦੇਸ਼ ਭਰ ਵਿੱਚ ਲੋਕ ਸਭਾ ਚੋਣਾਂ ਦੌਰਾਨ ਆਮ ਆਦਮੀ ਪਾਰਟੀ (ਆਪ) ਦੇ ਉਮੀਦਵਾਰਾਂ ਦੀ ਹਮਾਇਤ ਕਰਨ ਦਾ ਐਲਾਨ ਕੀਤਾ ਹੈ। ਇੰਟਰਨੈਸ਼ਨਲ ਸਿੱਖ ਕਨਫੈਡਰੇਸ਼ਨ, ਖਾਲਸਾ ਪੰਚਾਇਤ, ਭਾਈ ਗੁਰਦਾਸ ਇੰਸਟੀਚਿਊਟ ਆਫ ਐਡਵਾਂਸ ਸਿੱਖ ਸਟੱਡੀਜ਼, ਗੁਰੂ ਗ੍ਰੰਥ ਦਾ ਖਾਲਸਾ ਪੰਥ, ਕੇਂਦਰੀ ਸ੍ਰੀ ਗੁਰੂ ਸਿੰਘ ਸਭਾ, ਇੰਸਟੀਚਿਊਟ ਆਫ ਸਿੱਖ ਸਟੱਡੀ, ਸ਼ੁਭਕਰਮਨ ਸੁਸਾਇਟੀ, ਆਈ.ਐਨ.ਏ. ਰੂਰਲ ਡਿਵੈਲਪਮੈਂਟ ਸੁਸਾਇਟੀ ਜਥੇਬੰਦੀਆਂ ਦੀ ਮੀਟਿੰਗ ਦੌਰਾਨ ਇਹ ਫ਼ੈਸਲਾ ਲਿਆ ਗਿਆ। ਇਸ ਦੌਰਾਨ ਸਿੱਖ ਜਥੇਬੰਦੀਆਂ ਨੇ ਦੋਸ਼ ਲਾਇਆ ਕਿ ਪਿਛਲੇ 67 ਸਾਲਾ ਦੌਰਾਨ ਕਾਂਗਰਸ ਤੇ ਭਾਰਤੀ ਜਨਤਾ ਪਾਰਟੀ ਨੇ ਸਿੱਖਾਂ ਨੂੰ ਲਤਾੜਿਆ ਹੈ। ਇਸੇ ਤਰ੍ਹਾਂ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸ਼੍ਰੋਮਣੀ ਅਕਾਲੀ ਦਲ ਦੇ ਪੰਥਕ ਏਜੰਡੇ ਨੂੰ ਵਿਸਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਮੁੱਢਲੇ ਦੌਰ ਵਿਚ ਹੀ ਪ੍ਰੋਫੈਸਰ ਦਵਿੰਦਰ ਪਾਲ ਸਿੰਘ ਭੁੱਲਰ ਦੀ ਰਿਹਾਈ ਦੀ ਸਿਫਾਰਸ਼ ਕਰ ਕੇ, 1984 ਦੌਰਾਨ ਦੇਸ਼ ਵਿਚ ਹੋਏ ਸਿੱਖ ਕਤਲੇਆਮ ਦੀ ਜਾਂਚ ਕਰਨ ਲਈ ਸਪੈਸ਼ਲ ਇਨਵੈਸਟੀਗੇਸ਼ਨ ਟੀਮ (ਐਸ.ਆਈ.ਟੀ.) ਬਣਾ ਕੇ ਤੇ ਗੁਜਰਾਤ ਦੇ ਸਿੱਖ ਕਿਸਾਨਾਂ ਦੇ ਉਜਾੜੇ ਵਿਰੁੱਧ ਹਾਅ ਦਾ ਨਾਅਰਾ ਮਾਰ ਕੇ ਸਿੱਖ ਕੌਮ ਨੂੰ ਭਾਰੀ ਰਾਹਤ ਦਿੱਤੀ ਹੈ। ਇੰਟਰਨੈਸ਼ਨਲ ਸਿੱਖ ਕਨਫੈਡਰੇਸ਼ਨ ਦੇ ਸਕੱਤਰ ਜਨਰਲ ਲੈਫ. ਜਨਰਲ (ਸੇਵਾਮੁਕਤ) ਕਰਤਾਰ ਸਿੰਘ ਗਿੱਲ, ਸਾਬਕਾ ਆਈ.ਏ.ਐਸ. ਅਧਿਕਾਰੀ ਪ੍ਰੋਫੈਸਰ ਗੁਰਤੇਜ ਸਿੰਘ ਤੇ ਖਾਲਸਾ ਪੰਚਾਇਤ ਦੇ ਮੁਖੀ ਰਜਿੰਦਰ ਸਿੰਘ ਖਾਲਸਾ ਨੇ ਕਿਹਾ ਕਿ ਸਿੱਖਾਂ ਨੂੰ ਕਾਂਗਰਸ ਤੇ ਭਾਜਪਾ ਵੱਲੋਂ ਕੌਮ ਨਾਲ ਕੀਤੀਆਂ ਬੇਇਨਸਾਫੀਆਂ ਲਈ ਚੋਣਾਂ ਦੌਰਾਨ ਸਬਕ ਸਿਖਾਉਣ ਲਈ 'ਆਪ' ਦੇ ਰੂਪ ਵਿਚ ਰਾਹ ਲੱਭ ਗਿਆ ਹੈ। ਉਨ੍ਹਾਂ ਸਿੱਖਾਂ ਨੂੰ ਸੱਦਾ ਦਿੱਤਾ ਕਿ ਜਿਸ ਹਲਕੇ ਵਿਚ 'ਆਪ' ਦੇ ਉਮੀਦਵਾਰ ਖੜ੍ਹੇ ਨਹੀਂ ਹਨ, ਉਥੇ ਕਾਂਗਰਸ, ਭਾਜਪਾ ਤੇ ਅਕਾਲੀ ਦਲ ਦੇ ਉਮੀਦਵਾਰਾਂ ਨੂੰ ਛੱਡ ਕੇ ਹੋਰ ਯੋਗ ਉਮੀਦਵਾਰਾਂ ਨੂੰ ਵੋਟਾਂ ਪਾਈਆਂ ਜਾਣ।

# ਨਵਜੋਤ ਸਿੱਧੂ ਨਹੀਂ ਕਰੇਗਾ ਅਰੁਣ ਜੇਤਲੀ ਲਈ ਚੋਣ ਪ੍ਰਚਾਰ



**ਅੰਮ੍ਰਿਤਸਰ:** ਮੌਜੂਦਾ ਸੰਸਦ ਮੈਂਬਰ ਨਵਜੋਤ ਸਿੰਘ ਸਿੱਧੂ ਨੇ ਸਪਸ਼ਟ ਕੀਤਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਨਾਲ ਚੱਲ ਰਹੇ ਅਣਸੁਖਾਵੇਂ ਸਬੰਧਾਂ ਕਾਰਨ ਉਹ ਅੰਮ੍ਰਿਤਸਰ ਵਿਚ ਸ੍ਰੀ ਅਰੁਣ ਜੇਤਲੀ ਦੀ ਚੋਣ ਮੁਹਿੰਮ ਵਿਚ ਚੋਣ ਪ੍ਰਚਾਰ ਕਰਨ ਲਈ ਨਹੀਂ ਆ ਸਕਣਗੇ। ਸ. ਸਿੱਧੂ ਨੇ ਆਖਿਆ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਹੀਂ ਚਾਹੁੰਦੇ ਸਨ ਕਿ ਉਹ ਚੌਥੀ ਵਾਰ ਅੰਮ੍ਰਿਤਸਰ ਲੋਕ ਸਭਾ ਹਲਕੇ ਤੋਂ ਸੰਸਦ ਮੈਂਬਰ ਬਣਨ। ਉਨ੍ਹਾਂ ਦੀ ਇੱਛਾ ਤੇ ਗੱਠਜੋੜ ਧਰਮ ਦੀ ਖਾਤਰ ਆਪਣੀ ਸੀਟ ਦੀ ਕੁਰਬਾਨੀ ਦਿੱਤੀ ਹੈ।

ਇਸ ਮੌਕੇ ਉਨ੍ਹਾਂ ਨੇ ਭਾਜਪਾ ਦੇ ਕੁਝ ਹੋਰ ਆਗੂਆਂ ਦਾ ਵੀ ਹਵਾਲਾ ਦਿੱਤਾ ਜਿਨ੍ਹਾਂ ਨੇ ਇਸ ਹਲਕੇ ਤੋਂ ਸ. ਸਿੱਧੂ ਦੀ ਥਾਂ ਸ੍ਰੀ ਜੇਤਲੀ ਦੇ ਨਾਂ ਨੂੰ ਪੇਸ਼ ਕੀਤਾ ਸੀ। ਦੂਜੇ ਪਾਸੇ ਅਰੁਣ ਜੇਤਲੀ ਨੇ ਉਮੀਦ ਪ੍ਰਗਟਾਈ ਹੈ ਕਿ ਸ. ਸਿੱਧੂ ਚੋਣ ਪ੍ਰਚਾਰ ਲਈ ਜ਼ਰੂਰ ਆਉਣਗੇ ਕਿਉਂਕਿ ਜਦੋਂ ਉਹ ਆਖਰੀ ਵਾਰ ਮਿਲੇ ਸਨ ਤਾਂ ਸ. ਸਿੱਧੂ ਨੇ ਅਜਿਹਾ ਕੋਈ ਸੰਕੇਤ ਨਹੀਂ ਦਿੱਤਾ ਸੀ। ਉਹ ਖੁਦ ਸ. ਸਿੱਧੂ ਦੇ ਦਬਾਅ 'ਤੇ ਹੀ ਅੰਮ੍ਰਿਤਸਰ ਲੋਕ ਸਭਾ ਹਲਕੇ ਤੋਂ ਚੋਣ ਲੜਨ ਲਈ ਤਿਆਰ ਹੋਏ ਸਨ।

ਉਨ੍ਹਾਂ ਕਿਹਾ ਕਿ ਸਿੱਧੂ ਨਾਲ ਮੇਰਾ ਰਿਸ਼ਤਾ ਸਿਆਸਤ ਤੋਂ ਵੱਧ ਹੈ। ਇਸ ਮਾਮਲੇ ਵਿਚ ਸ. ਸਿੱਧੂ ਦੀ ਪਤਨੀ ਵੱਲੋਂ ਦਿੱਤੇ ਗਏ ਬਿਆਨ ਬਾਰੇ ਸ੍ਰੀ ਜੇਤਲੀ ਨੇ ਕੁਝ ਵੀ ਕਹਿਣ ਤੋਂ ਇਨਕਾਰ ਕੀਤਾ ਹੈ। ਉਧਰ, ਕਾਂਗਰਸੀ ਉਮੀਦਵਾਰ ਕੈਪਟਨ ਅਮਰਿੰਦਰ ਸਿੰਘ ਨੇ ਸ. ਨਵਜੋਤ ਸਿੰਘ ਸਿੱਧੂ ਦੀ ਸ਼ਲਾਘਾ ਕੀਤੀ ਹੈ। ਉਨ੍ਹਾਂ ਆਖਿਆ ਕਿ ਉਹ ਇਕ ਚੰਗੇ ਸੰਸਦ ਮੈਂਬਰ ਸਨ ਤੇ ਅੰਮ੍ਰਿਤਸਰ ਦੇ ਲੋਕ ਉਨ੍ਹਾਂ ਨੂੰ ਪਸੰਦ ਕਰਦੇ ਹਨ। ਸ. ਸਿੱਧੂ ਨੇ ਵੀ ਅੰਮ੍ਰਿਤਸਰ ਦੇ ਵਿਕਾਸ ਲਈ ਦੁਹਾਈ ਦਿੱਤੀ ਸੀ ਤੇ ਇਸੇ ਕਾਰਨ ਹੀ ਉਸ ਨੂੰ ਚੋਣ ਪਿੜ ਵਿਚੋਂ ਸ਼੍ਰੋਮਣੀ ਅਕਾਲੀ ਦਲ ਨੇ ਬਾਹਰ ਕਰਵਾ ਦਿੱਤਾ।

# ਸੇਵੇਵਾਲਾ ਵਿਚ ਗੋਲੀਆਂ ਮਾਰ ਕੇ ਚਾਚੇ ਭਤੀਜੇ ਦਾ ਕਤਲ

**ਜੈਤੋ:** ਹਥਿਆਰਬੰਦ ਕਾਰ ਸਵਾਰਾਂ ਵੱਲੋਂ ਪਿੰਡ ਸੇਵੇਵਾਲਾ ਵਿਚ ਚਾਚੇ-ਭਤੀਜੇ ਨੂੰ ਗੋਲੀਆਂ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ। ਡੀ.ਐਸ.ਪੀ. ਜੈਤੋ ਸੁਖਦੇਵ ਸਿੰਘ ਅਨੁਸਾਰ ਇਸ ਘਟਨਾ ਵਿਚ ਸੇਵੇਵਾਲਾ ਦੇ 42 ਸਾਲਾ ਸੁਖਪਾਲ ਸਿੰਘ ਤੇ ਉਸ ਦਾ ਭਤੀਜਾ ਮਨਿੰਦਰ ਸਿੰਘ (25) ਦੀ ਜਾਨ ਚਲੀ ਗਈ।

ਘਟਨਾ ਸਮੇਂ ਦੋਵੇਂ ਮੋਟਰਸਾਈਕਲ 'ਤੇ ਆਪਣੇ ਖੇਤਾਂ ਵਿਚੋਂ ਘਰ ਜਾ ਰਹੇ ਸਨ। ਉਨ੍ਹਾਂ ਦਾ ਮੋਟਰਸਾਈਕਲ ਹਾਲੇ ਖੇਤ ਦੀ ਕੱਚੀ ਪਹੀ ਤੋਂ ਜੈਤੋ-ਬਠਿੰਡਾ ਮੁੱਖ ਮਾਰਗ 'ਤੇ ਅਜੇ ਚੜ੍ਹਿਆ ਹੀ ਸੀ ਕਿ ਕੁਝ ਗੱਡੀਆਂ ਉਨ੍ਹਾਂ ਕੋਲ ਆ ਕੇ ਰੁਕੀਆਂ ਅਤੇ ਨਾਲ ਹੀ ਗੱਡੀਆਂ ਵਿਚ ਸਵਾਰ ਹਥਿਆਰ ਬੰਦ ਹਮਲਾਵਰਾਂ ਨੇ ਦੋਵਾਂ 'ਤੇ ਗੋਲੀਆਂ ਚਲਾ ਦਿੱਤੀਆਂ।

ਘਟਨਾ ਵਿਚ ਮਨਿੰਦਰ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦਕਿ ਉਸ ਦੇ ਚਾਚੇ ਸੁਖਪਾਲ ਸਿੰਘ ਦੀ ਸਥਿਤੀ ਗੰਭੀਰ ਸੀ। ਵਾਰਦਾਤ ਤੋਂ ਬਾਅਦ ਕੁਝ ਲੋਕ ਸੁਖਪਾਲ ਸਿੰਘ ਨੂੰ ਇਲਾਜ ਲਈ ਬਠਿੰਡੇ ਲੈ ਗਏ ਪਰ ਕੁਝ ਮਿੰਟਾਂ ਬਾਅਦ ਹਸਪਤਾਲ ਵਿਚ ਉਸ ਦੀ ਵੀ ਮੌਤ ਹੋ ਗਈ। ਹਮਲਾਵਰ ਜਾਂਦੇ ਹੋਏ ਮ੍ਰਿਤਕਾਂ ਦੀ ਬਾਰਾਂ ਬੋਰ ਬੰਦੂਕ ਵੀ ਨਾਲ ਲੈ ਗਏ।

ਡੀ.ਐਸ.ਪੀ. ਅਨੁਸਾਰ ਮਰਹੂਮ ਮਨਿੰਦਰ ਸਿੰਘ ਦੇ ਪਿਤਾ ਤੇ ਸੁਖਪਾਲ ਸਿੰਘ ਦੇ ਭਰਾ ਸੋਹਣ ਸਿੰਘ ਵੱਲੋਂ ਪੁਲਿਸ ਕੋਲ ਦਰਜ ਕਰਵਾਏ ਬਿਆਨ ਵਿਚ ਗੁਰਬਖ਼ਸ਼ ਸਿੰਘ, ਗੁਰਸ਼ਰਨਜੀਤ ਸਿੰਘ, ਹਰਜਿੰਦਰ ਸਿੰਘ, ਗਿੰਦਰ ਸਿੰਘ, ਰੂਪ ਸਿੰਘ, ਕੁਲਵੰਤ ਸਿੰਘ, ਗੋਲਡੀ, ਨਛੱਤਰ ਸਿੰਘ, ਰਮਨ, ਸਵਰਨਜੀਤ, ਸਕੱਤਰ ਸਿੰਘ ਤੇ ਕੁਝ ਹੋਰ ਅਣਪਛਾਤੇ ਵਿਅਕਤੀਆਂ ਨੂੰ ਘਟਨਾ ਲਈ ਜ਼ਿੰਮੇਵਾਰ ਠਹਿਰਾਇਆ ਗਿਆ ਹੈ। ਪੁਲਿਸ ਨੇ ਆਈ.ਪੀ.ਸੀ. ਦੀਆਂ ਧਾਰਾਵਾਂ 302, 392, 506, 148, 149, ਅਸਲ੍ਹਾ ਐਕਟ 25,27,54,59 ਤਹਿਤ ਐਫ.ਆਈ.ਆਰ. ਦਰਜ ਕੀਤੀ ਹੈ।

ਡੀ.ਐਸ.ਪੀ. ਨੇ ਕਿਹਾ ਕਿ ਪੁਲਿਸ ਇਸ ਕੇਸ ਦੀ ਤਫਤੀਸ਼ ਕਰ ਰਹੀ ਹੈ। ਮੁਲਜ਼ਮਾਂ ਨੂੰ ਛੇਤੀ ਹੀ ਫੜ ਲਿਆ ਜਾਵੇਗਾ। ਇਸ ਕੇਸ ਬਾਰੇ ਵੱਖ-ਵੱਖ ਪੱਖਾਂ ਤੋਂ ਜਾਂਚ ਕੀਤੀ ਜਾ ਰਹੀ ਹੈ।

# ਬੇਦਖਲ ਸਿੱਖ ਕਿਸਾਨਾਂ ਵੱਲੋਂ ਚੋਣਾਂ ਦੇ ਬਾਈਕਾਟ ਦਾ ਐਲਾਨ

**ਚੰਡੀਗੜ੍ਹ:** ਕੁਰੁਕਸ਼ੇਤਰ ਲੋਕ ਸਭਾ ਹਲਕੇ ਵਿਚ ਪੈਂਦੇ ਪਹੋਵਾ ਨੇੜਲੇ ਪਿੰਡ ਕਰਾਹ ਸਾਹਿਬ ਦੇ ਮਾਲ ਰਿਕਾਰਡ ਵਿਚ ਪੈਂਦੇ ਕੁੱਪੀਆਂ ਪਲਾਟ ਦੇ ਸੈਂਕੜੇ ਸਿੱਖ ਕਿਸਾਨਾਂ ਨੇ ਲੋਕ ਸਭਾ ਚੋਣਾਂ ਦੇ ਬਾਈਕਾਟ ਦਾ ਐਲਾਨ ਕਰ ਦਿੱਤਾ ਹੈ। ਉਹ ਸਰਕਾਰ ਵੱਲੋਂ ਆਪਣੀ ਜ਼ਮੀਨ ਖੋਹਣ ਤੇ ਪਿੰਡ ਦੀ ਪੰਚਾਇਤ ਵੱਲੋਂ ਨਿਭਾਏ ਜਾ ਰਹੇ ਦੁਸ਼ਮਣੀ ਵਾਲੇ ਰਵੱਈਏ ਕਾਰਨ ਬੇਹੱਦ ਪ੍ਰੇਸ਼ਾਨ ਹਨ।

ਸਾਲ 1952 ਤੋਂ ਵੀਹ ਸਾਲਾ ਲੀਜ਼ ਉੱਤੇ ਜ਼ਮੀਨ ਲੈ ਕੇ ਖੇਤੀਬਾੜੀ ਕਰਦੇ ਆ ਰਹੇ ਇਨ੍ਹਾਂ ਕਿਸਾਨਾਂ ਨੂੰ ਮੁੜ ਜ਼ਮੀਨ ਦੇਣ ਲਈ ਹਰਿਆਣਾ ਸਰਕਾਰ ਨੇ ਇਕ ਨੀਤੀ ਬਣਾਈ ਹੈ ਪਰ ਵਿਧਾਨ ਸਭਾ ਵੱਲੋਂ ਮਤਾ ਪਾਸ ਕਰ ਦੇਣ ਦੇ ਬਾਵਜੂਦ ਵੀ ਅਜੇ ਤੱਕ ਇਸ ਨੀਤੀ ਨੂੰ ਲਾਗੂ ਨਹੀਂ ਕੀਤਾ। ਇਹ ਗਰੀਬ ਸਿੱਖ ਕਿਸਾਨ ਹਰ ਮਹੀਨੇ ਸ਼੍ਰੋਮਣੀ ਕਮੇਟੀ ਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਿੱਤੇ ਜਾ ਰਹੇ ਦੋ ਲੱਖ ਰੁਪਏ ਦੇ ਰਾਸ਼ਨ ਨਾਲ ਆਪਣਾ ਗੁਜ਼ਾਰਾ ਕਰਦੇ ਆ ਰਹੇ ਹਨ।

ਇਹ ਗਰੀਬ ਸਿੱਖ ਕਿਸਾਨ ਜੋ ਆਪਣੀ ਜ਼ਮੀਨ ਬਚਾਉਣ ਲਈ ਕਾਨੂੰਨੀ ਚਾਰਾਜੋਈ ਵਿਚ ਆਪਣੀ ਥੋੜ੍ਹੀ-ਬਹੁਤੀ ਪੂੰਜੀ ਵੀ ਲਾ ਚੁੱਕੇ ਹਨ, ਦੀ ਮੀਡੀਆ ਵਿਚ ਖ਼ਬਰਾਂ ਆਉਣ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੱਗੇ ਆਈ ਸੀ। ਇਕ ਕਿਸਾਨ ਭੋਲਾ ਸਿੰਘ ਨੇ ਦੱਸਿਆ ਕਿ ਉਨ੍ਹਾਂ ਲਈ ਹਰ ਦਿਨ ਔਕੜਾਂ ਭਰਿਆ ਆਉਂਦਾ ਹੈ। ਬਿਜਲੀ ਬਿੱਲ ਨਾ ਭਰੇ ਜਾ ਸਕਣ ਕਾਰਨ ਉਨ੍ਹਾਂ ਦੇ ਘਰਾਂ ਦੇ ਕੁਨੈਕਸ਼ਨ ਕੱਟੇ ਜਾ ਚੁੱਕੇ ਹਨ

> **ਸਾਲ 1952 ਤੋਂ ਲੀਜ਼ 'ਤੇ ਜ਼ਮੀਨ ਲੈ ਕੇ ਕਰ ਰਹੇ ਨੇ ਖੇਤੀ**
>
> **ਸ਼੍ਰੋਮਣੀ ਕਮੇਟੀਆਂ ਕਰ ਰਹੀਆਂ ਨੇ ਮੱਦਦ**

ਤੇ ਉਨ੍ਹਾਂ ਦੇ ਬੱਚੇ ਸਕੂਲਾਂ ਵਿਚ ਪੜ੍ਹਨ ਤੋਂ ਹਟ ਰਹੇ ਹਨ।

ਉਹ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੇ ਆਸਰੇ ਦਿਨ ਕਟੀ ਕਰ ਰਹੇ ਹਨ। ਇੱਕ ਬਜ਼ੁਰਗ ਮਕਤੂਲ ਸਿੰਘ ਨੇ ਦੱਸਿਆ ਕਿ ਭਾਵੇਂ ਉਨ੍ਹਾਂ ਦੀਆਂ 800 ਦੇ ਕਰੀਬ ਵੋਟਾਂ ਹਨ ਪਰ ਅੱਜ ਤੱਕ ਕੋਈ ਵੀ ਰਾਜਸੀ ਆਗੂ ਉਨ੍ਹਾਂ ਤੋਂ ਵੋਟਾਂ ਮੰਗਣ ਨਹੀਂ ਆਇਆ। ਉਨ੍ਹਾਂ ਕਿਹਾ ਕਿ ਉਹ ਹੁੱਡਾ ਸਰਕਾਰ ਵੱਲੋਂ ਕਿਸਾਨਾਂ ਦੇ ਮੁੜ ਵਸੇਬੇ ਲਈ ਨੀਤੀ ਬਣਾਏ ਜਾਣ 'ਤੇ ਸਰਕਾਰ ਦੇ ਧੰਨਵਾਦੀ ਹਨ ਪਰ ਇਥੇ ਜ਼ਮੀਨ ਬੰਜਰ ਪਈ ਹੈ ਤੇ ਕਿਸਾਨ ਭੁੱਖੇ ਮਰ ਰਹੇ ਹਨ ਤੇ ਲੋਕਾਂ ਵਿਚ ਰੋਹ ਹੈ ਤੇ ਲੋਕ ਰੋਹ ਤੋਂ ਡਰਦੇ ਹੁਣ ਤੱਕ ਇਥੋਂ ਮੌਜੂਦਾ ਲੋਕ ਸਭਾ ਮੈਂਬਰ ਨਵੀਨ ਜਿੰਦਲ ਜਾਂ ਕੋਈ ਹੋਰ ਆਗੂ ਪਿੰਡ ਵਿਚ ਨਹੀਂ ਵੜ ਰਿਹਾ।

ਪੀੜਤ ਕਿਸਾਨਾਂ ਦੀ ਕਮੇਟੀ ਦੇ ਪ੍ਰਧਾਨ ਨੇ ਕਿਹਾ ਕਿ ਕੋਈ ਵੀ ਆਪਣੇ ਜਮਹੂਰੀ ਅਧਿਕਾਰ ਤੋਂ ਵਾਂਝੇ ਨਹੀਂ ਰਹਿਣਾ ਚਾਹੁੰਦਾ ਪਰ ਜਦੋਂ ਪਰਿਵਾਰ ਭੁੱਖਾ ਮਰ ਰਿਹਾ ਹੋਵੇ, ਇਲਾਜ ਲਈ ਜੇਬ ਵਿਚ ਪੈਸੇ ਨਾ ਹੋਣ, ਬੱਚੇ ਸਕੂਲ, ਕਾਲਜ ਨਾ ਜਾ ਸਕਣ, ਫਿਰ ਇਕ ਵੋਟ ਪਾਉਣੀ ਮਜਬੂਰੀਵੱਸ ਦੂਰ ਦੀ ਗੱਲ ਹੋ ਜਾਂਦੀ ਹੈ। ਉਜਾੜੇ ਦੀ ਮਾਰ ਝੱਲ ਰਹੇ ਇਨ੍ਹਾਂ ਕਿਸਾਨਾਂ ਨੇ ਆਪਣੀ ਜ਼ਮੀਨ ਬਚਾਉਣ ਲਈ ਪ੍ਰਤੀ ਕਿਸਾਨ ਪੰਜਾਹ ਹਜ਼ਾਰ ਰੁਪਏ ਦੇ ਹਿਸਾਬ ਇਕੱਠੇ ਕਰਕੇ ਕੋਈ ਡੇਢ ਕਰੋੜ ਰੁਪਏ ਮਾਲ ਮਹਿਕਮੇ ਦੇ ਇਕ ਅਧਿਕਾਰੀ ਨੂੰ ਦਿੱਤੇ ਪਰ ਗਰੀਬ ਕਿਸਾਨ ਬੇਵਸੀ ਵਿਚ ਉਸ ਦਾ ਨਾਂ ਵੀ ਨਾ ਦੱਸ ਸਕੇ ਤੇ ਹੋਰ ਗਰੀਬ ਹੋ ਗਏ।

# ਕਰਜ਼ੇ ਦੇ ਬੋਝ ਹੇਠ ਦੱਬੇ ਕਿਸਾਨ ਵੱਲੋਂ ਖੁਦਕੁਸ਼ੀ

**ਸੰਗਰੂਰ:** ਨੇੜਲੇ ਪਿੰਡ ਉਭਾਵਾਲ ਵਿਚ ਇਕ ਕਿਸਾਨ ਜਗਦੇਵ ਸਿੰਘ ਨੇ ਘਰ ਵਿਚ ਫਾਹਾ ਲਾ ਕੇ ਆਤਮ ਹੱਤਿਆ ਕਰ ਲਈ। ਆਤਮ ਹੱਤਿਆ ਦਾ ਕਾਰਨ ਕਰਜ਼ੇ ਦਾ ਭਾਰ ਤੇ ਮਾਨਸਿਕ ਪ੍ਰੇਸ਼ਾਨੀ ਦੱਸਿਆ ਜਾ ਰਿਹਾ ਹੈ। ਸਿਵਲ ਹਸਪਤਾਲ ਵਿਚ ਕਿਸਾਨ ਦੇ 18 ਵਰ੍ਹਿਆਂ ਦੇ ਵੱਡੇ ਪੁੱਤਰ ਭੁਪਿੰਦਰ ਸਿੰਘ ਨੇ ਦੱਸਿਆ ਕਿ ਉਸ ਦੇ ਪਿਤਾ ਦੀ ਸਿਰਫ਼ ਇਕ ਏਕੜ ਜ਼ਮੀਨ ਹੈ ਜਿਸ ਨਾਲ ਪਰਿਵਾਰ ਦਾ ਗੁਜ਼ਾਰਾ ਨਹੀਂ ਹੁੰਦਾ ਸੀ।

ਉਸ ਦੇ ਪਿਤਾ ਜਗਦੇਵ ਸਿੰਘ ਨੇ ਟਰੱਕ ਵੀ ਲਿਆ ਪਰ ਫਿਰ ਵੀ ਪਰਿਵਾਰ ਦੀ ਆਰਥਿਕ ਹਾਲਤ ਨਾ ਸੁਧਰੀ। ਉਸ ਨੇ ਦੱਸਿਆ ਕਿ ਉਸ ਦੀ ਮਾਤਾ ਦੀ ਸਾਲ 2006 ਵਿਚ ਮੌਤ ਹੋ ਚੁੱਕੀ ਹੈ। ਮਾਤਾ-ਪਿਤਾ ਦੀ ਮੌਤ ਤੋਂ ਬਾਅਦ ਦੋਵੇਂ ਭਰਾ ਘਰ ਵਿਚ ਇਕੱਲੇ ਰਹਿ ਗਏ ਹਨ। ਉਸ ਨੇ ਦੱਸਿਆ ਕਿ ਉਸ ਦੇ ਪਿਤਾ ਜਗਦੇਵ ਸਿੰਘ (50) ਘਰ ਵਿਚ ਇਕੱਲੇ ਸਨ ਤੇ ਘਰ ਦੇ ਵਿਹੜੇ ਵਿਚ ਲੱਗੇ ਦਰਖਤ ਨਾਲ ਫਾਹਾ ਲੈ ਲਿਆ। ਉਸ ਨੇ ਦੱਸਿਆ ਕਿ ਪਿਤਾ ਸਿਰ ਕਰਜ਼ੇ ਦੇ ਲੈਣ-ਦੇਣ ਦਾ ਕਾਫ਼ੀ ਬੋਝ ਸੀ ਤੇ ਟਰੱਕ ਦਾ ਧੰਦਾ ਵੀ ਬਹੁਤਾ ਨਹੀਂ ਚਲਦਾ ਸੀ ਜਿਸ ਕਾਰਨ ਉਹ ਪ੍ਰੇਸ਼ਾਨ ਰਹਿੰਦਾ ਸੀ।

# ਡਰੱਗ ਤਸਕਰੀ ਕੇਸ 'ਚ ਘਿਰੇ ਭੋਲੇ ਨੂੰ ਮਿਲੀ ਧਮਕੀ

**ਪਟਿਆਲਾ:** ਬਹੁਚਰਚਿਤ ਸਿੰਥੈਟਿਕ ਡਰੱਗ ਮਾਮਲੇ ਵਿਚ ਪੰਜਾਬ ਪੁਲਿਸ ਦੇ ਹੱਥੇ ਚੜ੍ਹੇ ਸਮਗਲਰ ਜਗਦੀਸ਼ ਭੋਲਾ ਨੇ ਉਸ ਨੂੰ ਜਾਨ ਦਾ ਖਤਰਾ ਹੋਣ ਦਾ ਖੁਲਾਸਾ ਕੀਤਾ ਹੈ। ਭੋਲੇ ਨੇ ਆਪਣੇ ਵਕੀਲ ਸਤੀਸ਼ ਕਰਕਰਾ ਰਾਹੀਂ ਬਕਾਇਦਾ ਡੀ.ਜੀ.ਪੀ. ਜੇਲ੍ਹ ਨੂੰ ਪੱਤਰ ਲਿਖ ਕੇ ਉਸ ਦੀ ਜਾਨ ਦੀ ਰਾਖੀ ਕਰਨ ਦੀ ਮੰਗ ਕਰਨ ਦੇ ਨਾਲ-ਨਾਲ ਉਸ ਦੀ ਜੇਲ੍ਹ ਤਬਦੀਲ ਕੀਤੇ ਜਾਣ ਦੀ ਵੀ ਮੰਗ ਕੀਤੀ ਹੈ। 25 ਮਾਰਚ ਨੂੰ ਪਟਿਆਲਾ ਜੇਲ੍ਹ ਵਿਚ ਪੇਸ਼ੀ ਭੁਗਤਣ ਆਏ ਭੋਲੇ ਨੇ ਸਤੀਸ਼ ਕਰਕਰਾ ਨੂੰ ਜਾਣਕਾਰੀ ਦਿੰਦੇ ਹੋਏ ਅਸਿੱਧੇ ਤੌਰ 'ਤੇ ਡਾਇਰੈਕਟਰ ਇਨਫੋਰਸਮੈਂਟ ਨੂੰ ਇਸ ਲਈ ਜ਼ਿੰਮੇਵਾਰ ਠਹਿਰਾਇਆ।



ਪੱਤਰ ਵਿਚ ਸਾਫ਼ ਕੀਤਾ ਗਿਆ ਹੈ ਕਿ ਉਕਤ ਅਧਿਕਾਰੀ ਨੇ ਸਿੰਥੈਟਿਕ ਡਰੱਗ ਮਾਮਲੇ ਦੀ ਜਾਂਚ ਦੌਰਾਨ ਭੋਲੇ ਦੇ ਲਏ ਬਿਆਨਾਂ ਨੂੰ ਅਖ਼ਬਾਰਾਂ ਵਿਚ ਪ੍ਰਕਾਸ਼ਿਤ ਕਰਵਾ ਕੇ ਉਸ ਦੀ ਜਾਨ ਨੂੰ ਖਤਰੇ ਵਿਚ ਪਾ ਦਿੱਤਾ ਹੈ। ਦੱਸਣਯੋਗ ਹੈ ਕਿ ਪਿਛਲੇ ਦਿਨੀਂ ਹੀ ਅੰਗ੍ਰੇਜ਼ੀ ਦੇ ਇਕ ਅਖਬਾਰ ਨੇ ਭੋਲੇ ਦੀ ਡਾਇਰੈਕਟਰ ਇਨਫੋਰਸਮੈਂਟ ਵੱਲੋਂ ਲਈ ਗਈ ਸਟੇਟਮੈਂਟ ਛਾਪੀ ਸੀ ਜਿਸ ਵਿਚ ਬਕਾਇਦਾ ਪੰਜਾਬ ਦੇ ਕੁਝ ਚੋਟੀ ਦੇ ਸਿਆਸਤਦਾਨਾਂ ਦੀ ਡਰੱਗ ਮਾਮਲੇ ਵਿਚ ਸ਼ਮੂਲੀਅਤ ਹੋਣ ਦਾ ਵੀ ਖੁਲਾਸਾ ਕੀਤਾ ਗਿਆ ਸੀ। ਸਤੀਸ਼ ਕਰਕਰਾ ਰਾਹੀਂ ਲਿਖੇ ਪੱਤਰ ਵਿਚ ਭੋਲੇ ਨੇ ਦੱਸਿਆ ਕਿ ਉਸ ਦੇ ਖਿਲਾਫ਼ ਜਿਹੜੀ ਚਾਰਜਸ਼ੀਟ ਪੇਸ਼ ਕੀਤੀ ਗਈ ਹੈ ਉਸ ਨੇ ਅਖਬਾਰ ਵਿਚ ਛਪੀ ਖਬਰ ਤੇ ਉਸ ਵਿਚਲੇ ਤੱਥਾਂ 'ਤੇ ਪੱਕੀ ਮੋਹਰ ਲਾ ਦਿੱਤੀ ਹੈ, ਜਿਸ ਕਾਰਨ ਉਸ ਦੀ ਜਾਨ, ਮਾਲ ਨੂੰ ਭਾਰੀ ਖਤਰਾ ਪੈਦਾ ਹੋ ਗਿਆ ਹੈ। ਪੱਤਰ ਅਨੁਸਾਰ ਪਹਿਲਾਂ ਭੋਲੇ ਨੂੰ ਨਾਭਾ ਦੀ ਨਿਊ ਜੇਲ੍ਹ ਵਿਚ ਰੱਖਿਆ ਗਿਆ ਸੀ ਪਰ ਬਾਅਦ ਵਿਚ ਅਚਾਨਕ ਹੀ ਤੇ ਬਿਨਾਂ ਅਦਾਲਤੀ ਹੁਕਮਾਂ ਤੋਂ ਮੈਕਸੀਮਮ ਸਕਿਉਰਿਟੀ ਜੇਲ ਨਾਭਾ ਵਿਚ ਤਬਦੀਲ ਕਰ ਦਿੱਤਾ ਗਿਆ ਕਿਉਂਕਿ ਉਕਤ ਜੇਲ ਵਿਚ ਖਤਰਨਾਕ ਕਿਸਮ ਦੇ ਅੱਤਵਾਦੀ ਤੇ ਹੋਰ ਗੈਰ ਸਮਾਜੀ ਅਨਸਰ ਬੰਦ ਹਨ। ਇਸ ਲਈ ਉਸ ਦੀ ਜਾਨ ਨੂੰ ਹੋਰ ਵੀ ਗੰਭੀਰ ਖਤਰਾ ਪੈਦਾ ਹੋ ਗਿਆ ਹੈ। ਪੱਤਰ ਵਿਚ ਕਿਸੇ ਵਿਅਕਤੀ ਵਿਸ਼ੇਸ਼ ਜਾਂ ਸਿਆਸੀ ਆਗੂ ਜਿਸ ਤੋਂ ਭੋਲੇ ਦੀ ਜਾਨ ਨੂੰ ਖਤਰਾ ਹੋਵੇ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ।

# ਸਿੱਖ ਕਤਲੇਆਮ 'ਤੇ ਸਿਆਸਤ ਦਾ ਲਿਆ ਸਖਤ ਨੋਟਿਸ

**ਅੰਮ੍ਰਿਤਸਰ:** ਦਲ ਖਾਲਸਾ ਨੇ ਦੋਸ਼ ਲਾਇਆ ਹੈ ਕਿ ਕਾਂਗਰਸ ਤੇ ਭਾਜਪਾ ਦੋਵੇਂ ਪਾਰਟੀਆਂ ਸਿੱਖ ਦਰਦ 'ਤੇ ਰਾਜਨੀਤੀ ਕਰ ਰਹੀਆਂ ਹਨ ਤੇ ਇਸ ਪੀੜਾ ਵਿਚੋਂ ਸਿਆਸੀ ਲਾਭ ਲੈਣ ਦੇ ਰਾਅ ਵਿਚ ਹਨ। ਪਾਰਟੀ ਪ੍ਰਧਾਨ ਹਰਚਰਨਜੀਤ ਸਿੰਘ ਧਾਮੀ ਤੇ ਬੁਲਾਰੇ ਕੰਵਰਪਾਲ ਸਿੰਘ ਨੇ ਕਿਹਾ ਕਿ ਚੋਣਾਂ ਦੇ ਮੌਸਮ ਕਾਰਨ, ਕਾਂਗਰਸ ਤੇ ਅਕਾਲੀ-ਭਾਜਪਾ ਗੱਠਜੋੜ ਦੇ ਉਮੀਦਵਾਰਾਂ ਖਾਸ ਕਰਕੇ ਅਰੁਣ ਜੇਤਲੀ, ਕੈਪਟਨ ਅਮਰਿੰਦਰ ਸਿੰਘ ਜੂਨ 1984 ਸਾਕਾ ਦਰਬਾਰ ਸਾਹਿਬ ਤੇ ਨਵੰਬਰ ਸਿੱਖ ਕਤਲੇਆਮ 'ਤੇ ਸੌੜੀ ਤੇ ਭੱਦੀ ਰਾਜਨੀਤੀ ਖੇਡਣੀ ਸ਼ੁਰੂ ਕਰ ਦਿੱਤੀ ਹੈ।

ਉਨ੍ਹਾਂ ਕਾਂਗਰਸ ਤੇ ਭਾਜਪਾ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਉਹ ਅਜਿਹੇ ਮੁੱਦਿਆਂ 'ਤੇ ਰਾਜਨੀਤੀ ਕਰਨੀ ਬੰਦ ਕਰਨ ਜਿਸ ਨਾਲ ਸਿੱਖ ਸੰਵੇਦਨਸ਼ੀਲਤਾ ਜੁੜੀ ਹੋਈ ਹੈ। ਉਨ੍ਹਾਂ ਕਾਂਗਰਸੀ ਆਗੂ ਕੈਪਟਨ ਅਮਰਿੰਦਰ ਸਿੰਘ ਵੱਲੋਂ 1981 ਤੋਂ 1995 ਦੇ ਦੌਰ ਨੂੰ ਕਾਲਾ ਦੌਰ ਕਹਿਣ ਬਾਰੇ ਪ੍ਰਕਾਸ਼ਿਤ ਬਿਆਨ 'ਤੇ ਸਖਤ ਇਤਰਾਜ਼ ਪ੍ਰਗਟਾਇਆ। ਉਨ੍ਹਾਂ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਦੀ ਵੀ ਅਲੋਚਨਾ ਕੀਤੀ।

## Matrimonial

### ਕੰਨਿਆ ਦੀ ਲੋੜ

ਹਿੰਦੂ ਅਗਰਵਾਲ, ਉਮਰ 26 ਸਾਲ, ਕੱਦ 5'-10", ਅਮਰੀਕਾ ਤੋਂ ਐਮ ਬੀ ਏ, ਵਰਕ ਪਰਮਿਟ 'ਤੇ ਜਾਬ ਅਤੇ ਆਪਣਾ ਕਾਰੋਬਾਰ ਕਰਦੇ ਲੜਕੇ ਲਈ ਅਮਰੀਕੀ ਸਿਟੀਜ਼ਨ ਲੜਕੀ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 516-547-5021

ਕੰਬੋਜ਼ ਸਿੱਖ ਅਮਰੀਕੀ ਸਿਟੀਜ਼ਨ, ਇਲੈਕਟ੍ਰੀਕਲ ਇੰਜੀਨੀਅਰ, ਸਟੋਰ ਮਾਲਕ ਕੱਦ 6'-1", 30 ਸਾਲਾ ਲੜਕੇ ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ ਕਰੋ, ਫੋਨ: 559-745-5287 ਜਾਂ ਈ-ਮੇਲ: sjudge@gmail.com

### ਵਰ ਦੀ ਲੋੜ

ਕੰਬੋਜ ਸਿੱਖ 5'-5", ਉਮਰ 32 ਸਾਲ, ਯੂ ਐਸ ਸਿਟੀਜ਼ਨ, ਕਾਇਰੋਪਰੈਕਟਰ ਲੜਕੀ ਲਈ ਪ੍ਰੋਫੈਸ਼ਨਲ ਅਮਰੀਕੀ/ ਕੈਨੇਡੀਅਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਕੰਬੋਜ ਸਿੱਖ ਲੜਕੇ ਦੀ ਲੋੜ ਹੈ। ਅਮੈਰਿਕਾ ਜਾਂ ਕੈਨੇਡਾ ਦਾ ਪੜ੍ਹਿਆ ਲਿਖਿਆ, ਚੰਗਾ ਪਰਿਵਾਰ ਹੋਵੇ। ਸੰਪਰਕ ਕਰੋ, ਫੋਨ: 661-993-6583

ਕੰਬੋਜ ਸਿੱਖ ਅਮਰੀਕੀ ਸਿਟੀਜ਼ਨ, 26 ਸਾਲ, ਕੱਦ 5'-5", ਬੀ ਐਸ ਸੀ, ਬਿਜਨਸ ਐਨਾਲਾਈਜ਼ਰ ਵਜੋਂ ਕੰਮ ਕਰਦੀ ਲੜਕੀ ਲਈ ਢੁਕਵੇਂ ਵਰ ਦੀ ਲੋੜ ਹੈ। ਐਚ-1 ਜਾਂ ਸਟੂਡੈਂਟ ਵੀਜ਼ੇ 'ਤੇ ਆਏ ਲੜਕੇ 'ਤੇ ਵੀ ਵਿਚਾਰ ਹੋ ਸਕਦੀ ਹੈ। ਸੰਪਰਕ ਕਰੋ: 601-473-9617, ਈਮੇਲ: santokh01@hotmail.com

*punjabtimesusa.com*


# ਰੇਡੀਓ ਚੰਨ ਪ੍ਰਦੇਸੀ ਨੇ ਮਨਾਈ ਦੂਜੀ ਵਰ੍ਹੇਗੰਢ

**ਸ਼ਿਕਾਗੋ (ਬਿਊਰੋ):** 'ਰੇਡੀਓ ਚੰਨ ਪ੍ਰਦੇਸੀ' ਸਭ ਦਿੱਕਤਾਂ ਅਤੇ ਦੁਸ਼ਵਾਰੀਆਂ ਦਾ ਸਾਹਮਣਾ ਕਰਦਿਆਂ ਹੱਕ, ਸੱਚ ਦੇ ਅਸੂਲਾਂ ਉਤੇ ਚਲਦਿਆਂ ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਵਲੋਂ ਇਕ ਆਦਰਸ਼ ਨਿਜ਼ਾਮ ਸਿਰਜਣ ਦੇ ਸੁਪਨੇ ਨੂੰ ਸਾਕਾਰ ਕਰਨ ਦੇ ਰਾਹ ਸਾਬਤ ਕਦਮੀਂ ਤੁਰਦਾ ਰਹੇਗਾ। ਇਹ ਵਿਚਾਰ ਦੁਨੀਆਂ ਭਰ ਦੇ ਕਰੀਬ 126 ਮੁਲਕਾਂ ਵਿਚ ਸੁਣੇ ਜਾਂਦੇ ਤੇ 24 ਘੰਟੇ, ਸੱਤੇ ਦਿਨ ਚਲਦੇ ਇੰਟਰਨੈਟ ਰੇਡੀਓ ਚੰਨ ਪ੍ਰਦੇਸੀ ਦੀ ਦੂਜੀ ਵਰ੍ਹੇਗੰਢ ਮੌਕੇ ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਹਾੜੇ 'ਤੇ ਕੀਤੇ ਗਏ ਸਮਾਗਮ ਨੂੰ ਸੰਬੋਧਨ ਕਰਦਿਆਂ ਰੇਡੀਓ ਦੇ ਇਕ ਡਾਇਰੈਕਟਰ ਸਰਵਣ ਟਿਵਾਣਾ ਨੇ ਪ੍ਰਗਟਾਏ।







ਸ. ਟਿਵਾਣਾ ਨੇ ਦੱਸਿਆ ਕਿ ਦੋ ਸਾਲਾਂ ਦੇ ਥੋੜ੍ਹੇ ਜਿਹੇ ਸਮੇਂ ਅੰਦਰ ਹੀ ਰੇਡੀਓ ਚੰਨ ਪ੍ਰਦੇਸੀ ਨੇ ਪੰਜਾਬੀ, ਗੁਰਬਾਣੀ ਅਤੇ ਹਿੰਦੀ ਪ੍ਰੋਗਰਾਮਾਂ ਦੇ ਪ੍ਰਸਾਰਣ ਰਾਹੀਂ ਆਪਣੀ ਇਕ ਨਿਵੇਕਲੀ ਪਛਾਣ ਬਣਾ ਲਈ ਹੈ ਜਿਸ ਪਿਛੇ ਨਾ ਸਿਰਫ ਰੇਡੀਓ ਦੇ ਮੇਜ਼ਬਾਨਾਂ ਦੀ ਟੀਮ ਦਾ ਹੀ ਯੋਗਦਾਨ ਹੈ ਸਗੋਂ ਇਸ ਦੇ ਪ੍ਰਸ਼ੰਸਕਾਂ, ਸ਼ੁਭਚਿੰਤਕਾਂ ਅਤੇ ਸਮਰਥਕਾਂ ਵਲੋਂ ਦਿੱਤੀ ਗਈ ਹੱਲਾਸ਼ੇਰੀ ਦਾ ਵੀ ਅਹਿਮ ਰੋਲ ਹੈ। ਉਨ੍ਹਾਂ ਕਿਹਾ ਕਿ ਰੇਡੀਓ ਪ੍ਰੋਗਰਾਮਾਂ ਨੂੰ ਹੋਰ ਬਿਹਤਰ ਬਣਾਉਣ ਲਈ ਸਰੋਤਿਆਂ ਦੇ ਸੁਝਾਵਾਂ ਨੂੰ ਖਿੜੇ ਮੱਥੇ ਪ੍ਰਵਾਨ ਕੀਤਾ ਜਾਵੇਗਾ ਅਤੇ ਸਾਡੀ ਟੀਮ ਰੇਡੀਓ ਨੂੰ ਹੋਰ ਬਿਹਤਰ ਬਣਾਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੇਗੀ। ਬੇਸ਼ਕ ਭਾਰਤ ਵਿਚ ਸਿਆਸੀ ਤਾਕਤਾਂ ਵਲੋਂ ਮੀਡੀਏ ਨੂੰ ਆਪਣਾ ਦੁਬੈਲ ਬਣਾਉਣ ਦੀ ਹਰ ਕੋਸ਼ਿਸ਼ ਕੀਤੀ ਜਾ ਰਹੀ ਹੈ ਪ੍ਰੰਤੂ ਰੇਡੀਓ ਚੰਨ ਪ੍ਰਦੇਸੀ ਪੱਤਰਕਾਰੀ ਦੇ ਮਿਆਰਾਂ ਉਤੇ ਪਹਿਰਾ ਦਿੰਦਾ ਰਹੇਗਾ।




ਸ. ਟਿਵਾਣਾ ਨੇ ਰੇਡੀਓ ਚੰਨ ਪ੍ਰਦੇਸੀ ਦੀ ਟੀਮ ਨਾਲ ਵੀ ਜਾਣ ਪਛਾਣ ਕਰਵਾਈ ਜਿਸ ਵਿਚ ਸ਼ਿਕਾਗੋ ਤੋਂ ਹਿੰਦੀ ਪ੍ਰਸਾਰਣ ਦੇ ਮੇਜ਼ਬਾਨ ਅਲਕਾ ਸ਼ਰਮਾ, ਪ੍ਰੋਮਿਲਾ ਕੁਮਾਰ, ਰਿਧੀ ਸਿੰਘ, ਆਭਾ ਬਘੇਲ, ਦਿਵਿਆ ਵਰਮਾ, ਰਾਜੇਸ਼ਵਰੀ ਰਾਵਤ, ਪੰਜਾਬੀ ਪ੍ਰਸਾਰਣ ਦੇ ਮੇਜ਼ਬਾਨ ਗੁਰਬਚਨ ਮਾਨ, ਦਰਸ਼ਨ ਬਸਰਾਓਂ, ਸਰਵਣ ਟਿਵਾਣਾ, ਗੁਰਮੁਖ ਭੁੱਲਰ; ਲਾਹੌਰ ਤੋਂ ਜ਼ੱਰਾ ਅਲੀ, ਹੈਰਿਸ ਅਤੇ ਲਾਹੌਰੀ ਸ਼ਾਮਲ ਹਨ।

ਸਮਾਗਮ ਨੂੰ ਸੰਬੋਧਨ ਕਰਦਿਆਂ ਰੇਡੀਓ ਦੇ ਇਕ ਹੋਰ ਡਾਇਰੈਕਟਰ ਦਰਸ਼ਨ ਸਿੰਘ ਬਸਰਾਓਂ ਨੇ ਰੇਡੀਓ ਦੇ ਨਿਰੰਤਰ ਵਧ ਰਹੇ ਸਰੋਤਿਆਂ ਬਾਰੇ ਵੇਰਵੇ ਦਿੱਤੇ। ਇਸ ਮੌਕੇ ਬੋਲਦਿਆਂ ਵੱਖ ਵੱਖ ਬੁਲਾਰਿਆਂ ਨੇ ਰੇਡੀਓ ਚੰਨ ਪ੍ਰਦੇਸੀ ਵਲੋਂ ਕਾਇਮ ਕੀਤੇ ਜਾ ਰਹੇ ਮਿਆਰਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਨਾ ਸਿਰਫ ਸ਼ਿਕਾਗੋ ਸਗੋਂ ਮਿਡਵੈਸਟ ਦੀਆਂ ਵੱਖ ਵੱਖ ਸਟੇਟਾਂ ਅਤੇ ਨਿਊ ਯਾਰਕ, ਨਿਊ ਜਰਸੀ, ਕੈਲੀਫੋਰਨੀਆ ਤੋਂ ਵੱਖ ਵੱਖ ਸੰਸਥਾਵਾਂ ਦੇ ਨੁਮਾਇੰਦੇ ਅਤੇ ਉਘੀਆਂ ਸ਼ਖਸੀਅਤਾਂ ਹਾਜ਼ਰ ਸਨ।

ਪ੍ਰੋਗਰਾਮ ਦੇ ਦੂਜੇ ਹਿੱਸੇ ਵਿਚ ਗਾਇਕ ਨਿੰਮਾ ਡੱਲੇਵਾਲ ਅਤੇ ਦੇਬੀ ਮਖਸੂਸਪੁਰੀ ਨੇ



ਆਪਣੀ ਉਮਦਾ ਗਾਇਕੀ ਰਾਹੀਂ ਸਰੋਤਿਆਂ ਦਾ ਭਰਪੂਰ ਮਨੋਰੰਜਨ ਕੀਤਾ। ਪ੍ਰੋਗਰਾਮ ਦੇ ਮੁੱਖ ਮਹਿਮਾਨ ਮਿਲਵਾਕੀ ਤੋਂ ਬਿਜਨਸਮੈਨ ਅਮਰਜੀਤ ਸਿੰਘ ਢੀਂਡਸਾ ਸਨ ਜਿਨ੍ਹਾਂ ਨੇ ਆਪਣੇ ਕਰ-ਕਮਲਾਂ ਰਾਹੀਂ ਰੇਡੀਓ ਚੰਨ ਪ੍ਰਦੇਸੀ ਦੇ ਸਮਰਥਕਾਂ ਨੂੰ ਯਾਦਗਾਰੀ ਚਿੰਨ੍ਹ ਭੇਟ ਕੀਤੇ। ਇਸ ਮੌਕੇ ਸਰਵਣ ਸਿੰਘ ਰਾਜੂ ਦੇ ਉਦਮ ਨਾਲ ਦੋਹਾਂ ਸੰਸਾਰ ਜੰਗਾਂ ਵਿਚ ਸਿੱਖਾਂ ਦੀ ਬਹਾਦਰੀ ਦਰਸਾਉਂਦੀਆਂ ਤਸਵੀਰਾਂ ਦੀ ਇਕ ਨੁਮਾਇਸ਼ ਵੀ ਲਾਈ ਗਈ।

ਰੇਡੀਓ ਚੰਨ ਪ੍ਰਦੇਸੀ ਦੀ ਟੀਮ ਨਾਲ ਸੰਪਰਕ ਫੋਨ: 219-670-4579, 815-557-4991 ਰਾਹੀਂ ਕੀਤਾ ਜਾ ਸਕਦਾ ਹੈ।

# ਪਰਵਾਸੀ ਮੁੰਡੇ ਨੇ ਦਿੱਤੀ 40 ਕਰੋੜ ਡਾਲਰ ਦੀ ਸਲਾਹ !

**ਨਿਊ ਯਾਰਕ:** ਭਾਰਤੀ ਮੂਲ ਦੇ ਇਕ 14 ਸਾਲਾ ਲੜਕੇ ਨੇ ਅਮਰੀਕਾ ਦੇ ਸਾਹਮਣੇ ਇਕ ਅਦਭੁੱਤ ਯੋਜਨਾ ਪੇਸ਼ ਕੀਤੀ ਹੈ ਜਿਸ ਨਾਲ ਅਮਰੀਕੀ ਸਰਕਾਰ ਆਪਣੀ ਕੁੱਲ ਲਾਗਤ ਵਿਚੋਂ 40 ਕਰੋੜ ਡਾਲਰ ਬਚਾ ਸਕਦੀ ਹੈ। ਪੀਟਸਬਰਗ ਖੇਤਰ ਦੇ ਇਕ ਮਿਡਲ ਸਕੂਲ ਵਿਚ ਪੜ੍ਹਾਉਣ ਵਾਲੇ ਸੁਵੀਰ ਮੀਰਚੰਦਾਨੀ ਨੇ ਦਾਅਵਾ ਕੀਤਾ ਕਿ ਜੇਕਰ ਸੰਘੀ ਸਰਕਾਰ ਦਸਤਾਵੇਜ਼ਾਂ ਵਿਚ ਵਰਤੇ ਜਾਣ ਵਾਲੇ ਫੌਂਟ ਵਿਚ ਤਬਦੀਲੀ ਕਰਦੀ ਹੈ ਤਾਂ 40 ਕਰੋੜ ਡਾਲਰ ਬਚਾਏ ਜਾ ਸਕਦੇ ਹਨ।

ਸੁਵੀਰ ਮੁਤਾਬਕ ਸਰਕਾਰ ਨੂੰ ਗਾਰਮੋਂਡ ਫੌਂਟ ਦੀ ਵਰਤੋਂ ਕਰੇ ਤਾਂ ਸਲਾਨਾ ਕਰੀਬ 13.6 ਕਰੋੜ ਡਾਲਰ ਦੀ ਬਚਤ ਕੀਤੀ ਜਾ ਸਕਦੀ ਹੈ ਜੋ ਸਿਆਹੀ 'ਤੇ ਸਲਾਨਾ ਖਰਚ ਹੋਣ ਵਾਲੀ ਅਨੁਮਾਨਤ 46.7 ਕਰੋੜ ਡਾਲਰ ਤੋਂ 30 ਫੀਸਦੀ ਘੱਟ ਹੈ। ਜੇਕਰ ਸਰਕਾਰਾਂ ਵੀ ਇਸ ਬਦਲਾਅ ਨੂੰ ਲਾਗੂ ਕਰਦੀਆਂ ਹਨ 23.4 ਕਰੋੜ ਦੀ ਹੋਰ ਵਾਧੂ ਰਾਸ਼ੀ ਬਚਾਈ ਜਾ ਸਕਦੀ ਹੈ। ਸੁਵੀਰ ਨੇ ਕਿਹਾ ਕਿ ਇਸ ਉਸ ਦੇ ਮਨ ਵਿਚ ਇਹ ਵਿਚਾਰ ਆਪਣੇ ਸਕੂਲ ਵਿਚ ਇਕ ਵਿਗਿਆਨ ਮੇਲਾ ਦੌਰਾਨ ਆਇਆ ਜਿਸ ਵਿਚ ਉਹ ਇਸ ਪ੍ਰਾਜੈਕਟ ਦੇ ਅਧੀਨ ਉਹ ਵਾਧੂ ਖਰਚੇ ਵਿਚ ਕਟੌਤੀ ਕਰਨ ਤੇ ਧਨ ਬਚਾਉਣ ਦੀ ਸੋਚ ਰਿਹਾ ਸੀ। ਉਸ ਨੇ ਆਪਣੇ ਪ੍ਰਯੋਗ ਦੇ ਅਧੀਨ ਅਧਿਆਪਕਾਂ ਨੂੰ ਹੈਂਡਾਊਟਸ ਤੋਂ ਬਿਨਾਂ ਬਾਰੀ ਦੇ ਰੈਂਡਮ ਨਮੂਨੇ ਲਏ ਤੇ ਆਮ ਤੌਰ 'ਤੇ ਜ਼ਿਆਦਾਤਰ ਵਰਤੇ ਜਾਣ ਵਾਲੇ ਈ.ਟੀ.ਏ. ਤੇ ਆਰ ਵਰਗੇ ਅੱਖਰਾਂ 'ਤੇ ਕੇਂਦਰਤ ਸਨ। ਸਰਕਾਰੀ ਪਰਿੰਟਿੰਗ ਦਫਤਰਾਂ ਗੈਰੀ ਸੋਮਰਸੈਟ, ਮੀਡੀਆ ਤੇ ਪਬਲਿਕ ਰਿਲੇਸ਼ਨ ਮੈਨੇਜਰ ਨੇ ਸੁਵੀਰ ਦੇ ਇਸ ਕਦਮ ਨੂੰ ਸ਼ਲਾਘਾਯੋਗ ਦੱਸਿਆ ਹੈ।

## ਫ਼ਰੀਦਕੋਟ ਤੋਂ ਆਜ਼ਾਦ ਚੋਣ ਲੜਨਗੇ ਸੀਤਲ ਸਿੰਘ

**ਮੋਗਾ:** ਹਲਕਾ ਫਰੀਦਕੋਟ ਤੋਂ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਤਿੰਨ ਵਾਰ ਵਿਧਾਇਕ ਤੇ ਮੁੱਖ ਸੰਸਦੀ ਸਕੱਤਰ ਰਹਿ ਚੁੱਕੇ ਸੀਤਲ ਸਿੰਘ ਨੇ ਲੋਕ ਸਭਾ ਹਲਕਾ ਫਰੀਦਕੋਟ ਤੋਂ ਆਜ਼ਾਦ ਉਮੀਦਵਾਰ ਵਜੋਂ ਚੋਣ ਲੜਨ ਦਾ ਐਲਾਨ ਕਰ ਦਿੱਤਾ। ਸੀਤਲ ਸਿੰਘ ਹਲਕਾ ਧਰਮਕੋਟ ਤੋਂ ਲਗਾਤਾਰ ਤਿੰਨ ਵਾਰ ਜੇਤੂ ਰਹੇ ਹਨ।

ਜ਼ਿਕਰਯੋਗ ਹੈ ਕਿ ਸੀਤਲ ਸਿੰਘ ਸਾਬਕਾ ਖੇਤੀਬਾੜੀ ਮੰਤਰੀ ਗੁਰਦੇਵ ਸਿੰਘ ਬਾਦਲ ਦੇ ਨਜ਼ਦੀਕੀ ਰਿਸ਼ਤੇਦਾਰ ਹਨ।

## ਔਰਤਾਂ ਚੋਣ ਮੈਦਾਨ 'ਚ

**ਚੰਡੀਗੜ੍ਹ:** ਲੋਕ ਸਭਾ ਚੋਣਾਂ 2014 ਲਈ ਹਰਿਆਣਾ ਪ੍ਰਾਂਤ ਵਿਚ ਸਿਰਫ਼ 10 ਔਰਤ ਉਮੀਦਵਾਰ ਹੀ ਚੋਣ ਮੈਦਾਨ ਵਿਚ ਉਤਰੀਆਂ ਹਨ ਜਿਨ੍ਹਾਂ ਵਿਚੋਂ ਇਕ ਮੌਜੂਦਾ ਸੰਸਦ ਮੈਂਬਰ ਹੈ। ਚੋਣ ਕਮਿਸ਼ਨ ਦੇ ਅੰਕੜਿਆਂ ਅਨੁਸਾਰ ਹਰਿਆਣਾ ਵਿਚ ਚੋਣ ਲੜ ਰਹੇ 230 ਉਮੀਦਵਾਰਾਂ ਵਿਚੋਂ ਸਿਰਫ਼ 10 ਔਰਤ ਉਮੀਦਵਾਰ ਹੀ ਚੋਣ ਲੜ ਰਹੇ ਹਨ। ਸਾਲ 2009 ਦੀਆਂ ਆਮ ਚੋਣਾਂ ਵਿਚ 14 ਔਰਤ ਉਮੀਦਵਾਰਾਂ ਨੇ ਚੋਣ ਲੜੀ ਸੀ। ਸਾਲ 1996 ਵਿਚ 9, 1999 ਵਿਚ 3 ਤੇ 2004 ਵਿਚ ਸਿਰਫ਼ 8 ਔਰਤ ਉਮੀਦਵਾਰਾਂ ਨੇ ਚੋਣ ਲੜੀ ਸੀ।


**Help Wanted For Housekeeping**

Need 2 workers, preferably a couple to clean a extended Stay Hotel. Good Pay plus Free lodging & U can cook. Friendly atmosphere

ਹੋਟਲ ਲਈ ਦੋ ਹਾਊਸਕੀਪਰਾਂ, ਤਰਜ਼ੀਹੀ ਤੌਰ 'ਤੇ ਪਤੀ-ਪਤਨੀ ਦੀ ਲੋੜ ਹੈ। ਚੰਗੀ ਤਨਖਾਹ ਅਤੇ ਮੁਫਤ ਰਿਹਾਇਸ਼, ਦੋਸਤਾਨਾ ਮਾਹੌਲ

Contact: Harpreet Singh, Ph: 580-736-6221

**Prince's Barber Shop**

37477 Fremont Blvd, suite C, Fremont, CA 94536

**Men & Children's Hair Cut**

*Threading
*Custom Text
*Men's Facials
*Hair Coler
*Custom Designing
*Shave &
*Line-ups
*Head Massage

*ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ*



Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)



**Cell: (510)-677-9942**
**Shop: (510)-505-9605**
*www.princebarbershop.com*

**ਤੰਦੂਰੀਏ ਦੀ ਫੌਰਨ ਲੋੜ ਹੈ**

ਆਇਓਵਾ ਸਟੇਟ ਵਿਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ ਦੀ ਫੌਰੀ ਤੌਰ 'ਤੇ ਲੋੜ ਹੈ।
ਚੰਗੀ ਤਨਖਾਹ ਤੇ ਮੁਫਤ ਰਿਹਾਇਸ਼

*ਸੰਪਰਕ ਕਰੋ, ਮਿਸਟਰ ਸਿੰਘ*

ਫੋਨ: 515-291-1961


**MRP TRAVEL**

*Lowest International and Domestic Fares*
ARC FLY ANY AIRLINE OF YOUR CHOICE IATA

*Providing the lowest Air-fare, Cruise and Travel Packages to Asia, Africa, Europe, the Middle East and North America*

408-929-8005
E-mail:mrptravel@gmail.com
2123 Port Way, San Jose, CA 95133
CST: 2097308-40

*Passport & Visa services also available*



*India Vacation tour package also available.*

Asiana Airlines Emirates KOREAN AIR SINGAPORE AIRLINES CATHAY PACIFIC Lufthansa CHINA AIRLINES

ਪੰਜਾਬ ਟਾਈਮਜ਼

*ਸਨਿਚਰਵਾਰ, 5 ਅਪਰੈਲ 2014*

# ਪ੍ਰੋ. ਭੁੱਲਰ ਦਾ ਕੇਸ: ਜ਼ਿੰਦਗੀ ਜ਼ਿੰਦਾਬਾਦ

ਪ੍ਰੋਫੈਸਰ ਦਵਿੰਦਰਪਾਲ ਸਿੰਘ ਭੁੱਲਰ ਦੀ ਫਾਂਸੀ ਆਖਰਕਾਰ ਟਲ ਗਈ ਹੈ। ਉਸ ਦੀ ਫਾਂਸੀ ਦੀ ਸਜ਼ਾ ਹੁਣ ਉਮਰ ਕੈਦ ਵਿਚ ਤਬਦੀਲ ਕਰ ਦਿੱਤੀ ਗਈ ਹੈ। ਸੁਪਰੀਮ ਕੋਰਟ ਨੇ ਆਪਣੇ ਨਵੇਂ ਫੈਸਲੇ ਦਾ ਆਧਾਰ ਭੁੱਲਰ ਦੀ ਅਸਥਿਰ ਮਾਨਸਿਕ ਅਵਸਥਾ ਅਤੇ ਸਰਕਾਰ ਵੱਲੋਂ ਉਸ ਦੀ ਰਹਿਮ ਦੀ ਅਪੀਲ ਉਤੇ ਕੀਤੀ ਦੇਰੀ ਨੂੰ ਬਣਾਇਆ ਹੈ। ਇਸ ਦੇ ਨਾਲ ਹੀ, ਅਦਾਲਤ ਨੇ ਆਪਣੇ ਫੈਸਲੇ ਵਿਚ ਅਜਿਹੀ ਕੋਈ ਟਿੱਪਣੀ ਵੀ ਨਹੀਂ ਕੀਤੀ ਕਿ ਭੁੱਲਰ ਨੂੰ ਰਹਿੰਦੀ ਸਾਰੀ ਜ਼ਿੰਦਗੀ ਜੇਲ੍ਹ ਅੰਦਰ ਰੱਖਿਆ ਜਾਵੇ; ਇਸ ਲਈ ਉਸ ਦੀ ਰਿਹਾਈ ਦਾ ਰਾਹ ਖੁੱਲ੍ਹਾ ਹੈ। ਪ੍ਰੋ. ਭੁੱਲਰ ਨੂੰ ਨਵੀਂ ਦਿੱਲੀ ਵਿਚ 11 ਸਤੰਬਰ 1993 ਨੂੰ ਹੋਏ ਕਾਰ ਬੰਬ ਧਮਾਕੇ ਵਾਲੇ ਕੇਸ ਵਿਚ ਇਹ ਸਜ਼ਾ ਸੁਣਾਈ ਗਈ ਸੀ। ਇਸ ਘਟਨਾ ਵਿਚ ਨੌਂ ਜਣੇ ਮਾਰੇ ਗਏ ਸਨ ਅਤੇ ਯੂਥ ਕਾਂਗਰਸ ਦਾ ਤਤਕਾਲੀ ਪ੍ਰਧਾਨ ਮਨਿੰਦਰਜੀਤ ਸਿੰਘ ਬਿੱਟਾ ਫੱਟੜ ਹੋ ਗਿਆ ਸੀ। ਪੁਲਿਸ ਰਿਪੋਰਟ ਅਨੁਸਾਰ ਇਸ ਹਮਲੇ ਦਾ ਨਿਸ਼ਾਨਾ ਕਾਂਗਰਸੀ ਆਗੂ ਬਿੱਟਾ ਹੀ ਸੀ। ਬਾਅਦ ਵਿਚ ਦਸੰਬਰ 1994 ਵਿਚ ਦਵਿੰਦਰਪਾਲ ਸਿੰਘ ਭੁੱਲਰ ਜਰਮਨੀ ਪੁੱਜ ਗਿਆ ਅਤੇ ਉਥੇ ਸਿਆਸੀ ਪਨਾਹ ਦੀ ਮੰਗ ਕੀਤੀ, ਪਰ ਉਸ ਵੇਲੇ ਦੀ ਜਰਮਨ ਸਰਕਾਰ ਨੇ ਉਸ ਦੀ ਅਪੀਲ ਖਾਰਜ ਕਰਕੇ ਜਨਵਰੀ 1995 ਵਿਚ ਉਸ ਨੂੰ ਭਾਰਤ ਦੇ ਹਵਾਲੇ ਕਰ ਦਿੱਤਾ। ਇਸ ਤੋਂ ਬਾਅਦ ਭਾਰਤ ਵਿਚ ਉਸ ਦੇ ਖਿਲਾਫ ਟਾਡਾ ਦੀ ਅਦਾਲਤ ਵਿਚ ਕੇਸ ਚੱਲਿਆ ਅਤੇ ਅਦਾਲਤ ਨੇ 2001 ਵਿਚ ਉਸ ਨੂੰ ਫਾਂਸੀ ਦੀ ਸਜ਼ਾ ਸੁਣਾ ਦਿੱਤੀ। ਉਸ ਕਾਲੇ ਦੌਰ ਦੌਰਾਨ ਟਾਡਾ ਕਾਨੂੰਨ ਤਹਿਤ ਪੁਲਿਸ ਕੋਲ ਦਰਜ ਕਰਵਾਏ ਬਿਆਨ ਨੂੰ ਹੀ ਸਬੂਤ ਮੰਨ ਲਿਆ ਜਾਂਦਾ ਸੀ, ਇਹ ਵੀ ਗੌਰ ਨਹੀਂ ਸੀ ਕੀਤਾ ਜਾਂਦਾ ਕਿ ਇਹ ਬਿਆਨ ਕਿੰਨੇ ਦਬਾਅ ਹੇਠ ਲਏ ਗਏ ਹਨ। ਸਿੱਟੇ ਵਜੋਂ ਪੁਲਿਸ ਅੱਗੇ ਭੁੱਲਰ ਦੇ ਮੁੱਢਲੇ ਬਿਆਨ ਨੂੰ ਆਧਾਰ ਬਣਾ ਕੇ ਹੇਠਲੀ ਅਦਾਲਤ ਨੇ ਉਸ ਨੂੰ ਫਾਸੀ ਦੀ ਸਜ਼ਾ ਦੇ ਦਿੱਤੀ। ਹਾਈ ਕੋਰਟ ਨੇ ਵੀ ਹੇਠਲੀ ਅਦਾਲਤ ਵਾਲਾ ਫੈਸਲਾ ਬਰਕਰਾਰ ਰੱਖਿਆ। ਭੁੱਲਰ ਦਾ ਇਹ ਕੇਸ ਆਪਣੇ-ਆਪ ਵਿਚ ਬਹੁਤ ਅਸਾਧਾਰਨ ਰਿਹਾ ਹੈ। ਤਿੰਨ ਵਾਰ ਉਸ ਦੀ ਫਾਂਸੀ ਦੀ ਸਜ਼ਾ ਬਰਕਰਾਰ ਰੱਖੀ ਗਈ। ਪਹਿਲਾਂ 22 ਮਾਰਚ 2002 ਨੂੰ ਸੁਪਰੀਮ ਕੋਰਟ ਨੇ ਫਾਂਸੀ ਬਾਰੇ ਫੈਸਲਾ ਬਰਕਰਾਰ ਰੱਖਿਆ; ਹਾਲਾਂਕਿ ਉਦੋਂ ਤਿੰਨਾਂ ਜੱਜਾਂ ਦੇ ਬੈਂਚ ਵਿਚੋਂ ਇਕ ਜੱਜ ਨੇ ਉਸ ਨੂੰ ਬਰੀ ਕਰ ਦਿੱਤਾ ਸੀ। ਤੀਜੇ ਜੱਜ ਦਾ ਕਹਿਣਾ ਸੀ ਕਿ ਸਿਰਫ ਪੁਲਿਸ ਅਫਸਰ ਅੱਗੇ ਦਿੱਤੇ ਬਿਆਨ ਨੂੰ ਆਧਾਰ ਬਣਾ ਕੇ ਕਿਸੇ ਨੂੰ ਫਾਂਸੀ ਦੀ ਸਜ਼ਾ ਨਹੀਂ ਸੁਣਾਈ ਜਾ ਸਕਦੀ, ਪਰ ਬਹੁਮਤ ਦੇ ਆਧਾਰ 'ਤੇ ਭੁੱਲਰ ਦੀ ਫਾਂਸੀ ਦੀ ਸਜ਼ਾ ਬਰਕਰਾਰ ਰੱਖੀ ਗਈ। ਫਿਰ 13 ਜੂਨ 2013 ਨੂੰ ਰਾਸ਼ਟਰਪਤੀ ਨੇ ਉਸ ਦੀ ਰਹਿਮ ਦੀ ਅਪੀਲ ਰੱਦ ਕਰ ਦਿੱਤੀ। ਇਸੇ ਤਰ੍ਹਾਂ 12 ਅਪਰੈਲ 2013 ਨੂੰ ਸੁਪਰੀਮ ਕੋਰਟ ਨੇ ਰਾਸ਼ਟਰਪਤੀ ਦਾ ਹੁਕਮ ਬਰਕਰਾਰ ਰੱਖਿਆ। ਮਗਰੋਂ ਇਸ ਕੇਸ ਦੌਰਾਨ ਇਹ ਗੱਲ ਵੀ ਸਾਹਮਣੇ ਆਈ ਕਿ ਇਸ ਕੇਸ ਦੀ ਪੈਰਵੀ ਵਿਚ ਵੀ ਕਿਤੇ ਨਾ ਕਿਤੇ ਕੁਝ ਕੋਤਾਹੀ ਹੋਈ। ਅਸਲ ਵਿਚ ਭੁੱਲਰ ਦੇ ਸਾਰੇ ਰਿਸ਼ਤੇਦਾਰ ਵਿਦੇਸ਼ਾਂ ਵਿਚ ਸਨ ਅਤੇ ਕੇਸ ਦੀ ਪੈਰਵੀ ਸਿੱਧੇ ਰੂਪ ਵਿਚ ਨਹੀਂ ਸਨ ਕਰ ਸਕੇ।

ਪ੍ਰੋ. ਭੁੱਲਰ ਦਾ ਇਹ ਕੇਸ ਪਿਛਲੇ ਤਕਰੀਬਨ ਦੋ ਦਹਾਕਿਆਂ ਦੌਰਾਨ ਅਕਸਰ ਚਰਚਾ ਵਿਚ ਰਿਹਾ ਹੈ। ਸਿੱਖ ਭਾਈਚਾਰਾ ਬੇਹੱਦ ਭਾਵੁਕ ਰੂਪ ਵਿਚ ਇਸ ਕੇਸ ਨਾਲ ਜੁੜ ਗਿਆ ਹੋਇਆ ਹੈ। ਭੁੱਲਰ ਦੀ ਫਾਂਸੀ ਤੁੜਵਾਉਣ ਅਤੇ ਉਸ ਦੀ ਮਾਨਸਿਕ ਅਵਸਥਾ ਨੂੰ ਮੋੜਾ ਦੇਣ ਵਿਚ ਉਸ ਦੀ ਪਤਨੀ ਨੇ ਜੋ ਤਰੱਦਦ ਕੀਤਾ ਹੈ, ਉਹ ਬੇਮਿਸਾਲ ਹੈ। ਇਹ ਗੱਲ ਵੱਖਰੀ ਹੈ ਕਿ ਬਾਦਲ ਸਰਕਾਰ ਨੇ ਕੁਝ ਸਾਲ ਪਹਿਲਾਂ ਭੁੱਲਰ ਨੂੰ ਅੰਮ੍ਰਿਤਸਰ ਜੇਲ੍ਹ ਵਿਚ ਤਬਦੀਲ ਕਰਨ ਦਾ ਜ਼ਿੰਮਾ ਇਹ ਕਹਿ ਕੇ ਓਟਣ ਤੋਂ ਇਨਕਾਰ ਕਰ ਦਿੱਤਾ ਸੀ ਕਿ ਭੁੱਲਰ ਬੜਾ ਖਤਰਨਾਕ ਦਹਿਸ਼ਤਪਸੰਦ ਹੈ ਅਤੇ ਉਸ ਨੂੰ ਅੰਮ੍ਰਿਤਸਰ ਜੇਲ੍ਹ ਵਿਚ ਨਹੀਂ ਰੱਖਿਆ ਜਾ ਸਕਦਾ। ਇਹ ਉਨ੍ਹਾਂ ਦਿਨਾਂ ਦੀ ਗੱਲ ਹੈ ਜਦੋਂ ਭੁੱਲਰ ਦੀ ਮਾਨਸਿਕ ਅਵਸਥਾ ਲਗਾਤਾਰ ਵਿਗੜ ਰਹੀ ਸੀ ਅਤੇ ਉਸ ਦੀ ਪਤਨੀ ਨਵਨੀਤ ਕੌਰ ਭੁੱਲਰ ਉਸ ਨੂੰ ਦਿੱਲੀ 'ਚੋਂ ਕੱਢਣ ਲਈ ਯਤਨ ਕਰ ਰਹੀ ਸੀ। ਹੌਲੀ-ਹੌਲੀ ਉਸ ਦੀ ਮਾਨਸਿਕ ਅਵਸਥਾ ਵਿਚ ਨਿਘਾਰ ਆਉਂਦਾ ਗਿਆ। ਉਸ ਦਾ ਇਲਾਜ ਕਰ ਰਹੇ ਡਾਕਟਰਾਂ ਲਈ ਵੀ ਇਹ ਪਰਖ ਦੀਆਂ ਘੜੀਆਂ ਸਨ। ਡਾਕਟਰਾਂ ਦੀ ਇਹ ਰਾਏ ਸੀ ਕਿ ਡਿਪਰੈਸ਼ਨ ਦੀ ਮਾਰ ਹੇਠ ਆਏ ਭੁੱਲਰ ਦੀ ਫਾਂਸੀ ਦੀ ਸਜ਼ਾ ਟੁੱਟਣ ਦੀ ਸੂਰਤ ਵਿਚ ਹੀ ਉਸ ਦੀ ਸਥਿਤੀ ਵਿਚ ਕੁਝ ਸੁਧਾਰ ਦੀ ਗੁੰਜਾਇਸ਼ ਹੋ ਸਕਦੀ ਹੈ, ਪਰ ਲੰਮਾ ਸਮਾਂ ਅਜਿਹਾ ਹੋ ਨਹੀਂ ਸਕਿਆ। ਹੁਣ ਵੀ ਜਦੋਂ ਸੋਮਵਾਰ ਨੂੰ ਸੁਪਰੀਮ ਕੋਰਟ ਦੇ ਫੈਸਲੇ ਤੋਂ ਬਾਅਦ ਨਵਨੀਤ ਕੌਰ ਭੁੱਲਰ ਨੇ ਹਸਪਤਾਲ ਵਿਚ ਉਸ ਨੂੰ ਇਹ ਖਬਰ ਸੁਣਾਈ ਤਾਂ ਉਸ ਨੂੰ ਕੋਈ ਖਬਰ ਨਹੀਂ ਹੋਈ। ਖੈਰ, ਪ੍ਰੋ. ਭੁੱਲਰ ਦੀ ਫਾਂਸੀ ਦੀ ਸਜ਼ਾ ਤੁੜਵਾਉਣ ਲਈ ਵੱਖ-ਵੱਖ ਧਿਰਾਂ ਨੇ ਮਾਨਵੀ ਆਧਾਰ 'ਤੇ ਟਿੱਲ ਲਾਇਆ। ਉਸ ਦੇ ਹੱਕ ਵਿਚ ਇਕ ਤਰ੍ਹਾਂ ਨਿਆਂ ਦੀ ਲਹਿਰ ਵੀ ਚੱਲੀ। ਦੂਜੇ ਪਾਸੇ, ਮਨਿੰਦਰਜੀਤ ਸਿੰਘ ਬਿੱਟਾ ਵਰਗੇ ਸ਼ਖਸ ਵੀ ਹਨ ਜਿਨ੍ਹਾਂ ਨੇ ਲੋਕਾਂ ਵਿਚ ਨਫਰਤ ਫੈਲਾਉਣ ਦੇ ਮਾਮਲੇ 'ਤੇ ਕਦੀ ਖੈਰ ਨਹੀਂ ਕੀਤੀ। ਭੁੱਲਰ ਦਾ ਕੇਸ ਹੋਵੇ ਜਾਂ ਕਸ਼ਮੀਰੀ ਨੌਜਵਾਨ ਅਫਜ਼ਲ ਗੁਰੂ ਦਾ, ਬਿੱਟੇ ਨੇ ਹਰ ਵਾਰ ਵੱਖ-ਵੱਖ ਫਿਰਕਿਆਂ ਵਿਚ ਜ਼ਹਿਰ ਘੋਲਣ ਦਾ ਕੰਮ ਹੀ ਕੀਤਾ। ਹੁਣ ਵੀ ਉਸ ਨੇ ਇਸ ਫੈਸਲੇ ਵਿਰੁਧ ਆਤਮਦਾਹ ਕਰਨ ਦੀ ਧਮਕੀ ਦਿੱਤੀ ਹੈ। ਅਦਾਲਤ ਨੂੰ ਚਾਹੀਦਾ ਹੈ ਕਿ ਇਹ ਬਿੱਟੇ ਦੇ ਇਸ ਬਿਆਨ ਨੂੰ ਅਦਾਲਤੀ ਮਾਣਹਾਨੀ ਦਾ ਕੇਸ ਬਣਾਵੇ। ਹੁਣ ਤਾਂ ਸੰਸਾਰ ਪੱਧਰ ਉਤੇ ਵੀ ਮੌਤ ਦੀ ਸਜ਼ਾ ਖਤਮ ਕਰਨ ਦੀ ਮੁਹਿੰਮ ਚੱਲੀ ਹੋਈ ਹੈ ਅਤੇ ਮਨੁੱਖੀ ਹੱਕਾਂ ਨਾਲ ਜੁੜੀਆਂ ਸੰਸਥਾਵਾਂ ਪੂਰੇ ਜੀਅ-ਜਾਨ ਇਸ ਪਾਸੇ ਜੁਟੀਆਂ ਹੋਈਆਂ ਹਨ। ਭਾਰਤ ਵਿਚ ਵੀ ਕਈ ਸੰਸਥਾਵਾਂ ਅਤੇ ਜਥੇਬੰਦੀਆਂ ਅਜਿਹੀ ਪੈਰਵੀ ਕਰ ਰਹੀਆਂ ਹਨ। ਹੁਣ ਮੌਕਾ ਹੈ ਕਿ ਬਿੱਟੇ ਵਰਗੇ ਲੀਡਰਾਂ ਨੂੰ ਪਛਾੜ ਲਾਈ ਜਾਵੇ ਅਤੇ 'ਜ਼ਿੰਦਗੀ ਜ਼ਿੰਦਾਬਾਦ' ਲਈ ਆਪੋ-ਆਪਣਾ ਹਿੱਸਾ ਪਾਇਆ ਜਾਵੇ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਨੀਲੇ-ਚਿੱਟੇ ਬਾਏ ਬਾਏ !*

ਪਾ ਕੇ ਵਾਰੀਆਂ ਸੂਬੇ ਨੂੰ ਲੁੱਟਦੇ ਜੋ, ਕਰੋ ਇਨ੍ਹਾਂ ਦਾ ਬਿਸਤਰਾ ਗੋਲ ਵੀਰੋ।
ਵੋਟ ਪਾਉਣ ਤੋਂ ਪਹਿਲਾਂ ਹੀ ਸੋਚ ਲੈਣਾ, ਭਲੇ ਬੁਰੇ ਦੀ ਕਰਿਉ ਪੜਚੋਲ ਵੀਰੋ।
ਮੂਧੀ ਮੰਜੀ 'ਤੇ ਪਾ ਦਿਉ ਤੱਕੜੀ ਨੂੰ, ਖਾਇਉ ਖਤਾ ਨਾ ਜ਼ਰਾ ਅਣਭੋਲ ਵੀਰੋ।
ਮੂੰਹ ਲਾਇਉ ਨਾ ਮੋਦੀਆਂ ਭਗਵਿਆਂ ਨੂੰ, ਨਾਲੇ ਦਿਉ 'ਮਸੰਦਾਂ' ਨੂੰ ਰੋਲ ਵੀਰੋ।
ਡੀਂਗਾਂ ਮਾਰ ਕੇ ਫੇਰ ਭਰਮਾਉਣਗੇ ਜੀ, ਕਰਿਉ ਭੋਰਾ ਵਿਸ਼ਵਾਸ ਨਾ ਫਿੱਟਿਆਂ ਦਾ।
ਆਪਣੇ 'ਆਪ' ਨੂੰ ਕਰੋ ਮਜ਼ਬੂਤ ਯਾਰੋ, ਖਹਿੜਾ ਛਡ ਦਿਉ ਨੀਲਿਆਂ-ਚਿੱਟਿਆਂ ਦਾ!

# ਵਿਦਿਆਰਥੀਆਂ ਨਾਲ ਵਧੀਕੀ

***ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਚ ਫੀਸਾਂ ਦੇ ਵਾਧੇ ਵਿਰੁਧ ਵਿਦਿਆਰਥੀਆਂ ਦੇ ਅੰਦੋਲਨ ਅਤੇ ਇਸ ਅੰਦੋਲਨ ਪ੍ਰਤੀ ਯੂਨੀਵਰਸਿਟੀ ਪ੍ਰਸ਼ਾਸਨ ਅਤੇ ਪੁਲਿਸ ਦੇ ਰਵੱਈਏ ਨੇ ਕਈ ਅਹਿਮ ਸਵਾਲ ਸਾਹਮਣੇ ਲਿਆਂਦੇ ਹਨ। ਇਨ੍ਹਾਂ ਸਵਾਲਾਂ ਵਿਚ ਬੱਚਿਆਂ ਲਈ ਵਿਦਿਆ ਦਾ ਸਵਾਲ ਸਭ ਤੋਂ ਅਹਿਮ ਹੈ। ਨਵੀਆਂ ਨੀਤੀਆਂ ਤਹਿਤ ਬੱਚਿਆਂ ਤੋਂ ਉਨ੍ਹਾਂ ਦਾ ਇਹ ਬੁਨਿਆਦੀ ਹੱਕ ਵੀ ਖੋਹਿਆ ਜਾ ਰਿਹਾ ਹੈ। ਵਿਦਿਆਰਥੀਆਂ ਦੇ ਇਸ ਅੰਦੋਲਨ ਅਤੇ ਉਸ ਤੋਂ ਬਾਅਦ ਯੂਨੀਵਰਸਿਟੀ ਪ੍ਰਸ਼ਾਸਨ ਦੀ ਪਹੁੰਚ ਬਾਰੇ ਜਮਹੂਰੀ ਅਧਿਕਾਰ ਸਭਾ, ਪੰਜਾਬ ਨੇ ਉਚੇਚੀ ਰਿਪੋਰਟ ਤਿਆਰ ਕੀਤੀ ਹੈ। ਇਸ ਰਿਪੋਰਟ ਤੋਂ ਯੂਨੀਵਰਸਿਟੀ ਪ੍ਰਸ਼ਾਸਨ ਦਾ ਟੀਰ ਸਾਫ ਨਜ਼ਰੀਂ ਪੈ ਰਿਹਾ ਹੈ। ਇਸ ਰਿਪੋਰਟ ਦਾ ਸੰਖੇਪ ਹਿੱਸਾ ਅਸੀਂ ਇਥੇ ਛਾਪ ਰਹੇ ਹਾਂ ਤਾਂ ਕਿ ਸੂਹ ਮਿਲ ਸਕੇ ਕਿ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਹੋਰ ਕਿਹੜੀਆਂ-ਕਿਹੜੀਆਂ ਔਕੜਾਂ ਵਿਚੋਂ ਲੰਘਣਾ ਪੈ ਰਿਹਾ ਹੈ। -ਸੰਪਾਦਕ***

ਅਠਾਰਾਂ ਮਾਰਚ 2014 ਨੂੰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਫ਼ੀਸਾਂ ਵਿਚ ਵਾਧੇ ਵਿਰੁੱਧ ਰੋਸ ਵਿਖਾਵਾ ਕਰ ਰਹੇ ਵਿਦਿਆਰਥੀਆਂ ਦੀ ਕੁੱਟਮਾਰ ਕੀਤੀ ਗਈ ਅਤੇ 9 ਵਿਦਿਆਰਥੀਆਂ ਨੂੰ ਗ੍ਰਿਫ਼ਤਾਰ ਕਰ ਕੇ ਉਨ੍ਹਾਂ ਖ਼ਿਲਾਫ਼ ਸੰਗੀਨ ਧਾਰਾਵਾਂ ਲਾ ਕੇ ਪਰਚਾ ਦਰਜ ਕੀਤਾ ਗਿਆ। ਜਮਹੂਰੀ ਅਧਿਕਾਰ ਸਭਾ (ਪੰਜਾਬ) ਦੀ ਸੂਬਾ ਕਮੇਟੀ ਵਲੋਂ ਇਸ ਘਟਨਾ ਦੀ ਹਕੀਕਤ ਪਤਾ ਲਾਉਣ ਅਤੇ ਤੱਥ ਸਾਹਮਣੇ ਲਿਆਉਣ ਲਈ ਜਾਂਚ ਟੀਮ ਬਣਾਈ ਗਈ ਜਿਸ ਵਿਚ ਸਭਾ ਦੇ ਜਨਰਲ ਸਕੱਤਰ ਪ੍ਰੋ. ਜਗਮੋਹਣ ਸਿੰਘ, ਵਿੱਤ ਸਕੱਤਰ ਤਰਸੇਮ ਲਾਲ, ਪ੍ਰੈੱਸ ਸਕੱਤਰ ਬੂਟਾ ਸਿੰਘ ਅਤੇ ਮੈਂਬਰ ਯਸ਼ਪਾਲ ਸ਼ਾਮਲ ਹੋਏ। 20 ਮਾਰਚ ਨੂੰ ਟੀਮ ਨੇ ਯੂਨੀਵਰਸਿਟੀ ਪਹੁੰਚ ਕੇ ਇਸ ਮਾਮਲੇ ਵਿਚ ਸ਼ਾਮਲ ਧਿਰਾਂ- ਸੰਘਰਸ਼ਸ਼ੀਲ ਵਿਦਿਆਰਥੀਆਂ, ਵਾਈਸ ਚਾਂਸਲਰ, ਯੂਨੀਵਰਸਿਟੀ ਅਧਿਆਪਕਾਂ ਅਤੇ ਪੁਲਿਸ ਅਧਿਕਾਰੀਆਂ ਨੂੰ ਮਿਲ ਕੇ ਉਨ੍ਹਾਂ ਦੇ ਵਿਚਾਰ ਜਾਣਨ ਦੇ ਯਤਨ ਕੀਤੇ।

ਟੀਮ ਨੇ ਵਿਦਿਆਰਥੀਆਂ ਅਤੇ ਉਥੇ ਹਾਜ਼ਰ ਉਨ੍ਹਾਂ ਦੇ ਮਾਪਿਆਂ ਦਾ ਪੱਖ ਜਾਣਿਆ। ਡੀ.ਐੱਸ.ਪੀ. (ਸੈਂਟਰਲ) ਅਸ਼ੀਸ਼ ਕਪੂਰ ਨਾਲ ਫ਼ੋਨ 'ਤੇ ਸੰਪਰਕ ਕਰ ਕੇ ਇਸ ਬਾਬਤ ਉਨ੍ਹਾਂ ਦਾ ਪੱਖ ਸੁਣਿਆ। ਟੀਮ ਸੀਨੀਅਰ ਪ੍ਰੋਫੈਸਰਾਂ ਨੂੰ ਵੀ ਮਿਲੀ ਅਤੇ ਕੁਝ ਮੀਡੀਆ ਨੁਮਾਇੰਦਿਆਂ ਨਾਲ ਵੀ ਗੱਲਬਾਤ ਕੀਤੀ ਜਿਹੜੇ ਵਿਦਿਆਰਥੀ ਅੰਦੋਲਨ, ਖ਼ਾਸ ਕਰ ਕੇ ਪੁਲਿਸ ਕਾਰਵਾਈ ਵਾਲੇ ਦਿਨ ਤੋਂ ਲਗਾਤਾਰ ਹਾਲਾਤ 'ਤੇ ਨਜ਼ਰ ਰੱਖ ਰਹੇ ਹਨ। ਵਾਈਸ ਚਾਂਸਲਰ ਅਰੁਣ ਕੁਮਾਰ ਗਰੋਵਰ ਨੇ ਮਿਲਣ ਲਈ ਸਮਾਂ ਹੀ ਨਹੀਂ ਦਿੱਤਾ।

**ਪਿਛੋਕੜ:** ਵਿਦਿਆਰਥੀਆਂ ਦੀ ਹਾਲੀਆ ਬੇਚੈਨੀ ਅਤੇ ਇਸ ਦੇ ਇਕ ਅੰਦੋਲਨ 'ਚ ਵਟ ਜਾਣ ਦਾ ਮੁੱਢ ਕੈਂਪਸ ਦੇ ਰੈਗੂਲਰ ਕੋਰਸਾਂ ਦੀਆਂ ਫ਼ੀਸਾਂ ਵਿਚ 20 ਫੀਸਦੀ ਅਤੇ ਸੈਲਫ਼-ਫਾਇਨਾਂਸਡ ਕੋਰਸਾਂ ਦੀਆਂ ਫ਼ੀਸਾਂ ਵਿਚ 10 ਫੀਸਦੀ ਵਾਧੇ ਦੇ ਫ਼ੈਸਲੇ ਤੋਂ ਬੱਝਿਆ। ਵਿਦਿਆਰਥੀਆਂ ਨੇ ਵਾਈਸ ਚਾਂਸਲਰ ਨੂੰ ਭੇਜੇ ਮੈਮੋਰੈਂਡਮ ਵਿਚ ਇਸ ਵਾਧੇ ਦਾ ਵਿਰੋਧ ਕੀਤਾ। ਉਨ੍ਹਾਂ ਮੁਤਾਬਕ ਇਹ ਵਾਧਾ ਨਾਵਾਜਬ ਅਤੇ ਵਿਦਿਆਰਥੀਆਂ ਦੀਆਂ ਜੇਬਾਂ ਵਿਚੋਂ ਹੋਰ ਪੈਸੇ ਖਿੱਚਣ ਦੀ ਚਾਲ ਹੈ। ਵਿਦਿਆਰਥੀਆਂ ਦੀ ਦਲੀਲ ਸੀ ਕਿ ਇਹ ਫ਼ੈਸਲਾ ਹਰ ਇਕ ਲਈ ਬਰਾਬਰ ਵਿਦਿਆ ਦੇ ਮੂਲ ਉਦੇਸ਼ ਦੇ ਉਲਟ ਹੈ। ਇਸ ਨਾਲ ਆਰਥਿਕ ਤੇ ਸਮਾਜਿਕ ਤੌਰ 'ਤੇ ਕਮਜ਼ੋਰ ਪਿਛੋਕੜ ਵਾਲੇ ਵਿਦਿਆਰਥੀ ਵਿਦਿਆ ਤੋਂ ਵਾਂਝੇ ਹੋ ਜਾਣਗੇ ਅਤੇ ਵਿਦਿਆ, ਸਾਧਨਾਂ ਵਾਲੇ ਖ਼ਾਸ ਵਰਗ ਦੀ ਇਜਾਰੇਦਾਰੀ ਬਣ ਕੇ ਰਹਿ ਜਾਵੇਗੀ।

ਵਿਦਿਆਰਥੀਆਂ ਦੀ ਇਹ ਦਲੀਲ ਵੀ ਸੀ ਕਿ ਯੂਨੀਵਰਸਿਟੀ ਵਿਚ 70 ਫੀਸਦੀ ਲੜਕੀਆਂ ਹਨ, ਫ਼ੀਸਾਂ ਵਿਚ ਲਗਾਤਾਰ ਵਾਧਾ ਲੜਕੀਆਂ ਦੀ ਉਚ ਵਿਦਿਆ ਦੇ ਮੌਕਿਆਂ ਨੂੰ ਬੁਰੀ ਤਰ੍ਹਾਂ ਪ੍ਰਭਾਵਤ ਕਰੇਗਾ, ਕਿਉਂਕਿ ਮਾਪੇ ਲੜਕੀ ਲਈ ਵਧ ਖ਼ਰਚੇ ਤੋਂ ਹੱਥ ਖਿੱਚਦੇ ਹਨ। 2008-2014 ਦੇ ਅਰਸੇ ਤੋਂ ਪਹਿਲਾਂ ਯੂਨੀਵਰਸਿਟੀ ਵਲੋਂ ਹਰ ਸਾਲ ਫ਼ੀਸਾਂ ਵਿਚ ਵਾਧਾ ਕੀਤਾ ਜਾਂਦਾ ਰਿਹਾ; ਮਸਲਨ 2002-03 ਵਿਚ 10 ਫੀਸਦੀ, 2003-04 ਵਿਚ 10 ਫਿਸਦੀ, 2004-05 ਵਿਚ 10 ਫੀਸਦੀ, 2005-06 ਵਿਚ 10 ਫੀਸਦੀ ਅਤੇ 2007-08 ਵਿਚ 5 ਫੀਸਦੀ। ਸਿਰਫ਼ 2008 ਤੋਂ 2014 ਦਾ ਅਰਸਾ ਹੀ ਹੈ ਜਿਸ ਵਿਚ ਵਾਧਾ ਨਹੀਂ ਕੀਤਾ ਗਿਆ। ਲਿਹਾਜ਼ਾ, ਵਿਦਿਆਰਥੀਆਂ ਨੇ ਨਾ ਸਿਰਫ਼ ਤਾਜ਼ਾ ਵਾਧਾ ਵਾਪਸ ਲਏ ਜਾਣ ਦੀ ਮੰਗ ਕੀਤੀ, ਸਗੋਂ ਲਾਗੂ ਫ਼ੀਸਾਂ ਅਤੇ ਹੋਸਟਲ ਖ਼ਰਚੇ ਘਟਾਉਣ ਦੀ ਮੰਗ ਕੀਤੀ।

ਵੀ.ਸੀ. ਵਲੋਂ ਵਿਦਿਆਰਥੀਆਂ ਦੀ ਮੰਗ ਨੂੰ ਵਿਚਾਰਨ ਦੀ ਥਾਂ ਇਸ ਨੂੰ ਦਰਕਿਨਾਰ ਕਰ ਦਿੱਤਾ ਗਿਆ। ਯੂਨੀਵਰਸਿਟੀ ਪ੍ਰਸ਼ਾਸਨ ਨੇ ਉਲਟਾ ਇਹ ਦਲੀਲ ਦਿੱਤੀ ਕਿ ਬਾਕੀ ਸਾਰੀਆਂ ਯੂਨੀਵਰਸਿਟੀਆਂ ਲਗਾਤਾਰ ਫ਼ੀਸ ਸਟਰਕਚਰ ਵਧਾਉਂਦੀਆਂ ਆ ਰਹੀਆਂ ਹਨ। ਇਸ ਯੂਨੀਵਰਸਿਟੀ ਨੇ ਪਿਛਲੇ ਤਿੰਨ ਸਾਲਾਂ ਵਿਚ ਫ਼ੀਸਾਂ ਤੇ ਹੋਸਟਲ ਚਾਰਜਿਜ਼ ਨਹੀਂ ਵਧਾਏ। ਇਨ੍ਹਾਂ ਵਿਚ ਲੋੜੀਂਦਾ ਵਾਧਾ ਨਾ ਕਰਨ ਦਾ ਮਤਲਬ ਹੋਵੇਗਾ, ਯੂਨੀਵਰਸਿਟੀ ਨੂੰ ਬੰਦ ਕਰਨ ਵੱਲ ਧੱਕਣਾ। ਇਨ੍ਹਾਂ ਹਾਲਾਤ ਵਿਚ ਇਸ ਦੀ ਫ਼ੀਸਾਂ ਤੇ ਹੋਰ ਖ਼ਰਚਾ ਵਸੂਲੀ ਵਿਚ ਵਾਧੇ ਦੀ ਤਜਵੀਜ਼ ਗ਼ਲਤ ਵੀ ਨਹੀਂ, ਤੇ ਨਾਵਾਜਬ ਵੀ ਨਹੀਂ।

ਸਟੂਡੈਂਟਸ ਫਾਰ ਸੁਸਾਇਟੀ ਵਲੋਂ 24 ਫਰਵਰੀ ਤੋਂ ਵੀ.ਸੀ. ਦਫ਼ਤਰ ਅੱਗੇ ਧਰਨਾ ਸ਼ੁਰੂ ਕਰ ਦਿੱਤਾ ਗਿਆ। ਵੀ.ਸੀ. ਅਤੇ ਯੂਨੀਵਰਸਿਟੀ ਪ੍ਰਸ਼ਾਸਨ ਚੰਗੀ ਤਰ੍ਹਾਂ ਜਾਣਦੇ ਸਨ ਕਿ ਮੰਗ ਉਠਾਉਣ ਵਾਲੇ ਵਿਦਿਆਰਥੀ ਕੋਈ ਗ਼ੈਰ-ਸੰਜੀਦਾ, ਹੁੱਲੜਬਾਜ਼ ਅਤੇ ਸ਼ਰਾਰਤੀ ਤੱਤ ਨਹੀਂ, ਸਗੋਂ ਪੜ੍ਹਾਈ ਵਿਚ ਗੰਭੀਰ ਅਤੇ ਸਮਾਜਕ ਸਰੋਕਾਰਾਂ ਨਾਲ ਜੁੜੇ ਵਿਦਿਆਰਥੀ ਹਨ। ਸਭਾ ਦੀ ਟੀਮ ਨੂੰ ਜਿਨ੍ਹਾਂ ਪ੍ਰੋਫੈਸਰਾਂ ਦੇ ਵਿਚਾਰ ਜਾਣਨ ਦਾ ਮੌਕਾ ਮਿਲਿਆ, ਉਨ੍ਹਾਂ ਨੇ ਬੇਝਿਜਕ ਇਸ ਦੀ ਪੁਸ਼ਟੀ ਕੀਤੀ। ਇਨ੍ਹਾਂ ਵਿਦਿਆਰਥੀਆਂ ਦੀਆਂ ਸਰਗਰਮੀਆਂ ਇਸ ਦਾ ਵਿਹਾਰਕ ਸਬੂਤ ਹਨ। ਵਿਦਿਆਰਥੀਆਂ ਦੀ ਜਥੇਬੰਦਕ ਚੇਤਨਾ ਅਤੇ ਸੰਵੇਦਨਸ਼ੀਲਤਾ ਨੂੰ ਉਕਾ ਹੀ ਨਜ਼ਰਅੰਦਾਜ਼ ਕਰਦਿਆਂ ਉਨ੍ਹਾਂ ਵਲੋਂ ਉਠਾਏ ਗੰਭੀਰ ਮਸਲੇ ਬਾਰੇ ਗੱਲਬਾਤ ਦਾ ਅਮਲ ਚਲਾਉਣ ਦੀ ਥਾਂ, ਉਨ੍ਹਾਂ ਦੇ ਜਥੇਬੰਦਕ ਅੰਦੋਲਨ ਬਾਰੇ ਇਸ ਉਦੇਸ਼ ਨਾਲ ਸੋਚੀ-ਸਮਝੀ ਖ਼ਾਮੋਸ਼ੀ ਅਖ਼ਤਿਆਰ ਕੀਤੀ ਗਈ, ਕਿ ਸਮਾਂ ਗੁਜ਼ਰਨ ਨਾਲ ਵਿਦਿਆਰਥੀ ਥੱਕ-ਟੁੱਟ ਕੇ ਅਤੇ ਨਿਰਾਸ਼ ਹੋ ਕੇ ਆਪੇ ਅੰਦੋਲਨ ਦਾ ਖਹਿੜਾ ਛੱਡ ਜਾਣਗੇ। ਜਾਂਚ ਟੀਮ ਨੂੰ ਇਹ ਜਾਣ ਕੇ ਹੈਰਾਨੀ ਹੋਈ ਕਿ ਭਾਰਤ ਦੀ ਪਹਿਲੀ ਕਤਾਰ ਦੀ ਇਸ ਯੂਨੀਵਰਸਿਟੀ ਵਿਚ ਵਿਦਿਆਰਥੀਆਂ ਦੀਆਂ ਮੰਗਾਂ ਅਤੇ ਸ਼ਿਕਾਇਤਾਂ ਦੇ ਨਿਬੇੜੇ ਦਾ ਕੋਈ ਢਾਂਚਾ ਹੀ ਨਹੀਂ ਹੈ।

ਉਧਰ, ਵਿਦਿਆਰਥੀ ਅੰਦੋਲਨ 'ਤੇ ਦ੍ਰਿੜ ਰਹੇ ਅਤੇ 23 ਦਿਨ ਪੂਰੀ ਤਰ੍ਹਾਂ ਸ਼ਾਂਤਮਈ ਢੰਗ ਨਾਲ ਧਰਨੇ 'ਤੇ ਬੈਠੇ ਰਹੇ। ਵੀ.ਸੀ. ਧਰਨੇ ਦੇ ਐਨ ਕੋਲੋਂ ਲੰਘ ਕੇ ਦਫ਼ਤਰ ਜਾਂਦੇ ਰਹੇ। ਇਸ ਅਣਦੇਖੀ ਕਾਰਨ ਯੂਨੀਵਰਸਿਟੀ ਅਥਾਰਟੀਜ਼ ਦਾ ਧਿਆਨ ਮਸਲੇ ਵੱਲ ਖਿੱਚਣ ਲਈ ਵਿਦਿਆਰਥੀ ਆਗੂ ਰਮਿੰਦਰ ਸਿੰਘ ਨੇ 12 ਮਾਰਚ ਤੋਂ ਅਣਮਿਥੇ ਸਮੇਂ ਲਈ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ। ਮਾਪਿਆਂ ਦਾ ਵੱਡਾ ਰੋਸ ਇਹ ਸੀ ਕਿ ਯੂਨੀਵਰਸਿਟੀ ਪ੍ਰਸ਼ਾਸਨ ਨੇ ਇਸ ਲੰਬੇ ਸਮੇਂ ਵਿਚ ਕੋਈ ਸੰਪਰਕ ਹੀ ਨਹੀਂ ਕੀਤਾ। ਇਸੇ ਦੌਰਾਨ ਅੰਦੋਲਨ ਨੂੰ ਵਿਦਿਆਰਥੀਆਂ ਦੀ ਹਮਾਇਤ ਵਿਚ ਵਾਧਾ ਹੁੰਦਾ ਗਿਆ। ਵਿਦਿਆਰਥੀਆਂ ਦੀ ਵੱਡੀ ਸ਼ਮੂਲੀਅਤ ਨੂੰ ਦੇਖਦਿਆਂ ਵੀ.ਸੀ. ਨੇ ਪੁਲਿਸ ਦੀ ਤਾਕਤ ਵਰਤ ਕੇ ਅੰਦੋਲਨ ਨੂੰ ਤੋੜਨ ਦਾ ਰਾਹ ਅਖ਼ਤਿਆਰ ਕੀਤਾ। 18 ਮਾਰਚ ਨੂੰ ਚਾਰ ਟਰੱਕਾਂ ਵਿਚ ਆਈ ਵੱਡੀ ਗਿਣਤੀ ਪੁਲਿਸ ਨੇ ਐੱਸ.ਐੱਚ.ਓ. ਮਲਕੀਅਤ ਸਿੰਘ ਦੀ ਅਗਵਾਈ ਵਿਚ ਭੁੱਖ ਹੜਤਾਲੀ ਰਮਿੰਦਰ ਸਿੰਘ ਨੂੰ ਧੱਕੇ ਨਾਲ ਉੱਥੋਂ ਚੁੱਕਣ ਦੀ ਕੋਸ਼ਿਸ਼ ਕੀਤੀ ਜਿਸ ਦਾ ਵਿਦਿਆਰਥੀਆਂ ਨੇ ਜ਼ੋਰਦਾਰ ਵਿਰੋਧ ਕੀਤਾ। ਇਸ 'ਤੇ ਬੁਖਲਾਹਟ ਵਿਚ ਆ ਕੇ ਪੁਲਿਸ ਨੇ ਉਥੇ ਹਾਜ਼ਰ 20-25 ਵਿਦਿਆਰਥੀਆਂ ਉਪਰ ਹਮਲਾ ਕਰ ਦਿੱਤਾ। ਪੁਲਿਸ ਕੋਲ ਮੈਜਿਸਟਰੇਟ ਦੀ ਕੋਈ ਮਨਜ਼ੂਰੀ ਨਹੀਂ ਸੀ। ਵਿਦਿਆਰਥੀਆਂ ਨੂੰ ਡਾਂਗਾਂ ਅਤੇ ਬੰਦੂਕ ਦੇ ਬੱਟ ਅਤੇ ਜ਼ਮੀਨ 'ਤੇ ਸੁੱਟ ਕੇ ਠੁੱਡੇ ਮਾਰੇ ਗਏ। 9 ਵਿਦਿਆਰਥੀਆਂ ਨੂੰ ਪੁਲਿਸ ਦੀਆਂ ਗੱਡੀਆਂ ਵਿਚ ਸੁੱਟ ਕੇ ਕੁੱਟਦੇ ਹੋਏ ਸੈਕਟਰ 11 ਥਾਣੇ ਲੈ ਕੇ ਗਏ, ਉਥੇ ਪੁਲਿਸ ਹਿਰਾਸਤ ਵਿਚ ਵੀ ਕੁੱਟਮਾਰ ਕੀਤੀ ਗਈ। ਵਿਦਿਆਰਥੀਆਂ ਨੂੰ ਕਿਸੇ ਵਕੀਲ ਨਾਲ ਸੰਪਰਕ ਕਰਨ ਦੀ ਇਜਾਜ਼ਤ ਤੱਕ ਨਹੀਂ ਦਿੱਤੀ ਗਈ। ਇੱਥੋਂ ਤਕ ਕਿ ਉਨ੍ਹਾਂ ਨੂੰ ਮਿਲਣ ਲਈ ਆਏ ਵਕੀਲਾਂ ਅਤੇ ਦੋਸਤਾਂ ਨੂੰ ਵੀ ਕਈ ਘੰਟੇ ਮਿਲਣ ਨਹੀਂ ਦਿੱਤਾ ਗਿਆ। ਮੈਡੀਕਲ ਵੀ ਪੰਜ ਘੰਟੇ ਬਾਅਦ ਕਰਵਾਇਆ ਗਿਆ। ਪੁਲਿਸ ਵਲੋਂ ਉਨ੍ਹਾਂ ਉਪਰ ਧਾਰਾ 323 (ਕਿਸੇ ਦੇ ਇਰਾਦਨ ਸੱਟਾਂ ਮਾਰਨ), ਧਾਰਾ 332 (ਸਰਕਾਰੀ ਮੁਲਾਜ਼ਮਾਂ ਨੂੰ ਡਿਊਟੀ ਕਰਨ ਤੋਂ ਰੋਕਣ), 353 (ਸਰਕਾਰੀ ਮੁਲਾਜ਼ਮਾਂ ਉਪਰ ਹਮਲਾ ਕਰਨ), 354 (ਔਰਤਾਂ ਨੂੰ ਬੇਪਤ ਦੇ ਇਰਾਦੇ ਨਾਲ ਉਨ੍ਹਾਂ 'ਤੇ ਹਮਲਾ ਕਰਨ) ਇਨ੍ਹਾਂ ਸੰਗੀਨ ਅਪਰਾਧਾਂ ਦੀਆਂ ਧਾਰਾਵਾਂ ਤਹਿਤ ਐੱਫ.ਆਈ.ਆਰ. ਦਰਜ ਕੀਤੀ ਗਈ, ਜਦਕਿ ਜ਼ਖ਼ਮੀ ਵਿਦਿਆਰਥੀਆਂ ਵਲੋਂ ਵਾਰ-ਵਾਰ ਜ਼ੋਰ ਦੇਣ ਦੇ ਬਾਵਜੂਦ ਉਨ੍ਹਾਂ ਦੀ ਸ਼ਿਕਾਇਤ 'ਤੇ ਐੱਫ.ਆਈ.ਆਰ ਦਰਜ ਨਹੀਂ ਕੀਤੀ ਗਈ। ਉਨ੍ਹਾਂ ਨੂੰ ਕਹਿ ਦਿੱਤਾ ਗਿਆ ਕਿ ਤੁਹਾਡੀ ਡੀ.ਡੀ.ਆਰ. ਦਰਜ ਕਰ ਲਈ ਗਈ ਹੈ, ਪਰ ਉਨ੍ਹਾਂ ਨੂੰ ਮੰਗਣ 'ਤੇ ਵੀ ਇਸ ਦੀ ਕਾਪੀ ਵੀ ਨਹੀਂ ਦਿੱਤੀ ਗਈ।

**ਪੁਲਿਸ ਦਾ ਪੱਖ:** ਪੁਲਿਸ ਦਾ ਇਲਜ਼ਾਮ ਹੈ ਕਿ ਵਿਦਿਆਰਥੀਆਂ ਨੇ ਉਨ੍ਹਾਂ ਨੂੰ ਡਿਊਟੀ ਕਰਨ ਤੋਂ ਰੋਕਿਆ, ਉਨ੍ਹਾਂ ਉਪਰ ਹਮਲਾ ਕੀਤਾ ਤੇ ਉਨ੍ਹਾਂ ਦੇ ਸੱਟਾਂ ਮਾਰੀਆਂ, ਇਕ ਮਹਿਲਾ ਮੁਲਾਜ਼ਮ ਨਾਲ ਜਿਨਸੀ ਛੇੜਛਾੜ ਕੀਤੀ ਅਤੇ ਉਸ ਦੀ ਵਰਦੀ ਪਾੜੀ ਜਿਸ ਕਾਰਨ ਉਨ੍ਹਾਂ ਨੂੰ ਤਾਕਤ ਦੀ ਵਰਤੋਂ ਕਰਨੀ ਪਈ।

**ਵਿਦਿਆਰਥੀਆਂ ਦਾ ਪੱਖ:** ਵਿਦਿਆਰਥੀਆਂ ਵਲੋਂ ਕੋਈ ਭੜਕਾਹਟ ਨਹੀਂ ਸੀ। ਪੁਲਿਸ ਨੇ ਜਦੋਂ ਭੁੱਖ ਹੜਤਾਲ 'ਤੇ ਬੈਠੇ ਵਿਦਿਆਰਥੀ ਨੂੰ ਚੁੱਕ ਕੇ ਲਿਜਾਣ ਦਾ ਯਤਨ ਕੀਤਾ ਤਾਂ ਉਨ੍ਹਾਂ ਨੇ ਵਿਰੋਧ ਕੀਤਾ। ਇਸ ਤੋਂ ਖਿਝ ਕੇ ਪੁਲਿਸ ਨੇ ਉਨ੍ਹਾਂ ਉਪਰ ਹਮਲਾ ਕੀਤਾ।

**ਪ੍ਰੋਫੈਸਰਾਂ ਦਾ ਪੱਖ:** ਟੀਚਰਾਂ ਨੂੰ ਇਹ ਦਲੀਲ ਦਿਤੀ ਜਾ ਰਹੀ ਹੈ ਕਿ ਜੇ ਉਹ ਫ਼ੀਸਾਂ ਦੇ ਵਾਧੇ ਦੀ ਮੁਖਾਲਫ਼ਿਤ ਕਰਨਗੇ ਤਾਂ 200 ਟੀਚਰਾਂ ਦੀਆਂ ਅਸਾਮੀਆਂ ਫਰੀਜ ਕਰ ਦਿੱਤੀਆਂ ਜਾਣਗੀਆਂ। ਉਨ੍ਹਾਂ ਦਾ ਕਹਿਣਾ ਸੀ ਕਿ ਵਿਦਿਆਰਥੀਆਂ ਨਾਲ ਗੱਲਬਾਤ ਕਰ ਕੇ ਹੱਲ ਕੱਢਣਾ ਹੀ ਬਣਦਾ ਹੈ।

**ਤੱਥ ਖੋਜ ਦਾ ਨਤੀਜਾ:** ਕੈਂਪਸ ਦਾ ਮਾਹੌਲ ਵਿਗਾੜਨ ਲਈ ਵੀ.ਸੀ. ਦੀ ਗ਼ੈਰ-ਜਮਹੂਰੀ ਪਹੁੰਚ ਜ਼ਿੰਮੇਵਾਰ ਹੈ ਜਿਸ ਨੇ ਮਸਲੇ ਦੇ ਹੱਲ ਲਈ ਸੰਵਾਦ ਦਾ ਜਮਹੂਰੀ ਅਮਲ ਚਲਾਉਣ ਅਤੇ ਕੈਂਪਸ ਦੇ ਪ੍ਰਸ਼ਾਸਨਿਕ ਮਕੈਨਿਜ਼ਮ ਨੂੰ ਹਰਕਤ ਵਿਚ ਲਿਆਉਣ ਦੀ ਥਾਂ ਤਾਨਾਸ਼ਾਹ ਜ਼ਿਹਨੀਅਤ ਵਿਚੋਂ ਪੁਲਿਸ ਦੀ ਤਾਕਤ ਵਰਤੋਂ ਵਿਚ ਲਿਆਂਦੀ। ਵਿਦਿਆਰਥੀਆਂ ਦਾ ਅੰਦੋਲਨ ਸ਼ਾਂਤਮਈ ਅਤੇ ਜ਼ਾਬਤੇ ਵਿਚ ਸੀ। ਵਿਦਿਆਰਥੀ ਆਗੂ ਨੇ ਜੇ ਆਪਣੀ ਜਾਨ ਨੂੰ ਦਾਅ 'ਤੇ ਲਾ ਕੇ ਅਣਮਿੱਥੇ ਸਮੇਂ ਦੀ ਭੁੱਖ-ਹੜਤਾਲ ਵਰਗਾ ਗੰਭੀਰ ਕਦਮ ਚੁੱਕਿਆ, ਤਾਂ ਇਸ ਦੀ ਜ਼ਿੰਮੇਵਾਰੀ ਵੀ.ਸੀ. ਵਲੋਂ ਵਿਦਿਆਰਥੀਆਂ ਨਾਲ ਗੱਲਬਾਤ ਚਲਾਉਣ ਦੀ ਥਾਂ ਸੰਘਰਸ਼ ਨੂੰ ਨਜ਼ਰਅੰਦਾਜ਼ ਕਰ ਕੇ ਜਮਹੂਰੀ ਸਪੇਸ ਨੂੰ ਖ਼ਤਮ ਕਰ ਦੇਣ ਅਤੇ ਵਿਦਿਆਰਥੀਆਂ ਦੇ ਸ਼ਿਕਵੇ-ਸ਼ਿਕਾਇਤਾਂ ਦੀ ਸੁਣਵਾਈ ਤੇ ਹੱਲ ਲਈ ਕਮੇਟੀ ਮਕੈਨਿਜ਼ਮ ਨੂੰ ਅਮਲ ਵਿਚ ਨਾ ਲਿਆਉਣ 'ਤੇ ਆਉਂਦੀ ਹੈ।

ਪੁਲਿਸ ਅਧਿਕਾਰੀਆਂ ਵਲੋਂ ਵਿਦਿਆਰਥੀਆਂ ਉਪਰ ਮਹਿਲਾ ਪੁਲਿਸ ਮੁਲਾਜ਼ਮ ਨਾਲ ਛੇੜਛਾੜ ਤੇ ਬਦਤਮੀਜ਼ੀ ਕਰਨ ਅਤੇ ਪੁਲਿਸ ਉਪਰ ਹਮਲਾ ਕਰਨ ਵਰਗੇ ਘ੍ਰਿਣਤ ਇਲਜ਼ਾਮ ਵੀ.ਸੀ. ਦੇ ਇਸ਼ਾਰੇ ਤੋਂ ਬਿਨਾਂ ਨਹੀਂ ਲਗਾਏ ਜਾ ਸਕਦੇ। ਇਨ੍ਹਾਂ ਵਿਦਿਆਰਥੀਆਂ ਦੇ ਵਿਚਾਰਾਂ ਬਾਰੇ ਅਫ਼ਵਾਹਾਂ ਫੈਲਾ ਕੇ ਵਿਦਿਆਰਥੀ ਅੰਦੋਲਨ ਨੂੰ ਬਦਨਾਮ ਕਰਨ ਦਾ ਯਤਨ ਵੀ ਕੀਤਾ ਗਿਆ। (ਇਹ ਪ੍ਰਚਾਰ ਕੀਤਾ ਗਿਆ ਕਿ ਅਮਦੋਲਨ ਮਾਓਵਾਦੀ ਚਲਾ ਰਹੇ ਹਨ)।

# ਪੰਜਾਬੀ ਪੁਆ ਸਕਦੇ ਹਨ ਭਾਰਤ ਤੇ ਪਾਕਿਸਤਾਨ ਦੀ ਜੱਫੀ

## ਵਪਾਰ ਅਦਾ ਕਰ ਸਕਦਾ ਹੈ ਅਹਿਮ ਰੋਲ

ਆਰਿਫ ਨਿਜ਼ਾਮੀ

ਹਿੰਦੁਸਤਾਨ ਦਾ ਬਟਵਾਰਾ ਕਰ ਕੇ ਇਸ ਖਿੱਤੇ ਦੇ ਇਨਸਾਨਾਂ ਦੇ ਦਿਲਾਂ ਨੂੰ ਵੰਡਣ ਦਾ ਜੋ ਯਤਨ ਕੀਤਾ ਗਿਆ ਸੀ, ਉਹ 65 ਸਾਲ ਗੁਜ਼ਰਨ ਦੇ ਬਾਵਜੂਦ ਸਫ਼ਲ ਨਹੀਂ ਹੋ ਸਕਿਆ। ਦੋਵਾਂ ਮੁਲਕਾਂ ਦੀ ਇਕ ਅਰਬ ਤੋਂ ਵੱਧ ਆਬਾਦੀ ਵਿਚ ਸ਼ਾਇਦ ਹੀ ਕੁਝ ਲੋਕ ਹੋਣ ਜੋ ਦੋਵਾਂ ਮੁਲਕਾਂ ਵਿਚਕਾਰ ਦੋਸਤੀ ਤੇ ਆਮ ਹਿੰਦ-ਪਾਕਿ ਭਾਈਚਾਰੇ ਦਾ ਮੇਲ-ਮਿਲਾਪ ਨਾ ਚਾਹੁੰਦੇ ਹੋਣ।

ਦੋਵਾਂ ਮੁਲਕਾਂ ਵਿਚ ਅਜਿਹੀਆਂ ਤਨਜ਼ੀਮਾਂ ਵੀ ਹਨ ਜੋ ਇਨਸਾਨੀ ਰਿਸ਼ਤਿਆਂ ਵਿਚ ਕੌੜ ਤੇ ਨਫ਼ਰਤ ਦਾ ਕਾਰੋਬਾਰ ਕਰਦੀਆਂ ਹਨ, ਪਰ ਇਨ੍ਹਾਂ ਨੂੰ ਤਾਂ ਉਂਗਲੀਆਂ 'ਤੇ ਗਿਣਿਆ ਜਾ ਸਕਦਾ ਹੈ। ਇਸ ਖਿੱਤੇ ਦੇ ਲੋਕ ਇਨ੍ਹਾਂ ਦੀ ਗੱਲ ਤਾਂ ਸੁਣਦੇ ਹਨ ਪਰ ਪੱਲੇ ਨਹੀਂ ਬੰਨ੍ਹਦੇ। ਪਾਕਿਸਤਾਨ-ਹਿੰਦੁਸਤਾਨ ਦੇ ਕਰੋੜਾਂ ਲੋਕ ਦਿਲ ਦੇ ਬੂਹੇ-ਬਾਰੀਆਂ ਮਨ ਦੀ ਇਸ ਆਸ ਨਾਲ ਖੋਲ੍ਹੀ ਬੈਠੇ ਹਨ ਕਿ ਇਕ ਨਾ ਇਕ ਦਿਨ ਅਸੀਂ ਅਮਨ, ਮੁਹੱਬਤ, ਆਪਸੀ ਮੇਲ-ਜੋਲ, ਤਿਜਾਰਤ ਤੇ ਖੁਸ਼ਹਾਲੀ ਦੀ ਮੰਜ਼ਿਲ 'ਤੇ ਪਹੁੰਚਣ ਵਿਚ ਜ਼ਰੂਰ ਸਫ਼ਲ ਹੋ ਜਾਵਾਂਗੇ।

'ਰੱਬ ਦੇ ਘਰ ਦੇਰ ਹੈ, ਹਨੇਰ ਨਹੀਂ।' ਸਰਹੱਦ ਦੇ ਆਰ-ਪਾਰ ਲੋਕ ਦੁਸ਼ਮਣੀ, ਜੰਗੀ ਧਮਕੀਆਂ ਅਤੇ ਕੰਟਰੋਲ ਰੇਖਾ ਉਤੇ ਮੌਤ ਵੰਡਣ ਦੇ ਅਮਲ ਤੋਂ ਤੰਗ ਆ ਚੁੱਕੇ ਹਨ। ਅਸੀਂ ਤੁਸੀਂ ਸਾਰੇ ਹੀ ਅਮਨ-ਦੋਸਤੀ ਤੇ ਆਪਸੀ ਮਸਲਿਆਂ ਦਾ ਮੁਨਾਸਿਬ ਹੱਲ ਚਾਹੁੰਦੇ ਹਾਂ। ਖਾਸ ਤੌਰ 'ਤੇ ਦੋਵਾਂ ਪੰਜਾਬਾਂ ਅੰਦਰ ਪੰਜਾਬੀ ਆਪਸੀ ਖੇਡਾਂ, ਇਸ ਬਹਾਨੇ ਦੋਵਾਂ ਪਾਸੇ ਖੁੱਲ੍ਹਾ ਆਉਣ-ਜਾਣ ਤੇ ਕਿਸਾਨੀ ਦੀਆਂ ਸਾਂਝਾਂ ਚਾਹੁੰਦੇ ਹਨ।

ਸਦੀਆਂ ਤੋਂ ਹਿੰਦੂ, ਸਿੱਖ, ਮੁਸਲਮਾਨ ਪੰਜਾਬੀ ਇਕੱਠੇ ਹੀ ਰਹਿੰਦੇ ਰਹੇ ਹਨ। 65 ਸਾਲ ਗੁਜ਼ਰਨ ਦੇ ਬਾਵਜੂਦ ਦੋਵਾਂ ਪਾਸਿਆਂ ਦੇ ਪੰਜਾਬੀਆਂ ਨੂੰ ਪੰਜਾਬ ਦੀ ਵੰਡ ਹਜ਼ਮ ਨਹੀਂ ਹੋ ਰਹੀ। ਪੰਜਾਬੀ ਪੰਜਾਬੀਆਂ ਨੂੰ ਮਿਲਣਾ ਚਾਹੁੰਦੇ ਹਨ। ਮਿਲ-ਜੁਲ ਕੇ ਕਾਰੋਬਾਰ ਕਰਨਾ ਚਾਹੁੰਦੇ ਹਨ। ਇਕ-ਦੂਜੇ ਦੀਆਂ ਖੁਸ਼ੀਆਂ ਤੇ ਦੁੱਖਾਂ ਵਿਚ ਸ਼ਰੀਕ ਹੋਣਾ ਚਾਹੁੰਦੇ ਹਨ, ਪਰ ਕੰਡਿਆਲੀ ਤਾਰ ਮਨ ਦੀਆਂ ਆਸਾਂ ਤੇ ਮੁਹੱਬਤਾਂ ਨੂੰ ਲਹੂ-ਲੁਹਾਨ ਕਰ ਦਿੰਦੀ ਹੈ ਤੇ ਇੰਝ ਦਿਲ ਦੀਆਂ ਦਿਲ ਵਿਚ ਹੀ ਰਹਿ ਜਾਂਦੀਆਂ ਹਨ।


ਗੁਜ਼ਰੇ ਸਮੇਂ ਦੀ ਦੁਸ਼ਮਣੀ ਨੂੰ ਦਫ਼ਨ ਕਰ ਦੇਣਾ ਚਾਹੀਦਾ ਹੈ। ਅਮਨ ਹੀ ਇਸ ਖਿੱਤੇ ਦੀ ਖੁਸ਼ਹਾਲੀ ਦੀ ਬੁਨਿਆਦ ਬਣ ਸਕਦਾ ਹੈ। ਦੋਵਾਂ ਮੁਲਕਾਂ ਦੀਆਂ ਇਹੋ ਹੀ ਜ਼ਮੀਨੀ ਹਕੀਕਤਾਂ ਹਨ। ਹਿੰਦੁਸਤਾਨ ਤਾਂ ਵੰਡਿਆ ਗਿਆ, ਪਰ ਦਿਲ ਨਾ ਵੰਡੇ ਜਾ ਸਕੇ। ਨਾ ਹੀ ਆਪਸੀ ਸਾਂਝਾਂ ਦੀਆਂ ਯਾਦਾਂ 65 ਸਾਲਾਂ ਦੇ ਗੁਜ਼ਰੇ ਸਮਿਆਂ ਦੇ ਹਨੇਰਿਆਂ ਵਿਚ ਗਵਾਚ ਸਕੀਆਂ ਹਨ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਦੋਵਾਂ ਮੁਲਕਾਂ ਵਿਚਕਾਰ ਬਹੁਤ ਸਾਰੇ ਮਸਲੇ ਆਪਸੀ ਤਨਾਜ਼ਿਆਂ ਦੀ ਬੁਨਿਆਦ ਬਣੇ ਹੋਏ ਹਨ ਜਿਨ੍ਹਾਂ ਦਾ ਹੱਲ ਹੋਣਾ ਜ਼ਰੂਰੀ ਹੈ। ਸਭ ਤੋਂ ਪਹਿਲਾਂ ਤਾਂ ਸਾਡੀਆਂ ਸਰਹੱਦਾਂ ਅਤੇ ਇਨ੍ਹਾਂ ਦੇ ਅੰਦਰ ਅਤਿਵਾਦ ਦਾ ਖਾਤਮਾ ਹੋਣਾ ਚਾਹੀਦਾ ਹੈ। ਇਸ ਦੇ ਨਾਲ-ਨਾਲ ਸਹੀ ਅਰਥਾਂ ਵਿਚ ਤਿਜਾਰਤ ਦੀ ਸ਼ੁਰੂਆਤ ਕੀਤੀ ਜਾਏ। ਇੰਝ ਹੀ ਅਸੀਂ ਦੋਵਾਂ ਮੁਲਕਾਂ ਵਿਚਕਾਰ ਦੋਸਤੀ ਦੀ ਹਕੀਕੀ ਬੁਨਿਆਦ ਰੱਖ ਸਕਦੇ ਹਾਂ। ਹਰ ਖੇਤਰ ਵਿਚ ਤਿਜਾਰਤ ਦਾ ਅਮਲ ਸ਼ੁਰੂ ਹੋਣਾ ਚਾਹੀਦਾ ਹੈ। ਤਿਜਾਰਤ ਦੋ ਪਾਸੜ ਹੋਣੀ ਚਾਹੀਦੀ ਹੈ। ਇਕ ਮੁਲਕ ਨੂੰ ਤਿਜਾਰਤੀ ਫਾਇਦਾ ਤੇ ਦੂਜੇ ਨੂੰ ਨੁਕਸਾਨ ਨਹੀਂ ਹੋਣਾ ਚਾਹੀਦਾ, ਤਾਂ ਕਿ ਪਾਕਿਸਤਾਨੀ ਜਾਂ ਹਿੰਦੁਸਤਾਨੀ ਇਹ ਨਾ ਸਮਝਣ ਕਿ ਦੋਸਤੀ ਦਾ ਓਹਲਾ ਲੈ ਕੇ ਆਪਣਾ ਉੱਲੂ ਸਿੱਧਾ ਕੀਤਾ ਜਾ ਰਿਹਾ ਹੈ। ਦੋਵਾਂ ਮੁਲਕਾਂ ਵਿਚ ਮਾਰਕਿਟ ਦਾ ਨਿਜ਼ਾਮ ਇੰਝ ਦਾ ਉਸਾਰਿਆ ਜਾਏ ਕਿ ਆਪਸੀ ਤਿਜਾਰਤ ਦੋਵਾਂ ਮੁਲਕਾਂ ਵਿਚ ਬਣਨ ਵਾਲੀਆਂ ਵਸਤਾਂ ਦੁਆਲੇ ਹੀ ਘੁੰਮੇ। ਮਤਲਬ, ਆਪਸੀ ਲੈਣ-ਦੇਣ ਕੇਵਲ ਉਨ੍ਹਾਂ ਵਸਤਾਂ ਦਾ ਹੀ ਹੋਵੇ ਜੋ ਦੋਵੇਂ ਮੁਲਕ ਆਪਣੇ-ਆਪਣੇ ਤੌਰ 'ਤੇ ਪੈਦਾ ਕਰਦੇ ਹਨ। ਪਾਕਿਸਤਾਨ-ਹਿੰਦੁਸਤਾਨ ਵਿਚ ਵੰਡ ਤੋਂ ਪਹਿਲਾਂ ਹੀ ਤਿਜਾਰਤੀ ਨਿਜ਼ਾਮ ਮੌਜੂਦ ਹੈ ਜੋ ਦੋਵਾਂ ਮੁਲਕਾਂ ਨੂੰ ਅਰਬਾਂ ਰੁਪਏ ਦੀ ਤਿਜਾਰਤ ਤੱਕ ਪਹੁੰਚਾ ਸਕਦਾ ਹੈ। ਸਮੁੰਦਰ ਪਾਰ ਤੋਂ ਆਈਆਂ ਮਲਟੀ-ਨੈਸ਼ਨਲ ਕੰਪਨੀਆਂ ਨੂੰ ਇਸ ਆਪਸੀ ਤਿਜਾਰਤ ਤੋਂ ਦੂਰ ਹੀ ਰੱਖਿਆ ਜਾਵੇ, ਕਿਉਂਕਿ ਇੰਝ ਹੀ ਇਹ ਖਿੱਤਾ ਖੁਸ਼ਹਾਲ ਹੋ ਸਕਦਾ ਹੈ। ਹਾਲ ਦੀ ਘੜੀ ਤਾਂ ਦੋਵਾਂ ਮੁਲਕਾਂ ਵਿਚ ਮਲਟੀ-ਨੈਸ਼ਨਲ ਕੰਪਨੀਆਂ ਦੀ ਅਜਾਰੇਦਾਰੀ ਵਧ ਰਹੀ ਹੈ। ਜਦ ਦੋਵਾਂ ਮੁਲਕਾਂ ਵਿਚਕਾਰ ਤਿਜਾਰਤ ਆਪਣੇ ਸਿਖਰ 'ਤੇ ਪਹੁੰਚ ਜਾਏਗੀ ਤਾਂ ਬਾਕੀ ਮਸਲਿਆਂ ਦੇ ਹੱਲ ਦਾ ਵੀ ਕੋਈ ਨਾ ਕੋਈ ਰਾਹ ਨਿਕਲ ਆਏਗਾ, ਕਿਉਂਕਿ ਦਿਲ ਨੂੰ ਰਸਤਾ ਪੇਟ ਵਿਚੋਂ ਹੋ ਕੇ ਗੁਜ਼ਰਦਾ ਹੈ। ਜਦ ਹਿੰਦੁਸਤਾਨ ਤੇ ਪਾਕਿਸਤਾਨ ਦੇ ਮੁਫ਼ਾਦ ਇਕ-ਦੂਜੇ ਨਾਲ ਜੁੜ ਗਏ ਤਾਂ ਬਾਕੀ ਦੇ ਮਸਲਿਆਂ ਦਾ ਹੱਲ ਸੰਭਵ ਹੋ ਜਾਏਗਾ। ਤਿਜਾਰਤੀ ਸ਼ੁਰੂਆਤ ਆਪਸੀ ਜਾਣ-ਪਛਾਣ, ਇਕ-ਦੂਜੇ ਨੂੰ ਸਮਝਣ ਤੇ ਨੇੜਤਾ ਵਿਚ ਮਦਦਗਾਰ ਬਣ ਜਾਏਗੀ।

ਹੁਣ ਦੇ ਸਮੇਂ ਤਿਜਾਰਤ ਤੇ ਭੂਗੋਲਿਕ ਨੇੜਤਾ ਦੀ ਬਹੁਤ ਅਹਿਮੀਅਤ ਹੈ। ਕੋਈ ਵੀ ਮੁਲਕ ਆਪਣੇ ਗੁਆਂਢੀ ਨਾਲ ਵਿਗਾੜ ਕੇ ਨਾ ਆਰਥਿਕ ਖੁਸ਼ਹਾਲੀ ਹਾਸਲ ਕਰ ਸਕਦਾ ਹੈ ਤੇ ਨਾ ਹੀ ਅਮਨ ਨਾਲ ਰਹਿ ਸਕਦਾ ਹੈ। ਗੁਆਂਢੀ ਮੁਲਕਾਂ ਦੇ ਸਬੰਧਾਂ ਦੇ ਵਿਗਾੜ ਦਾ ਸਭ ਤੋਂ ਵੱਧ ਫਾਇਦਾ ਖਿੱਤੇ ਦੀਆਂ ਅਤਿਵਾਦੀ ਤਨਜ਼ੀਮਾਂ ਉਠਾਉਂਦੀਆਂ ਹਨ। ਕਿਸੇ ਵੀ ਖਿੱਤੇ ਵਿਚ ਅਤਿਵਾਦ ਵਧਣ ਦਾ ਇਹ ਇਕ ਬੁਨਿਆਦੀ ਸਬੱਬ ਹੈ। ਗੁਆਂਢੀ ਉਂਝ ਵੀ ਮਾਂ ਜਾਇਆ ਵਰਗਾ ਹੀ ਹੁੰਦਾ ਹੈ। ਦੋਸਤ ਬਦਲੇ ਜਾ ਸਕਦੇ ਹਨ, ਪਰ ਗੁਆਂਢੀ ਨਹੀਂ ਬਦਲੇ ਜਾ ਸਕਦੇ।

ਯੂਰਪੀ ਯੂਨੀਅਨ ਤੇ ਆਸੀਆਨ ਵਰਗੀਆਂ ਤਨਜ਼ੀਮਾਂ ਆਪਸੀ ਤਿਜਾਰਤ 'ਤੇ ਹੀ ਜ਼ੋਰ ਦਿੰਦੀਆਂ ਹਨ। ਪਾਕਿਸਤਾਨ-ਹਿੰਦੁਸਤਾਨ ਦੋਵੇਂ ਮੁਲਕ ਹੀ ਆਪਸੀ ਤਿਜਾਰਤ ਨੂੰ ਇਕ ਖਾਸ ਹੱਦ ਤੋਂ ਅੱਗੇ ਵਧਾਉਣ ਵਿਚ ਹਿਚਕਚਾਹਟ ਮਹਿਸੂਸ ਕਰ ਰਹੇ ਹਨ। ਪਤਾ ਨਹੀਂ ਕਿਉਂ? ਅਮਰੀਕਾ ਤੇ ਚੀਨ ਇਕ-ਦੂਜੇ ਨੂੰ ਪਸੰਦ ਨਾ ਕਰਨ ਦੇ ਬਾਵਜੂਦ ਤੇ ਇਕ-ਦੂਜੇ ਨੂੰ ਆਪਣਾ ਸ਼ਰੀਕ ਸਮਝਣ ਦੇ ਬਾਵਜੂਦ ਆਪਸ ਵਿਚ ਤਿਜਾਰਤ ਕਰ ਰਹੇ ਹਨ। ਇਹ ਤਿਜਾਰਤ ਅਰਬਾਂ ਡਾਲਰਾਂ ਵਿਚ ਹੋ ਰਹੀ ਹੈ। ਪਾਕਿਸਤਾਨ ਤੇ ਹਿੰਦੁਸਤਾਨ ਨੂੰ ਵੀ ਆਪਣੀ ਸੋਚ ਤੇ ਤਿਜਾਰਤੀ ਨੀਤੀ ਬਦਲਣ ਦੀ ਲੋੜ ਹੈ। ਯੂਰਪੀ ਯੂਨੀਅਨ, ਆਸੀਆਨ ਤੇ ਅਮਰੀਕਾ-ਚੀਨ ਤਿਜਾਰਤ ਦੀਆਂ ਲਾਈਨਾਂ ਮੁਤਾਬਿਕ ਹੀ ਸੋਚਣਾ ਤੇ ਅਮਲ ਕਰਨਾ ਚਾਹੀਦਾ ਹੈ। ਲਹਿੰਦਾ ਪੰਜਾਬ ਜੋ ਆਬਾਦੀ, ਵਸਾਇਲ, ਹਕੂਮਤੀ ਅਦਾਰਿਆਂ ਤੇ ਖਿੱਤੇ ਦੇ ਲਿਹਾਜ਼ ਨਾਲ ਪਾਕਿਸਤਾਨ ਦਾ ਸਭ ਤੋਂ ਵੱਡਾ ਸੂਬਾ ਹੈ, ਇਸ ਦੇ ਵਸਨੀਕਾਂ ਦੀ ਇਹ ਸੋਚ ਤਬਦੀਲ ਹੋ ਰਹੀ ਹੈ ਕਿ ਹਿੰਦੁਸਤਾਨ ਪਾਕਿਸਤਾਨ ਦਾ ਦੁਸ਼ਮਣ ਮੁਲਕ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਮਸਲਾ-ਏ-ਕਸ਼ਮੀਰ ਹਿੰਦੁਸਤਾਨ-ਪਾਕਿਸਤਾਨ ਵਿਚਕਾਰ ਹੋਣ ਵਾਲੀਆਂ ਜੰਗਾਂ ਕਾਰਨ ਪਾਕਿਸਤਾਨੀ ਪੰਜਾਬ ਵਿਚ ਭਾਰਤ ਦੁਸ਼ਮਣੀ ਦੇ ਜਜ਼ਬਾਤ ਆਪਣੀ ਸਿਖਰ 'ਤੇ ਰਹੇ ਹਨ; ਪਰ ਹੁਣ ਬੜੀ ਹੈਰਤ, ਖੁਸ਼ੀ ਤੇ ਸੰਤੁਸ਼ਟੀ ਵਾਲੀ ਗੱਲ ਹੈ ਕਿ ਲਹਿੰਦੇ ਪੰਜਾਬ ਦੀ ਫ਼ਿਜ਼ਾ ਖਾਸ ਤੌਰ 'ਤੇ ਸਾਰੇ ਪਾਕਿਸਤਾਨ ਦੀ ਫ਼ਿਜ਼ਾ ਆਮ ਤੌਰ 'ਤੇ ਹਿੰਦੁਸਤਾਨ ਨਾਲ ਦੋਸਤੀ ਲਈ ਬਹੁਤ ਸਾਜ਼ਗਾਰ ਬਣ ਗਈ ਹੈ। ਪਾਕਿਸਤਾਨੀ ਸਿਵਲ ਸੁਸਾਇਟੀ ਦੀ ਇਹ ਇੱਛਾ ਹੈ ਕਿ ਹਿੰਦੁਸਤਾਨ ਨੂੰ ਵਪਾਰ ਲਈ ਤਰਜੀਹੀ ਮੁਲਕ ਦਾ ਦਰਜਾ ਦੇ ਦਿੱਤਾ ਜਾਵੇ।




ਸਾਂਝੇ ਪੰਜਾਬ ਦਾ ਨਕਸ਼ਾ।

ਹਿੰਦੁਸਤਾਨ ਦੀ ਵੰਡ ਦਰਅਸਲ ਪੰਜਾਬ ਦੀ ਹੀ ਤਕਸੀਮ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਤਕਸੀਮ-ਏ-ਹਿੰਦ ਦੇ ਗੰਭੀਰ ਤੇ ਗਹਿਰੇ ਜ਼ਖ਼ਮ ਪੰਜਾਬ, ਪੰਜਾਬੀਆਂ ਤੇ ਪੰਜਾਬੀਅਤ 'ਤੇ ਹੀ ਲੱਗੇ ਹਨ ਜਿਨ੍ਹਾਂ ਵਿਚੋਂ ਅੱਜ ਤੱਕ ਖੂਨ ਰਿਸ ਰਿਹਾ ਹੈ। ਸਾਡਾ ਪੰਜਾਬੀ ਭਾਈਚਾਰਾ ਇਨ੍ਹਾਂ ਜ਼ਖ਼ਮਾਂ ਤੋਂ ਹਾਲੇ ਤੱਕ ਸੰਭਲ ਨਹੀਂ ਸਕਿਆ। ਪੰਜਾਬ ਤੇ ਪੰਜਾਬੀਆਂ ਦੇ ਸਿਰਾਂ ਤੋਂ ਡਿੱਗੀ ਹੋਈ ਪੱਗ ਹਾਲੇ ਤੱਕ ਉਨ੍ਹਾਂ ਦੇ ਸਿਰਾਂ 'ਤੇ ਨਹੀਂ ਰੱਖੀ ਜਾ ਸਕੀ। ਹਾਲੇ ਤੱਕ ਵੀ ਇਹ ਮਿੱਟੀ ਵਿਚ ਹੀ ਰੁਲ ਰਹੀ ਹੈ। ਪੰਜਾਬੀ ਆਪਣੇ ਮੋਏ ਤੇ ਵਿਛੜੇ ਹੋਏ ਪਿਆਰਿਆਂ ਨੂੰ ਅੱਜ ਵੀ ਯਾਦ ਕਰ ਕੇ ਰੋਂਦੇ ਹਨ। ਪੰਜਾਬੀਆਂ ਦੇ ਸਿਰਾਂ 'ਤੇ ਇਸ ਵੰਡ ਤੇ ਉਜੜਨ ਕਾਰਨ ਦੁੱਖਾਂ ਦੇ ਜੋ ਪਹਾੜ ਟੁੱਟੇ ਸਨ, ਨਾ ਇਸ ਕਿਆਮਤ ਨੂੰ ਤੁਸੀਂ ਭੁੱਲੇ ਹੋ ਤੇ ਨਾ ਹੀ ਅਸੀਂ ਭੁੱਲੇ ਹਾਂ।

ਦਰਅਸਲ ਇਕ ਮਾਂ-ਬੋਲੀ, ਇਕ ਸਭਿਆਚਾਰ ਤੇ ਸਾਂਝੇ ਰਸਮ-ਓ-ਰਿਵਾਜ ਕਿਸੇ ਵੀ ਸੁਸਾਇਟੀ ਨੂੰ ਇਕੱਠਿਆਂ ਹੀ ਰੱਖਦੇ ਹਨ, ਤੇ ਉਸ ਨੂੰ ਕੌਮ ਵੀ ਬਣਾ ਦਿੰਦੇ ਹਨ। ਕੇਵਲ ਧਰਮ, ਕਿਸੇ ਧਰਤੀ 'ਤੇ ਰਹਿੰਦੇ ਲੋਕਾਂ ਦੇ ਇਕੱਠ ਨੂੰ ਕੌਮ ਨਹੀਂ ਬਣਾ ਸਕਦਾ। ਸਾਡੇ ਲੀਡਰਾਂ ਪੰਜਾਬ ਦੀ ਵੰਡ ਸਮੇਂ ਕੌਮ ਬਣਨ ਦੇ ਇਸ ਪਹਿਲੂ ਨੂੰ ਮੁੱਖ ਨਹੀਂ ਰੱਖਿਆ। ਇਹੀ ਕਾਰਨ ਹੈ ਕਿ ਬਹੁ-ਗਿਣਤੀ ਪੰਜਾਬੀ ਅੱਜ ਤੱਕ ਪੰਜਾਬ ਦੀ ਵੰਡ 'ਤੇ ਦੁਖੀ ਹਨ ਤੇ ਇਸ ਵੰਡ ਨੂੰ ਸਾਮਰਾਜ ਦੀ ਸਾਜ਼ਿਸ਼ ਸਮਝਦੇ ਹਨ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਸਾਜ਼ਿਸ਼ਾਂ ਦੇ ਜਾਲ ਵਿਚ ਪੰਜਾਬੀਆਂ ਨੂੰ ਫਸਾ ਕੇ ਧਾਰਮਿਕ ਨਫ਼ਰਤ ਦੀ ਤਲਵਾਰ ਨਾਲ ਕੇਵਲ ਪੰਜਾਬ ਨੂੰ ਹੀ ਨਹੀਂ, ਬਲਕਿ ਲੱਖਾਂ ਪੰਜਾਬੀ ਵੀ ਕਤਲ ਕਰ ਦਿੱਤੇ ਗਏ ਸਨ। ਹਜ਼ਾਰਾਂ ਮੁਟਿਆਰਾਂ ਤੇ ਮਾਸੂਮ ਬੱਚੇ-ਬੱਚੀਆਂ ਦਾ ਅੱਜ ਤੱਕ ਪਤਾ ਨਹੀਂ ਲੱਗਾ ਕਿ ਉਨ੍ਹਾਂ ਨੂੰ ਆਕਾਸ਼ ਖਾ ਗਿਆ ਜਾਂ ਧਰਤੀ ਨਿਗਲ ਗਈ। ਕੇਵਲ ਪੰਜਾਬ ਹੀ ਟੋਟੇ-ਟੋਟੇ ਨਹੀਂ ਹੋਇਆ ਬਲਕਿ ਮੁਹੱਬਤਾਂ ਦੇ ਨਾਲ-ਨਾਲ ਦਰਿਆਵਾਂ ਨੂੰ ਵੀ ਤੋੜ ਦਿੱਤਾ ਗਿਆ। ਨਾ ਪੰਜ ਪਾਣੀ ਰਹੇ, ਨਾ ਪੰਜਾਬੀ ਮਾਂ-ਬੋਲੀ ਆਪਣੀ ਅਸਲ ਹਾਲਤ ਵਿਚ ਰਹੀ। ਪੰਜਾਬੀਅਤ ਨੂੰ ਵੀ ਦਫ਼ਨ ਕਰ ਦਿੱਤਾ ਗਿਆ। ਇਸ ਕਾਰਨ ਹੀ ਸਾਰਾ ਪੰਜਾਬੀ ਵਿਰਸਾ ਜੋ ਚੜ੍ਹਦੇ ਤੇ ਲਹਿੰਦੇ ਪੰਜਾਬ ਦਾ ਸਾਂਝਾ ਸੀ, ਬਰਬਾਦ ਹੋ ਗਿਆ।

ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਇਸ ਤਬਾਹੀ ਵਿਚ ਖੁਦ ਪੰਜਾਬੀਆਂ ਦਾ ਕਿਰਦਾਰ ਬੜਾ ਅਫ਼ਸੋਸਨਾਕ ਰਿਹਾ ਹੈ ਜਿਸ ਦੀ ਸਜ਼ਾ ਪੰਜਾਬ, ਪੰਜਾਬੀ ਤੇ ਪੰਜਾਬ ਦੇ ਦਰਿਆ ਅੱਜ ਤੱਕ ਭੁਗਤ ਰਹੇ ਹਨ। ਕੇਵਲ ਗੱਲ ਇਥੋਂ ਤੱਕ ਹੀ ਨਹੀਂ ਰਹੀ, ਬਲਕਿ ਪੰਜਾਬ ਦੇ ਪਿੰਡਾਂ ਤੇ ਸ਼ਹਿਰਾਂ ਦੇ ਲੱਖਾਂ ਧਰਮ ਸਥਾਨਾਂ (ਮਸਜਿਦ, ਮੰਦਿਰ, ਗੁਰਦੁਆਰੇ) ਦੀ ਤਬਾਹੀ-ਓ-ਬਰਬਾਦੀ ਦੇ ਵੀ ਪੰਜਾਬੀ ਹੀ ਜ਼ਿੰਮੇਵਾਰ ਹਨ। ਇਹ ਠੀਕ ਹੈ ਕਿ ਹਿੰਦੁਸਤਾਨ ਦੀ ਵੰਡ ਅੰਗਰੇਜ਼ ਦੀ ਸਾਜ਼ਿਸ਼ ਸੀ ਪਰ ਇਸ ਸਾਜ਼ਿਸ਼ ਦੀ ਸਫ਼ਲਤਾ ਵਿਚ ਸਾਡਾ ਵੀ ਹਿੱਸਾ ਹੈ।

ਰੱਬ ਦਾ ਸ਼ੁਕਰ ਹੈ ਕਿ ਪਾਕਿਸਤਾਨੀਆਂ ਤੇ ਹਿੰਦੁਸਤਾਨੀਆਂ ਨੂੰ ਇਹ ਅਹਿਸਾਸ ਹੋ ਗਿਆ ਹੈ ਕਿ ਸਾਨੂੰ ਟੁੱਟਣਾ ਨਹੀਂ ਸੀ ਚਾਹੀਦਾ।

ਚਲੋ ਆਓ, ਆਪਾਂ ਹੁਣ ਹੀ ਜੁੜਨ ਦੇ ਯਤਨ ਕਰੀਏ। ਪੰਜਾਬੀ ਇਸ ਜੋੜ ਮੇਲੇ ਲਈ ਬੁਨਿਆਦੀ ਕਿਰਦਾਰ ਨਿਭਾਅ ਸਕਦੇ ਹਨ, ਕਿਉਂਕਿ ਸਾਡੀ ਮਾਂ ਬੋਲੀ ਇਕ, ਸਾਡੇ ਰਸਮ-ਓ-ਰਿਵਾਜ ਇਕ, ਸਾਡੀਆਂ ਯਾਦਾਂ ਇਕੋ ਜਿਹੀਆਂ ਤੇ ਅਸੀਂ ਪੰਜਾਬੀ ਹੈ ਵੀ ਇਕੋ ਜਿਹੇ ਹਾਂ। ਇਸ ਲਈ ਪਾਕਿਸਤਾਨ ਤੇ ਹਿੰਦੁਸਤਾਨ ਦੀ ਲੀਡਰਸ਼ਿਪ ਕੋਲ ਹੁਣ ਸੁਨਹਿਰੀ ਮੌਕਾ ਹੈ ਕਿ ਉਹ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨੂੰ ਦੋਵਾਂ ਮੁਲਕਾਂ ਦੀ ਨੇੜਤਾ, ਦੋਸਤੀ, ਅਮਨ, ਅਤਿਵਾਦ ਦਾ ਖ਼ਾਤਮਾ ਤੇ ਤਿਜਾਰਤ ਲਈ ਇਕ ਹਥਿਆਰ ਦੇ ਤੌਰ 'ਤੇ ਵਰਤੇ।

ਲਹਿੰਦੇ ਤੇ ਚੜ੍ਹਦੇ ਪੰਜਾਬ ਵਿਚ ਲੱਗਣ ਵਾਲੇ ਮੇਲੇ ਦੋਵਾਂ ਪੰਜਾਬਾਂ ਦੇ ਪੰਜਾਬੀਆਂ ਨੂੰ ਰਲ ਕੇ ਮਨਾਉਣੇ ਚਾਹੀਦੇ ਹਨ। ਗਾਇਕ ਤੇ ਡਰਾਮਾ ਪਾਰਟੀਆਂ ਦੋਵਾਂ ਪਾਸੇ ਮਨੋਰੰਜਨ ਦੇ ਨਾਲ-ਨਾਲ ਦਿਲਾਂ ਵਿਚੋਂ ਕ੍ਰੋਧ, ਨਫ਼ਰਤਾਂ ਤੇ ਦੂਰੀਆਂ ਧੋ ਕੇ ਆਪਸੀ ਸਾਂਝਾਂ ਦੇ ਅਹਿਸਾਸ ਨੂੰ ਮਜ਼ਬੂਤ ਬਣਾ ਸਕਦੀਆਂ ਹਨ। ਇਸ ਤੋਂ ਇਲਾਵਾ ਅਧਿਆਪਕ, ਵਿਦਿਆਰਥੀ, ਲਿਖਾਰੀ, ਖਿਡਾਰੀ, ਕਿਸਾਨ; ਬਲਕਿ ਹਰ ਖੇਤਰ ਦੇ ਪੰਜਾਬੀਆਂ ਨੂੰ ਦੋਵਾਂ ਪੰਜਾਬਾਂ ਵਿਚ ਆਉਣ-ਜਾਣ ਦੀਆਂ ਸਹੂਲਤਾਂ ਦੇਣੀਆਂ ਚਾਹੀਦੀਆਂ ਹਨ। ਵੀਜ਼ਾ ਪਾਲਿਸੀ ਨਰਮ ਅਤੇ ਆਸਾਨ ਕਰ ਦੇਣੀ ਚਾਹੀਦੀ ਹੈ ਤਾਂ ਕਿ ਪੰਜਾਬੀ ਦੋਵਾਂ ਮੁਲਕਾਂ ਵਿਚਕਾਰ ਦੋਸਤੀ ਤੇ ਤਿਜਾਰਤ ਦੀ ਉਸਾਰੀ ਵਿਚ ਆਪਣਾ ਮਜ਼ਬੂਤ ਕਿਰਦਾਰ ਨਿਭਾਅ ਸਕਣ।

ਲੁਧਿਆਣਾ ਵਿਚ ਕਬੱਡੀ ਦੇ ਫਾਈਨਲ ਮੈਚ 'ਚ ਦਰਅਸਲ ਹਿੰਦੁਸਤਾਨ ਨਹੀਂ ਜਿੱਤਿਆ, ਬਲਕਿ ਪਾਕਿਸਤਾਨ ਵੀ ਇਸ ਜਿੱਤ ਵਿਚ ਸ਼ਰੀਕ ਹੈ; ਕਿਉਂਕਿ ਕਬੱਡੀ ਦੀਆਂ ਦੋਵਾਂ ਟੀਮਾਂ ਦੇ ਖਿਡਾਰੀ ਤਾਂ ਪੰਜਾਬੀ ਸਨ ਜੋ ਸਰਹੱਦੋਂ ਆਰ ਵੀ ਹਨ ਤੇ ਪਾਰ ਵੀ ਹਨ ਤੇ ਇਹ ਪੰਜਾਬੀ ਇਕ ਹੀ ਹਨ।

ਜਿੱਤਣ ਵਾਲੇ ਵੀ ਪੰਜਾਬੀ, ਤੇ ਹਾਰਨ ਵਾਲੇ ਵੀ ਪੰਜਾਬੀ। ਜਿੱਤਣ ਦੀ ਖੁਸ਼ੀ ਤੇਰੀ ਵੀ ਸੀ, ਤੇ ਮੇਰੀ ਵੀ। ਚੜ੍ਹਦੇ ਪੰਜਾਬ ਤੇ ਲਹਿੰਦੇ ਪੰਜਾਬ ਦੇ ਪੰਜਾਬੀ ਜੋ ਹਿੰਦੁਸਤਾਨ ਤੇ ਪਾਕਿਸਤਾਨ ਦੇ ਵਿਕਾਸ ਲਈ ਹਰ ਖੇਤਰ ਵਿਚ ਬਹੁਤ ਮਿਹਨਤ ਕਰ ਰਹੇ ਹਨ, ਇਹ ਪੰਜਾਬੀ ਇਸ ਖਿੱਤੇ ਦੀ ਡੇਢ ਅਰਬ ਤੋਂ ਵੱਧ ਆਬਾਦੀ ਦੇ ਦਿਲ ਮੋਹ ਕੇ ਹਵਾਵਾਂ, ਫ਼ਿਜ਼ਾਵਾਂ ਨੂੰ ਦੋਸਤਾਨਾ ਬਣਾਉਣ ਦੀ ਸਮਰੱਥਾ ਰੱਖਦੇ ਹਨ।

ਇੰਝ ਇਸ ਖਿੱਤੇ ਵਿਚ ਅਮਨ ਕਾਇਮ ਕਰਨ ਦਾ ਜੋ ਕੰਮ ਹਿੰਦੁਸਤਾਨ ਤੇ ਪਾਕਿਸਤਾਨ ਦੀ ਸਿਆਸੀ ਤੇ ਫ਼ੌਜੀ ਲੀਡਰਸ਼ਿਪ ਨਹੀਂ ਕਰ ਸਕੀ, ਉਹ ਕੰਮ ਦੋਵਾਂ ਪੰਜਾਬਾਂ ਵਿਚ ਵਸਣ ਵਾਲੀ ਪੰਜਾਬੀ ਕੌਮ ਕਰ ਸਕਦੀ ਹੈ।

# ਕਦੋਂ ਸਿਆਣਾ ਹੋਵੇਗਾ ਭਾਰਤੀ ਲੋਕਤੰਤਰ?

ਸ਼ਿਆਮ ਸੁੰਦਰ ਦੀਪਤੀ

ਲਗਭਗ 7 ਦਹਾਕੇ ਦੀ ਆਜ਼ਾਦੀ ਮਗਰੋਂ ਕਹਿਣ ਨੂੰ ਭਾਵੇਂ ਭਾਰਤ ਦੁਨੀਆਂ ਦੀ ਸਭ ਤੋਂ ਵੱਡੀ ਜਮਹੂਰੀਅਤ ਹੈ, ਸਭ ਤੋਂ ਵੱਡਾ ਲੋਕਤੰਤਰੀ ਦੇਸ਼ ਹੈ ਪਰ ਅਜੇ ਤੱਕ ਇਸ ਨੇ ਅਜਿਹੀ ਕੋਈ ਵੀ ਚੋਣ ਨਹੀਂ ਦੇਖੀ ਜੋ ਸਿਆਣਪ ਨੂੰ ਮੁੱਖ ਰੱਖ ਕੇ ਲੜੀ ਗਈ ਹੋਵੇ। ਲੋਕਤੰਤਰ ਭਾਵ ਲੋਕਾਂ ਵੱਲੋਂ ਚੁਣੀ ਗਈ ਲੋਕਾਂ ਦੀ ਸੱਤਾ। ਲੋਕ ਫੈਸਲਾ ਕਰਨ ਕਿ ਉਨ੍ਹਾਂ ਦੀ ਜ਼ਿੰਦਗੀ ਦਾ ਫੈਸਲਾ ਕਰਨ ਵਾਲੇ ਕਿਹੜੇ ਕਾਬਿਲ ਲੋਕ ਅੱਗੇ ਆਉਣ। ਵਿਚਾਰਕ ਪੱਖ ਤੋਂ ਚਰਚਾ ਕਰ ਕੇ ਦੇਖੀਏ ਤਾਂ ਲੋਕਤੰਤਰ ਤੋਂ ਵਧੀਆ ਹੋਰ ਕੋਈ ਤਰੀਕਾ ਫਿਲਹਾਲ ਨਜ਼ਰ ਨਹੀਂ ਆਉਂਦਾ ਜਿਸ ਨਾਲ ਲੋਕਾਂ ਦੀ ਜ਼ਿੰਦਗੀ ਸੰਵਰ ਸਕਦੀ ਹੋਵੇ।

ਆਪਾਂ ਆਪਣੀ ਰੋਜ਼ਮਰ੍ਹਾ ਦੀ ਜ਼ਿੰਦਗੀ ਵਿਚ ਵਿਚਰਦੇ ਹੋਏ, ਇਹ ਤੱਥ ਚੰਗੀ ਤਰ੍ਹਾਂ ਸਮਝ ਸਕਦੇ ਹਾਂ ਕਿ ਕੁਝ ਲੋਕਾਂ ਵਿਚ ਇਹ ਖਾਸੀਅਤ ਹੁੰਦੀ ਹੈ, ਇਕ ਵਿਸ਼ੇਸ਼ ਗੁਣ ਕਿ ਉਹ ਲੋਕਾਂ ਦਾ ਦਰਦ ਸਮਝ ਕੇ, ਉਸ ਨੂੰ ਆਪਣੇ ਸ਼ਬਦਾਂ ਵਿਚ ਬਿਆਨ ਕਰਨ ਦੇ ਲਾਇਕ ਹੁੰਦੇ ਹਨ। ਉਹ ਲੋਕਾਂ ਦੀ ਅਗਵਾਈ ਕਰਨ ਦੀ ਯੋਗਤਾ ਰੱਖਦੇ ਹਨ। ਲੋਕ ਵੀ ਸਮਝਦੇ ਹਨ ਕਿ ਅਸੀਂ ਆਪਣੀ ਗੱਲ ਸਮਝਾਉਣੀ, ਪ੍ਰਗਟਾਉਣੀ ਹੈ ਤਾਂ ਫਲਾਣੇ ਬੰਦੇ ਨੂੰ ਨਾਲ ਲੈ ਕੇ ਜਾਈਏ। ਕਿਸੇ ਵੀ ਸਮੱਸਿਆ, ਦਰਦ, ਤਕਲੀਫ਼ ਨੂੰ ਬਿਆਨ ਕਰਨ ਤੋਂ ਇਲਾਵਾ ਉਨ੍ਹਾਂ ਕੋਲ ਸੇਵਾ ਭਾਵ ਦੀ ਕਾਬਲੀਅਤ ਵੀ ਹੁੰਦੀ ਹੈ। ਉਨ੍ਹਾਂ ਨੂੰ ਆਪਣੇ ਸਾਰੇ ਕੰਮਾਂ ਤੋਂ ਵੱਧ, ਲੋਕਾਂ ਦਾ ਸਾਥ ਦੇਣ ਵਿਚ ਖੁਸ਼ੀ ਅਤੇ ਤਸੱਲੀ ਮਿਲਦੀ ਹੈ। ਅਗਵਾਈ ਕਰਨ ਵਾਲਿਆਂ ਜਿਨ੍ਹਾਂ ਨੂੰ ਰਾਜਨੀਤੀਵਾਨ ਕਹਿੰਦੇ ਹਨ, ਦਾ ਇਹ ਖਾਸਾ ਹੁੰਦਾ ਹੈ।

ਅੰਗਰੇਜ਼ਾਂ ਤੋਂ ਦੇਸ਼ ਆਜ਼ਾਦ ਕਰਵਾਉਣ ਪਿੱਛੇ ਇਹੀ ਭਾਵਨਾ ਸੀ ਕਿ ਸਾਡੇ ਆਪਣੇ ਲੋਕਾਂ ਦਾ ਰਾਜ ਹੋਵੇ। 'ਸਾਡੇ ਆਪਣੇ ਲੋਕ' ਮਤਲਬ ਉਹ ਲੋਕ ਜੋ ਸਾਨੂੰ ਜਾਣਦੇ ਨੇ, ਸਾਡੇ ਵਿਚ ਰਹਿੰਦੇ ਨੇ, ਸਾਡੀਆਂ ਜੜ੍ਹਾਂ ਤੋਂ ਵਾਕਫ਼ ਨੇ। ਅੱਜ 7 ਦਹਾਕਿਆਂ ਬਾਅਦ ਜੇ ਉਸ ਸਮੇਂ ਵਿਚ ਵੱਡੇ ਹੋਏ ਕੁਝ ਕੁ ਜਿਉਂਦੇ ਲੋਕਾਂ ਨੂੰ ਅੰਗਰੇਜ਼ਾਂ ਦਾ ਰਾਜ ਯਾਦ ਆਵੇ, ਤਾਂ ਉਹ ਤੁਲਨਾ ਕਰ ਕੇ ਉਸ ਰਾਜ ਨੂੰ ਵਧੀਆ ਕਹਿਣ ਤਾਂ ਨਿਸ਼ਚਿਤ ਹੀ ਇਹ ਸਾਡੇ ਦੇਸ਼ ਦੇ ਲੋਕਤੰਤਰ ਉੱਪਰ ਬਹੁਤ ਵੱਡਾ ਸਵਾਲ ਹੈ। ਹੁਣ ਭਾਰਤ ਇਕ ਵਾਰ ਫਿਰ ਤੋਂ ਲੋਕਤੰਤਰ ਦੀ ਅਹਿਮ ਪ੍ਰਕਿਰਿਆ, ਚੋਣਾਂ ਦੇ ਦੌਰ ਵਿਚੋਂ ਲੰਘ ਰਿਹਾ ਹੈ। ਇਹ ਦੇਸ਼ ਦੀ ਚੋਣ ਹੈ। ਦੇਸ਼ ਨੂੰ ਮੁਖੀ ਦੀ ਲੋੜ ਹੈ ਤੇ ਉਸ ਦੇ ਨਾਲ ਵਧੀਆ ਸਿਆਣੀ ਟੀਮ ਦੀ। ਜਦੋਂ ਅਸੀਂ ਆਪਣੀਆਂ ਹੁਣ ਤੱਕ ਦੀਆਂ ਸਰਕਾਰਾਂ ਦੀ ਕਾਰਗੁਜ਼ਾਰੀ 'ਤੇ ਝਾਤੀ ਮਾਰਦੇ ਹਾਂ ਤਾਂ ਸਪਸ਼ਟ ਤੌਰ 'ਤੇ ਕਹਿ ਸਕਦੇ ਹਾਂ ਕਿ ਸਰਕਾਰਾਂ ਨੇ ਸਿਆਣਪ ਤੋਂ ਘੱਟ ਅਤੇ ਜਜ਼ਬਾਤ ਤੋਂ ਵੱਧ ਕੰਮ ਲਿਆ ਹੈ। ਆਪਣੀ ਕੁਰਸੀ ਬਚਾਉਣ ਲਈ ਸਿਆਸੀ ਨੇਤਾਵਾਂ ਨੇ ਹਰ ਤਰ੍ਹਾਂ ਦੇ ਹੱਥਕੰਡਿਆਂ ਦਾ ਇਸਤੇਮਾਲ ਕੀਤਾ ਹੈ। ਧਰਮ, ਜਾਤ, ਬੋਲੀ, ਇਲਾਕਾਵਾਦ ਨੂੰ ਪੂਰੀ ਤਰ੍ਹਾਂ ਵਰਤਿਆ ਹੈ। ਦੇਸ਼ ਦੀਆਂ ਕਈ ਰਾਜਨੀਤਕ ਪਾਰਟੀਆਂ ਦਾ ਆਧਾਰ ਹੀ ਉਨ੍ਹਾਂ ਦੇ ਉਦੇਸ਼ ਨੂੰ ਸਾਹਮਣੇ ਲੈ ਆਉਂਦਾ ਹੈ।

ਜਦੋਂ ਵੀ ਚੋਣਾਂ ਨੇੜੇ ਆਉਂਦੀਆਂ ਹਨ, ਲੋਕਾਂ ਦੀਆਂ ਸਹੂਲਤਾਂ ਨਾਲ ਜੁੜੇ ਪ੍ਰੋਜੈਕਟ ਸ਼ੁਰੂ ਹੋ ਜਾਂਦੇ ਹਨ। ਉਨ੍ਹਾਂ ਨੂੰ ਗ੍ਰਾਂਟਾਂ ਵੰਡੀਆਂ ਜਾਂਦੀਆਂ ਹਨ ਤੇ ਲੁਭਾਇਆ ਜਾਂਦਾ ਹੈ। ਆਪਣੇ ਵਿਰੋਧੀਆਂ ਦੀਆਂ ਕਮੀਆਂ-ਖਾਮੀਆਂ ਨੂੰ ਲੱਭ ਕੇ ਉਭਾਰਿਆ ਜਾਂਦਾ ਹੈ। ਇਕ ਤਰ੍ਹਾਂ ਦਾ ਖੋਜ-ਕਾਰਜ ਹੁੰਦਾ ਹੈ ਕਿ ਉਮੀਦਵਾਰਾਂ ਦੇ ਇਤਿਹਾਸਕ ਪਿਛੋਕੜ ਵਿਚੋਂ ਮਸਾਲਾ ਲੱਭਿਆ ਜਾਵੇ? ਜਿੰਨਾ ਜ਼ੋਰ ਆਖਰੀ ਛੇ ਮਹੀਨਿਆਂ ਵਿਚ ਲੱਗਦਾ ਹੈ, ਅਜਿਹਾ ਖੋਜ-ਕਾਰਜ ਲੋਕਾਂ ਦੇ ਹੱਕ ਵਿਚ ਕਰ ਕੇ ਲਗਾਤਾਰ ਲੋਕਾਂ ਦੀ ਹੋਣੀ ਨੂੰ ਦਰੁਸਤ ਕਰਨ ਵਿਚ ਲਾਇਆ ਜਾਵੇ ਤਾਂ ਤਸਵੀਰ ਹੀ ਵੱਖਰੀ ਹੋਵੇ; ਸਗੋਂ ਜਾਣ-ਬੁੱਝ ਕੇ ਕੁਝ ਅਜਿਹੇ ਕਾਰਜ ਛੱਡੇ ਜਾਂਦੇ ਹਨ ਕਿ 'ਵੇਲੇ ਸਿਰ' ਕਰਾਂਗੇ। ਉਨ੍ਹਾਂ ਦੀ ਸਮਝ ਹੈ ਕਿ ਲੋਕਾਂ ਦਾ ਚੇਤਾ ਬਹੁਤ ਥੋੜ੍ਹੇ ਚਿਰ ਦਾ ਹੁੰਦਾ ਹੈ, ਜੇ ਇੰਨੀ ਦੇਰ ਪਹਿਲਾਂ (ਜਿੱਤਣ ਤੋਂ ਫੌਰੀ ਬਾਅਦ) ਕੁਝ ਚੰਗਾ ਕਰ ਦਿੱਤਾ ਤਾਂ ਇਹ ਕਿਸੇ 'ਕੰਮ' ਨਹੀਂ ਆਉਣਾ।

ਯੋਜਨਾਵਾਂ ਵਿਚ ਸਥਿਰਤਾ ਨਾ ਹੋਣਾ, ਕੰਮ ਵਿਚ ਲਗਾਤਾਰਤਾ ਨਾ ਹੋਣਾ, ਇਸ ਗੱਲ ਦਾ ਸੂਚਕ ਹੈ ਕਿ ਅਜੇ ਅਸੀਂ ਸਿਆਣੇ ਨਹੀਂ ਹੋਏ। ਦੇਸ਼ ਵਿਚ ਤਕਨੀਕੀ ਸਿੱਖਿਆ ਹੈ, ਯੂਨੀਵਰਸਿਟੀਆਂ ਹਨ, ਮੈਡੀਕਲ, ਇੰਜੀਨੀਅਰਿੰਗ, ਆਈ.ਆਈ.ਟੀ. ਦੀਆਂ ਬਿਹਤਰੀਨ ਸੰਸਥਾਵਾਂ ਹਨ। ਲੋਕਾਂ ਦੀ ਹੋਣੀ ਨੂੰ ਬਦਲਣ ਲਈ ਇਨ੍ਹਾਂ ਦਾ ਸਹਿਯੋਗ ਨਹੀਂ ਲਿਆ ਜਾਂਦਾ। ਇਹੀ ਸਿਆਣੇ ਲੋਕ ਜਦੋਂ ਕਿਸੇ ਹੋਰ ਦੇਸ਼ ਦੀਆਂ ਯੋਜਨਾਵਾਂ ਦਾ ਹਿੱਸਾ ਬਣਦੇ ਹਨ ਤਾਂ ਚਮਤਕਾਰ ਹੁੰਦਾ ਹੈ।

ਸਿਆਣਪ ਅਤੇ ਜਜ਼ਬਾਤ ਦੀਆਂ ਰਾਹਾਂ ਵਿਚ ਬਹੁਤ ਵੱਡਾ ਖੱਪਾ ਹੈ। ਲੋਕਾਂ ਪ੍ਰਤੀ ਜਜ਼ਬਾਤੀ ਹੋਣਾ ਤੇ ਫਿਰ ਸਿਆਣਪ ਨਾਲ ਉਸ ਕਾਰਜ ਨੂੰ ਪੂਰਾ ਕਰਨਾ ਬੁਰਾ ਨਹੀਂ ਹੈ। ਪਾਰਟੀਆਂ ਵੱਲੋਂ ਵਿਕਾਸ ਦੀ ਗੱਲ 'ਤੇ ਬਹੁਤ ਮਾਣ ਕੀਤਾ ਜਾਂਦਾ ਹੈ, ਪਰ ਇਹ ਇਕ-ਪਾਸੜ ਹੈ। ਕੋਈ ਔਰਤਾਂ ਦੀ ਗੱਲ ਕਰਦਾ ਹੈ, ਕੋਈ ਮੁਸਲਮਾਨਾਂ ਦੀ, ਕੋਈ ਗੁਜਰਾਤ ਦੀ ਤੇ ਕੋਈ ਬਿਹਾਰ ਦੀ। ਕਿਤੇ ਸੜਕ ਹਰ ਸਾਲ ਨਵੀਂ ਬਣਦੀ ਹੈ, ਕਿਤੇ ਦਸ ਸਾਲਾਂ ਤੋਂ ਕੋਈ ਪੁੱਛ-ਗਿੱਛ ਨਹੀਂ ਹੈ। ਯੋਜਨਾਬੱਧ, ਪੜਾਅ-ਦਰ-ਪੜਾਅ, ਕੰਮ ਅਤੇ ਵਿਸ਼ਲੇਸ਼ਣ, ਸਿਆਣਪ ਨਾਲ ਜੁੜਿਆ ਵਿਕਾਸ ਜਿਸ ਤੋਂ ਪਤਾ ਲੱਗੇ ਕਿ ਲੋਕਤੰਤਰ ਸਿਆਣਾ ਹੋ ਗਿਆ ਹੈ। ਦਰਅਸਲ ਮਾਹੌਲ ਅਜਿਹਾ ਉਭਾਰਿਆ ਗਿਆ ਹੈ ਕਿ ਲੋਕਤੰਤਰ ਨੂੰ ਸਿਆਣਾ ਹੋਣ ਨਹੀਂ ਦਿੱਤਾ ਗਿਆ। ਦੇਸ਼ ਦੇ ਮੁਖੀ ਦੇ ਅਹੁਦੇ 'ਤੇ ਦਾਅਵਾ ਕਰਨ ਵਾਲੇ ਦਾਅਵੇਦਾਰ, ਚਾਹੇ ਕਿਸੇ ਵੀ ਪਾਰਟੀ ਦੇ ਹੋਣ, ਇਕ-ਦੂਜੇ ਨੂੰ ਜ਼ਹਿਰੀਲੇ ਸ਼ਬਦਾਂ ਨਾਲ ਸੰਬੋਧਤ ਹੋ ਰਹੇ ਹਨ।

# ਕੁੰਢੀਆਂ ਦੇ ਸਿੰਗ ਫਸ 'ਗੇ ਬਨਾਮ ਲੋਕ ਸਭਾ ਹਲਕਾ ਬਠਿੰਡਾ

ਬਠਿੰਡਾ ਜਿੰਨਾ ਪਹਿਲੇ ਸਮਿਆਂ 'ਚ ਅਣਗੌਲਿਆ ਰਿਹੈ, ਹੁਣ ਓਨਾ ਹੀ ਸੁਰਖੀਆਂ 'ਚ ਰਹਿੰਦੈ। ਕੋਈ ਸਮਾਂ ਸੀ ਜਦੋਂ ਬਠਿੰਡਾ ਇਲਾਕੇ ਦੇ ਲੋਕਾਂ ਦੀ ਵਾਇਆ ਬਠਿੰਡਾ ਕਹਿ ਕੇ ਛੇੜ ਪਈ ਹੋਈ ਸੀ ਤੇ ਇਸ ਇਲਾਕੇ ਦੇ ਪੜ੍ਹਾਕੂ ਆਪਣਾ ਜ਼ਿਲ੍ਹਾ ਨਹੀਂ ਸੀ ਦੱਸਦੇ ਹੁੰਦੇ। ਉਚੇ ਟਿੱਬਿਆ ਦੀ ਧਰਤੀ ਹੁੰਦੀ ਸੀ ਇੱਥੋਂ ਦੀ ਜ਼ਮੀਨ। ਪਾਣੀ ਦੀ ਬਹੁਤ ਥੁੜ ਹੁੰਦੀ। ਪਿੰਡਾਂ 'ਚੋ ਜੇ ਕੋਈ ਵਰ੍ਹੇ-ਛਿਮਾਹੀ ਬਠਿੰਡੇ ਕਿਸੇ ਪੇਸ਼ੀ 'ਤੇ ਜਾਂ ਕਿਸੇ ਰਿਸ਼ਤੇਦਾਰੀ ਵਿਚ ਜਾਂਦਾ ਤਾਂ ਜੁੱਤੀ ਵਿਚ ਦੋ ਦੋ ਸੇਰ ਰੇਤਾ ਨਾਲ ਲੈ ਕੇ ਮੁੜਦਾ। ਕੋਈ ਸਮਾਂ ਸੀ ਜਦੋਂ ਬਠਿੰਡੇ



**ਹਰਮੰਦਰ ਕੰਗ, ਆਸਟ੍ਰੇਲੀਆ**
**ਫੋਨ-0061 4342 88301**

ਦੀ ਜ਼ਮੀਨ ਮਹਿਜ ਸਾਢੇ ਗਿਆਰਾਂ ਰੁਪਏ ਗਜ ਸੀ ਤੇ ਕੋਈ ਲੈਣ ਨੂੰ ਤਿਆਰ ਨਹੀਂ ਸੀ ਕਿ ਕਿਸੇ ਨੇ ਰੇਤਲੇ ਟਿੱਬਿਆਂ ਦਾ ਕੀ ਕਰਨਾ! ਬਠਿੰਡੇ ਦੀ ਕਿਸਮਤ ਉਦੋਂ ਜਾਗੀ ਜਦੋਂ ਇੱਥੇ ਥਰਮਲ ਪਲਾਂਟ ਬਣਿਆ। ਦਿਨਾਂ ਵਿਚ ਹੀ ਜ਼ਮੀਨਾਂ ਦੇ ਭਾਅ ਚੜ੍ਹ ਗਏ ਤੇ ਬਠਿੰਡਾ ਸੁਰਖੀਆਂ ਵਿਚ ਆ ਗਿਆ।

ਲੋਕ ਧਾਰਾ ਵਿਚ ਵਿਚ ਬਠਿੰਡੇ ਦਾ ਜ਼ਿਕਰ ਛਿੜ ਪਿਆ ਸੀ। ਲੋਕਾਂ ਦਾ ਮਾਣ ਨਾਲ ਸਿਰ ਉਚਾ ਹੋ ਗਿਆ। ਗੱਲਾਂ ਬਾਤਾਂ 'ਚ ਥਰਮਲ ਪਲਾਂਟ ਦੀਆਂ ਗੱਲਾਂ ਹੋਣ ਲੱਗੀਆਂ। ਪਿੰਡਾਂ ਦੀਆਂ ਜਨਾਨੀਆਂ ਲੜਦੀਆਂ ਤਾਂ ਇੱਕ ਦੂਜੀ ਨੂੰ ਗਾਹਲਾਂ ਕੱਢਦੀਆਂ, 'ਨੀਂ ਤੇਰੇ 'ਤੇ ਡਿੱਗ ਪੈਣ ਥਰਮਲ ਦੀਆਂ ਚਿਮਨੀਆਂ, ਨੀਂ ਤੇਰੇ ਪੈ ਜੇ ਅੱਖਾਂ 'ਚ ਥਰਮਲ ਦੀ ਸਵਾਹ। ਮਾਰਿਆ ਨਾ ਲਫੇੜਾ, ਥਰਮਲ ਦੀ ਚਿਮਨੀ ਜਿੱਡੀ ਨਲੀ ਕੱਢਦੂੰ ਬਹੇਲ ਦੀ। ਵੇ ਮੈਂ ਝੀਲਾਂ 'ਚ ਛਾਲ ਮਾਰ ਕੇ ਮਰਜੂੰ ਜੇ ਏਸ ਵਾਢੀ ਵੇਲੇ ਪਿੱਪਲ ਪੱਤੀਆਂ ਨਾ ਘੜਾ ਕੇ ਦਿੱਤੀਆਂ।' ਅੰਗਰੇਜ਼ਾਂ ਵੇਲੇ ਦਾ ਬਣਿਆ ਰੇਲਵੇ ਸਟੇਸ਼ਨ ਸੱਤ ਲਾਈਨਾਂ ਹੋਣ ਕਰਕੇ ਸਭ ਤੋਂ ਵੱਡੇ ਰੇਲਵੇ ਸਟੇਸ਼ਨ ਦਾ ਰੁਤਬਾ ਹਾਸਲ ਕਰ ਗਿਆ ਸੀ। ਬਾਬੂ ਰਜਬ ਅਲੀ ਜਿਹੇ ਅਲਬੇਲੇ ਸ਼ਇਰ ਨੇ ਆਪਣੇ ਬੈਂਤਾਂ 'ਚ ਕਈ ਥਾਂ ਇਸ ਦਾ ਜ਼ਿਕਰ ਕੀਤੈ,


ਕਿਲਾ ਨੀ ਚਿਤੌੜ ਜੈਸਾ, ਕੌਲ ਨੀਂ ਭਦੌੜ ਜੈਸਾ,
ਡਾਕੂ ਜਿਊਣੇ ਮੌੜ ਜੈਸਾ ਕਿਸੇ ਦੇਸ ਹੋਣਾ ਨਾ।
ਤਿੱਖਾ ਬੋਲ ਬਿੰਡੇ ਜੈਸਾ, ਸੁਆਦ ਨੀਂ ਚਰਿੰਡੇ ਜੈਸਾ,
ਤੇ ਟੇਸ਼ਣ ਬਠਿੰਡੇ ਜੈਸਾ ਮਿਲਦਾ ਖੜੋਣਾ ਨਾ।
ਜਾਂ
ਰਜਬ ਅਲੀ ਸੱਤ ਲਾਇਨਾਂ ਪੈਂਦੀਆਂ ਬਠਿੰਡੇ ਵਿਚ,
ਰੌਣਕ ਜਿਆਦਾ ਜਿਉਂ ਭੰਬੋਰ ਸ਼ਹਿਰ ਸੱਸੀ ਦੇ।

ਕਿਸੇ ਸਰਕਾਰ ਲਈ ਲੋਕਾਂ ਤੋਂ ਵੋਟਾਂ ਲੈਣ ਦਾ ਸਭ ਤੋਂ ਵੱਡਾ ਵਿਕਾਸ ਦਾ ਮੁੱਦਾ ਹੁੰਦਾ ਹੈ ਤੇ ਸਮੇਂ ਸਮੇਂ ਤੇ ਵੱਖ ਵੱਖ ਸਰਕਾਰਾਂ ਬਠਿੰਡਾ ਇਲਾਕੇ ਵਿਚ ਹੋਏ ਇਸ ਤਰ੍ਹਾਂ ਦੇ ਵਿਕਾਸ ਦਾ ਸਿਹਰਾ ਆਪਣੇ ਸਿਰ ਬੰਨਦੀਆਂ ਆਈਆਂ ਹਨ। ਹਰ ਸਰਕਾਰ ਵੋਟਾਂ ਮੰਗਣ ਵੇਲੇ ਇਹੀ ਕਹਿੰਦੀ ਰਹੀ ਹੈ ਕਿ ਇਹ ਵਿਕਾਸ ਸਾਡੀ ਸਰਕਾਰ ਨੇ ਕੀਤੈ ਤੇ ਵੋਟਾਂ ਸਾਨੂੰ ਪਾਓ। ਸਮੇਂ ਨਾਲ ਜ਼ਮਾਨੇ ਦਾ ਦਸਤੂਰ ਹਮੇਸ਼ਾ ਬਦਲਦਾ ਰਿਹਾ ਹੈ। ਪਰ ਹੁਣ ਗੱਲਾਂ ਹੋਰ ਨੇ। ਅਖੇ, 'ਕਿਸੇ ਗੱਲੋਂ ਨਾ ਬਠਿੰਡਾ ਘੱਟ ਰਹਿ ਗਿਆ, ਟਿੱਬਿਆਂ ਦੀ ਰੇਤ ਵਿਕਦੀ।'

ਵਾਕਈ ਬਠਿੰਡੇ ਦੇ ਟਿੱਬਿਆਂ ਦੀ ਰੇਤ ਵਿਕੀ ਐ ਤੇ ਹੁਣ ਤਾਂ ਇੱਥੇ ਟਿੱਬੇ ਕਿਤੇ ਦੇਖਣ ਨੂੰ ਵੀ ਨਹੀਂ ਮਿਲਦੇ। ਹੁਣ ਤਾਂ ਬਠਿੰਡਾ ਇਲਾਕੇ ਵਿਚ ਘੁੰਮਦੀਆਂ ਦਿਸਦੀਆਂ ਹਨ ਲਾਲ ਬੱਤੀ ਵਾਲੀਆਂ ਗੱਡੀਆਂ। ਜਦੋਂ ਤੋਂ ਬਠਿੰਡਾ ਜਿਲ੍ਹੇ ਉਤੇ ਸਿਆਸਤ ਮਿਹਰਬਾਨ ਹੋਈ ਹੈ, ਉਦੋਂ ਤੋਂ ਹੀ ਇਹ ਵੀ.ਆਈ.ਪੀ. ਸ਼ਹਿਰ ਬਣ ਗਿਆ ਹੈ। ਪੰਜਾਬ ਦੇ ਮੌਜੂਦਾ ਮੁੱਖ ਮੰਤਰੀ ਦਾ ਆਪਣਾ ਇਲਾਕਾ ਹੋਣ ਕਰਕੇ ਇਸ ਦਾ ਵਿਕਾਸ ਹੋਣਾ ਸੁਭਾਵਿਕ ਹੀ ਹੈ। ਚੋਣਾਂ ਦਾ ਇਤਿਹਾਸ ਵੀ ਦੱਸਦਾ ਹੈ ਕਿ ਬਹੁਤੀ ਵਾਰ ਇਸ ਲੋਕ ਸਭਾ ਸੀਟ 'ਤੇ ਅਕਾਲੀ ਦਲ ਦਾ ਕਬਜਾ ਰਿਹਾ ਹੈ। ਸੰਨ 2009 ਤੱਕ ਲੋਕ ਸਭਾ ਹਲਕਾ ਬਠਿੰਡਾ ਰਿਜਰਵ ਸੀ, ਪਰ ਸੰਨ 2009 ਵਿਚ ਇਸ ਨੂੰ ਜਨਰਲ ਹਲਕਾ ਐਲਾਨਣ ਤੋਂ ਬਾਦ ਬਾਦਲ ਪਰਿਵਾਰ ਦੀ ਨੂੰਹ ਨੂੰ ਚੋਣ ਮੈਦਾਨ ਵਿਚ ਉਤਾਰਿਆ ਗਿਆ ਤੇ ਦੂਜੇ ਪਾਸੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਬੇਟੇ ਰਣਇੰਦਰ ਸਿੰਘ ਨੇ ਬਾਦਲ ਪਰਿਵਾਰ ਦੀ ਨੂੰਹ ਨੂੰ ਤਕੜੀ ਟੱਕਰ ਦਿੱਤੀ ਸੀ। ਬੇਸ਼ੱਕ ਉਦੋਂ ਹਰਸਿਮਰਤ ਬਾਦਲ ਨੇ ਰਣਇੰਦਰ ਨੂੰ ਸਵਾ ਲੱਖ ਵੋਟਾਂ ਦੇ ਫਰਕ ਨਾਲ ਹਰਾਇਆ ਸੀ ਪਰ ਉਦੋਂ ਵੀ ਬਾਦਲ ਪਰਿਵਾਰ ਦਾ ਸਾਰਾ ਜੋਰ ਇਸੇ ਸੀਟ 'ਤੇ ਲੱਗਾ ਹੋਇਆ ਸੀ। ਕਿਹੜਾ ਹਰਬਾ ਸੀ ਜਿਹੜਾ ਬਾਦਲ ਪਰਿਵਾਰ ਨੇ ਨਹੀਂ ਵਰਤਿਆ। ਦਰਅਸਲ ਬਾਦਲ ਪਰਿਵਾਰ ਦਾ ਵੱਕਾਰ ਇਸ ਸੀਟ 'ਤੇ ਦਾਅ 'ਤੇ ਲੱਗਾ ਹੋਇਆ ਸੀ। ਇਸ ਵਾਰ ਵੀ ਬਠਿੰਡਾ ਸੀਟ ਨੇ ਆਪਣਾ ਆਪਣਾ ਉਮੀਦਵਾਰ ਖੜਾ ਕਰਨ ਦੇ ਸਵਾਲ 'ਤੇ ਦੋਵਾਂ ਪ੍ਰਮੁੱਖ ਪਾਰਟੀਆਂ ਦੇ ਮੱਥੇ 'ਤੇ ਤਰੇਲੀਆਂ ਲਿਆ ਦਿੱਤੀਆਂ ਸਨ। ਅਕਾਲੀ ਦਲ ਕੋਲ ਹਰਸਿਮਰਤ ਬਾਦਲ ਤੋਂ ਬਿਨਾ ਹੋਰ ਕੋਈ ਵੀ ਕੱਦਾਵਰ ਉਮੀਦਵਾਰ ਇਸ ਸੀਟ ਤੋਂ ਚੋਣ ਲੜਨ ਲਈ ਨਹੀਂ ਸੀ। ਇਹੀ ਹਾਲ ਕਾਂਗਰਸ ਦਾ ਸੀ। ਉਨ੍ਹਾਂ ਕੋਲ ਵੀ ਅਜਿਹਾ ਕੋਈ ਆਗੂ ਨਹੀਂ ਸੀ ਜਿਹੜਾ ਹਰਸਿਮਰਤ ਨੂੰ ਟੱਕਰ ਦੇ ਸਕੇ। ਕਾਂਗਰਸ ਦੀ ਕਿਸਮਤ ਚੰਗੀ ਕਹਿ ਲਵੋ ਕਿ ਇਸ ਨੂੰ ਬਾਦਲਾਂ ਨਾਲੋ ਰੁੱਸ ਕੇ ਆਏ ਮਨਪ੍ਰੀਤ ਬਾਦਲ ਵਰਗਾ ਮੋਹਰਾ ਚਾਲ ਚੱਲਣ ਲਈ ਲੱਭ ਗਿਆ। ਹੁਣ ਦਿਓਰ-ਭਰਜਾਈ ਦੇ ਚੋਣ ਮੈਦਾਨ ਵਿਚ ਹੋਣ ਕਰਕੇ 'ਕੁੰਢੀਆਂ ਦੇ ਸਿੰਗ ਫਸ ਗਏ, ਕੋਈ ਨਿੱਤਰੂ ਵੜੇਮੇ ਖਾਣੀ' ਵਾਲੀ ਗੱਲ ਸੱਚੀ ਸਾਬਤ ਹੋ ਗਈ ਹੈ। ਇਕੋ ਘਰ ਦੇ ਦੋ ਜੀਆਂ ਦੀ ਲੜਾਈ ਦੇਖਣ ਲਈ ਲੋਕ ਪੱਬਾਂ ਭਾਰ ਹੋਏ ਪਏ ਹਨ।

ਆਮ ਲੋਕਾਂ ਦਾ ਮੰਨਣਾ ਹੈ ਕਿ ਹਰਸਿਮਰਤ ਬਾਦਲ ਨੂੰ ਇਸ ਹਲਕੇ ਤੋਂ ਮਨਪ੍ਰੀਤ ਬਾਦਲ ਵਰਗਾ ਧੜੱਲੇਦਾਰ ਆਗੂ ਹੀ ਟੱਕਰ ਦੇ ਸਕਦਾ ਹੈ। ਗੱਲ ਕੁੱਝ ਵੀ ਹੋਵੇ ਪਰ ਹੁਣ ਸਭ ਦੀਆਂ ਨਜ਼ਰਾਂ ਇਸੇ ਸੀਟ 'ਤੇ ਲੱਗੀਆਂ ਹੋਈਆਂ ਹਨ। ਇਸ ਹਲਕੇ ਤੋਂ ਅੱਠ ਵਾਰ ਅਕਾਲੀ ਦਲ, ਚਾਰ ਵਾਰ ਕਾਂਗਰਸ ਤੇ ਦੋ ਵਾਰ ਸੀ.ਪੀ.ਆਈ. ਦੀ ਨੁਮਇੰਦਗੀ ਰਹੀ ਹੈ। ਪਰ ਇਸ ਵਾਰ ਇਸ ਸੀਟ ਤੋਂ ਆਉਣ ਵਾਲੇ ਨਤੀਜੇ ਇਤਿਹਾਸ ਬਣਨ ਦੇ ਸਮਰਥ ਹਨ। ਸੰਨ 2009 ਵਿਚ ਇਸ ਹਲਕੇ ਨੂੰ ਜਨਰਲ ਹਲਕਾ ਬਣਾਉਣ ਸਮੇਂ ਸੂਬੇ ਵਿਚ ਅਕਾਲੀ ਦਲ ਦੀ ਸਰਕਾਰ ਸੀ, ਜਿਸ ਨੇ ਇਸ ਹਲਕੇ ਨਾਲੋ ਰਾਮਪੁਰਾ ਫੂਲ ਤਹਿਸੀਲ ਦੇ ਕਾਫੀ ਪਿੰਡਾਂ ਨੂੰ ਤੋੜ ਕੇ ਹਲਕਾ ਫਰੀਦਕੋਟ ਨਾਲ ਜੋੜ ਦਿੱਤਾ ਸੀ ਤੇ ਕਈ ਹੋਰ ਪਿੰਡ ਬਠਿੰਡਾ ਹਲਕੇ ਨਾਲ ਜੋੜੇ ਗਏ ਸਨ। ਇਸ ਨੂੰ ਵੀ ਚੋਣਾਂ ਵਿਚ ਇੱਕ ਰਣਨੀਤੀ ਦੇ ਨਜ਼ਰੀਏ ਨਾਲ ਦੇਖਿਆ ਗਿਆ ਸੀ।

ਬੇਸ਼ੱਕ ਜੋੜੇ-ਵਿਛੋੜੇ ਗਏ ਪਿੰਡਾਂ ਨੇ ਇਹ ਇਤਰਾਜ਼ ਵੀ ਜਤਾਇਆ ਕਿ ਸਾਡਾ ਹਲਕਾ ਕਿਉਂ ਬਦਲਿਆ ਗਿਆ ਹੈ ਪਰ ਕਿਸੇ ਦੀ ਕੋਈ ਗੱਲ ਨਾ ਸੁਣੀ ਗਈ। ਸੰਨ 2009 ਦੀਆਂ ਚੋਣਾਂ ਵਿਚ ਬਾਦਲ ਪਰਿਵਾਰ ਦੀ ਸਾਰੀ ਤਾਕਤ ਇਸੇ ਸੀਟ ਦੀ ਪ੍ਰਾਪਤੀ 'ਤੇ ਲੱਗੀ ਹੋਈ ਸੀ। ਸਰਕਾਰੀ ਮਸ਼ੀਨਰੀ ਅਤੇ ਜੋੜ-ਤੋੜ ਦੀ ਸਿਆਸਤ ਦਾ ਬਾਦਲ ਪਰਿਵਾਰ ਨੇ ਖੂਬ ਫਾਇਦਾ ਉਠਾਇਆ। ਅਕਾਲੀ ਦਲ (ਬਾਦਲ ਪਰਿਵਾਰ) ਲਈ ਇਹ ਪੈਂਤੜਾ ਠੀਕ ਵੀ ਸੀ ਕਿਉਂਕਿ 2007 ਦੀਆਂ ਵਿਧਾਨ ਸਭਾ ਚੋਣਾਂ ਵਿਚ ਬਠਿੰਡਾ ਜਿਲ੍ਹੇ ਦੇ ਵਿਧਾਨ ਸਭਾ ਹਲਕਿਆਂ ਤੋਂ ਕਾਂਗਰਸ ਨੂੰ ਭਾਰੀ ਬਹੁਮਤ ਮਿਲਿਆ ਸੀ। ਉਸ ਦੇ ਵੀ ਕਈ ਕਾਰਨ ਸਨ। 2007 ਦੀਆਂ ਵਿਧਾਨ ਸਭਾ ਚੋਣਾਂ ਤੋਂ ਥੋੜਾ ਜਿਹਾ ਸਮਾਂ ਪਹਿਲਾਂ ਹੀ ਇਸ ਇਲਾਕੇ ਵਿਚ ਸਰਸੇ ਵਾਲੇ ਸਾਧ ਨੂੰ ਲੈ ਕੇ ਇਕ ਜ਼ਬਰਦਸਤ ਹੰਗਾਮਾ ਖੜਾ ਹੋਇਆ ਸੀ, ਸਰਸੇ ਵਾਲੇ ਦੇ ਸ਼ਰਧਾਲੂਆਂ ਅਤੇ ਆਮ ਲੋਕਾਂ ਵਿਚ ਜ਼ਬਰਦਸਤ ਝੜਪਾਂ



*ਮਨਪ੍ਰੀਤ ਸਿੰਘ ਬਾਦਲ*

ਹੋਈਆਂ ਤੇ ਕਿੰਨਾ ਚਿਰ ਇਹ ਮਸਲਾ ਅੱਗ ਵਾਂਗ ਭਖਦਾ ਰਿਹਾ। ਸਾਰੇ ਪੰਜਾਬ ਤੋਂ ਲੋਕ ਜਥਿਆਂ ਦੇ ਰੂਪ ਵਿਚ ਤਲਵੰਡੀ ਸਾਬੋ ਪਹੁੰਚੇ ਸਨ ਤੇ ਸਰਸੇ ਵਾਲੇ ਸਾਧ ਨੂੰ ਸਬਕ ਸਿਖਾਉਣ ਦੀ ਧਾਰੀ ਬੈਠੇ ਸਨ। ਪਰ ਧਰਮ ਵਿਚ ਸਿਆਸਤ ਦੀ ਘੁਸਪੈਠ ਹੋਣ ਕਰਕੇ ਜਥੇਦਾਰਾਂ ਨੇ ਲੋਕ ਰੋਹ ਨੂੰ ਕਿਵੇਂ ਨਾ ਕਿਵੇਂ ਠੰਡਾ ਕੀਤਾ। ਇਸ ਸਾਰੇ ਘਟਨਾਕ੍ਰਮ ਦਾ ਫਾਇਦਾ ਕਾਂਗਰਸ ਵਾਲੇ ਉਠਾ ਗਏ। ਲੋਕਾਂ ਵਿਚ ਇਹ ਰੋਹ ਸੀ, ਪੰਥਕ ਕਹਾਉਣ ਵਾਲੀ ਸਰਕਾਰ ਨੇ ਸਿੱਖ ਮਸਲਿਆਂ ਦੀ ਬਲੀ ਦੇ ਕੇ ਮਹਿਜ ਕੁਰਸੀ ਹਥਿਆਉਣ ਲਈ ਕਈ ਸਮਝੌਤੇ ਕੀਤੇ ਹਨ। ਲੋਕਾਂ ਦੇ ਮੂੰਹ ਤੋਂ ਹੁੰਦੀ ਹੋਈ ਇਹ ਗੱਲ ਲੋਕਾਂ ਦੇ ਦਿਲਾਂ ਵਿਚ ਘਰ ਕਰ ਗਈ ਤੇ ਨਤੀਜਾ ਸਾਹਮਣੇ ਸੀ। ਇਸ ਗੱਲ ਤੋਂ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਇਸ ਇਲਾਕੇ ਵਿਚ ਡੇਰਾ ਸੱਚਾ ਸੌਦਾ ਦੇ ਸ਼ਰਧਾਲੂਆਂ ਦੀ ਗਿਣਤੀ ਰਿਕਾਰਡ ਤੋੜ ਹੈ ਤੇ ਇਸ ਇਲਾਕੇ ਦਾ ਇੱਕ ਸਿਰਕੱਢ ਕਾਂਗਰਸੀ ਆਗੂ ਸਰਸੇ ਵਾਲੇ ਸਾਧ ਦਾ ਕੁੜਮ ਵੀ ਹੈ। ਇਸ ਦਾ ਫਾਇਦਾ ਕਾਂਗਰਸ ਨੂੰ ਇਹ ਹੋਇਆ ਕਿ ਸਰਸੇ ਵਾਲੇ ਦੇ ਸ਼ਰਧਾਲੂਆਂ ਨੇ ਕਾਂਗਰਸ ਦੀ ਸ਼ਰੇਆਮ ਸੁਪੋਰਟ ਕੀਤੀ ਤੇ ਇਸ ਹਲਕੇ ਵਿਚ ਅਕਾਲੀਆਂ ਨੂੰ ਕਰਾਰੀ ਹਾਰ ਦਾ ਮੂੰਹ ਦੇਖਣਾ ਪਿਆ।

ਕਹਿੰਦੇ ਹਨ ਕਿ ਦੁੱਧ ਦਾ ਸੜਿਆ ਪਾਣੀ ਨੂੰ ਵੀ ਫੂਕ ਮਾਰ ਕੇ ਪੀਂਦੈ। ਇਸੇ ਕਰਕੇ ਠੀਕ ਦੋ ਸਾਲਾਂ ਬਾਦ ਹੋਈ ਲੋਕ ਸਭਾ ਚੋਣ ਵਿਚ ਘਾਗ ਸਿਅਸਤਦਾਨ ਪ੍ਰਕਾਸ਼ ਸਿੰਘ ਬਾਦਲ ਨੇ ਆਪਣੀ ਨੂੰਹ ਦੀ ਚੋਣ ਮੁਹਿੰਮ ਦੀ ਵਾਗਡੋਰ ਆਪਣੇ ਹੱਥਾਂ 'ਚ ਲਈ ਸੀ, ਕਿਉਂਕਿ ਉਸ ਸਮੇਂ ਕੋਈ ਰਿਸਕ ਨਹੀਂ ਸੀ ਲਿਆ ਜਾ ਸਕਦਾ। ਹਰਸਿਮਰਤ ਤੇ ਸੁਖਬੀਰ ਦੇ ਤਿੰਨੇ ਬੱਚੇ ਵੀ ਆਪਣੀ ਮਾਂ ਲਈ ਵੋਟਾਂ ਮੰਗਣ ਲਈ ਨਾਲ ਤੁਰੇ ਸਨ।

ਗੱਲ ਮੋੜ ਕੇ ਮੌਜੂਦਾ ਲੋਕ ਸਭਾ ਚੋਣਾਂ 'ਤੇ ਲੈ ਕੇ ਆਉਂਦੇ ਹਾਂ। ਇਨ੍ਹਾਂ ਦਿਨਾਂ ਵਿਚ ਸਿਆਸੀ ਜੋੜ-ਤੋੜ ਹੋਣੇ ਸੁਭਾਵਿਕ ਹੀ ਹਨ। ਤਲਵੰਡੀ ਸਾਬੋ (ਦਮਦਮਾ ਸਹਿਬ) ਦੇ ਘਾਗ ਕਾਂਗਰਸੀ ਜੀਤ ਮਹਿੰਦਰ ਸਿੱਧੂ ਪਿਛਲੇ ਦਿਨੀਂ ਅਕਾਲੀ ਦਲ ਦੀ ਤੱਕੜੀ ਵਿਚ ਤੁਲ ਗਏ। ਇਸ ਜੋੜ-ਤੋੜ ਦਾ ਲਾਭ ਅਕਾਲੀ ਦਲ ਨੂੰ ਹੋ ਸਕਦਾ ਹੈ ਕਿਉਂਕਿ ਜੀਤ ਮਹਿੰਦਰ ਸਿੱਧੂ ਦੀ ਆਪਣੇ ਹਲਕੇ ਵਿਚ ਚੰਗੀ ਪੁੱਛ ਪ੍ਰਤੀਤ ਹੈ ਤੇ ਆਪਣੀ ਸੱਠ ਪ੍ਰਤੀਸ਼ਤ ਵੋਟ ਉਹ ਅਕਾਲੀਆਂ ਦੇ ਹੱਕ ਵਿਚ ਭੁਗਤਾ ਸਕਦਾ ਹੈ। ਦੂਜੀ ਵੱਡੀ ਗੱਲ ਇਹ ਹੈ ਕਿ ਬਠਿੰਡਾ ਲੋਕ ਸਭਾ ਹਲਕੇ ਵਿਚ ਅਕਾਲੀ ਜਥੇਦਾਰਾਂ ਦੀ ਕੋਈ ਕਮੀ ਨਹੀਂ ਜਿਹੜੇ ਆਪਣੀ ਸਮਝ ਮੁਤਾਬਕ ਹਰ ਵਾਰ ਲੋਕਾਂ ਨੂੰ 'ਪੰਥ ਨੂੰ ਵੋਟ' ਪਾਉਣ ਲਈ ਉਕਸਾਉਂਦੇ ਹਨ।

ਹੁਣ ਜੇ ਮਨਪ੍ਰੀਤ ਬਾਦਲ ਦੀ ਗੱਲ ਕਰੀਏ ਤਾਂ ਬੇਸ਼ੱਕ ਮਨਪ੍ਰੀਤ ਬਾਦਲ ਇਸੇ ਇਲਾਕੇ ਦੀ ਪੈਦਾਇਸ਼ ਹੈ ਪਰ ਅਕਾਲੀ ਦਲ ਨਾਲੋ ਵੱਖ ਹੋ ਕੇ ਵੱਖਰੀ ਪਾਰਟੀ ਬਣਾਉਣੀ ਤੇ ਫਿਰ ਕਈ ਸਿਰੇ ਦੇ ਆਗੂਆਂ ਦਾ ਇਸ ਵਿਚ ਸ਼ਾਮਿਲ ਹੋ ਕੇ ਵੱਖ ਹੋਣਾ ਤੇ ਐਨ ਅੰਤ ਸਮੇਂ ਪਾਰਟੀ ਦੀ ਜਿੰਦ ਜਾਨ ਮੰਨੇ ਜਾਂਦੇ ਕਾਮੇਡੀਅਨ ਭਗਵੰਤ ਮਾਨ ਦੇ ਪਾਰਟੀ ਨਾਲੋ ਤੋੜ-ਵਿਛੋੜੇ ਦੇ ਘਟਨਾਕ੍ਰਮ ਨੇ ਮਨਪ੍ਰੀਤ ਦੀ ਪਾਰਟੀ ਦੀ ਸ਼ਾਖ ਨੂੰ ਢਾਹ ਹੀ ਲਾਈ ਹੈ। ਸ਼ਹੀਦਾਂ ਦੀ ਧਰਤੀ ਤੋਂ ਸਹੁੰ ਚੁੱਕ ਕੇ ਨਿਜ਼ਾਮ ਬਦਲਣ ਦੀਆਂ ਗੱਲਾਂ ਨੇ ਬੇਸ਼ੱਕ ਪੀ.ਪੀ.ਪੀ. ਨਾਲ ਅਗਾਂਹਵਧੂ ਸੋਚ ਦੇ ਲੋਕ ਜੋੜੇ, ਪਰ ਹੁਣ ਲੋਕ ਸਭਾ ਚੋਣਾਂ ਵਿਚ ਕਾਂਗਰਸ ਪਾਰਟੀ ਵਿਚ ਮਨਪ੍ਰੀਤ ਬਾਦਲ ਦੇ ਰਲੇਵੇਂ ਨੂੰ ਪਾਰਟੀ ਨਾਲ ਜੁੜੇ ਲੋਕ ਕੁਰਸੀ ਦੀ ਭੁੱਖ ਆਖ ਰਹੇ ਹਨ। ਇਹ ਹੋਣਾ ਸੁਭਾਵਿਕ ਹੀ ਸੀ ਕਿਉਂਕਿ ਮਨਪ੍ਰੀਤ ਬਾਦਲ ਦੀ ਪਾਰਟੀ ਸਿਰਫ ਇੱਕ ਆਦਮੀ ਪਾਰਟੀ ਬਣ ਕੇ ਰਹਿ ਗਈ ਸੀ ਤੇ ਚੋਣਾਂ ਜਿੱਤਣ ਲਈ ਮਨਪ੍ਰੀਤ ਨੂੰ ਕਿਸੇ ਦੀ ਬੇੜੀ ਵਿਚ ਤਾਂ ਸਵਾਰ ਹੋਣਾ ਹੀ ਪੈਣਾ ਸੀ। ਉਸ ਲਈ ਅੱਗੇ ਟੋਆ, ਪਿੱਛੇ ਖਾਈ ਵਾਲੀ ਨੌਬਤ ਆਈ ਪਈ ਸੀ। ਵਾਪਸ ਅਕਾਲੀ ਦਲ ਵਿਚ ਮੁੜਨ ਕਾਰਨ ਹੋਣ ਵਾਲੀ ਬੇ-ਇੱਜਤੀ ਨਾਲੋ ਕਾਂਗਰਸ ਦੀ ਗੱਡੀ ਵਿਚ ਝੂਟਾ ਲੈਣਾ ਹੀ ਮਨਪ੍ਰੀਤ ਨੇ ਮੁਨਾਸਿਬ ਸਮਝਿਆ। ਪਰ ਕਾਂਗਰਸ ਵਿਚ ਰਲੇਵਾਂ ਉਸ ਦੀ ਆਪਣੀ ਪਾਰਟੀ ਨਾਲ ਜੁੜੇ ਲੋਕਾਂ ਦੇ ਵੀ ਹਜ਼ਮ ਨਹੀਂ ਹੋ ਰਿਹਾ ਕਿਉਂਕਿ ਸਾਕਾ ਨੀਲਾ ਤਾਰਾ ਅਤੇ ਦਿੱਲੀ ਵਿਚ ਕਾਂਗਰਸ ਪਾਰਟੀ ਦੇ ਇਸ਼ਾਰੇ 'ਤੇ ਹੋਏ ਸਿੱਖਾਂ ਦੇ ਕਤਲੇਆਮ ਨੂੰ ਪੰਜਾਬੀ ਦਿਲੋਂ ਨਹੀਂ ਕੱਢ ਸਕੇ।

ਬਠਿੰਡਾ ਹਲਕੇ ਵਿਚ ਕਾਂਗਰਸ ਪਾਰਟੀ ਦੇ ਆਧਾਰ ਨੂੰ ਵੀ ਝੁਠਲਾਇਆ ਨਹੀਂ ਜਾ ਸਕਦਾ। ਕਾਂਗਰਸੀ ਵਰਕਰ ਮਨਪ੍ਰੀਤ ਬਾਦਲ ਨੂੰ ਪਸੰਦ ਨਾ ਵੀ ਕਰਦੇ ਹੋਣ ਪਰ ਪਾਰਟੀ ਮਗਰ ਜਾ ਕੇ ਉਨ੍ਹਾਂ ਨੂੰ ਵੋਟ ਮਨਪ੍ਰੀਤ ਨੂੰ ਹੀ ਪਾਉਣੀ ਪੈਣੀ ਹੈ। ਪਿਛਲੇ ਨਤੀਜਿਆਂ ਨੂੰ ਵੀ ਅੱਖੋਂ ਪਰੋਖੇ ਨਹੀਂ ਕੀਤਾ ਸਕਦਾ ਜਦੋਂ ਕਾਂਗਰਸੀ ਉਮੀਦਵਾਰ ਰਣਇੰਦਰ ਸਿੰਘ ਸਵਾ ਲੱਖ ਵੋਟ ਦੇ ਫਰਕ ਨਾਲ ਹਾਰਿਆ ਸੀ। ਇਹ ਫਰਕ ਕੋਈ ਥੋੜਾ ਨਹੀਂ ਹੁੰਦਾ। ਜੇਕਰ ਬਠਿੰਡਾ ਸੀਟ ਤੋਂ ਮਨਪ੍ਰੀਤ ਬਾਦਲ ਕਾਂਗਰਸ ਦੇ ਸਮਰਥਨ ਨਾਲ ਖੜਾ ਨਾ ਹੁੰਦਾ ਤਾਂ ਕਾਂਗਰਸ ਭਾਵੇਂ ਕਿਸੇ ਨੂੰ ਵੀ ਖੜਾ ਕਰਦੀ, ਨਤੀਜੇ ਦਾ ਕਿਆਸ ਪਹਿਲਾਂ ਹੀ ਲੱਗ ਸਕਦਾ ਸੀ ਕਿ ਜਿੱਤੇਗੀ ਅਕਾਲੀ ਉਮੀਦਵਾਰ ਹਰਸਿਮਰਤ ਬਾਦਲ ਹੀ। ਪਰ ਮਨਪ੍ਰੀਤ ਦੇ ਆਪਣੀ ਭਰਜਾਈ ਦੇ ਬਰਾਬਰ ਖੜਾ ਹੋਣ ਨਾਲ ਅਕਾਲੀ ਦਲ ਦੇ ਮੱਥੇ 'ਤੇ ਵੀ ਤਰੇਲੀਆਂ ਆਈਆਂ ਹਨ। ਹੁਣ ਮੁਕਾਬਲਾ ਓਨਾ ਸੌਖਾ ਨਹੀਂ ਰਿਹਾ, ਜਿੰਨਾ ਅਨੁਮਾਨ ਲਾਇਆ ਜਾ ਰਿਹਾ ਸੀ। ਸੱਚਾ ਸੌਦਾ, ਸਿਰਸੇ ਦੇ ਸ਼ਰਧਾਲੂਆਂ ਦੀ ਵੋਟ ਵੀ ਇਸ ਵਾਰ ਮਨਪ੍ਰੀਤ ਬਾਦਲ ਦੇ ਹੱਕ ਵਿਚ ਭੁਗਤਣ ਦੇ ਆਸਾਰ ਬਣ ਰਹੇ ਹਨ।

ਜੋ ਵੀ ਹੋਵੇ, ਪੂਰੇ ਪੰਜਾਬ ਦੀਆਂ ਨਜ਼ਰਾਂ ਇਸ ਸੀਟ 'ਤੇ ਹਨ। ਹੋਣ ਵੀ ਕਿਉਂ ਨਾ ਕਿਉਂਕਿ ਇਹ ਸਿਆਸੀ ਪਿੜ ਵਿਚ ਇੱਕੋ ਪਰਿਵਾਰ ਦੇ ਦੋ ਮੈਂਬਰਾਂ ਦੀ ਲੜਾਈ ਹੈ। ਸਿਆਸੀ ਅਣਬਣ ਤੋਂ ਲਾਂਭੇ ਹੋ ਕੇ ਦੇਖਿਆ ਜਾਵੇ ਤਾਂ ਹਰਸਿਮਰਤ ਅਤੇ ਮਨਪ੍ਰੀਤ ਇੱਕੋ ਪਰਿਵਾਰ ਦੇ ਦੋ ਮੈਂਬਰ ਹੋਣ ਦੇ ਨਾਲ ਨਾਲ ਦਿਓਰ-ਭਰਜਾਈ ਵੀ ਹਨ ਜਿਸ ਨੂੰ ਪੰਜਾਬੀ ਲੋਕਧਾਰਾ ਵਿਚ ਬੜੀ ਅਹਿਮੀਅਤ ਹਾਸਲ



*ਹਰਸਿਮਰਤ ਕੌਰ ਬਾਦਲ*

ਹੈ। ਸਹੁਰੇ ਘਰ ਵਿਚ ਪਤੀ ਤੋਂ ਬਾਅਦ ਆਪਣੇ ਦਿਓਰ ਨਾਲ ਹੀ ਕਿਸੇ ਇਸਤਰੀ ਦਾ ਨੇੜੇ ਦਾ ਰਿਸ਼ਤਾ ਹੁੰਦਾ ਹੈ। ਛੋਟਾ ਦਿਓਰ ਭਾਬੀਆਂ ਦਾ 'ਗਹਿਣਾ' ਵਰਗੇ ਵਿਸ਼ੇਸ਼ਣਾਂ ਨਾਲ ਦਿਓਰ ਨੂੰ ਲੋਕਧਾਰਾ ਵਿਚ ਵਡਿਆਇਆ ਗਿਆ ਹੈ। 'ਬੋਤਾ ਬੰਨ ਦੇ ਬੋਹੜ ਦੀ ਛਾਂਵੇਂ, ਆਜਾ ਦਿਓਰਾ ਤਾਸ਼ ਖੇਡੀਏ' ਜਾਂ 'ਮੇਰੀ ਕੌਣ ਚੁੱਕੂ ਫੁਲਕਾਰੀ, ਛੋਟੇ ਦਿਓਰ ਬਿਨਾਂ।' 'ਪੁੱਛਦਾ ਦਿਓਰ ਖੜਾ, ਤੇਰਾ ਕੀ ਦੁੱਖਦਾ ਭਰਜਾਈਏ।'

ਪਰ ਕਹਿੰਦੇ ਨੇ ਕਿ ਸਿਆਸਤ ਵਿਚ ਕੋਈ ਆਪਣਾ-ਪਰਾਇਆ ਨਹੀਂ। ਬੇਸ਼ੱਕ ਦਿਓਰ-ਭਰਜਾਈ ਦੀ ਲੜਾਈ ਵਿਚਾਰਾਂ ਦੀ ਹੋਵੇ ਜਾਂ ਕੁਰਸੀ ਦੀ। ਮੁੱਕਦੀ ਗੱਲ ਹੁਣ ਜੇਕਰ ਮਨਪ੍ਰੀਤ ਬਾਦਲ ਆਪਣੀ ਵੱਡੀ ਭਰਜਾਈ ਤੋਂ ਹਾਰ ਗਿਆ ਤਾਂ ਉਸ ਦਾ ਸਿਆਸੀ ਭਵਿੱਖ ਫਰਸ਼ 'ਤੇ ਆ ਸਕਦਾ ਹੈ ਪਰ ਜੇ ਜਿੱਤ ਗਿਆ ਤਾਂ ਬਾਦਲਾਂ ਨੂੰ ਤਾਂ ਝਟਕਾ ਲੱਗੇਗਾ ਹੀ ਨਾਲ ਆਮ ਲੋਕਾਂ ਲਈ ਵੀ ਇਹ ਜਿੱਤ ਕਿਸੇ ਅਚੰਭੇ ਤੋਂ ਘੱਟ ਨਹੀਂ ਹੋਵੇਗੀ। ਥਰਮਲ ਦੀਆਂ ਉਚੀਆਂ ਚਿਮਨੀਆਂ ਹਾਰਨ ਵਾਲੇ ਉਮੀਦਵਾਰ ਨੂੰ ਉਸ ਦੇ ਬੌਣੇਪਣ ਦਾ ਅਹਿਸਾਸ ਜਰੂਰ ਕਰਵਾਉਣਗੀਆਂ,

"ਰਾਇਆ ਰਾਇਆ ਰਾਇਆ,
ਵਿਚ ਵੇ ਬਠਿੰਡੇ ਦੇ
ਇੱਕ ਥਰਮਲ ਪਲਾਂਟ ਲਗਾਇਆ,
ਉਚੇ ਉਚੇ ਲਾ ਕੇ ਮਿਸਤਰੀ,
ਇੱਕ ਨਵਾ ਨਮੂਨਾਂ ਪਾਇਆ,
ਵੇ ਡਿੱਗ ਪਈ ਥਰਮਲ ਤੋਂ
ਪਤਾ ਲੈਣ ਨੀਂ ਆਇਆ,
ਵੇ ਡਿੱਗ ਪਈ ਥਰਮਲ ਤੋਂ...।

## ਸੰਪਾਦਕ ਦੀ ਡਾਕ

# ਚਮਕੀਲਾ ਬਨਾਮ ਹਨੀ ਸਿੰਘ

ਪੰਜਾਬ ਟਾਈਮਜ਼ ਦੇ 8 ਮਾਰਚ ਦੇ ਅੰਕ ਵਿਚ ਅਮਰ ਸਿੰਘ ਚਮਕੀਲਾ ਬਾਰੇ ਸ਼ਮਸ਼ੇਰ ਸਿੰਘ ਸੋਹੀ ਦਾ ਲਿਖਿਆ ਲੇਖ ਪੜ੍ਹਿਆ। ਚਮਕੀਲੇ ਬਾਰੇ ਸਭ ਵਿਵਾਦਾਂ ਦੇ ਬਾਵਜੂਦ ਚਮਕੀਲੇ ਦੀ ਗਾਇਕੀ ਨੂੰ ਮਨਫੀ ਨਹੀਂ ਕੀਤਾ ਜਾ ਸਕਦਾ। ਉਹ ਲੋਕਾਂ ਦੇ ਦਿਲਾਂ 'ਚ ਹਮੇਸ਼ਾਂ ਲਈ ਵਸਿਆ ਹੋਇਆ ਹੈ। ਕਈ ਉਹ ਵੀ ਹਨ, ਜਿਨ੍ਹਾਂ ਨੇ ਕਦੇ ਚਮਕੀਲਾ ਨਹੀਂ ਵੇਖਿਆ ਪਰ ਉਹਦੀ ਗਾਈਕੀ ਤੇ ਗੀਤਕਾਰੀ ਦੇ ਦੀਵਾਨੇ ਹਨ ਜਿਨ੍ਹਾਂ ਵਿਚੋਂ ਸ਼ਮਸ਼ੇਰ ਸਿੰਘ ਸੋਹੀ ਇਕ ਹੈ। ਉਹਨੇ ਕਦੇ ਚਮਕੀਲਾ ਨਹੀਂ ਵੇਖਿਆ ਪਰ ਉਹਦੀ ਗਾਇਕੀ ਤੇ ਲੇਖਣੀ ਬਾਰੇ ਖੋਜ ਕਰਕੇ ਵੱਖਰੀ ਵੈਬ ਸਾਈਟ ਬਣਾ ਰਿਹਾ ਹੈ।

ਅੱਜ-ਕੱਲ੍ਹ ਦੇ ਗਾਇਕ ਕਲਾਕਾਰ ਚਮਕੀਲੇ ਦੀਆਂ ਤਰਜ਼ਾਂ 'ਤੇ ਗਾ ਰਹੇ ਹਨ। ਉਹਦੇ ਗੀਤਾਂ ਦੀ ਰੀਮਿਕਸ ਹੋ ਰਹੀ ਹੈ। ਉਹ ਕੋਈ ਮਾਮੂਲੀ ਗੀਤਕਾਰ-ਕਲਾਕਾਰ ਨਹੀਂ ਸੀ। 1983-84 'ਚ ਨਵਾਂ ਸ਼ਹਿਰ ਦੀ ਸਬਜ਼ੀ-ਮੰਡੀ ਦੇ ਉਦਘਾਟਨ ਮੌਕੇ ਮੈਂ ਉਹਦਾ ਪਹਿਲੀ ਤੇ ਆਖਰੀ ਵਾਰ ਅਖਾੜਾ ਵੇਖਿਆ ਸੀ। ਸੁਰਿੰਦਰ ਸੋਨੀਆ ਉਹਦੇ ਨਾਲ ਆਈ ਸੀ। "ਟਕੂਏ 'ਤੇ ਟਕੂਆ ਖੜਕੇ" ਉਹ ਪਹਿਲੀ ਕੈਸੇਟ ਰਿਕਾਰਡ ਕਰਵਾ ਕੇ ਆਏ ਸਨ। ਉਸ ਤੋਂ ਬਾਅਦ ਤਾਂ ਚਮਕੀਲੇ ਦੀ ਗੁੱਡੀ ਚੜ੍ਹਦੀ ਚਲੇ ਗਈ। 1987-88 'ਚ ਉਹ ਨਿਊ ਯਾਰਕ ਪ੍ਰੋਗਰਾਮ ਕਰਨ ਆਇਆ। ਉਸ ਵੇਲੇ ਅਮਰਜੋਤ ਦਾ ਗਾਇਆ ਗੀਤ 'ਤਲਵਾਰ ਮੈਂ ਕਲਗੀਧਰ ਦੀ ਹਾਂ' 'ਧਮਕ ਪੰਜਾਬ ਦੀ' ਟੀ ਵੀ ਚੈਨਲ 'ਤੇ ਵਾਰ ਵਾਰ ਵਿਖਾਇਆ ਜਾਂਦਾ ਸੀ। ਇਹ ਪਰਦੇਸ ਦੀ ਧਰਤੀ 'ਤੇ ਸ਼ਾਇਦ ਉਹਦਾ ਆਖਰੀ ਅਖਾੜਾ ਸੀ।

1990 'ਚ ਮੈਂ ਇੰਗਲੈਂਡ ਗਿਆ ਤਾਂ ਸਾਊਥਹਾਲ ਘੁੰਮ ਰਿਹਾ ਸਾਂ ਤਾਂ ਕੋਲ ਦੀ ਕਾਰ ਲੰਘੀ ਤਾਂ ਉਸ ਵਿਚੋਂ ਚਮਕੀਲੇ ਦੀ ਅਵਾਜ਼ ਆਈ, "ਜ਼ਬਰ ਜ਼ੁਲਮ ਦੀ ਜ਼ਾਲਮਾਂ ਨੇ ਅੱਤ ਮਚਾਈ, ਹੋਏ ਪਿਆਸੇ ਖ਼ੂਨ ਦੇ ਬਈ ਭਾਈ ਭਾਈ, ਕੀਤੀ ਇਲਤ ਫ਼ਰੰਗੀਆਂ ਕੀ ਵਰਤਿਆ ਭਾਣਾ, ਸਾਥੋਂ ਬਾਬਾ ਖੋਹ ਲਿਆ ਤੇਰਾ ਨਨਕਾਣਾ।" 1992-93 'ਚ ਜਦੋਂ ਪਹਿਲੀ ਵਾਰ ਮੈਂ ਅਮਰੀਕਾ ਤੋਂ ਪੰਜਾਬ ਗਿਆ ਤਾਂ ਚਮਕੀਲਾ ਕਾਲੇ ਦਿਨਾਂ ਦਾ ਸ਼ਿਕਾਰ ਹੋ ਚੁੱਕਾ ਸੀ।

1993-94 'ਚ ਮੈਂ ਸਤਲੁਜ ਦਰਿਆ ਲਾਗੇ ਪੈਂਦੇ ਆਪਣੇ ਨਾਨਕੀਂ ਬੁਰਜ-ਫਾਬੜੇ ਗਿਆ ਤਾਂ ਮਾਮੇ ਹੁਣਾਂ ਦੇ ਝੋਨਾ ਲਾਉਣ ਆਏ ਬਿਹਾਰੀ ਭਈਏ ਨੂੰ "ਓ ਡਰੈਵਰ ਰੋਕ ਗਾੜੀ" ਕੈਸੇਟ ਸੁਣਦੇ ਸੁਣਿਆ। ਉਹ ਮੁੜ ਮੁੜ ਉਹੀ ਗਾਣਾ ਲਾਈ ਜਾਵੇ। ਹਾਰ ਕੇ ਮੈਂ ਉਹਨੂੰ ਪੁਛ ਹੀ ਲਿਆ, "ਤੈਨੂੰ ਏਹਦੇ ਅਰਥਾਂ ਦਾ ਪਤੈ, ਕੀ ਕਹਿ ਰਹੇ ਨੇ?" ਕਹਿਣ ਲੱਗਾ, "ਸਰਦਾਰ ਜੀ, ਯੇ ਕਲਾਕਾਰ ਗਾਤਾ ਬੜਾ ਕਮਾਲ ਹੈ। ਮੈਂ ਅਪਨੇ ਮੁਲਕ ਮੇਂ ਰਿਕਸ਼ਾ ਚਲਾਤਾ ਹੂੰ, ਔਰ ਅਪਨੇ ਰਿਕਸ਼ਾ ਮੇਂ ਯੇ ਗਾਨਾ ਸੁਨਤਾ ਰਹੂੰਗਾ।"

ਉਸ ਉਤੇ ਲੱਚਰ ਗੀਤ ਗਾਉਣ ਦਾ ਦੋਸ਼ ਲੱਗਦਾ ਰਿਹਾ ਹੈ ਪਰ ਜੋ ਕੁਝ ਅਜੋਕੀ ਗਾਇਕੀ ਵਿਚ ਵਾਪਰ ਰਿਹਾ ਹੈ, ਉਸ ਦੇ ਮੁਕਾਬਲੇ ਉਹ ਤਾਂ ਕੁਝ ਵੀ ਨਹੀਂ ਸੀ। ਫਿਰ ਉਸ ਦੇ ਧਾਰਮਿਕ ਗੀਤਾਂ ਨੂੰ ਕਦੀ ਵੀ ਭੁਲਾਇਆ ਨਹੀਂ ਜਾ ਸਕਦਾ। 'ਬਾਬਾ ਤੇਰਾ ਨਨਕਾਣਾ', 'ਪਾਣੀ ਦਿਆ ਬੁਲਬਲਿਆ', 'ਤਲਵਾਰ ਮੈਂ ਕਲਗੀਧਰ ਦੀ ਹਾਂ' ਅਤੇ 'ਨਰਕਾਂ ਨੂੰ ਜਾਵੇ ਸਰਹੰਦ ਦੀ ਦੀਵਾਰੇ' ਲੋਕ ਚੇਤਿਆਂ ਵਿਚ ਹਮੇਸ਼ਾ ਵਸਦੇ ਰਹਿਣਗੇ।

ਚਮਕੀਲੇ ਨੂੰ ਮਾਰਨ ਨਾਲ ਕੀ ਅਸ਼ਲੀਲਤਾ ਮੁੱਕ ਗਈ? ਨਹੀਂ, ਉਸ ਨਾਲੋਂ ਕਈ ਗੁਣਾ ਵਧ ਗਈ ਹੈ। ਪਰਿਵਾਰ 'ਚ ਬਹਿ ਕੇ ਟੀ. ਵੀ. ਨਹੀਂ ਵੇਖਿਆ ਜਾ ਸਕਦਾ। ਹਨੀ ਸਿੰਘ ਵਰਗੇ ਹੱਦ ਤੋਂ ਗਿਰੇ ਲੱਚਰ ਗੀਤ ਗਾ ਰਹੇ ਨੇ। ਧੀਆਂ-ਭੈਣਾਂ ਦੀ ਸ਼ਰੇਆਮ ਸਟੇਜ਼ਾਂ 'ਤੇ ਬੇਇਜ਼ਤੀ ਹੋ ਰਹੀ ਹੈ। ਕੁੜੀਆਂ ਨੂੰ ਅੱਧ-ਪਚੱਧੇ ਕੱਪੜੇ ਪੁਆ ਕੇ ਸਟੇਜ਼ਾਂ 'ਤੇ ਨਚਾਇਆ ਜਾਂਦਾ ਹੈ। ਪਰਿਵਾਰ ਦੇ ਜੀਆਂ 'ਚ ਟੀ. ਵੀ. ਮੂਹਰੇ ਬੈਠਣਾ ਮੁਸ਼ਕਲ ਹੋ ਜਾਂਦਾ ਹੈ। ਹੈਰਾਨੀ ਇਸ ਗੱਲ ਦੀ ਹੈ ਕਿ ਲੋਕ ਇਸ ਸਭ ਨੂੰ ਬਰਦਾਸ਼ਤ ਕਿਵੇਂ ਕਰੀ ਜਾ ਰਹੇ ਹਨ। ਜੇ ਲੋਕ ਨਾ ਚਾਹੁਣ ਤਾਂ ਕਿਸੇ ਗਾਇਕ ਦੀ ਕੀ ਮਜ਼ਾਲ ਕਿ ਉਹ ਅਜਿਹਾ ਕਰ ਜਾਵੇ?

***-ਇਕਬਾਲ ਸਿੰਘ ਜੱਬੋਵਾਲੀਆ***
***ਫੋਨ: 917-375-6395***

# ਲੋਕ ਸਭਾ ਚੋਣਾਂ ਅਤੇ ਲੋਟੂਆਂ ਦੀ ਧਾੜ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

***ਕੋਈ ਵੇਲਾ ਉਹ ਸੀ, ਜਦੋਂ ਲੋਕਾਂ ਨੇ ਕਹਿਣਾ ਸ਼ੁਰੂ ਕੀਤਾ ਸੀ ਕਿ ਏਥੇ ਇੱਟ ਪੁੱਟੋ ਤਾਂ ਚੋਰ ਨਿਕਲਦਾ ਹੈ, ਪਰ ਹੁਣ ਇੱਟ ਪੁੱਟਣ ਦੀ ਵੀ ਲੋੜ ਨਹੀਂ, ਚੋਰਾਂ ਦੀਆਂ ਧਾੜਾਂ ਹਰਲ-ਹਰਲ ਕਰਦੀਆਂ ਫਿਰਦੀਆਂ ਹਨ। ਉਸ ਵਕਤ ਵਿਚ ਕਿਸੇ ਰਾਜਸੀ ਲੀਡਰ ਦਾ ਮਾੜੇ ਬੰਦਿਆਂ ਨਾਲ ਨੇੜ ਰੱਖਣਾ ਬਦਨਾਮੀ ਦਾ ਕਾਰਨ ਹੁੰਦਾ ਸੀ, ਹੁਣ ਹਾਲਤ ਬਦਲ ਗਈ ਹੈ ਤੇ ਇਹੋ ਜਿਹੇ ਬੰਦਿਆਂ ਨਾਲ ਨੇੜ ਕਰਨਾ ਵੀ ਰਾਜਨੀਤੀ ਦਾ ਗੁਣ ਮੰਨਿਆ ਜਾਣ ਲੱਗ ਪਿਆ ਹੈ।***

ਮਸਾਂ ਚਾਰ ਮਹੀਨੇ ਪਹਿਲਾਂ ਦੀ ਗੱਲ ਹੈ ਕਿ ਚਾਰ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਪਾਰਟੀ ਨੇ ਛੱਤੀਸਗੜ੍ਹ ਰਾਜ ਲਈ ਇਕ ਚੋਣ ਮੈਨੀਫੈਸਟੋ ਜਾਰੀ ਕੀਤਾ ਸੀ। ਉਸ ਤੋਂ ਅਗਲੇ ਦਿਨ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਛੱਤੀਸਗੜ੍ਹ ਦੇ ਭਾਜਪਾ ਮੁੱਖ ਮੰਤਰੀ ਰਮਨ ਸਿੰਘ ਨੇ ਕਿਹਾ ਕਿ ਮੈਂ ਇਹ ਚੋਣ ਮੈਨੀਫੈਸਟੋ ਪੜ੍ਹ ਕੇ ਵੇਖਿਆ ਹੈ, ਕਾਂਗਰਸ ਪਾਰਟੀ ਨੇ ਸਾਰੀਆਂ ਉਹ ਗੱਲਾਂ ਲਿਖੀਆਂ ਹਨ, ਜਿਹੜੀਆਂ ਅਸੀਂ ਪਿਛਲੀ ਵਾਰੀ ਆਪਣੇ ਮੈਨੀਫੈਸਟੋ ਵਿਚ ਲਿਖੀਆਂ ਹੋਈਆਂ ਸਨ। ਇੱਕ ਪੱਤਰਕਾਰ ਨੇ ਸਵਾਲ ਕਰ ਦਿੱਤਾ ਕਿ ਕੀ ਇਹ ਗੱਲਾਂ ਹੁਣ ਓਧਰੋਂ ਲਿਖੀਆਂ ਜਾਣ ਦਾ ਇਹ ਮਤਲਬ ਨਹੀਂ ਕਿ ਤੁਸੀਂ ਲਿਖੀਆਂ ਜ਼ਰੂਰ ਸਨ, ਫਿਰ ਅਮਲ ਨਹੀਂ ਕੀਤਾ ਤੇ ਇਸ ਵਾਰ ਲਿਖਣ ਤੋਂ ਪਰਹੇਜ਼ ਕਰ ਲਿਆ ਹੈ, ਪਰ ਮੁੱਦੇ ਅੱਜ ਵੀ ਖੜੇ ਦੇ ਖੜੇ ਹਨ? ਮੁੱਖ ਮੰਤਰੀ ਨੂੰ ਜਵਾਬ ਨਹੀਂ ਸੀ ਸੁੱਝਾ। ਇਹੋ ਸਵਾਲ ਦਿੱਲੀ ਦੀ ਕਾਂਗਰਸ ਮੁੱਖ ਮੰਤਰੀ ਸ਼ੀਲਾ ਦੀਕਸ਼ਤ ਦੇ ਸਾਹਮਣੇ ਵੀ ਪੇਸ਼ ਹੋਇਆ ਸੀ। ਉਸ ਨੇ ਕਿਸੇ ਦੂਸਰੀ ਪਾਰਟੀ ਦੇ ਪਿਛਲੇ ਮੈਨੀਫੈਸਟੋ ਵਾਲੇ ਨਹੀਂ, ਆਪਣੇ ਹੀ ਪੰਜ ਸਾਲ ਪਹਿਲਾਂ ਵਾਲੇ ਮੈਨੀਫੈਸਟੋ ਦੇ ਕਈ ਮੁੱਦੇ ਫਿਰ ਪੇਸ਼ ਕਰ ਛੱਡੇ ਸਨ। ਹੁਣ ਕਾਂਗਰਸ ਪਾਰਟੀ ਨੇ ਪਾਰਲੀਮੈਂਟ ਚੋਣ ਲਈ ਮੈਨੀਫੈਸਟੋ ਪੇਸ਼ ਕਰ ਦਿੱਤਾ ਹੈ। ਇਸ ਦਾ ਮਜ਼ਾਕ ਉਡਾਉਂਦੇ ਹੋਏ ਭਾਜਪਾ ਦੇ ਪ੍ਰਧਾਨ ਮੰਤਰੀ ਲਈ ਉਮੀਦਵਾਰ ਨਰਿੰਦਰ ਮੋਦੀ ਨੇ ਕਹਿ ਦਿੱਤਾ ਕਿ ਮੈਨੀਫੈਸਟੋ ਇੱਕ ਦਸਤਾਵੇਜ਼ ਨਹੀਂ, ਇੱਕ ਪਵਿੱਤਰ ਗ੍ਰੰਥ ਹੁੰਦਾ ਹੈ, ਇਸ ਉਤੇ ਅਮਲ ਵੀ ਕਰਨਾ ਚਾਹੀਦਾ ਹੈ, ਕਾਂਗਰਸ ਆਗੂ ਕਦੀ ਅਮਲ ਨਹੀਂ ਕਰਦੇ। ਉਹ ਮੰਨੇ ਜਾਂ ਨਾ ਮੰਨੇ, ਅਮਲ ਭਾਜਪਾ ਵਾਲੇ ਵੀ ਨਹੀਂ ਕਰਦੇ। ਛੱਤੀਸਗੜ੍ਹ ਦੇ ਭਾਜਪਾ ਮੁੱਖ ਮੰਤਰੀ ਦੀ ਗੱਲ ਅਸੀਂ ਦੱਸ ਦਿੱਤੀ ਹੈ, ਗੁਜਰਾਤ ਸਮੇਤ ਬਾਕੀ ਥਾਂਈਂ ਭਾਜਪਾ ਸਰਕਾਰਾਂ ਦਾ ਵੀ ਇਹੋ ਹਾਲ ਹੈ।

ਅਮਲ ਨਾ ਕਰਨ ਦਾ ਕਾਰਨ ਇਹ ਹੈ ਕਿ ਇਸ ਦੇਸ਼ ਦਾ ਲੋਕ-ਰਾਜ ਹੁਣ ਲੋਕਾਂ ਦੇ ਚੁਣੇ ਹੋਏ ਪ੍ਰਤੀਨਿਧਾਂ ਵੱਲੋਂ ਲੋਕਾਂ ਲਈ ਨਹੀਂ ਚਲਾਇਆ ਜਾਂਦਾ, ਸਿਆਸੀ ਪਾਰਟੀਆਂ 'ਜਿਸ ਦਾ ਅੰਨ-ਪਾਣੀ, ਉਸ ਦਾ ਕੰਮ ਜਾਣੀ' ਵਾਲੇ ਅਸੂਲ ਉਤੇ ਅਮਲ ਕਰਦੀਆਂ ਹਨ। ਵੱਡੇ ਅਮੀਰਾਂ ਤੋਂ ਇਨ੍ਹਾਂ ਪਾਰਟੀਆਂ ਨੂੰ ਚੋਣ-ਚੰਦੇ ਮਿਲਦੇ ਹਨ ਤੇ ਆਗੂ ਉਨ੍ਹਾਂ ਦੇ ਸਾਰੇ ਕੰਮ ਉਨ੍ਹਾਂ ਦੇ ਕਾਰਿੰਦਿਆਂ ਵਾਂਗ ਕਰਦੇ ਹਨ। ਕਾਂਗਰਸ ਹੋਵੇ ਜਾਂ ਭਾਜਪਾ, ਦੋਵਾਂ ਦਾ ਕਿਰਦਾਰ ਇਹੋ ਹੈ। ਜਿਹੜੀ ਚੋਣ ਹੁਣ ਚੱਲ ਰਹੀ ਹੈ, ਇਸ ਵਿਚ ਨਵੀਂ ਬਣੀ ਆਮ ਆਦਮੀ ਪਾਰਟੀ ਨੇ ਗੁਜਰਾਤ ਦੇ ਅਦਾਨੀ ਗਰੁਪ ਬਾਰੇ ਰੌਲਾ ਪਾ ਕੇ ਭਾਰਤੀ ਜਨਤਾ ਪਾਰਟੀ ਨੂੰ ਲੋਕਾਂ ਸਾਹਮਣੇ ਬੇਪਰਦ ਕੀਤਾ ਅਤੇ ਇਹ ਕਰਨਾ ਵੀ ਚਾਹੀਦਾ ਸੀ। ਅਦਾਨੀ ਗਰੁਪ ਜਦੋਂ ਉਠਿਆ ਸੀ, ਉਦੋਂ ਗੁਜਰਾਤ ਵਿਚ ਭਾਜਪਾ ਨਹੀਂ, ਕਾਂਗਰਸ ਰਾਜ ਸੀ। ਅੰਬਾਨੀਆਂ ਦੇ ਪਰਿਵਾਰ ਨੂੰ ਜਿਵੇਂ ਕਾਂਗਰਸ ਦੇ ਨਹਿਰੂ-ਗਾਂਧੀ ਪਰਿਵਾਰ ਨੇ ਉਭਾਰਿਆ ਸੀ ਤੇ ਫਿਰ ਉਹ ਉਨ੍ਹਾਂ ਦੇ ਵਿਰੋਧੀਆਂ ਨਾਲ ਮਿਲ ਜਾਣ ਮਗਰੋਂ ਉਨ੍ਹਾਂ ਦੇ ਜੜ੍ਹੀਂ ਬੈਠ ਗਿਆ ਸੀ, ਅਦਾਨੀ ਦਾ ਮਾਮਲਾ ਵੀ ਇਹੋ ਹੈ। ਇੰਦਰਾ ਗਾਂਧੀ ਨੂੰ ਹਮਾਇਤ ਦੇ ਕੇ ਅੰਬਾਨੀ ਉਦੋਂ ਆਪਣੀ ਚੜ੍ਹਤ ਬਣਾ ਗਿਆ ਸੀ, ਜਦੋਂ ਇੰਦਰਾ ਗਾਂਧੀ ਦੇ ਵਿਰੁਧ ਮੋਰਾਰਜੀ ਡਿਸਾਈ ਤੇ ਹੋਰਨਾਂ ਦੇ ਇਕੱਠੇ ਖੜੇ ਹੋਣ ਕਾਰਨ ਬਿਰਲਾ-ਟਾਟਾ-ਸਿੰਘਾਨੀਆ ਸਾਰੇ ਉਸ ਦੇ ਵਿਰੁਧ ਹੋ ਗਏ ਸਨ ਤੇ ਉਸ ਨੂੰ ਆਪਣੇ ਨਾਲ ਖੜੋਣ ਵਾਲੇ ਬੰਦੇ ਦੀ ਲੋੜ ਸੀ। ਗੁਜਰਾਤ ਦੇ ਦੰਗਿਆਂ ਪਿੱਛੋਂ ਜਦੋਂ ਸਨਅਤਕਾਰਾਂ ਦੀ ਇੱਕ ਫੈਡਰੇਸ਼ਨ ਵਿਚ ਨਰਿੰਦਰ ਮੋਦੀ ਦੇ ਵਿਰੁਧ ਮਤਾ ਪਾਸ ਹੋਣ ਲੱਗਾ, ਅਦਾਨੀ ਨੇ ਮੋਦੀ ਦੇ ਹੱਕ ਵਿਚ ਆਵਾਜ਼ ਚੁੱਕੀ ਤੇ ਵਾਕ-ਆਊਟ ਕਰ ਕੇ ਮੁਕਾਬਲੇ ਵਾਲੀ ਜਥੇਬੰਦੀ ਬਣਾ ਲਈ ਸੀ। ਨਤੀਜੇ ਵਜੋਂ ਅੰਬਾਨੀਆਂ ਦੀ ਮਦਦ ਕੱਟ ਕੇ ਮੋਦੀ ਨੇ ਅਦਾਨੀ ਦੀ ਮਦਦ ਕੀਤੀ ਤੇ ਜਦੋਂ ਅੰਬਾਨੀ ਨੂੰ ਸਾਰਾ ਕੁਝ ਰੁੜ੍ਹਦਾ ਜਾਪਿਆ, ਅੰਬਾਨੀ ਵੀ ਮੋਦੀ-ਚਾਲੀਸਾ ਪੜ੍ਹਨ ਨੂੰ ਮਜਬੂਰ ਹੋ ਗਏ। ਹੁਣ ਅਦਾਨੀ ਗਰੁਪ ਨਰਿੰਦਰ ਮੋਦੀ ਦੀ ਸਭ ਤੋਂ ਵੱਡੀ ਮਦਦਗਾਰ ਧਿਰ ਹੈ, ਪਰ ਚੋਗਾ ਉਹ ਕਾਂਗਰਸ ਨੂੰ ਵੀ ਪਾ ਛੱਡਦਾ ਹੈ।

ਅਰਵਿੰਦ ਕੇਜਰੀਵਾਲ ਦੀ ਇਹ ਗੱਲ ਠੀਕ ਹੈ ਕਿ ਦੋਵਾਂ ਪਾਰਟੀਆਂ ਨੂੰ ਵਾਰ-ਵਾਰ ਮਦਦ ਦੇ ਕੇ ਆਪਣੇ ਕੰਮ ਕਰਵਾਉਣ ਲਈ ਵੱਡੇ ਕਾਰਪੋਰੇਟ ਘਰਾਣੇ ਵਰਤਦੇ ਹਨ। ਇਸ ਪਿੱਛੋਂ ਵੱਡੇ ਘਰਾਣਿਆਂ ਦੇ ਦਬਾਅ ਹੇਠ ਦੋਵੇਂ ਧਿਰਾਂ ਨੇ ਆਮ ਆਦਮੀ ਪਾਰਟੀ ਉਤੇ ਇਹ ਦੋਸ਼ ਥੱਪ ਦਿੱਤਾ ਕਿ ਉਸ ਨੂੰ ਅਮਰੀਕਾ ਦੀ ਇੱਕ ਫਾਊਂਡੇਸ਼ਨ ਵੱਲੋਂ ਕਰੋੜਾਂ ਰੁਪਏ ਦਿੱਤੇ ਗਏ ਹਨ। ਅਰਵਿੰਦ ਕੇਜਰੀਵਾਲ ਇਸ ਤੋਂ ਇਨਕਾਰ ਨਹੀਂ ਕਰ ਸਕਦਾ। ਉਸ ਦੀ ਚੰਦੇ ਦੀ ਕਮਾਈ ਦਾ ਦਸ ਫੀਸਦੀ ਤੋਂ ਵੱਧ ਅਮਰੀਕਾ ਤੋਂ ਆਇਆ ਹੈ, ਪਰ ਸਾਰਾ ਉਸ ਫਾਊਂਡੇਸ਼ਨ ਦਾ ਦਿੱਤਾ ਹੋਇਆ ਨਹੀਂ, ਜਿਸ ਦਾ ਨਾਂ ਲਿਆ ਜਾ ਰਿਹਾ ਹੈ। ਸਥਿਤੀ ਦਾ ਦੂਸਰਾ ਪਹਿਲੂ ਇਹ ਹੈ ਕਿ ਉਸੇ ਫਾਊਂਡੇਸ਼ਨ ਨੇ ਭਾਰਤੀ ਜਨਤਾ ਪਾਰਟੀ ਤੇ ਕਾਂਗਰਸ ਦੋਵਾਂ ਦੀਆਂ ਖੜੀਆਂ ਕੀਤੀਆਂ ਫੱਟਾ ਸੰਸਥਾਵਾਂ ਨੂੰ ਕਰੋੜਾਂ ਰੁਪਏ ਦਿੱਤੇ ਹੋਏ ਹਨ, ਜਿਹੜੇ ਆਪਣੇ ਲਈ ਆਏ ਹੋਣ ਤੋਂ ਦੋਵੇਂ ਇਨਕਾਰ ਕਰ ਰਹੀਆਂ ਸਨ ਤੇ ਹੁਣ ਉਨ੍ਹਾਂ ਦੀ ਜਾਂਚ ਦਾ ਹੁਕਮ ਹਾਈ ਕੋਰਟ ਨੇ ਦੇ ਦਿੱਤਾ ਹੈ।

ਦਿੱਲੀ ਹਾਈ ਕੋਰਟ ਵਿਚ ਇਹ ਮੁੱਦਾ ਆਮ ਆਦਮੀ ਪਾਰਟੀ ਨਾਲ ਜੁੜੇ ਹੋਏ ਵਕੀਲ ਪ੍ਰਸ਼ਾਂਤ ਭੂਸ਼ਣ ਨੇ ਪੇਸ਼ ਕੀਤਾ ਸੀ ਕਿ ਇਨ੍ਹਾਂ ਦੋਵਾਂ ਪਾਰਟੀਆਂ ਦੇ ਵਿਦੇਸ਼ੀ ਫੰਡਾਂ ਦੀ ਜਾਂਚ ਕੀਤੀ ਜਾਵੇ। ਮੁੱਖ ਤੌਰ ਉਤੇ ਵੇਦਾਂਤਾ ਕਾਰਪੋਰੇਸ਼ਨ ਦਾ ਨਾਂ ਲਿਆ ਗਿਆ ਸੀ, ਜਿਸ ਤੋਂ ਪੈਸੇ ਲੈਣ ਤੋਂ ਇਹ ਦੋਵੇਂ ਪਾਰਟੀਆਂ ਇਨਕਾਰ ਨਹੀਂ ਸਨ ਕਰ ਸਕਦੀਆਂ, ਪਰ ਦਲੀਲ ਇਹ ਦਿੱਤੀ ਕਿ ਵੇਦਾਂਤਾ ਕਾਰਪੋਰੇਸ਼ਨ ਵਿਦੇਸ਼ੀ ਹੈ ਹੀ ਨਹੀਂ, ਦੇਸੀ ਕੰਪਨੀ ਹੈ। ਇਹ ਉਹੋ ਕਹਾਣੀ ਕਹੀ ਜਾ ਸਕਦੀ ਹੈ, ਜਿਵੇਂ ਪੰਜਾਬ ਦਾ ਡਾ. ਮਨਮੋਹਨ ਸਿੰਘ ਆਸਾਮ ਦੇ ਇੱਕ ਘਰ ਦਾ ਇੱਕ ਹਿੱਸਾ ਕਿਰਾਏ ਉਤੇ ਲੈ ਕੇ ਪਿਛਲੇ ਤੇਈ ਸਾਲਾਂ ਤੋਂ ਆਸਾਮ ਦਾ ਵਸਨੀਕ ਬਣਿਆ ਹੋਇਆ ਹੈ। ਉਹ ਆਸਾਮ ਦਾ ਵਸਨੀਕ ਨਹੀਂ, ਰਾਜ ਸਭਾ ਦੀ ਮੈਂਬਰੀ ਉਸ ਰਾਜ ਤੋਂ ਸੌਖੀ ਮਿਲ ਸਕਦੀ ਸੀ, ਇਸ ਲਈ ਉਥੋਂ ਵਾਲਾ ਸਿਰਨਾਵਾਂ ਦਿੱਤਾ ਸੀ। ਵੇਦਾਂਤਾ ਹੋਵੇ ਜਾਂ ਕੋਈ ਹੋਰ, ਇਹ ਕਾਰਪੋਰੇਸ਼ਨਾਂ ਵੀ ਇਹੋ ਜਿਹਾ ਕੰਮ ਸਬੰਧਤ ਦੇਸ਼ ਦੀ ਸਰਕਾਰ ਅਤੇ ਟੈਕਸ ਕਾਨੂੰਨਾਂ ਨੂੰ ਧੋਖਾ ਦੇਣ ਲਈ ਕਰਦੀਆਂ ਹਨ ਤੇ ਇਸ ਕੰਮ ਵਿਚ ਉਸ ਦੇਸ਼ ਵਿਚੋਂ ਕੁਝ ਕਾਰਿੰਦੇ ਰੱਖ ਲੈਂਦੀਆਂ ਹਨ, ਤਾਂ ਕਿ ਕਿਸੇ ਔਖੀ ਘੜੀ ਦਾ ਸਾਹਮਣਾ ਕਰਨਾ ਪਵੇ ਤਾਂ 'ਤਬੇਲੇ ਦੀ ਬਲਾ ਵਛੇਰੇ ਦੇ ਗਲ' ਪਾ ਕੇ ਖਿਸਕਿਆ ਜਾ ਸਕੇ।

ਭਾਰਤ ਦੇ ਲੋਕਾਂ ਨੂੰ ਮੱਧ ਪ੍ਰਦੇਸ਼ ਦੀ ਰਾਜਧਾਨੀ ਭੋਪਾਲ ਵਿਚ ਵਾਪਰੇ ਉਸ ਗੈਸ ਕਾਂਡ ਦਾ ਚੇਤਾ ਹੈ, ਜਿਸ ਦੀ ਮਾਰ ਹੇਠ ਆ ਕੇ ਪੰਝੀ ਹਜ਼ਾਰ ਲੋਕ ਮਾਰੇ ਗਏ ਸਨ। ਉਸ ਗੈਸ ਪਲਾਂਟ ਦੀ ਕੰਪਨੀ ਦਾ ਨਾਂ ਯੂਨੀਅਨ ਕਾਰਬਾਈਡ ਇੰਡੀਆ ਸੀ। ਮੁੱਖ ਕੰਪਨੀ ਯੂਨੀਅਨ ਕਾਰਬਾਈਡ ਏਥੋਂ ਦੀ ਨਹੀਂ, ਅਮਰੀਕਾ ਵਿਚੋਂ ਚੱਲਦੀ ਸੀ। ਉਸ ਨੇ ਯੂਨੀਅਨ ਕਾਰਬਾਈਡ ਏਸ਼ੀਆ ਅਤੇ ਯੂਨੀਅਨ ਕਾਰਬਾਈਡ ਇੰਡੀਆ ਵਰਗੀਆਂ ਕਈ ਕੰਪਨੀਆਂ ਚਲਾ ਰੱਖੀਆਂ ਸਨ ਤੇ ਜਦੋਂ ਉਹ ਕਾਂਡ ਵਾਪਰ ਗਿਆ, ਭਾਰਤ ਵਿਚ ਉਸ ਦਾ ਪਲਾਂਟ ਚਲਾਉਣ ਵਾਲੇ ਇਹ ਕਹਿੰਦੇ ਰਹੇ ਕਿ ਮੁੱਖ ਕੰਪਨੀ ਦਾ ਮੁਖੀ ਵਾਰਨ ਐਂਡਰਸਨ ਅਮਰੀਕਾ ਦੌੜ ਗਿਆ ਹੈ, ਉਸੇ ਸਿਰ ਜ਼ਿੰਮੇਵਾਰੀ ਪੈਣੀ ਚਾਹੀਦੀ ਹੈ। ਲੋਕਾਂ ਦਾ ਧਿਆਨ ਉਸ ਵੱਲ ਲੱਗਾ ਰਿਹਾ ਸੀ। ਏਥੇ ਇਹ ਪਾਪ ਕਮਾਉਣ ਵਾਲਿਆਂ ਨੂੰ ਇੱਕ ਅਦਾਲਤ ਤੋਂ ਕੈਦ ਦੀ ਤਿੰਨ ਸਾਲ ਦੀ ਮਾਮੂਲੀ ਜਿਹੀ ਸਜ਼ਾ ਹੋਈ ਸੀ ਤੇ ਭਾਰਤ ਸਰਕਾਰ ਨੇ ਉਹ ਸਨਅਤਕਾਰ ਪਦਮ ਸ੍ਰੀ ਨਾਲ ਸਨਮਾਨਤ ਕੀਤੇ ਹੋਏ ਹਨ।

ਵੇਦਾਂਤਾ ਵੀ ਇਹੋ ਖੇਡ ਖੇਡਦੀ ਹੈ ਤੇ ਇਸ ਵਿਚ ਭਾਰਤ ਦੇ ਬਹੁਤ ਸਾਰੇ ਸਨਅਤੀ ਮੁਹਾਰਤ ਰੱਖਣ ਵਾਲੇ ਹੀ ਨਹੀਂ, ਵੱਖ-ਵੱਖ ਰਾਜਸੀ ਪਾਰਟੀਆਂ ਵਾਲੇ ਵੀ ਸ਼ਾਮਲ ਹੁੰਦੇ ਹਨ। ਭਾਰਤ ਦਾ ਮੌਜੂਦਾ ਖਜ਼ਾਨਾ ਮੰਤਰੀ ਇਸ ਕੰਪਨੀ ਦੇ ਬੋਰਡ ਨਾਲ ਜੁੜਿਆ ਰਿਹਾ ਹੈ, ਭਾਜਪਾ ਦੇ ਕੁਝ ਲੋਕ ਵੀ ਅਤੇ ਬਰਤਾਨੀਆ ਤੋਂ ਚਲਾਈ ਜਾਂਦੀ ਇਸ ਕਾਰਪੋਰੇਸ਼ਨ ਵੱਲੋਂ ਭਾਰਤ ਦੀਆਂ ਸਿਆਸੀ ਪਾਰਟੀਆਂ ਨੂੰ ਜਿਹੜਾ ਚੋਣ-ਚੰਦਾ ਦਿੱਤਾ ਜਾ ਰਿਹਾ ਹੈ, ਉਹ ਪਾਰਟੀਆਂ ਇਸ ਨੂੰ ਇੱਕ ਭਾਰਤੀ ਕੰਪਨੀ ਦਾ ਦਿੱਤਾ ਹੋਇਆ ਮੰਨਦੀਆਂ ਹਨ। ਹਾਈ ਕੋਰਟ ਨੇ ਇਹ ਦਲੀਲ ਨਹੀਂ ਮੰਨੀ ਤੇ ਕਹਿ ਦਿੱਤਾ ਹੈ ਕਿ ਇਸ ਸਾਰੇ ਖਿਲਾਰੇ ਦੀ ਜਾਂਚ ਕੀਤੀ ਜਾਵੇ। ਜਦੋਂ ਇਸ ਦੀ ਜਾਂਚ ਹੋਈ, ਕਈ ਲੋਕਾਂ ਤੱਕ ਗੱਲ ਜਾਵੇਗੀ। ਭਾਰਤੀ ਪੈਰਾ ਮਿਲਟਰੀ ਫੋਰਸਾਂ ਦੇ ਬੱਚਿਆਂ ਨੂੰ ਕੰਪਿਊਟਰ ਸਿੱਖਿਆ ਦੇਣ ਦੇ ਬਹਾਨੇ ਇੱਕ ਸੇਵਾ-ਮੁਕਤ ਪੁਲਿਸ ਅਫਸਰ ਦੀ ਖੜੀ ਕੀਤੀ ਗੈਰ-ਸਰਕਾਰੀ ਸੰਸਥਾ ਦਾ ਨਾਂ ਵੀ ਇਸ ਵਿਚ ਆ ਰਿਹਾ ਹੈ ਤੇ ਆਦੀ-ਵਾਸੀਆਂ ਤੋਂ ਜ਼ਮੀਨਾਂ ਖੋਹਣ ਮਗਰੋਂ ਉਨ੍ਹਾਂ ਦੀ ਭਲਾਈ ਦਾ ਭੁਚਲਾਵਾ ਦੇਣ ਵਾਲੀਆਂ ਕਈ ਸੰਸਥਾਵਾਂ ਵੀ ਫਸ ਸਕਦੀਆਂ ਹਨ। ਜੇ ਜਾਂਚ ਵਿਚ ਨਿਰੱਪਖਤਾ ਵਰਤੀ ਜਾਵੇ ਤਾਂ ਭਾਰਤ ਦੀ ਰਾਜਨੀਤੀ ਦਾ ਕਾਲਾ ਚਿਹਰਾ ਵੀ ਵਾਹਵਾ ਹੱਦ ਤੱਕ ਬੇਪਰਦ ਹੋ ਸਕਦਾ ਹੈ।

ਫਿਰ ਵੀ ਸਾਡੇ ਸਾਹਮਣੇ ਇਸ ਤੋਂ ਵੱਡਾ ਸਵਾਲ ਹੋਰ ਹੈ। ਰਾਜਸੀ ਪਾਰਟੀਆਂ ਵੱਲੋਂ ਜਿਸ ਤਰ੍ਹਾਂ ਚੋਣ ਮੁਹਿੰਮ ਚਲਾਈ ਜਾ ਰਹੀ ਹੈ, ਉਸ ਵਿਚ ਵੱਡੇ ਮੁੱਦੇ ਤਾਂ ਚਰਚਾ ਦਾ ਵਿਸ਼ਾ ਹੀ ਨਹੀਂ ਬਣ ਰਹੇ। ਦੇਸ਼ ਦੇ ਲੋਕਾਂ ਨੂੰ ਇਹ ਖਬਰ ਤੀਸਰੇ ਦਿਨ ਪੜ੍ਹਨ ਨੂੰ ਮਿਲ ਜਾਂਦੀ ਹੈ ਕਿ ਸੰਸਾਰ ਦੇ ਸ਼ਿਖਰਲੇ ਸੌ ਅਰਬਪਤੀਆਂ ਵਿਚ ਕਦੀ ਚਾਰ, ਕਦੀ ਚੌਦਾਂ ਅਤੇ ਕਦੀ ਚੌਵੀ ਭਾਰਤੀ ਅਮੀਰ ਸ਼ਾਮਲ ਹੁੰਦੇ ਹਨ, ਪਰ ਇਹ ਖਬਰ ਛੁਪੀ ਰਹਿ ਜਾਂਦੀ ਹੈ ਕਿ ਸੰਸਾਰ ਦੀਆਂ ਸਿਖਰਲੀਆਂ ਸੌ ਯੂਨੀਵਰਸਿਟੀਆਂ ਵਿਚ ਇੱਕ ਵੀ ਭਾਰਤੀ ਯੂਨੀਵਰਸਿਟੀ ਸ਼ਾਮਲ ਨਹੀਂ ਹੈ। ਸਾਰੇ ਸੰਸਾਰ ਦੇ ਸੌ ਸਿਖਰਲੇ ਸਿਹਤ ਅਦਾਰਿਆਂ ਵਿਚੋਂ ਸਿਰਫ ਇੱਕ ਭਾਰਤ ਦਾ ਹੈ ਤੇ ਉਹ ਵੀ ਬੰਗਲੌਰ ਵਿਚ ਇੱਕ ਪ੍ਰਾਈਵੇਟ ਘਰਾਣੇ ਦਾ ਏਨੀ ਮਹਿੰਗੀ ਸੇਵਾ ਦੇਣ ਵਾਲਾ ਹੈ ਕਿ ਉਸ ਦੇ ਖਰਚੇ ਸੁਣ ਕੇ ਬੰਦੇ ਨੂੰ ਦਿਲ ਦਾ ਦੌਰਾ ਪੈ ਸਕਦਾ ਹੈ। ਭਾਰਤ ਭਰੂਣ ਹੱਤਿਆ ਕਰਨ ਦੇ ਮਾਮਲੇ ਵਿਚ ਸ਼ਿਖਰਲਿਆਂ ਵਿਚ ਹੈ, ਭ੍ਰਿਸ਼ਟਾਚਾਰ ਪੱਖੋਂ ਤਰੱਕੀ ਕਰ ਰਿਹਾ ਹੈ, ਪਰ ਅਮਲ ਵਿਚ ਜਿਹੜੀ ਤਰੱਕੀ ਹੋਣੀ ਚਾਹੀਦੀ ਹੈ, ਉਸ ਵਿਚ ਇਹ ਪਛੜਦਾ ਜਾਂਦਾ ਹੈ। ਪਾਰਲੀਮੈਂਟ ਚੋਣਾਂ ਵਿਚ ਇਹ ਗੱਲਾਂ ਕਿਸੇ ਵੀ ਉਸ ਪਾਰਟੀ ਦੇ ਚੋਣ ਮੈਨੀਫੈਸਟੋ ਦਾ ਹਿੱਸਾ ਨਹੀਂ ਜਾਪਦੀਆਂ, ਜਿਹੜੀ ਤਖਤ ਸਾਂਭਣ ਦੀ ਦੌੜ ਵਿਚ ਸ਼ਾਮਲ ਹੋਵੇ।

ਇਹ ਦੇਸ਼ ਕਦੀ ਸੋਨੇ ਦੀ ਚਿੜੀ ਹੁੰਦਾ ਸੀ, ਹੁਣ ਵੀ ਇਸ ਵਿਚ ਕੁਦਰਤੀ ਸੋਮਿਆਂ ਦੀ ਏਨੀ ਅਮੀਰੀ ਹੈ ਕਿ ਜੇ ਹੁਕਮਰਾਨ ਚੰਗੇ ਹੋਣ ਅਤੇ ਭ੍ਰਿਸ਼ਟਾਚਾਰ ਨਾ ਹੋਵੇ ਤਾਂ ਅੱਗੇ ਨਿਕਲ ਸਕਦਾ ਹੈ, ਪਰ ਇਸ ਨੂੰ ਲੁੱਟਣ ਵਾਲਿਆਂ ਦੀ ਧਾੜ ਸੋਨੇ ਦੀ ਚਿੜੀ ਨੂੰ ਉਦੋਂ ਲੁੱਟਣ ਵਾਲਿਆਂ ਤੋਂ ਵੀ ਵੱਡੀ ਹੈ ਤੇ ਉਸ ਦੀ ਚਰਚਾ ਵੀ ਨਹੀਂ ਹੋ ਰਹੀ। ਲੋਕਾਂ ਨੂੰ ਕਦੀ ਹਸਨ ਅਲੀ ਦਾ ਚੇਤਾ ਨਹੀਂ ਆਉਂਦਾ, ਜਿਸ ਦੇ ਬਾਰੇ ਭਾਰਤ ਦੀ ਪਾਰਲੀਮੈਂਟ ਵਿਚ ਇਹ ਸੂਚਨਾ ਚਾਰ ਸਾਲ ਪਹਿਲਾਂ ਦੀ ਦਰਜ ਹੈ ਕਿ ਉਸ ਨੇ ਚਾਲੀ ਹਜ਼ਾਰ ਕਰੋੜ ਰੁਪਏ ਤੋਂ ਵੱਧ ਇਨਕਮ ਟੈਕਸ ਦੇ ਬਕਾਏ ਦੇਣੇ ਹਨ। ਚਰਚਾ ਹੋਣ ਤੋਂ ਬਾਅਦ ਚਰਚਾ ਬੰਦ ਹੋ ਜਾਣ ਦਾ ਮਤਲਬ ਹੈ ਕਿ ਉਸ ਨੇ ਰੌਲਾ ਪਾਉਣ ਵਾਲਿਆਂ ਦੇ ਮੂੰਹ ਵਿਚ ਟੁੱਕ ਦੇ ਦਿੱਤਾ ਤੇ ਫਿਰ ਸਾਰੀ ਕਹਾਣੀ ਸਮੇਟ ਦਿੱਤੀ ਗਈ ਹੈ। ਸਹਾਰਾ ਗਰੁਪ ਵਾਲੇ ਸੁਬਰਤੋ ਰਾਏ ਵੱਲੋਂ ਲੋਕਾਂ ਦੇ ਸੈਂਤੀ ਹਜ਼ਾਰ ਕਰੋੜ ਰੁਪਏ ਹੜੱਪ ਜਾਣ ਤੇ ਪੈਸਾ ਮੋੜਨ ਲਈ ਸੁਪਰੀਮ ਕੋਰਟ ਵੱਲੋਂ ਹੁਕਮ ਕੀਤੇ ਜਾਣ ਦਾ ਮੁੱਦਾ ਕਿਸੇ ਪਾਰਟੀ ਨੇ ਚਰਚਾ ਦੇ ਲਾਇਕ ਨਹੀਂ ਸਮਝਿਆ। ਕਦੀ ਜਾਅਲੀ ਅਸ਼ਟਾਮਾਂ ਦਾ ਅਬਦੁਲ ਕਰੀਮ ਤੇਲਗੀ ਵਾਲਾ ਸਕੈਂਡਲ ਵਾਪਰਿਆ ਸੀ, ਜਿਸ ਦਾ ਅੰਕੜਾ ਵਾਜਪਾਈ ਸਰਕਾਰ ਦੇ ਖਜ਼ਾਨਾ ਮੰਤਰੀ ਨੇ ਪਾਰਲੀਮੈਂਟ ਵਿਚ ਬੱਤੀ ਹਜ਼ਾਰ ਕਰੋੜ ਰੁਪਏ ਦਾ ਉਦੋਂ ਦੱਸਿਆ ਸੀ, ਜਦੋਂ ਸਾਡੇ ਪੰਜਾਬ ਦੀ ਸਰਕਾਰ ਦਾ ਕੁੱਲ ਬੱਜਟ ਅਠਾਈ ਹਜ਼ਾਰ ਕਰੋੜ ਰੁਪਏ ਦਾ ਸੀ। ਫਿਰ ਉਹ ਪੈਸੇ ਕਦੇ ਵਾਪਸ ਨਹੀਂ ਆਏ ਤੇ ਪਾਰਲੀਮੈਂਟ ਨੇ ਪਾਸ ਕਰ ਦਿੱਤਾ ਕਿ ਉਸ ਵੱਲੋਂ ਸਾਰੇ ਦੇਸ਼ ਵਿਚ ਵੇਚੇ ਗਏ ਅਸ਼ਟਾਮਾਂ ਨੂੰ ਜਾਅਲੀ ਹੋਣ ਦੇ ਬਾਵਜੂਦ ਅਸਲੀ ਮੰਨ ਲਿਆ ਜਾਵੇਗਾ। ਭਾਰਤ ਦੇ ਲੋਕਾਂ ਦਾ ਹਾਜ਼ਮਾ ਹੈ ਕਿ ਉਹ ਏਡੀ ਧੋਖਾਧੜੀ ਨੂੰ ਵੀ ਇਸ ਲਈ ਹਜ਼ਮ ਕਰ ਗਏ ਕਿ ਦੇਸ਼ ਦੀ ਪਾਰਲੀਮੈਂਟ ਨੇ ਇਸ ਨੂੰ ਪ੍ਰਵਾਨ ਕਰ ਲਿਆ ਸੀ।

ਕੋਈ ਵੇਲਾ ਉਹ ਸੀ, ਜਦੋਂ ਲੋਕਾਂ ਨੇ ਕਹਿਣਾ ਸ਼ੁਰੂ ਕੀਤਾ ਸੀ ਕਿ ਏਥੇ ਇੱਟ ਪੁੱਟੋ ਤਾਂ ਚੋਰ ਨਿਕਲਦਾ ਹੈ, ਪਰ ਹੁਣ ਇੱਟ ਪੁੱਟਣ ਦੀ ਵੀ ਲੋੜ ਨਹੀਂ, ਚੋਰਾਂ ਦੀਆਂ ਧਾੜਾਂ ਹਰਲ-ਹਰਲ ਕਰਦੀਆਂ ਫਿਰਦੀਆਂ ਹਨ। ਉਸ ਵਕਤ ਵਿਚ ਕਿਸੇ ਰਾਜਸੀ ਲੀਡਰ ਦਾ ਮਾੜੇ ਬੰਦਿਆਂ ਨਾਲ ਨੇੜ ਰੱਖਣਾ ਬਦਨਾਮੀ ਦਾ ਕਾਰਨ ਹੁੰਦਾ ਸੀ, ਹੁਣ ਹਾਲਤ ਬਦਲ ਗਈ ਹੈ ਤੇ ਇਹੋ ਜਿਹੇ ਬੰਦਿਆਂ ਨਾਲ ਨੇੜ ਕਰਨਾ ਵੀ ਰਾਜਨੀਤੀ ਦਾ ਗੁਣ ਮੰਨਿਆ ਜਾਣ ਲੱਗ ਪਿਆ ਹੈ। ਪੌਂਟੀ ਚੱਢਾ ਇਸੇ ਗੁਣ ਕਰ ਕੇ ਭਾਰਤ ਵਿਚ ਹਰ ਰੰਗ ਵਾਲੀ ਪਾਰਟੀ ਨਾਲ ਨੇੜ ਪਾ ਲੈਂਦਾ ਸੀ। ਤਸਕਰ ਵੀ ਇਹੋ ਕਰਦੇ ਹਨ। ਦੇਸ਼ ਦੀ ਪਾਰਲੀਮੈਂਟ ਚੁਣੀ ਜਾਣੀ ਹੈ ਤੇ ਲੋਕ ਇਸ ਭੁਲੇਖੇ ਵਿਚ ਹਨ ਕਿ ਉਨ੍ਹਾਂ ਨੇ ਚੁਣਨੀ ਹੈ। ਵਿਚਾਰੇ ਵੋਟਰਾਂ ਨੂੰ ਪਤਾ ਨਹੀਂ ਕਿ ਉਨ੍ਹਾਂ ਨੇ ਸਿਰਫ ਵੋਟਾਂ ਪਾਉਣੀਆਂ ਹਨ, ਜਿਵੇਂ ਇਰਾਕ ਦੀ ਜੰਗ ਤੋਂ ਪਹਿਲਾਂ ਸੰਸਾਰ ਦੀਆਂ ਕਾਰਪੋਰੇਸ਼ਨਾਂ ਨੇ ਇਹ ਮਤੇ ਪਕਾਏ ਹੋਏ ਸਨ ਕਿ ਕਿਹੜਾ ਪ੍ਰਾਜੈਕਟ ਕਿਸ ਦੇ ਪੱਲੇ ਪਾਉਣਾ ਹੈ, ਇਸ ਚੋਣ ਤੋਂ ਪਹਿਲਾਂ ਵੀ ਚੋਰਾਂ ਤੇ ਉਨ੍ਹਾਂ ਦੇ ਜੋਟੀਦਾਰਾਂ ਨੇ ਸਾਰਾ ਕੁਝ ਅਗਾਊਂ ਤੈਅ ਕਰ ਰੱਖਿਆ ਹੈ। ਉਹ ਸਿਰਫ ਸੋਲਾਂ ਮਈ ਦੇ ਮਹੂਰਤ ਦੀ ਉਡੀਕ ਕਰਦੇ ਹਨ, ਜਿਸ ਨੂੰ ਸਾਡੇ ਦੇਸ਼ ਦੇ ਲੋਕ ਪਾਰਲੀਮੈਂਟ ਚੋਣਾਂ ਦੇ ਨਤੀਜੇ ਦਾ ਦਿਨ ਸਮਝੀ ਫਿਰਦੇ ਹਨ।



10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ

AMANTEL.COM

$25 ਵਿਚ 2600 ਮਿੰਟ (43.5 ਘੰਟੇ)

ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ

ਵਧੀਆ ਅਤੇ ਭਰੋਸੇਮੰਦ ਸਰਵਿਸ, ਜਿੰਨੀ ਕਾਲ ਕਰੋਗੇ ਓਨੇ ਹੀ ਮਿੰਟ ਕੱਟੇ ਜਾਣਗੇ।
ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।

ਪੰਜਾਬ ਟਾਈਮਜ਼ ਦਾ ਨਾਂ ਲਓ ਅਤੇ 50 ਮਿੰਟ ਮੁਫਤ ਲਓ

*24/7 Customer Service Available*

*Same rate for lanline and mobile.*

ਟੌਲ ਫਰੀ ਨੰਬਰ 1-888-652-6268
732-983-4332/4333

# ਕਾਮਯਾਬ ਰਿਹਾ ਗਦਰੀ ਬਾਬਿਆਂ ਦੀ ਯਾਦ ਵਿਚ 14ਵਾਂ ਮੇਲਾ

**ਫਰਿਜ਼ਨੋ (ਬਿਊਰੋ):** ਗਦਰ ਲਹਿਰ ਨੂੰ ਸਮਰਪਿਤ ਸਥਾਨਕ ਸੰਸਥਾ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਵਲੋਂ ਇਥੇ ਆਪਣਾ ਚੌਦਵਾਂ ਸਾਲਾਨਾ 'ਮੇਲਾ ਗਦਰੀ ਬਾਬਿਆਂ ਦਾ' ਲੰਘੀ 22 ਅਤੇ 23 ਮਾਰਚ ਨੂੰ ਕਰਵਾਇਆ ਗਿਆ ਜੋ ਕਾਮਾਗਾਟਾਮਾਰੂ ਦੇ ਸ਼ਹੀਦਾਂ ਨੂੰ ਸਮਰਪਿਤ ਸੀ। ਇਸ ਸਮਾਗਮ ਦੀ ਸ਼ੁਰੂਆਤ ਸ਼ਹੀਦਾਂ ਦੀ ਫੋਟੋ 'ਤੇ ਫੁੱਲ ਭੇਟ ਕਰਕੇ ਕੀਤੀ ਗਈ।

ਮੁੱਖ ਮਹਿਮਾਨ ਬ੍ਰਿਟਿਸ਼ ਕੋਲੰਬੀਆ ਦੇ ਸਾਬਕਾ ਪ੍ਰੀਮੀਅਰ ਸ. ਉਜਲ ਸਿੰਘ ਦੁਸਾਂਝ ਨੇ ਗਦਰੀ ਬਾਬਿਆਂ ਦੇ ਸੰਘਰਸ਼ ਨੂੰ ਚੇਤੇ ਕਰਦਿਆਂ ਕਿਹਾ ਕਿ ਸਾਨੂੰ ਗਦਰੀ ਬਾਬਿਆਂ ਨੂੰ ਸੱਚੀ ਸ਼ਰਧਾਂਜਲੀ ਭੇਟ ਕਰਦਿਆਂ ਉਨ੍ਹਾਂ ਵਲੋਂ ਅਜ਼ਾਦੀ ਦੇ ਲਏ ਗਏ ਸੁਪਨੇ ਨੂੰ ਸਾਕਾਰ ਕਰਨ ਲਈ ਯਤਨ ਕਰਨੇ ਚਾਹੀਦੇ ਹਨ। ਦੇਸ਼ ਭਗਤਾਂ ਦਾ ਨਿਸ਼ਾਨਾ ਅਜ਼ਾਦੀ ਸੀ ਅਤੇ ਇਸ ਨਿਸ਼ਾਨੇ ਦੀ ਪ੍ਰਾਪਤੀ ਲਈ ਉਨ੍ਹਾਂ ਆਪਣੀਆਂ ਜਾਨਾਂ ਦੀ ਪ੍ਰਵਾਹ ਨਹੀਂ ਕੀਤੀ। ਅਸੀਂ ਹਿੰਦੋਸਤਾਨੀ ਹਾਂ, ਇਸ ਉਪਰ ਸਾਨੂੰ ਮਾਣ ਹੋਣਾ ਚਾਹੀਦਾ ਹੈ, ਜਿਥੇ ਵੀ ਹੋਈਏ ਭਾਰਤੀ ਹਾਂ, ਸਾਨੂੰ ਵਿਦੇਸ਼ਾਂ ਵਿਚ ਵਡੇਰੀ ਪਛਾਣ ਬਣਾਉਣੀ ਚਾਹੀਦੀ ਹੈ। ਇਸ ਮੌਕੇ ਸ. ਦੁਸਾਂਝ ਨੇ ਸੰਸਥਾ ਵਲੋਂ ਤਿਆਰ ਕੀਤਾ ਗਿਆ ਇਕ ਸੋਵੀਨੀਅਰ ਵੀ ਰਿਲੀਜ਼ ਕੀਤਾ। ਫੋਰਮ ਵਲੋਂ ਉਨ੍ਹਾਂ ਨੂੰ ਇਕ ਪਲੈਕ ਅਤੇ ਲੋਈ ਦੇ ਕੇ ਸਨਮਾਨਿਤ ਕੀਤਾ ਗਿਆ। ਫੋਰਮ ਦੇ ਇਸਤਰੀ ਵਿੰਗ ਨੇ ਬੀਬੀ ਰਮਿੰਦਰ ਕੌਰ ਦੁਸਾਂਝ ਨੂੰ ਇਕ ਸ਼ਾਲ ਭੇਟ ਕੀਤਾ।

ਇਸ ਤੋਂ ਪਹਿਲਾਂ ਮੇਲੇ ਦੇ ਪਹਿਲੇ ਦਿਨ 22 ਮਾਰਚ ਨੂੰ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਬਾਰੇ ਬੱਚਿਆਂ ਦੇ ਭਾਸ਼ਣ ਮੁਕਾਬਲੇ ਕਰਵਾਏ ਗਏ ਜਿਨ੍ਹਾਂ ਵਿਚ ਤੇਰਾਂ ਬੱਚਿਆਂ ਨੇ ਭਾਗ ਲਿਆ। ਡਾ. ਗੁਰਮੇਲ ਸਿੰਘ ਸਿੱਧੂ, ਪ੍ਰੋ. ਅਰਜਨ ਸਿੰਘ ਜੋਸਨ



ਉਜਲ ਦੁਸਾਂਝ

ਅਤੇ ਹਰਜਿੰਦਰ ਕੰਗ ਨੇ ਜੱਜਾਂ ਦੀ ਭੂਮਿਕਾ ਨਿਭਾਈ।

23 ਮਾਰਚ ਵਾਲੇ ਦਿਨ ਰੀਜੈਂਸੀ ਪੈਲੇਸ, ਕਲੋਵਿਸ ਵਿਚ ਮੇਲੇ ਦਾ ਮੁੱਖ ਸਮਾਗਮ ਹੋਇਆ। ਮੇਲੇ ਦੀ ਸ਼ੁਰੂਆਤ ਕਰਦਿਆਂ ਸਟੇਜ ਸਕੱਤਰ ਹਰਜਿੰਦਰ ਢੇਸੀ ਨੇ ਆਪਣੀ ਕਵਿਤਾ 'ਸਬਰ ਸਿਦਕ ਵਿਚ ਬੱਝੇ ਲੋਕ' ਸੁਣਾਈ। ਉਪਰੰਤ ਕਾਮਾਗਾਟਾਮਾਰੂ ਦੇ ਸ਼ਹੀਦਾਂ, ਸ਼ਹੀਦ ਭਗਤ ਸਿੰਘ, ਸ਼ਹੀਦ ਸੁਖਦੇਵ ਅਤੇ ਸ਼ਹੀਦ ਰਾਜਗੁਰੂ (ਜਿਨ੍ਹਾਂ ਦਾ ਮੇਲੇ ਵਾਲੇ ਦਿਨ ਸ਼ਹੀਦੀ ਦਿਨ ਸੀ) ਅਤੇ ਪਿਛਲੇ ਇਕ ਸਾਲ ਵਿਚ ਸਾਥੋਂ ਵਿਛੜੇ ਦੱਖਣੀ ਅਫਰੀਕਾ ਦੇ ਸਾਬਕਾ ਰਾਸ਼ਟਰਪਤੀ ਨੋਬਲ ਪੁਰਸਕਾਰ ਜੇਤੂ ਸ੍ਰੀ ਨੈਲਸਨ ਮੰਡੇਲਾ, ਪ੍ਰਸਿੱਧ ਲੇਖਕ ਸ. ਖੁਸ਼ਵੰਤ ਸਿੰਘ, ਅਜ਼ਾਦੀ ਘੁਲਾਟੀਏ ਰਣਜੀਤ ਸਿੰਘ ਆਈ ਐਨ ਏ, ਸ਼ਹੀਦ ਭਗਤ ਸਿੰਘ ਦੇ ਸਾਥੀ ਸ੍ਰੀ ਸਮਰ ਮੁਖਰਜੀ, ਹਰਮਨ ਪਿਆਰੀਆਂ ਗਾਇਕਾਵਾਂ ਰੇਸ਼ਮਾਂ ਅਤੇ ਸ਼ਮਸ਼ਾਦ ਬੇਗਮ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ।

ਫੋਰਮ ਦੇ ਆਗੂ ਸ. ਗੁਰਦੀਪ ਸਿੰਘ ਅਣਖੀ ਨੇ ਸਭ ਨੂੰ ਜੀ ਆਇਆਂ ਆਖਦਿਆਂ ਕਿਹਾ ਕਿ ਸ਼ਹੀਦ ਸਮੁੱਚੀਆਂ ਕੌਮਾਂ ਦਾ ਸਰਮਾਇਆ ਹੁੰਦੇ ਹਨ। ਉਨ੍ਹਾਂ ਦੀ ਸ਼ਹਾਦਤ ਨੂੰ ਕਿਸੇ ਧਰਮ, ਜਾਤ ਨਾਲ ਜੋੜ ਕੇ ਵੇਖਣਾ ਦੇਸ਼ ਧ੍ਰੋਹ ਦੇ ਸਮਾਨ ਹੈ। ਸ਼ਰਨਜੀਤ ਧਾਲੀਵਾਲ ਅਤੇ ਹਰਿੰਦਰ ਮੰਢਾਲੀ ਨੇ ਬੜੀ ਸੁਰੀਲੀ ਅਵਾਜ਼ ਵਿਚ ਕਵਿਤਾਵਾਂ ਪੜ੍ਹੀਆਂ। ਨਾਮਧਾਰੀ ਸੰਪਰਦਾ ਵਲੋਂ ਸ. ਗੁਰਦੇਵ ਸਿੰਘ ਨੇ ਸ਼ਹੀਦਾਂ ਨੂੰ ਯਾਦ ਕਰਨ ਲਈ ਫੋਰਮ ਦੇ ਉਪਰਾਲੇ ਦੀ ਸ਼ਲਾਘਾ ਕੀਤੀ। ਸ. ਮਹਿੰਦਰ ਸਿੰਘ ਗਰੇਵਾਲ ਨੇ ਦੇਸ਼ ਭਗਤਾਂ ਬਾਰੇ ਕਵਿਤਾ 'ਹਜ਼ਾਰੋਂ ਫੂਲ ਸੇ ਚਿਹਰੇ ਝੁਲਸ ਕੇ ਰਾਖ ਹੂਏ' ਸੁਣਾ ਕੇ ਸਰੋਤਿਆਂ ਨੂੰ ਭਾਵੁਕ ਕਰ ਦਿੱਤਾ।

ਬੱਚਿਆਂ ਦੇ ਪ੍ਰੋਗਰਾਮ ਵਿਚ ਛੋਟੀ ਬੱਚੀ ਤਮੰਨਾ ਔਜਲਾ ਨੇ ਅੱਜ ਦੇ ਕਵੀ ਵੀਰਾਂ ਤੋਂ ਦੇਸ਼ ਭਗਤੀ ਦੀਆਂ ਰਚਨਾਵਾਂ ਲਿਖਣ ਦੀ ਮੰਗ ਕੀਤੀ। ਸੁਖਮਨ ਔਜਲਾ ਨੇ ਸ਼ਹੀਦ ਭਗਤ ਸਿੰਘ ਦੀ ਘੋੜੀ ਸੁਰੀਲੀ ਅਵਾਜ਼ ਵਿਚ ਸੁਣਾ ਕੇ ਸਭਨਾਂ ਨੂੰ ਮੰਤਰ ਮੁਗਧ ਕਰ ਦਿੱਤਾ। ਕਿਰਨ ਮਹਿਮੀ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਕਵਿਤਾ 'ਦੇਸ਼ ਵਾਸੀਓ ਰੱਖਣਾ ਯਾਦ ਸਾਨੂੰ' ਬਹੁਤ ਭਾਵੁਕ ਅੰਦਾਜ ਵਿਚ ਸੁਣਾਈ। ਜੀ ਐਚ ਜੀ ਸੰਗੀਤ ਅਤੇ ਡਾਂਸ ਅਕੈਡਮੀ ਦੀ ਭੰਗੜਾ ਟੀਮ ਨੇ ਭੰਗੜੇ ਦਾ ਪਿੜ






ਬੰਨ੍ਹਿਆ। ਕਿਰਨ ਮਹਿਮੀ ਦੀ ਕੋਰੀਓਗ੍ਰਾਫੀ ਵੀ ਖੂਬ ਰਹੀ। ਲਵਲੀਨ ਕੌਰ ਅਤੇ ਸਿਮਰਨ ਹੇਅਰ ਵਲੋਂ ਤਿਆਰ 'ਰੇਡੀਓ ਵਤਨੋਂ ਦੂਰ' ਦੀ ਗਿੱਧਾ ਟੀਮ 'ਧੀਆਂ ਰਾਣੀਆਂ' ਨੇ ਗਿੱਧੇ ਦਾ ਧਮੱਚੜ ਪਾ ਕੇ ਸਟੇਜ ਨੂੰ ਹਿਲਣ ਲਾ ਦਿੱਤਾ। ਗੁਰਬਿੰਦਰ ਸਿੰਘ ਢੇਸੀ ਅਤੇ ਸਤਬੀਰ ਸਿੰਘ ਹੀਰ ਨੇ ਇਸ ਟੀਮ ਨੂੰ ਸੌ ਸੌ ਡਾਲਰ ਦਾ ਨਕਦ ਇਨਾਮ ਦਿੱਤਾ।

ਬੀਬੀ ਤਰਨਜੀਤ ਕੌਰ ਕਲੇਰ ਤੇ ਬੀਬੀ ਸ਼ਗਨਦੀਪ ਕੌਰ ਵਲੋਂ ਤਿਆਰ ਕੀਤੀ 'ਮੜ੍ਹਕ ਪੰਜਾਬਣ ਦੀ' ਬੱਚੀਆਂ ਦੀ ਗਿੱਧਾ ਟੀਮ ਨੇ ਵੀ ਖੂਬ ਰੰਗ ਦਿਖਾਏ। ਬੱਚਿਆਂ ਦੇ ਭਾਸ਼ਣ ਮੁਕਾਬਲੇ ਵਿਚ ਜੇਤੂ 9 ਬੱਚਿਆਂ ਨੂੰ ਨਕਦ ਇਨਾਮ ਦੇ ਕੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ ਗਈ। ਤਿੰਨਾਂ ਗਰੁਪਾਂ ਵਿਚ ਵੰਡੇ ਬੱਚਿਆਂ ਦੇ ਗਰੁਪਾਂ ਵਿਚ ਇਕ ਗਰੁਪ ਦੇ ਸਪਾਂਸਰ ਗੁਰਬਿੰਦਰ ਸਿੰਘ ਢੇਸੀ, ਦੂਜੇ ਦੇ ਰਾਇਲ ਫੈਬਰਿਕਸ ਵਾਲੇ ਰਾਜਿੰਦਰ ਸਿੰਘ ਸੱਗੂ ਅਤੇ ਤੀਸਰੇ ਦੇ ਸ਼ੇਰ ਸਿੰਘ ਚੌਹਾਨ ਤੇ ਭੁਪਿੰਦਰ ਸਿੰਘ ਜਾਡਲਾ ਸਨ। ਹਿੱਸਾ ਲੈਣ ਵਾਲੇ ਬਾਕੀ ਬੱਚਿਆਂ ਨੂੰ ਹੌਸਲਾ ਅਫਜ਼ਾਈ ਇਨਾਮ ਦਿੱਤੇ ਗਏ। ਪ੍ਰਾਇਮਰੀ, ਮਿਡਲ ਅਤੇ ਹਾਈ ਸਕੂਲ ਦੇ 4.0 ਜੀ ਪੀ ਏ ਪ੍ਰਾਪਤ ਕਰਨ ਵਾਲੇ 23 ਬੱਚਿਆਂ ਨੂੰ ਮੈਡਲ ਅਤੇ ਨਕਦ ਇਨਾਮ ਦਿੱਤੇ ਗਏ।








ਇਸ ਮੌਕੇ ਬੋਲਦਿਆਂ ਫਰਿਜ਼ਨੋ ਸਿਟੀ ਕੌਂਸਲ ਲਈ ਉਮੀਦਵਾਰ ਸ੍ਰੀ ਰਮਾਕਾਂਤ ਨੇ ਫਰਿਜ਼ਨੋ ਵਾਸੀਆਂ ਨੂੰ ਵੋਟ ਪਾਉਣ ਦੀ ਅਪੀਲ ਕੀਤੀ। ਕੈਲੀਫੋਰਨੀਆ ਸੰਗੀਤ ਗਰੁਪ ਦੇ ਅਨੂਪ ਸਿੰਘ ਚੀਮਾ ਅਤੇ ਅਮਰਜੀਤ ਸਿੰਘ ਦੂਲੇ ਨੇ ਦੇਸ਼ ਪਿਆਰ

*(ਅਗਲੇ ਸਫੇ 'ਤੇ ਜਾਰੀ)*


## ਗੁਰਦੁਆਰਾ ਸਾਹਿਬ ਫਰੀਮਾਂਟ (ਕੈਲੀਫੋਰਨੀਆ)

## ਪ੍ਰਕਾਸ਼ ਉਤਸਵ ਭਗਤ ਰਵਿਦਾਸ ਜੀ

ਸਤਿਕਾਰਯੋਗ ਸਾਧ ਸੰਗਤ ਜੀ,
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥
ਆਪ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਗੁਰਦੁਆਰਾ ਸਾਹਿਬ ਫਰੀਮਾਂਟ ਵਿਚ ਭਗਤ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ ਆਉਂਦੀ 6 ਅਪਰੈਲ, ਦਿਨ ਐਤਵਾਰ ਨੂੰ ਬੜੀ ਸ਼ਰਧਾ, ਸਤਿਕਾਰ ਤੇ ਚੜ੍ਹਦੀ ਕਲਾ ਦੇ ਮਾਹੌਲ ਵਿਚ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੰਥਕ ਜਥੇਬੰਦੀਆਂ ਤੇ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ, ਜਿਸ ਵਿਚ ਆਪ ਸਭ ਨੂੰ ਸ਼ਾਮਲ ਹੋਣ ਲਈ ਹਾਰਦਿਕ ਬੇਨਤੀ ਕੀਤੀ ਜਾਂਦੀ ਹੈ।



### ਸਮਾਗਮ ਦਾ ਵੇਰਵਾ

**4 ਅਪਰੈਲ 2014 (ਸ਼ੁਕਰਵਾਰ)**
ਅਰੰਭ ਸ੍ਰੀ ਅਖੰਡ ਪਾਠ ਸਾਹਿਬ-ਸਵੇਰੇ 10 ਵਜੇ
**6 ਅਪਰੈਲ 2014 (ਐਤਵਾਰ)**
ਭੋਗ ਸ੍ਰੀ ਅਖੰਡ ਪਾਠ ਸਾਹਿਬ-ਸਵੇਰੇ 9 ਵਜੇ

ਭੋਗ ਉਪਰੰਤ ਹਫਤਾਵਾਰੀ ਦੀਵਾਨ ਸਜਣਗੇ, ਜਿਸ ਵਿਚ ਪੰਥ ਪ੍ਰਸਿਧ ਰਾਗੀ, ਢਾਡੀ ਜਥੇ ਅਤੇ ਕਥਾਕਾਰ ਇਲਾਹੀ ਬਾਣੀ ਦੇ ਕੀਰਤਨ ਤੇ ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਪੰਥਕ ਬੁਲਾਰੇ ਭਗਤ ਰਵਿਦਾਸ ਜੀ ਦੇ ਮਨੁੱਖੀ ਆਜ਼ਾਦੀ ਦੇ ਪੈਗਾਮ ਨਾਲ ਸੰਗਤਾਂ ਦੀ ਸਾਂਝ ਪੁਆਣਗੇ।

*ਹੋਰ ਜਾਣਕਾਰੀ ਲਈ ਗੁਰਦੁਆਰਾ ਸਾਹਿਬ ਦੇ ਫੋਨ: 510-790-0177 'ਤੇ ਸੰਪਰਕ ਕੀਤਾ ਜਾ ਸਕਦਾ ਹੈ ਜੀ।*




ਉਜਲ ਦੁਸਾਂਝ ਵਲੋਂ ਸੋਵੀਨੀਅਰ ਰਿਲੀਜ਼ ਕੀਤੇ ਜਾਣ ਉਪਰੰਤ ਪ੍ਰਬੰਧਕ ਅਤੇ ਹੋਰ ਪਤਵੰਤੇ

ਦੇ ਗੀਤਾਂ ਨਾਲ ਦੇਸ਼ ਭਗਤੀ ਦਾ ਰੰਗ ਬੰਨ੍ਹਿਆ। ਬੇਏਰੀਆ ਤੋਂ ਸ. ਅਮਰਜੀਤ ਜੌਹਲ ਨੇ ਸ਼ਹੀਦ ਭਗਤ ਸਿੰਘ ਨੂੰ ਸਮਰਪਿਤ ਇਕ ਗੀਤ ਪੇਸ਼ ਕੀਤਾ। ਗਾਇਕ ਧਰਮਵੀਰ ਥਾਂਦੀ ਨੇ ਹਰਜਿੰਦਰ ਢੇਸੀ ਅਤੇ ਹਰਜਿੰਦਰ ਕੰਗ ਦੇ ਲਿਖੇ ਗੀਤ ਗਾ ਕੇ ਮਾਹੌਲ ਨੂੰ ਸੁਰਮਈ ਬਣਾਇਆ।

ਫੋਰਮ ਦੇ ਇਕ ਅਹੁਦੇਦਾਰ ਸੁਰਿੰਦਰ ਮੰਢਾਲੀ ਨੇ ਸਾਰੇ ਸਪਾਂਸਰਾਂ, ਸਰੋਤਿਆਂ, ਮੀਡੀਆ ਅਤੇ ਕਲਾਕਾਰਾਂ ਦਾ ਫੋਰਮ ਵਲੋਂ ਧੰਨਵਾਦ ਕੀਤਾ। ਸਟੇਜਾਂ ਦੀ ਮਲਿਕਾ ਕਰਕੇ ਜਾਣੀ ਜਾਂਦੀ ਬੀਬੀ ਆਸ਼ਾ ਸ਼ਰਮਾ ਨੇ ਆਪਣੇ ਅੰਦਾਜ਼ 'ਚ ਮੰਚ ਸੰਚਾਲਨ ਕਰਕੇ ਪ੍ਰੋਗਰਾਮ ਨੂੰ ਖ਼ੂਬਸੂਰਤ ਬਣਾਇਆ। ਲੰਗਰ ਦਾ ਪ੍ਰਬੰਧ ਫੋਰਮ ਦੇ ਇਸਤਰੀ ਵਿੰਗ ਨੇ ਬਾਖ਼ੂਬੀ ਕੀਤਾ। ਫੋਟੋਗ੍ਰਾਫੀ ਅਤੇ ਵੀਡੀਓਗ੍ਰਾਫੀ ਦੀ ਸੇਵਾ ਮੋਗਾ ਵੀਡੀਓ ਨੇ ਨਿਭਾਈ।


Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?



ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।

We Accept Personal Injury (PI) Cases

Medicare & Most Private Insurances Accepted



Contact: Dr. Baljit Jammu

Doctor of Chiropractic

Ph: 510-940-8236

1090 La Playa Dr., Hayward CA 94545



Truck Driver's Drug Testing

ਤੁਹਾਡੇ ਕੰਮ ਦੀ ਥਾਂ 'ਤੇ ਪ੍ਰਾਈਵੇਸੀ ਵਿਚ ਡਰਗ ਟੈਸਟਿੰਗ

- DOT ਅਤੇ Non-DOT ਆਨ ਸਾਈਟ ਡਰਗ ਕੁਲੈਕਸ਼ਨ
- ਸ਼ਰਾਬ ਦੀ ਸਾਹ ਰਾਹੀਂ ਟੈਸਟਿੰਗ
- ਸਰਟੀਫਾਈਡ ਪ੍ਰੋਫੈਸ਼ਨਲ ਕੁਲੈਕਟਰ
- ਆਫ ਸਾਈਟ ਫੈਸਿਲਿਟੀ ਤੇ ਕੋਈ ਉਡੀਕ ਨਹੀਂ
- DOT ਤੋਂ ਮਾਨਤਾ ਪ੍ਰਾਪਤ ਟੈਸਟਿੰਗ ਯੰਤਰ
- MRO ਸਰਵਿਸ
- ਭਰੋਸੇਯੋਗ, ਫੌਰੀ ਅਤੇ ਵਾਜਬ ਰੇਟ



ਅਸੀਂ ਤੁਹਾਡੇ ਪਾਸ ਖੁਦ ਆ ਸਕਦੇ ਹਾਂ

ਫੋਨ: 510-470-0268

www.MDTbayarea.com

MOBILE DRUGTESTING

Mobile Drug Testing

5178 Mowry Ave., Suite #2160, Fremont, CA 94538



FREE Hindi TV FOR 3 MONTHS!

ACT NOW. LIMITED-TIME OFFER



Watch your favorite Desi channels in HD.

HINDI ELITE PACK $34.99 FREE FOR 3 MONTHS

CALL NOW AND ENJOY HINDI PROGRAMMING

StarPlusHD SONY ZEE TV aapka colors LifeOK WILLOW HD

Select channels available in HD.

CALL NOW AND RECEIVE:

FREE 100+ BOLLYWOOD MOVIES ON DEMAND

FREE PREMIUM CHANNELS FOR 3 MONTHS

HBO CINEMAX SHOWTIME starz

FREE HD FOR 24 MONTHS

FREE PROFESSIONAL INSTALLATION

ADDITIONAL HINDI PACKAGES AVAILABLE. ASK FOR DETAILS.

BUNDLE AND SAVE WITH DISH

Ask how you can save $10/mo. WITH DISHNET HIGH-SPEED INTERNET

All offers require 24-month commitment and credit qualification.

Satellite Plus

1.877.593.1510

We install DISH all over USA

Fresno: 559.226.1510

Modesto: 559.591.1510

Bay Area: 408.260.1510

Sacramento: 916.368.1510

Bakersfield: 661.395.1510

dish AUTHORIZED RETAILER



M.K. Nijjar DDS

Ruchi Nijjar DDS

Laser Dentistry

No shots, No Drill, No Pain.

Family Dentistry

Cosmetic Dentistry

Esthetic Crowns, Bridges & Dentures Teeth Whitening * Oral Surgery Root Canal Treatments

Treatments & Prevention of Gum Diseases New Patients & Children Welcome


510-794-7058

WWW.DRNIJJAR.COM

(Across From Washigton Hospital & Bart)

1895 Mowry Ave. Ste 104 Fremont





ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ

www.011india.com

$25 2,500 Minutes

ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ

ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ।

✓ ਵਧੀਆ, ਸਾਫ਼ ਆਵਾਜ਼

✓ ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ

✓ ਬਗੈਰ ਪਿੰਨ ਤੋਂ ਵਰਤੋ

✓ ਸਪੀਡ ਵਾਲੇ ਨੰਬਰ ਸੈਟ ਕਰੋ

Limited Time Offer. Restrictions & Additional Fees Apply.

800.914.1013 • 408.659.9400

# ਖਾਲਿਸਤਾਨ ਦੇ ਸ਼ਹੀਦਾਂ ਦੀ ਯਾਦ 'ਚ ਗੁਰਦੁਆਰਾ ਫਰੀਮਾਂਟ 'ਚ ਸਮਾਗਮ

**ਫਰੀਮਾਂਟ (ਬਿਊਰੋ):** ਮੀਰੀ ਪੀਰੀ ਦੇ ਮਹਾਨ ਤੇ ਵਿਲੱਖਣ ਸਿੱਖ ਸਿਧਾਂਤ ਅਧੀਨ ਸਿੱਖ ਪ੍ਰਭੂਸੱਤਾ ਦੀ ਸਥਾਪਤੀ ਲਈ ਕੁਰਬਾਨੀਆਂ ਕਰਨ ਵਾਲੇ ਸੂਰਮਿਆਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਗੁਰਦੁਆਰਾ ਫਰੀਮਾਂਟ ਵਿਖੇ ਸ਼ਹੀਦੀ ਸਮਾਗਮ ਕਰਵਾਏ ਗਏ।

ਸਿੱਖ ਪੰਚਾਇਤ ਦੀ ਹਾਲੀਆ ਸੁਪਰੀਮ ਕੌਂਸਲ ਚੋਣ ਵਿਚ ਜਿੱਤ ਉਪਰੰਤ ਕਰਵਾਏ ਗਏ ਪਹਿਲੇ ਸ਼ਹੀਦੀ ਸਮਾਗਮ ਦੌਰਾਨ ਐਤਵਾਰ ਦੇ ਦੀਵਾਨ ਵਿਚ ਅਖੰਡ ਪਾਠ ਦੇ ਭੋਗ ਉਪਰੰਤ ਬੱਚਿਆਂ ਦੇ ਜਥੇ ਨੇ ਕੀਰਤਨ ਰਾਹੀਂ ਹਾਜ਼ਰੀ ਲੁਆਈ। ਭਾਈ ਗੁਰਪ੍ਰੀਤ ਸਿੰਘ ਦੇ ਜਥੇ ਨੇ ਇਲਾਹੀ ਬਾਣੀ ਦੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਕਥਾਕਾਰ ਭਾਈ ਗੁਰਜੀਤ ਸਿੰਘ ਪਟਿਆਲੇ ਵਾਲਿਆਂ ਨੇ ਸਿੱਖੀ ਵਿਚ ਸ਼ਹਾਦਤ ਦੇ ਫਲਸਫੇ ਦੀ ਵਿਆਖਿਆ ਕੀਤੀ। ਬਾਬਾ ਗੁਰਬਚਨ ਸਿੰਘ ਮਾਨੋਚਾਹਲ, ਭਾਈ ਸੁਖਦੇਵ ਸਿੰਘ ਚੱਬਾ, ਭਾਈ ਜੁਗਰਾਜ ਸਿੰਘ ਉਰਫ ਤੂਫਾਨ ਸਿੰਘ ਤੇ ਭਾਈ ਜਸਪਾਲ ਸਿੰਘ ਗੁਰਦਾਸਪੁਰ ਦੇ ਜੀਵਨ ਤੇ ਸ਼ਹੀਦਾਂ ਦੇ ਨਿਸ਼ਾਨੇ ਖਾਲਿਸਤਾਨ ਬਾਰੇ ਚਾਨਣਾ ਪਾਇਆ।

ਸੁਪਰੀਮ ਕੌਂਸਲ ਮੈਂਬਰ ਭਾਈ ਹਰਜੀਤ ਸਿੰਘ ਨੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਉਨ੍ਹਾਂ ਦੀ ਕੁਰਬਾਨੀ ਨੂੰ ਚੇਤੇ ਕੀਤਾ। ਕੈਂਸਰ ਦੇ ਨਾਮੁਰਾਦ ਰੋਗ ਨਾਲ ਪੀੜਤ ਭਾਈ ਸਰਵਨ ਸਿੰਘ ਦੇ ਸਾਥੀ ਭਾਈ ਜਸਵਿੰਦਰ ਸਿੰਘ ਨੇ ਦੋ ਕਵੀਸ਼ਰੀ ਨਜ਼ਮਾਂ ਪੇਸ਼ ਕਰਕੇ ਸੰਗਤਾਂ ਵਿਚ ਜੋਸ਼ ਪੈਦਾ ਕੀਤਾ।

ਅਮੈਰੀਕਨ ਸਿੱਖ ਆਰਗੇਨਾਈਜੇਸ਼ਨ (ਏ.ਐਸ.ਓ.) ਵੱਲੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਭਾਈ ਦਵਿੰਦਰ ਸਿੰਘ ਨੇ ਆਪਣੇ ਵਿਚਾਰਾਂ ਵਿਚ ਜੰਗ ਤੇ ਅਮਨ ਦੇ ਸਿੱਖ ਸਿਧਾਂਤ ਨੂੰ ਪੇਸ਼ ਕਰਦਿਆਂ ਸੰਸਾਰ ਪ੍ਰਸਿੱਧ ਸਾਇੰਸਦਾਨ ਆਈਨਸਟਾਈਨ, ਵਾਲਟ ਵਿਟਮੈਨ, ਪਲੈਟੋ ਤੇ ਮੈਕਸ ਵੈਬਰ ਦੀਆਂ ਉਦਾਹਰਣਾਂ ਦਿੰਦਿਆਂ ਕਿਹਾ ਕਿ ਜਦ ਮਨੁੱਖ ਦੇ ਅਧਿਕਾਰ ਖੋਹ ਲਏ ਜਾਣ ਤਾਂ ਕੌਮਾਂ ਕੋਲ ਬਗਾਵਤ ਕਰਨ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਬਚਦਾ ਤੇ ਬਿਲਕੁਲ ਇਹੀ ਕੁਝ ਸਿੱਖ ਕੌਮ ਨਾਲ ਹੋਇਆ। ਸਿੱਖ ਕੌਮ ਦੇ ਅਣਖੀਲੇ ਜੋਧਿਆਂ ਨੇ ਬ੍ਰਾਹਮਣਵਾਦੀ ਸ਼ੈਤਾਨੀ ਤਾਕਤਾਂ ਦੇ ਜ਼ੁਲਮ ਨੂੰ ਬਰਦਾਸ਼ਤ ਕਰਨ ਦੀ ਸਿਖਰ ਕਰਕੇ ਜਾਮ-ਏ-ਸ਼ਹਾਦਤ ਹਾਸਲ ਕਰਨ ਲਈ ਹਥਿਆਰਾਂ ਨੂੰ ਹੱਥ ਪਾਇਆ, ਜਿਸ ਦੀ ਪ੍ਰੋੜਤਾ ਸੰਯੁਕਤ ਰਾਸ਼ਟਰ ਸੰਘ ਵੀ ਕਰਦਾ ਹੈ। ਗੁਲਾਮੀ ਦੇ ਨਰਕ ਭਰੇ ਜੀਵਨ ਨਾਲੋਂ ਜੂਝ ਕੇ ਜਾਨ ਦੇਣ ਨੂੰ ਪਹਿਲ ਦੇ ਕੇ ਅਣਖਾਂ ਵਾਲੇ ਸਿੱਖ ਸ਼ਹੀਦਾਂ ਦੀ ਕਤਾਰ ਵਿਚ ਜਾ ਖਲੋਤੇ, ਜਿਨ੍ਹਾਂ ਦੇ ਸਹੀਦੀ ਸਮਗਾਮ ਅਸੀਂ ਸਾਰੇ ਮਨਾਉਂਦੇ ਹਾਂ ਤੇ ਉਨ੍ਹਾਂ ਦੇ ਕਾਰਨਮਿਆਂ ਨੂੰ ਯਾਦ ਕਰਦੇ ਹਾਂ। ਹਰ ਬਾਗੀ ਹਕੂਮਤ ਲਈ ਅਤਿਵਾਦੀ ਹੁੰਦਾ ਹੈ ਅਤੇ ਆਪਣੀ ਕੌਮ ਦਾ ਸੱਤਵਾਦੀ। ਅਮਰੀਕੀ ਦੇਸ਼ ਘਾੜੇ ਵੀ ਕਦੇ ਹਕੂਮਤਾਂ ਲਈ ਦਹਿਸ਼ਤਗਰਦ ਸਨ ਪਰ ਅੱਜ ਉਹ ਅਮਰੀਕਾ ਦੇ ਕੌਮੀ ਉਸਰਈਏ ਮੰਨੇ ਜਾਂਦੇ ਨੇ।





ਆਪਣੀ ਗੱਲ ਜਾਰੀ ਰੱਖਦਿਆਂ ਭਾਈ ਦਵਿੰਦਰ ਸਿੰਘ ਨੇ ਕਿਹਾ ਕਿ ਭਾਰਤ ਦੀ ਜ਼ਾਲਮ ਹਕੂਮਤ ਦੇ ਬਾਗੀ ਖਾਲਿਸਤਾਨ ਦੇ ਦੇਸ਼ ਘਾੜੇ ਮੰਨੇ ਜਾਂਦੇ ਹਨ ਤੇ ਖਾਲਿਸਤਾਨ ਬਣ ਜਾਣ ਉਤੇ ਮੰਨੇ ਜਾਣਗੇ। ਸ਼ਹੀਦ ਭਾਈ ਸੁਖਦੇਵ ਸਿੰਘ ਚੱਬਾ ਦੇ ਪੁੱਤਰ ਭਾਈ ਬਲਵਿੰਦਰ ਸਿੰਘ ਚੱਬਾ ਨੇ ਸੰਗਤਾਂ ਨਾਲ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਉਹ ਗੁਰਦੁਆਰਾ ਪ੍ਰਬੰਧਕ ਕਮੇਟੀ, ਪੰਥਕ ਜਥੇਬੰਦੀਆਂ ਤੇ ਸੰਗਤਾਂ ਦੇ ਰਿਣੀ ਹਨ, ਜਿਨ੍ਹਾਂ ਦੇ ਸਹਿਯੋਗ ਨਾਲ ਖਾਲਿਸਤਾਨ ਦੇ ਸ਼ਹੀਦਾਂ ਦੀ ਯਾਦ ਦੇ ਦਿਹਾੜੇ ਮਨਾਏ ਗਏ ਹਨ। ਉਨ੍ਹਾਂ ਪੰਜ ਖਾਲਿਸਤਾਨ ਜ਼ਿੰਦਾਬਾਦ, ਸੰਤ ਭਿੰਡਰਾਂਵਾਲਿਆਂ ਦੀ ਸੋਚ ਉਤੇ ਪਹਿਰਾ ਦੇਣ ਦੇ ਨਾਹਰੇ ਤੇ ਜੈਕਾਰੇ ਬੁਲਾ ਕੇ ਫਤਿਹ ਬੁਲਾਈ।

ਉਪਰੰਤ ਖਾਲਿਸਤਾਨ ਦੇ ਸ਼ਹੀਦ ਪਰਿਵਾਰਾਂ-ਬੀਬੀ ਜਸਬੀਰ ਕੌਰ, ਬਲਵਿੰਦਰ ਸਿੰਘ ਚੱਬਾ, ਕਮਲਜੀਤ ਸਿੰਘ ਲੌਂਗੀਆਂ ਤੇ ਬਲਵਿੰਦਰਪਾਲ ਸਿੰਘ ਖ਼ਾਲਸਾ ਨੂੰ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮੁੱਖ ਸੇਵਾਦਾਰ ਭਾਈ ਜਗਤਾਰ ਸਿੰਘ ਨੇ ਗੁਰੂ ਘਰ ਦੀ ਤਰਫੋਂ ਸਿਰੋਪਾਓ ਦੀ ਬਖਸ਼ਿਸ਼ ਕੀਤੀ। ਸਮਾਗਮ ਦੇ ਅੰਤ ਵਿਚ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਜਗਜੀਤ ਸਿੰਘ ਕੋਮਲ ਦੇ ਕੀਰਤਨੀ ਜਥੇ ਨੇ ਇਲਾਹੀ ਬਾਣੀ ਦਾ ਕੀਰਤਨ ਸੰਗਤਾਂ ਨੂੰ ਸਰਵਣ ਕਰਵਾਇਆ।

ਇਸ ਸਮਾਗਮ ਦੀ ਸਫਲਤਾ ਲਈ ਗੁਰਦੁਆਰਾ ਪ੍ਰਬੰਧਕ ਕਮੇਟੀ-ਸਿੱਖ ਪੰਚਾਇਤ, ਖਾਲਿਸਤਾਨ ਦੇ ਸ਼ਹੀਦ ਪਰਿਵਾਰ, ਸਿੱਖ ਯੂਥ ਆਫ ਅਮਰੀਕਾ, ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ-ਅੰਮ੍ਰਿਤਸਰ, ਖਾਲਸਾ ਜਾਗ੍ਰਿਤੀ ਲਹਿਰ, ਦਮਦਮੀ ਟਕਸਾਲ, ਅਖੰਡ ਕੀਰਤਨੀ ਜਥਾ, ਕੈਲੀਫੋਰਨੀਆ ਗਤਕਾ ਦਲ ਅਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਯੂਨੀਵਰਸਿਟੀ ਆਫ ਕੈਲੀਫੋਰਨੀਆ ਨੇ ਭਰਵਾਂ ਸਹਿਯੋਗ ਦਿਤਾ। ਸਕੱਤਰ ਭਾਈ ਅਵਤਾਰ ਸਿੰਘ ਨੇ ਬੜੇ ਹੀ ਸ਼ਾਨਦਾਰ ਢੰਗ ਨਾਲ ਸ਼ਹੀਦੀ ਸਮਾਗਮ ਦੀ ਵਿਉਂਤਬੰਦੀ ਕੀਤੀ।




ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥

ਖਾਲਸਾ ਸਾਜਨਾ ਦਿਵਸ ਦੀ ਸੰਗਤਾਂ ਨੂੰ ਲੱਖ ਲੱਖ ਵਧਾਈ ਹੋਵੇ



ਟਰਾਈ ਵੈਲੀ ਸਿੱਖ ਸੈਂਟਰ ਗੁਰਦੁਆਰੇ ਦੀਆਂ ਸੰਗਤਾਂ ਵਲੋਂ
ਵਿਸਾਖੀ ਮੌਕੇ ਵਿਸ਼ੇਸ਼ ਸਮਾਗਮ

ਐਤਵਾਰ, 13 ਅਪਰੈਲ 2014
Dublin Civic Center – City Hall
100 Civic Plaza Dublin CA 94568

ਪ੍ਰੋਗਰਾਮ
ਸਵੇਰੇ 10 ਤੋਂ 10:30-ਭੋਗ ਸਹਿਜ ਪਾਠ ਅਤੇ ਚੌਪਈ ਸਾਹਿਬ ਦਾ ਪਾਠ
ਸਵੇਰੇ 10:30 ਤੋਂ 10:45-ਕੀਰਤਨ ਅਤੇ ਪੰਥਕ ਵਿਚਾਰ
ਸਵੇਰੇ 10:45 ਤੋਂ 11:30-ਬੱਚਿਆਂ ਦਾ ਪ੍ਰੋਗਰਾਮ
ਸਵੇਰੇ 11:30 ਤੋਂ 12:15-ਸ਼ਬਦ ਕੀਰਤਨ
ਦੁਪਹਿਰ 12:15 ਤੋਂ 1:00-ਢਾਡੀ ਵਾਰਾਂ
ਦੁਪਹਿਰ 1:00 ਤੋਂ 1:45-ਭਾਈ ਗੁਰਪ੍ਰੀਤ ਸਿੰਘ ਦੇ ਜਥੇ ਵਲੋਂ ਸ਼ਬਦ ਕੀਰਤਨ
ਬਾਅਦ ਦੁਪਹਿਰ 1:45 ਤੋਂ 2:15-ਅਰਦਾਸ ਅਤੇ ਹੁਕਮਨਾਮਾ
*ਸਵੇਰੇ 10:30 ਤੋਂ ਚਾਹ-ਨਾਸ਼ਤਾ ਅਤੇ ਦੁਪਹਿਰ 12:00 ਵਜੇ ਤੋਂ ਲੰਗਰ ਹੋਵੇਗਾ*

**Tri-Valley Sikh Center**
**Gurdwara Sahib**

**Ph: 925-364-4125**
Email: TriValleySikhCenter@gmail.com Website: TriValleySikhCenter.com
*Please send a note with your name, address & phone number to TVSC email so we can add you to the email distribution list.*

# ਗੁਰੂਦੁਆਰਾ ਗੁਰੂ ਅੰਗਦ ਦਰਬਾਰ

## ਬੇਕਰਸਫੀਲਡ




ਖਾਲਸਾ ਪੰਥ ਦੇ ਸਿਰਜਨਾ ਦਿਵਸ, ਧੰਨ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਅਤੇ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪਾਵਨ ਪ੍ਰਕਾਸ਼ ਦਿਵਸ ਨੂੰ ਮੁੱਖ ਰਖਦੇ ਹੋਏ, ਸਮੂਹ ਸੰਗਤਾਂ ਦੇ ਸਹਯੋਗ ਨਾਲ ਬੜੀ ਧੂਮ ਧਾਮ ਨਾਲ

# ਮਹਾਨ ਨਗਰ ਕੀਰਤਨ

20 ਅਪ੍ਰੈਲ ਦਿਨ ਐਤਵਾਰ ਨੂੰ ਹੋ ਰਿਹਾ ਹੈ । ਜਿਸ ਵਿਚ ਸਿੱਖ ਧਰਮ ਦੇ ਮਹਾਨ ਕੀਰਤਨੀਏ, ਕਥਾਵਾਚਕ,ਢਾਡੀ, ਪ੍ਰਚਾਰਕ ਅਤੇ ਸੂਝਵਾਨ ਬੁਲਾਰੇ ਹਿੱਸਾ ਲੈਣਗੇ ।

## ਪ੍ਰੋਗਰਾਮ

19 ਅਪ੍ਰੈਲ ਦਿਨ ਸ਼ਨੀਵਾਰ ਸ਼ਾਮ ਨੂੰ 6 ਵਜੇ ਤੋਂ ਲੈਕੇ 10 ਵਜੇ ਤੱਕ ਦੀਵਾਨ ਸਜਣਗੇ ਅਤੇ 20 ਅਪ੍ਰੈਲ ਦਿਨ ਐਤਵਾਰ ਸਵੇਰ ਦੇ ਦੀਵਾਨ ਵਿਚ ਆਸਾ ਜੀ ਦੀ ਵਾਰ ਦਾ ਕੀਰਤਨ, ਕੀਰਤਨੀ ਜੱਥੇ, ਕਥਾਕਾਰ, ਢਾਡੀ, ਪੰਥਕ ਬੁਲਾਰੇ ਅਪਣੇ ਵਿਚਾਰਾਂ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ । ਦੀਵਾਨ ਦੀ ਸਮਾਪਤੀ ਉਪਰੰਤ ਨਗਰ ਕੀਰਤਨ ਦੀ ਅਰੰਭਤਾ ਹੋਵੇਗੀ ਜੀ ।

## ਅੰਮ੍ਰਿਤ ਸੰਚਾਰ

ਸ਼ੁੱਕਰਵਾਰ 18 ਅਪ੍ਰੈਲ 1:00 ਵਜੇ


ਭਾਈ ਅਜਮੇਰ ਸਿੰਘ ਜੀ


ਢਾਡੀ ਜੱਥਾ ਭਾਈ ਬਲਕਾਰ ਸਿੰਘ ਜੀ ਚੋਲਾ


ਭਾਈ ਸਰਬਜੀਤ ਸਿੰਘ ਜੀ


ਭਾਈ ਹਰਿਾ ਸਿੰਘ ਜੀ ਅਤੇ ਸਾਥੀ(ਹਜ਼ੂਰੀ ਜਥੇਂ)


ਭਾਈ ਜਸਮੇਰ ਸਿੰਘ ਜੀ

**ਨਗਰ ਕੀਰਤਨ ਦਾ ਰੂਟ** ਗੁਰਦੁਆਰਾ ਸਾਹਿਬ ਤੋਂ ਹਾਸਕਿੰਗ ਸੱਜੇ, ਐਕਰਸ ਰੋਡ ਤੋਂ ਸੱਜੇ, ਮੈਕੀ ਤੋਂ ਸੱਜੇ, ਸਟਾਈਨ ਰੋਡ ਤੋਂ ਸੱਜੇ, ਵਾਪਸ ਗੁਰਦੁਆਰਾ ਸਹਿਬ ਜੀ ।

ਨਗਰ ਕੀਰਤਨ ਬਾਰੇ ਕਿਸੇ ਵੀ ਕਿਸਮ ਦੀ ਜਾਨਕਾਰੀ ਲਈ ਕਾਲ ਕਰੋ
ਜਸਵਿੰਦਰ ਸਿੰਘ (661)345-3088
ਰਸ਼ਪਾਲ ਸਿੰਘ ਮੰਨਣ 661-900-2878

ਕਥਾ ਵਾਚਕ ਭਾਈ ਸਰਬਜੀਤ ਸਿੰਘ,ਲੁਧਿਆਣੇ ਵਾਲੇ।
ਕਥਾ ਵਾਚਕ ਭਾਈ ਅਜਮੇਰ ਸਿੰਘ, ਗੁਰੂ ਅੰਗਦ ਦਰਬਾਰ।
ਢਾਡੀ ਜੱਥਾ ਭਾਈ ਬਲਕਾਰ ਸਿੰਘ ਜੀ ਚੋਲਾ
ਭਾਈ ਹੀਰਾ ਸਿੰਘ ਜੀ(ਹਜ਼ੂਰੀ ਰਾਗੀ ਜੱਥਾ), ਹੈਡ ਗ੍ਰੰਥੀ ਭਾਈ ਜਸਮੇਰ ਸਿੰਘ ਜੀ

**ਲੰਗਰ ਸਟਾਲ ਦੀ ਸੇਵਾ**
ਜਸਵਿੰਦਰ ਸਿੰਘ 661-345-3088
ਹਰਪਿੰਦਰ ਸਿੰਘ 661-364-9883
ਰਣਬੀਰ ਸਿੰਘ ਰਾਣਾ 661-246-8280
ਜਸਵੰਤ ਸਿੰਘ 661-472-6706

**ਫਲੋਟ ਲਗਵਾਉਣ ਦੀ ਸੇਵਾ**
ਜਗਤਾਰ ਸਿੰਘ ਗਿੱਲ 661-900-7466
ਹਰਜਾਪ ਸਿੰਘ 661-201-8794
ਸੁਰਿੰਦਰ ਸਿੰਘ ਬਸਰਾ 661-444-7799

**ਗੁਰੂ ਕੇ ਲੰਗਰ ਦੀ ਸੇਵਾ**
ਪ੍ਰਿਤਪਾਲ ਸਿੰਘ 661-204-0095
ਜਗਪਾਲ ਸਿੰਘ ਸਿੱਧੂ 661-706-6339

**ਦੁਕਾਨਾਂ ਦੀ ਸੇਵਾ**
ਕਮਲਜੀਤ ਸਿੰਘ ਢਿੱਲੋ 661-247-7798
ਰਸ਼ਪਾਲ ਸਿੰਘ ਮੰਨਣ 661-900-2878

**ਫਲੋਟ ਸਜਾਉਣ ਦੀ ਸੇਵਾ**
ਦਲਜਿੰਦਰ ਸਿੰਘ ਚੌਹਾਨ 661-203-8050
ਕਮਲਜੀਤ ਸਿੰਘ ਢਿੱਲੋ 661-247-7798
ਰਣਜੀਤ ਸਿੰਘ 661-889-8200

**ਦਾਨੀ ਸੱਜਣ ਸੰਪਰਕ ਕਰਨ**
ਸੇਵਾ ਸਿੰਘ 661-204-3294
ਮਨਦੀਪ ਸਿੰਘ 661-340-6747
ਦਲਜਿੰਦਰ ਸਿੰਘ ਚੌਹਾਨ 661-203-8050

**ਪੰਜ ਪਿਆਰਿਆਂ ਦੀ ਸੇਵਾ**
ਅਮਰਜੀਤ ਸਿੰਘ 661-246-6038
ਦਲਜੀਤ ਸਿੰਘ ਖਾਲਸਾ 661-319-6039
ਗਿ:ਗੁਰਚਰਨ ਸਿੰਘ 661-472-2638

**ਸਹਿਯੋਗ**
ਸਮੂਹ ਸੰਗਤ ਬੇਕਰਸਫੀਲਡ ਸਿੱਖ ਟੈਂਪਲ । ਗੁਰ ਨਾਨਕ ਮਿਸ਼ਨ ਸਿੱਖ ਸੈਂਟਰ, ਬੇਕਰਸਫੀਲਡ, ਗੁਰਦਵਾਰਾ ਗੁਰ ਦਸਮੇਸ਼ ਦਰਬਾਰ,ਬੇਕਰਸਫੀਲਡ ਅਤੇ ਸ਼ਹੀਦ ਬਾਬਾ ਦੀਪ ਸਿੰਘ ਜੀ ਖਾਲਸਾ ਦਰਬਾਰ ਬੇਕਰਸਫੀਲਡ, ਗੁਰੂ ਰਾਮਦਾਸ ਅਕੈਡਮੀ, ਬੇਕਰਸਫੀਲਡ, ਪੰਜਾਬੀ ਅਮੇਰਿਕਨ ਸੀਨੀਅਰ ਸਿਟੀਜ਼ਨ ਸੈਂਟਰ ਆਫ ਬੇਕਰਸਫੀਲਡ।

DESIGNED & PRINTED BY NK SIGNS OF BAKERSFIELD, CA • 661-978-7319

# ਦਲਿਤ ਬਨਾਮ ਇਨਕਲਾਬ

## ਕਬੀਰ ਕਲਾ ਮੰਚ ਦਾ ਸਫਰ

***ਕਬੀਰ ਕਲਾ ਮੰਚ, ਮਹਾਰਾਸ਼ਟਰ ਦੇ ਪੁਣੇ ਸ਼ਹਿਰ ਨਾਲ ਸਬੰਧਤ ਹੈ। ਫਿਲਮਸਾਜ਼ ਆਨੰਦ ਪਟਵਰਧਨ ਦੀ ਦਸਤਾਵੇਜ਼ੀ ਫਿਲਮ 'ਜੈ ਭੀਮ ਕਾਮਰੇਡ' ਵਿਚ ਇਸ ਮੰਚ ਦੇ ਕੁਝ ਗੀਤ ਫਿਲਮਾਏ ਗਏ ਹਨ। ਮਹਾਰਾਸ਼ਟਰ ਸਰਕਾਰ ਨੇ ਮੰਚ ਨੂੰ ਮਾਓਵਾਦੀ ਸਮਰਥਕ ਗਰੁੱਪ ਐਲਾਨਦਿਆਂ ਇਸ ਦੇ ਕੁਝ ਕਾਰਕੁਨਾਂ ਉਤੇ ਦੇਸ਼ਧ੍ਰੋਹ ਦਾ ਮੁਕੱਦਮਾ ਕਰ ਦਿੱਤਾ। ਮੰਚ ਨੂੰ ਹਿੰਦੂ ਫ਼ਾਸੀਵਾਦੀਆਂ ਦੇ ਹਮਲੇ ਦਾ ਵੀ ਸ਼ਿਕਾਰ ਹੋਣਾ ਪਿਆ। ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੇ ਸ਼ਹੀਦੀ ਦਿਨ ਨੂੰ ਸਮਰਪਿਤ ਪ੍ਰੋਗਰਾਮ ਲਈ ਮੰਚ ਦੀ ਟੀਮ ਚੰਡੀਗੜ੍ਹ ਆਈ। ਇਸ ਟੀਮ ਦੀ ਅਗਵਾਈ ਕਰ ਰਹੇ ਦੀਪਕ ਢੇਂਗਲੇ ਜੋ ਦੋ ਸਾਲ ਬਾਅਦ ਜੇਲ੍ਹ ਵਿਚੋਂ ਜ਼ਮਾਨਤ 'ਤੇ ਬਾਹਰ ਆਏ ਹਨ, ਨਾਲ ਹੋਈ ਇੰਟਰਵਿਊ ਅਸੀਂ ਆਪਣੇ ਪਾਠਕਾਂ ਲਈ ਛਾਪ ਰਹੇ ਹਾਂ।***

**ਸਵਾਲ:** ਕਬੀਰ ਕਲਾ ਮੰਚ ਕਦੋਂ ਹੋਂਦ ਵਿਚ ਆਇਆ?

**ਦੀਪਕ:** ਗੁਜਰਾਤ ਵਿਚ ਹੋਏ 2002 ਦੇ ਦੰਗਿਆਂ ਮਗਰੋਂ ਕੁਝ ਪ੍ਰੋਫਸਰਾਂ ਤੇ ਸਮਾਜ ਸੇਵਕਾਂ ਨੇ ਸੋਚਿਆ ਕਿ ਹਿੰਦੂ-ਮੁਸਲਮਾਨਾਂ ਵਿਚਾਲੇ ਦੰਗੇ ਕਰਵਾਏ ਜਾ ਰਹੇ ਹਨ। ਉਨ੍ਹਾਂ ਨੇ ਸਭਿਆਚਾਰਕ ਫਰੰਟ ਉਤੇ ਇਸ ਦਾ ਵਿਰੋਧ ਕਰਨ ਲਈ ਨਵਾਂ ਮੰਚ ਬਣਾਉਣ ਦਾ ਫ਼ੈਸਲਾ ਕੀਤਾ। ਇਸ ਦੌਰਾਨ ਫ਼ਿਲਮੀ ਤਰਜ਼ 'ਤੇ 'ਰੱਬਾ ਯਾਰ ਮਿਲਾਦੇ ਰੇ, ਮੇਰਾ ਵਿਛੜਿਆ ਯਾਰ ਮਿਲਾਦੇ ਰੇ' ਤੇ 'ਮੰਦਰ, ਮਸਜਿਦ, ਗਿਰਜਾਘਰ ਨੇ ਬਾਂਟ ਦੀਆ ਭਗਵਾਨ ਕੋ' ਵਰਗੇ ਗੀਤ ਗਾਏ।

**ਸਵਾਲ:** ਇਸ ਮੰਚ ਦਾ ਨਾਮ ਕਬੀਰ ਦੇ ਨਾਮ 'ਤੇ ਰੱਖਣ ਦਾ ਕਾਰਨ?

**ਦੀਪਕ:** ਕਿਉਂਕਿ ਕਬੀਰ ਜੀ ਨੇ ਜਾਤ-ਪਾਤ ਦਾ ਵਿਰੋਧ ਕੀਤਾ ਸੀ ਅਤੇ ਹਿੰਦੂ ਧਰਮ ਤੇ ਮੁਸਲਮਾਨ ਧਰਮ ਦੋਵਾਂ 'ਤੇ ਵਿਅੰਗ ਕੀਤੇ ਸਨ। ਇਸ ਲਈ ਇਸ ਮੰਚ ਦਾ ਨਾਮ ਕਬੀਰ ਜੀ ਦੇ ਨਾਮ 'ਤੇ ਰਖਿਆ। ਇਸ ਮੰਚ ਵਲੋਂ ਹੋਰ ਵੀ ਮੁੱਦੇ ਉਠਾਏ ਗਏ।

**ਸਵਾਲ:** ਕੀ ਆਹਵਾਨ ਨਾਟਯ ਮੰਚ ਤੇ ਕਬੀਰ ਕਲਾ ਮੰਚ ਇਕੋ ਸੰਗਠਨ ਹਨ?

**ਦੀਪਕ:** ਨਹੀਂ, ਆਹਵਾਨ ਨਾਟਯ ਮੰਚ ਮੁੰਬਈ ਵਿਚ ਕੰਮ ਕਰਦਾ ਸੀ। ਇਹ ਕਬੀਰ ਕਲਾ ਮੰਚ ਤੋਂ ਬਹੁਤ ਪਹਿਲਾਂ ਦਾ ਗਰੁੱਪ ਹੈ।

**ਸਵਾਲ:** ਆਹਵਾਨ ਨਾਟਯ ਮੰਚ ਦੇ ਕਲਾਕਾਰ ਵਿਲਾਸ ਘੋਗਰੇ ਨੇ ਖੁਦਕੁਸ਼ੀ ਕਰ ਲਈ ਸੀ, ਇਸ ਦਾ ਕੀ ਕਾਰਨ ਸੀ?

**ਦੀਪਕ:** ਵਿਲਾਸ ਜੀ 'ਤੇ ਮਾਰਕਸਵਾਦੀ ਫ਼ਿਲਾਸਫੀ ਦਾ ਬਹੁਤ ਪ੍ਰਭਾਵ ਸੀ ਪਰ ਬਾਅਦ ਵਿਚ ਉਨ੍ਹਾਂ ਨੂੰ ਇਹ ਗੱਲ ਸਮਝ ਵਿਚ ਆਈ ਕਿ ਚਾਹੇ ਮਾਰਕਸਵਾਦੀ ਹੋਵੇ ਜਾਂ ਅੰਬੇਡਕਰਵਾਦੀ, ਉਨ੍ਹਾਂ ਨੂੰ ਜਾਤਪਾਤ ਤੇ ਲੁੱਟ ਵਾਲੀ ਵਿਵਸਥਾ ਦੇ ਵਿਰੁਧ ਲੜਾਈ ਲੜਨ ਲਈ ਆਪਣੀ ਤਾਕਤ ਇਕੱਠੀ ਕਰਨੀ ਪਵੇਗੀ। ਅੰਬੇਡਕਰੀ ਸਮਾਜ ਟੁਕੜਿਆਂ ਵਿਚ ਵੰਡਿਆ ਹੋਇਆ ਹੈ। ਉਨ੍ਹਾਂ ਨੂੰ ਇਕ ਮੰਚ 'ਤੇ ਇਕੱਠਾ ਹੋਣ ਦਾ ਸੱਦਾ ਦਿੰਦਿਆਂ ਉਹ ਨੀਲੀ ਪੱਟੀ ਬੰਨ੍ਹ ਕੇ ਫ਼ਾਂਸੀ 'ਤੇ ਚੜ੍ਹ ਗਏ।

**ਸਵਾਲ:** ਕੁੱਝ ਲੋਕ ਨੀਲੀ ਪੱਟੀ ਦਾ ਮਤਲਬ ਲਾਲ ਨਿਸ਼ਾਨ 'ਤੇ ਦਾਗ਼ ਦੱਸਦੇ ਹਨ?

**ਦੀਪਕ:** ਅਜਿਹਾ ਨਹੀਂ ਹੈ। ਕਬੀਰ ਕਲਾ ਮੰਚ ਦਾ ਜੋ ਨਿਸ਼ਾਨ ਹੈ, ਉਹ ਲਾਲ ਤੇ ਨੀਲੇ ਦੇ ਸੁਮੇਲ ਦਾ ਨਿਸ਼ਾਨ ਹੈ। ਸਾਡਾ ਮੰਨਣਾ ਹੈ ਕਿ ਮਜ਼ਦੂਰ ਵਰਗ ਜਾਤੀਵਾਦ ਖ਼ਿਲਾਫ਼ ਲੜੇ ਬਗੈਰ ਕੋਈ ਵੱਡਾ ਬਦਲਾਉ ਨਹੀਂ ਲਿਆ ਸਕਦਾ। ਇਸ ਲਈ ਵਿਲਾਸ ਘੋਗਰੇ ਨੂੰ ਵੀ ਇਹ ਮਹਿਸੂਸ ਹੋਇਆ ਕਿ ਸਿਰਫ਼ ਲਾਲ ਨਾਲ ਕੰਮ ਨਹੀਂ ਚੱਲੇਗਾ, ਉਹ ਖੁਦ ਵੀ ਨੀਲੇ (ਦਲਿਤ) ਸਮਾਜ 'ਚੋਂ ਸਨ। ਇਸੇ ਲਈ ਉਹ ਲਾਲ-ਨੀਲੇ ਦੀ ਏਕਤਾ ਦੀ ਗੱਲ ਕਰਦੇ ਸਨ।

**ਸਵਾਲ:** ਕੁਝ ਕਮਿਉਨਿਸਟ ਪਾਰਟੀਆਂ ਮੁਤਾਬਕ ਦਲਿਤਾਂ ਦੀ ਮੁਕਤੀ ਇਨਕਲਾਬ ਤੋਂ ਬਾਅਦ ਹੋਵੇਗੀ?

**ਦੀਪਕ:** ਇਨਕਲਾਬ ਤੋਂ ਬਾਅਦ ਹੋਵੇਗੀ, ਇਹ ਕਹਿਣਾ ਸਰਾਸਰ ਗ਼ਲਤ ਹੈ। ਮੈਨੂੰ ਲੱਗਦਾ



ਕਿ ਜਦੋਂ ਤੁਸੀਂ ਵਰਗ ਅੰਤ ਦੀ ਗੱਲ ਕਰੋਗੇ ਤਾਂ ਤੁਹਾਨੂੰ ਜਾਤੀ ਅੰਤ ਦੀ ਵੀ ਗੱਲ ਕਰਨੀ ਪਵੇਗੀ। ਇਸ ਪ੍ਰਕਿਰਿਆ ਦੌਰਾਨ ਤੁਹਾਨੂੰ ਜਾਤੀ ਨੂੰ ਵੀ ਤੋੜ ਕੇ ਚੱਲਣਾ ਹੋਵੇਗਾ।

**ਸਵਾਲ:** ਕੁਝ ਕਮਿਊਨਿਸਟ ਪਾਰਟੀਆਂ ਦਲਿਤਾਂ ਦੀ ਗੱਲ ਕਰਦੀਆਂ ਹਨ, ਪਰ ਉਨ੍ਹਾਂ ਵਿਚ ਦਲਿਤ ਲੀਡਰਸ਼ਿਪ ਉਪਰ ਨਹੀਂ ਆ ਰਹੀ?

**ਦੀਪਕ:** ਤੁਸੀਂ ਕਿਨ੍ਹਾਂ ਕਮਿਉਨਿਸਟ ਪਾਰਟੀਆਂ ਦੀ ਗੱਲ ਕਰਦੇ ਹੋ... ਜਿਹੜੀਆਂ ਮਾਰਕਸਵਾਦ ਨੂੰ ਮਾਸਕਵਾਦ (ਮਖੌਟਾ) ਬਣਾ ਕੇ ਤੁਰਦੀਆਂ ਹਨ। ਉਹ ਲੋਕ ਇਹ ਮੁੱਦੇ ਨਹੀਂ ਉਠਾਉਣਗੇ, ਉਹ ਮਾਰਕਸੀ ਫ਼ਿਲਾਸਫੀ ਤੋਂ ਪਿਛਾਂਹ ਹਟ ਗਏ ਹਨ; ਪਰ ਅਜਿਹੀਆਂ ਪਾਰਟੀਆਂ ਵੀ ਹਨ ਜਿਹੜੀਆਂ ਦਲਿਤਾਂ ਨੂੰ ਉਤਸ਼ਾਹਤ ਕਰ ਰਹੀਆਂ ਹਨ।

**ਸਵਾਲ:** ਕਮਿਊਨਿਸਟ ਗੁੱਟਾਂ ਵਿਚ ਕੰਮ ਕਰਦੇ ਕੁਝ ਲੋਕ ਜਾਤਪਾਤ ਦਾ ਤਾਂ ਵਿਰੋਧ ਕਰਦੇ ਹਨ, ਪਰ ਵਿਆਹ ਵਾਲੇ ਮਾਮਲੇ 'ਚ ਉਹ ਆਪਣੀ ਜਾਤੀ ਦੇ ਲੋਕ ਲੱਭਦੇ ਹਨ?

**ਦੀਪਕ:** ਕਬੀਰ ਕਲਾ ਮੰਚ ਮਾਰਕਸਵਾਦੀ-ਅੰਬੇਡਕਰਵਾਦੀ ਫ਼ਿਲਾਸਫ਼ੀ ਨੂੰ ਸਮਰਪਿਤ ਹੈ। ਸਾਡੇ ਸੰਗਠਨ 'ਚ ਲੋਕ ਅੰਤਰ-ਜਾਤੀ ਵਿਆਹ ਕਰਵਾਉਂਦੇ ਹਨ। ਅਸੀਂ ਦੱਸਾਂਗੇ ਕਿ ਕਮਿਊਨਿਸਟ ਹੋਣਾ ਕੀ ਹੁੰਦਾ ਹੈ।

**ਸਵਾਲ:** ਜਿਹੜੇ ਕੁੱਝ ਕਮਿਊਨਿਸਟ ਸੰਗਠਨ ਦਲਿਤਾਂ ਦੇ ਮੁੱਦੇ ਉਠਾ ਰਹੇ ਹਨ, ਪਰ ਉਨ੍ਹਾਂ 'ਤੇ ਜਾਤਪਾਤੀ ਸਿਆਸਤ ਕਰਨ ਦੇ ਦੋਸ਼ ਲੱਗ ਰਹੇ ਹਨ?

**ਦੀਪਕ:** ਜਿਹੜੇ ਅਜਿਹੇ ਦੋਸ਼ ਲਾ ਰਹੇ ਹਨ, ਉਹ ਖੁਦ ਦੱਸਣ ਕਿ ਇਸ ਮੁੱਦੇ 'ਤੇ ਕੰਮ ਕਿਵੇਂ ਕਰਨਾ ਚਾਹੀਦਾ ਹੈ।

**ਸਵਾਲ:** ਰਿਜ਼ਰਵੇਸ਼ਨ ਬਾਰੇ ਕੁਝ ਕਹੋ।

**ਦੀਪਕ:** ਰਿਜ਼ਰਵੇਸ਼ਨ ਦਾ ਅਸੀਂ ਸਮਰਥਨ ਕਰਦੇ ਹਾਂ, ਕਿਉਂਕਿ ਸ਼ੇਰ ਤੇ ਬੱਕਰੀ ਦੀ ਕਦੇ ਤੁਲਨਾ ਨਹੀਂ ਕੀਤੀ ਜਾ ਸਕਦੀ। ਸਮਾਜ 'ਚ ਬਰਾਬਰੀ ਤੱਕ ਇਹ ਜ਼ਰੂਰੀ ਹੈ।

**ਸਵਾਲ:** ਜਿਹੜੇ ਰਿਜ਼ਰਵੇਸ਼ਨ ਨਾਲ ਉੱਚ ਵਰਗ ਤੱਕ ਜਾ ਪਹੁੰਚੇ, ਉਨ੍ਹਾਂ ਨੂੰ ਇਸ ਦੀ ਲੋੜ ਹੈ?

**ਦੀਪਕ:**ਇਕ ਸਰਵੇਖਣ ਮੁਤਾਬਕ ਇਕ ਫ਼ੀ ਸਦੀ ਦਲਿਤ ਹਨ, ਜਿਹੜੇ ਉਚ ਵਰਗ ਵਿਚ ਪਹੁੰਚੇ ਹਨ। ਉਚ ਵਰਗ 'ਚ ਪਹੁੰਚਣ ਦੇ ਬਾਵਜੂਦ ਜਾਤੀ ਬਾਰੇ ਉਨ੍ਹਾਂ ਦੀ ਉਹੀ ਹਾਲਤ ਹੈ।

**ਸਵਾਲ:** ਕੁੱਝ ਪਾਰਟੀਆਂ ਆਰਥਿਕ ਆਧਾਰਤ 'ਤੇ ਰਿਜ਼ਰਵੇਸ਼ਨ ਦਾ ਮੁੱਦਾ ਉਠਾ ਰਹੀਆਂ ਹਨ।

**ਦੀਪਕ:** ਬਾਬਾ ਸਾਹਿਬ ਨੇ ਕਿਹਾ ਸੀ ਕਿ ਜਦੋਂ ਤਕ ਆਰਥਿਕ, ਸਮਾਜਕ ਤੇ ਰਾਜਨੀਤਕ ਤੌਰ 'ਤੇ ਬਰਾਬਰੀ ਨਹੀਂ ਆਵੇਗੀ, ਉਦੋਂ ਤਕ ਇਸ ਸਮਾਜ ਦੀ ਮੁਕਤੀ ਨਹੀਂ ਹੋਵੇਗੀ। ਮੈਨੂੰ ਲੱਗਦਾ ਹੈ ਕਿ ਪਹਿਲੀ ਗੱਲ ਆਰਥਿਕਤਾ ਦੀ ਆਉਂਦੀ ਹੈ। ਜਦੋਂ ਤੁਸੀਂ ਆਰਥਿਕ ਤੌਰ 'ਤੇ ਮਜ਼ਬੂਤ ਹੁੰਦੇ ਹੋ, ਤਾਂ ਹੀ ਬਾਕੀ ਮੁੱਦੇ ਉਠਾ ਸਕਦੇ ਹੋ।

**ਸਵਾਲ:** ਇਸ ਸਮੇਂ ਕਥਿਤ ਉਚ ਜਾਤੀ ਅਤੇ ਨੀਵੀਂ ਜਾਤੀ, ਦੋਵਾਂ ਦੇ ਕਾਮਿਆਂ ਦਾ ਸ਼ੋਸ਼ਣ ਹੋ ਰਿਹਾ ਹੈ, ਪਰ ਦੋਵੇਂ ਇਕੱਠੇ ਨਹੀਂ ਹੋ ਰਹੇ?

**ਦੀਪਕ:** ਵੱਡਾ ਅੜਿੱਕਾ ਜਾਤੀ ਹੀ ਹੈ। ਸ਼ੁਰੂਆਤੀ ਸਮਿਆਂ ਦੌਰਾਨ ਮੁੰਬਈ ਦੀਆਂ ਮਿੱਲਾਂ ਵਿਚ ਕਮਿਊਨਿਸਟਾਂ ਦੇ ਆਪਣੇ ਮਜ਼ਦੂਰ ਸੰਗਠਨ ਵਿਚ ਦਲਿਤਾਂ ਲਈ ਵੱਖਰੇ ਤੌਰ 'ਤੇ, ਅਤੇ ਉੱਚ ਜਾਤੀਆਂ ਲਈ ਵੱਖਰੇ ਤੌਰ 'ਤੇ ਪਾਣੀ ਸੀ। ਇਸ ਤੋਂ ਇਲਾਵਾ ਮਿੱਲਾਂ 'ਚ ਧਾਗੇ 'ਤੇ ਥੁੱਕ ਲਾ ਕੇ ਕੰਮ ਕੀਤਾ ਜਾਂਦਾ ਸੀ ਜਿਸ ਤੋਂ ਦਲਿਤ ਮਜ਼ਦੂਰਾਂ ਨੂੰ ਦੂਰ ਰੱਖਿਆ ਜਾਂਦਾ ਸੀ। ਦਰਅਸਲ, ਸਾਡੀ ਮਾਨਸਿਕਤਾ 'ਚ ਜਾਤੀਵਾਦ ਫਸਿਆ ਹੋਇਆ ਹੈ ਪਰ ਵੱਧ ਸਮਾਂ ਇਕੱਠਿਆਂ ਕੰਮ ਕਰਨ ਨਾਲ ਇਹ ਧਾਰਨਾਵਾਂ ਟੁੱਟਣਗੀਆਂ।

**ਸਵਾਲ:** ਹੋਰ ਜਾਤੀਆਂ ਵਾਂਗ ਦਲਿਤਾਂ 'ਚ ਵੀ ਔਰਤਾਂ ਹੀ ਵਧੇਰੇ ਪੀੜਤ ਹੁੰਦੀਆਂ।

**ਦੀਪਕ:** ਹਿੰਦੂ ਧਰਮ ਦੀ ਜਿਹੜੀ ਮਾਨਸਿਕਤਾ ਹੈ, ਉਹ ਤਾਂ ਸਾਰਿਆਂ ਵਿਚ ਹੀ ਹੈ ਨਾ! ਇਸ ਵਿਚ ਤਾਂ ਔਰਤ ਨੂੰ ਪੈਰ ਦੀ ਜੁੱਤੀ ਕਿਹਾ ਗਿਆ ਹੈ। ਦਲਿਤ ਹੋਣ ਨਾਲ ਇਹ ਮਾਨਸਿਕਤਾ ਬਦਲ ਨਹੀਂ ਜਾਂਦੀ, ਭਾਵੇਂ ਤੁਸੀਂ ਆਪਣਾ ਧਰਮ ਬਦਲ ਲਿਆ ਹੈ। ਅਸੀਂ ਖੁਦ ਜਦੋਂ ਬਸਤੀਆਂ ਵਿਚ ਜਾਂਦੇ ਹਾਂ, ਤਾਂ ਉਥੇ ਕਿੰਨੀਆਂ ਔਰਤਾਂ ਕਿਸੇ ਪ੍ਰੋਗਰਾਮ ਦਾ ਹਿੱਸਾ ਬਣਦੀਆਂ ਹਨ? ਜਦੋਂ ਅਸੀਂ ਬੁੱਧ ਦੀ, ਫੂਲੇ ਦੀ ਜਾਂ ਬਾਬਾ ਸਾਹਿਬ ਦੀ ਗੱਲ ਕਰਦੇ ਹਾਂ ਤਾਂ ਅਸੀਂ ਇਸ ਨੂੰ ਖੁਦ ਅਪਣੇ ਅੰਦਰ ਕਿਉਂ ਨਹੀਂ ਲਿਆ ਰਹੇ ਭਲਾ? ਹੁਣ ਸਮਝਣਾ ਪਵੇਗਾ ਕਿ ਮਰਦ ਪ੍ਰਧਾਨ ਪ੍ਰਬੰਧ ਵੀ ਗੈਰ-ਬਰਾਬਰੀ ਵਾਲਾ ਹੈ। ਇਸ ਵਿਰੁਧ ਲੜੇ ਬਗੈਰ ਸਮਾਜਕ ਬਰਾਬਰੀ ਦੀ ਲੜਾਈ ਅਧੂਰੀ ਰਹੇਗੀ।

**ਸਵਾਲ:** ਦਲਿਤਾਂ ਦੀ ਮੁਕਤੀ ਕਿਵੇਂ ਹੋਵੇਗੀ?

**ਦੀਪਕ:** ਜਮਾਤੀ ਘੋਲ ਦੇ ਨਾਲ ਹੀ ਜਾਤੀ ਅੰਤ ਦੀ ਪ੍ਰਕਿਰਿਆ ਚਲਾਉਣੀ ਪਵੇਗੀ। ਅੰਤਰ-ਜਾਤੀ ਵਿਆਹ ਕਰਵਾਉਣੇ ਹੋਣਗੇ। ਬਰਾਬਰੀ ਵਾਲੇ ਸਮਾਜ ਵਿਚ ਹੀ ਜਾ ਕੇ ਇਹ ਮੁਕਤੀ ਸੰਭਵ ਹੈ।

***ਮੁਲਾਕਾਤੀ: ਪ੍ਰਕਾਸ਼ ਸਿੰਘ***
***ਫੋਨ: 91-90419-30098***



**ਚੰਡੀਗੜ੍ਹ ਵਿਚ ਪ੍ਰੋਗਰਾਮ ਪੇਸ਼ ਕਰਦੇ ਕਬੀਰ ਕਲਾ ਮੰਚ ਦੇ ਕਲਾਕਾਰ।**

# ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 12 ਅਪਰੈਲ 2014 ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-111



***'ਵੱਡਿਆਂ' ਨੂੰ ਹੀ ਚਿੰਬੜਦੇ ਨੇ ਝੋਰੇ, ਹੌਕੇ, ਹਾਵੇ।***
***ਭੋਲਾ-ਭਾਲਾ ਬਚਪਨ ਪਿਆਰਾ ਝੂਮੇ, ਨੱਚੇ, ਗਾਵੇ!***
***ਵਾਂਗ ਤੋਰੀਆਂ ਲਟਕਣ ਬੱਚੇ ਫੜ੍ਹ ਮੰਜੇ ਦੇ ਪਾਵੇ,***
***ਬੇ-ਫਿਕਰੀ ਤੇ ਮੌਜਾਂ ਵਾਲੀ ਇਹ ਰੁਤ ਮੁੜ ਨਾ ਆਵੇ!***

## ਕੈਪਸ਼ਨ ਮੁਕਾਬਲਾ-109



ਨਵੀਂ ਬਹੂ ਮੁਕਲਾਵੇ ਆਈ,
ਬੇਬੇ ਸੁੱਖ ਮਨਾਵੇ।
ਪਾਣੀ ਦੇ ਵਿਚ ਘੋਲ ਬਲਾਵਾਂ,
ਵਾਰ ਸਿਰਾਂ ਤੋਂ ਖੁਦ ਪੀ ਜਾਵੇ।
ਬੰਨਾ ਬੰਨੀ ਦੋਵੇਂ ਰੋਕਣ,
ਜੋ ਵੀ ਦੇਖੇ ਖੁਸ਼ ਹੋ ਜਾਵੇ।

***-ਜਗਮੀਤ ਸਿੰਘ ਪੰਧੇਰ***
***ਫੋਨ: 91-98783-37222***

---

ਵਾਰ ਵਾਰ ਕੇ ਪਾਣੀ ਪੀਵੇ
ਜਾਵੇ ਮਾਂ ਬਲਿਹਾਰੀ।
ਨੂੰਹ-ਪੁੱਤ ਨੂੰ ਅਸੀਸਾਂ ਦੇਵੇ
ਭਰ ਜਾਵੇ ਝੋਲੀ ਸਾਰੀ!

***-ਗੁਰਦੇਵ ਸਿੰਘ ਵਿਰਦੀ, ਕੈਨੇਡਾ***
***ਫੋਨ: 226-345-7126***

ਸੁੱਖਾਂ ਸੁੱਖਦੀ ਨੂੰ ਇਹ ਦਿਨ ਆਇਆ
ਭਾਗਾਂ ਨਾਲ ਅੱਜ ਭਰਿਆ ਵਿਹੜਾ।
ਨਵੀਂ ਜੋੜੀ 'ਤੋਂ ਦੀ ਪਾਣੀ ਵਾਰੇ
ਮਾਂ ਦੇ ਸ਼ਗਨਾਂ ਨੂੰ ਅੱਜ ਰੋਕੂ ਕਿਹੜਾ?
ਮਾਤਾ ਤੱਕਦੀ ਲਾ ਲਾ ਰੀਝਾਂ
ਦੇਖਦੀ ਸੁਪਨਾ ਨਵੇਂ ਸੰਸਾਰ ਦਾ ਉਹ।
ਹੇ ਪਰਮਾਤਮਾ! ਤੇਰਾ ਹੈ ਸ਼ੁਕਰ ਡਾਢਾ
ਭਾਲੇ ਵਾਧਾ ਆਪਣੇ ਪਰਿਵਾਰ ਦਾ ਉਹ।

***-ਸੇਵਾ ਸਿੰਘ ਨੂਰਪੁਰੀ***
***ਸੈਨ ਹੋਜ਼ੇ, ਕੈਲੀਫੋਰਨੀਆ।***

---

ਚਾਵਾਂ ਵਾਲੀਆਂ ਘੜੀਆਂ
ਘਰ ਵਿਚ ਆਈਆਂ ਜੀ।
ਵੱਜੇ ਢੋਲ ਤੇ ਗੂੰਜ ਉਠੀਆਂ
ਸ਼ਹਿਨਾਈਆਂ ਜੀ।
ਪਾਣੀ ਵਾਰ ਕੇ ਪੀਤਾ
ਜਦ ਉਸ ਜੋੜੀ ਤੋਂ,
ਮਾਂ ਦੀਆਂ ਖੁਸ਼ੀਆਂ ਹੋਈਆਂ
ਦੂਣ ਸਵਾਈਆਂ ਜੀ।

***-ਪਲਵਿੰਦਰ ਸਿੰਘ***
***ਮਿਲਪੀਟਸ, ਕੈਲੀਫੋਰਨੀਆ।***

---

ਪਾਣੀ ਵਾਰ ਬੰਨੇ ਦੀਏ ਮਾਏ
ਬੰਨਾ-ਬੰਨੀ ਬਾਹਰ ਖੜ੍ਹੇ।

***-ਸ਼ਗਨਾਂ ਦਾ ਗੀਤ***

# The Anu Attorney Immigration Law Firm
## Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



**Anu Peshawaria**
*Attorney at Law*

*Licensed to practice Immigration & Bankruptcy in all 50 states.*
More than 20 year experience in US immigration & Indian law

### US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

### FAMILY LAW
*Divorce *Annulment
*International Custody

### INCORPORATIONS
*International Contracts, Mergers
*Attorney Supreme Court of India

*Bankruptcy Consultation & Filing

**Contact numbers:**
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available



COMMERCIAL GRADE SECURITY SOLUTIONS




# MORE THAN SECURITY

- LICENCE PLATE READER
- BILL READER
- LONG RANGE
- CASH REGISTER INTERFACE
- HD SERIES CAMERAS

SPECIAL OFFER 4 CAMERAS WITH 4 CH DVR $1349 +Tax
SPECIAL OFFER 8 CAMERAS INSTALLATION INCLUDED $2349 +Tax
SPECIAL OFFER 12 CAMERAS INSTALLATION INCLUDED $3749 +Tax

Vista CCTV TECHNOLOGY

Buy Online : www.ezchase.com
Email : commvision@sbcglobal.net
Call Sukhpal
661-586-5080



# ਪੰਜਾਬ ਟਰੱਕ ਵਾਸ਼ ਐਂਡ ਰਿਪੇਅਰ

## Punjab Truck Wash & Repair 2301 Simpson Street, Kingsburg, CA 93631

ਫਰੀਵੇ ਦੇ ਬਹੁਤ ਨਜ਼ਦੀਕ– 99 ਨਾਰਥ ਤੋਂ ਐਗਜ਼ਿਟ 112, 99 ਸਾਊਥ ਤੋਂ ਐਗਜ਼ਿਟ 114





*ਨਵੇਂ ਪੁਰਾਣੇ ਟਾਇਰ *ਬਰੇਕ
*ਆਇਲ ਚੇਂਜ *ਰੀਅਰਐਂਡ
*ਸਸਪੈਂਸ਼ਨ *ਇੰਸ਼ਪੈਕਸ਼ਨ
*ਕਲੱਚ *ਵੈਲਡਿੰਗ

Oil Change Special $179.99
Labour $55 per hour
All major and minor repairs.

ਤਸੱਲੀਬਖਸ਼ ਕੰਮ ਵਾਜਬ ਰੇਟ

*Free Parking*






ਸੁਖਵਿੰਦਰ ਸਿੰਘ ਸੁੱਖ, ਗਰਜਾ ਸਿੰਘ
ਫੋਨ: 559-897-2323, ਸੈਲ: 209-923-1110

# ਕਾਲੇ ਦੌਰ ਦੀ ਕਮਿਸ਼ਨ ਤੋਂ ਜਾਂਚ ਹੋਵੇ: ਕੈਪਟਨ

**ਅੰਮ੍ਰਿਤਸਰ:** ਸਾਬਕਾ ਮੁੱਖ ਮੰਤਰੀ ਤੇ ਅੰਮ੍ਰਿਤਸਰ ਤੋਂ ਕਾਂਗਰਸੀ ਉਮੀਦਵਾਰ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ 1980 ਤੋਂ 1995 ਦਰਮਿਆਨ ਪੰਜਾਬ 'ਤੇ ਛਾਏ ਰਹੇ ਕਾਲੇ ਦੌਰ ਮੌਕੇ ਗਈਆਂ ਮਨੁੱਖੀ ਜ਼ਿੰਦਗੀਆਂ, ਠੱਪ ਰਹੇ ਵਿਕਾਸ, ਸਾਕਾ ਨੀਲਾ ਤਾਰਾ ਦੌਰਾਨ ਤੇ ਮਗਰੋਂ ਦੇ ਹਾਲਾਤ ਲਈ ਜ਼ਿੰਮੇਵਾਰ ਤੱਥਾਂ ਤੇ ਤੱਤਾਂ ਦੀ ਜਾਂਚ ਲਈ ਇਕ ਕਮਿਸ਼ਨ ਬਣਾਇਆ ਜਾਣਾ ਚਾਹੀਦਾ ਹੈ ਤਾਂ ਜੋ ਇਸ ਮੁੱਦੇ ਬਾਰੇ ਆਮ ਲੋਕਾਂ ਨੂੰ ਸਪਸ਼ਟ ਜਾਣਕਾਰੀ ਮਿਲ ਸਕੇ।

ਅੰਮ੍ਰਿਤਸਰ ਵਿਚ ਆਪਣੇ ਚੋਣ ਪ੍ਰਚਾਰ ਦੌਰਾਨ ਕੈਪਟਨ ਨੇ 1984 ਦਾ ਸਰਕਾਰੀ 'ਵਾਈਟ ਪੇਪਰ' ਵਿਖਾਉਂਦਿਆਂ ਕਿਹਾ ਕਿ ਮਾਮਲੇ ਬਾਰੇ ਤੱਤਕਾਲੀ ਕੇਂਦਰੀ ਆਗੂਆਂ ਤੇ ਖੁਫ਼ੀਆ ਏਜੰਸੀਆਂ ਨਾਲ ਬੈਠਕਾਂ ਕਰਦੇ ਰਹੇ ਪ੍ਰਕਾਸ਼ ਸਿੰਘ ਬਾਦਲ ਪੰਜਾਬ ਦੇ ਅਣਸੁਖਾਵੇਂ ਹਾਲਾਤ ਦੀ ਸਚਾਈ ਨੂੰ ਭਲੀਭਾਂਤ ਜਾਣਦੇ ਹਨ ਪਰ ਆਪਣੀ ਭੂਮਿਕਾ ਕਾਰਨ ਚੁੱਪ ਧਾਰੀ ਬੈਠੇ ਹਨ। ਉਨ੍ਹਾਂ ਭਾਜਪਾ ਉਮੀਦਵਾਰ ਅਰੁਣ ਜੇਤਲੀ ਨੂੰ ਮਾਮਲੇ ਬਾਰੇ ਲਾਲ ਕ੍ਰਿਸ਼ਨ ਅਡਵਾਨੀ ਦੀ ਭੂਮਿਕਾ ਬਾਰੇ ਵੀ ਸਪੱਸ਼ਟੀਕਰਨ ਜਾਰੀ ਕਰਨ ਲਈ ਕਿਹਾ।

ਅੰਮ੍ਰਿਤਸਰ ਦੇ ਮੌਜੂਦਾ ਲੋਕ ਸਭਾ ਮੈਂਬਰ ਨਵਜੋਤ ਸਿੰਘ ਸਿੱਧੂ ਦੀਆਂ ਸਿਫ਼ਤਾਂ ਕਰਦਿਆਂ ਕੈਪਟਨ ਨੇ ਉਨ੍ਹਾਂ ਨੂੰ ਇਕ ਚੰਗਾ ਸੰਸਦ ਮੈਂਬਰ



ਤੇ ਲੋਕਾਂ ਦਾ ਮਨਪਸੰਦ ਆਗੂ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਸ਼ਹਿਰ ਦੇ ਲੋਕਾਂ ਲਈ ਕੋਸ਼ਿਸ਼ਾਂ ਕਰਦਾ ਹੋਇਆ ਸਿੱਧੂ ਆਪਣੇ ਭਾਈਵਾਲਾਂ ਤੋਂ ਦੁਖੀ ਹੋ ਕੇ ਕਿਨਾਰਾ ਕਰ ਗਿਆ। ਅਕਾਲੀਆਂ ਦੇ ਕੇਂਦਰ ਸਰਕਾਰ ਵੱਲੋਂ ਪੰਜਾਬ ਨਾਲ ਵਿਤਕਰਾ ਕਰਨ ਦੇ ਪ੍ਰਚਾਰ ਬਾਰੇ ਕੈਪਟਨ ਨੇ ਅੰਕੜੇ ਪੇਸ਼ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਹਰੇਕ ਗੈਰ ਕਾਂਗਰਸੀ ਸੂਬਾ ਸਰਕਾਰ ਨੂੰ ਵੀ ਮੂੰਹ ਮੰਗੇ ਫੰਡ ਜਾਰੀ ਕੀਤੇ ਗਏ ਹਨ। ਗੁਜਰਾਤ ਨੂੰ 81 ਪ੍ਰੋਜੈਕਟਾਂ ਲਈ 12 ਹਜ਼ਾਰ ਕਰੋੜ, ਤਾਮਿਲਨਾਡੂ ਨੂੰ 59 ਪ੍ਰੋਜੈਕਟਾਂ ਲਈ 14 ਹਜ਼ਾਰ ਕਰੋੜ, ਕਰਨਾਟਕ ਨੂੰ 49 ਲਈ 8 ਹਜ਼ਾਰ ਕਰੋੜ, ਪੱਛਮੀ ਬੰਗਾਲ ਨੂੰ 70 ਪ੍ਰੋਜੈਕਟਾਂ ਲਈ 12 ਹਜ਼ਾਰ ਕਰੋੜ, ਇਸ ਦੀ ਮਿਸਾਲ ਹਨ। ਅਕਾਲੀ ਭਾਜਪਾ ਸਰਕਾਰ ਵੱਲੋਂ ਸਿਰਫ ਚਾਰ ਪ੍ਰੋਜੈਕਟ ਕੇਂਦਰ ਕੋਲੋਂ ਮੰਗੇ ਗਏ ਸਨ ਜਿਨ੍ਹਾਂ ਲਈ ਜਾਰੀ ਕੀਤੇ 453 ਕਰੋੜ ਰੁਪਏ ਵਿਚੋਂ ਸੂਬਾ ਸਰਕਾਰ ਅੱਧੇ ਵੀ ਨਹੀਂ ਖਰਚ ਸਕੀ। ਉਨ੍ਹਾਂ ਚਰਚਿਤ ਰੇਤ ਬਜ਼ਰੀ ਦੀ ਕਾਲਾ ਬਜ਼ਾਰੀ ਨੂੰ ਛੋਟੀ ਬੇਈਮਾਨੀ ਦੱਸਦਿਆਂ ਕਿਹਾ ਕਿ ਨਸ਼ੀਲੇ ਕਾਰੋਬਾਰ ਦਾ ਪ੍ਰਭਾਵ ਨਵੀਂ ਪੀੜੀ ਨੂੰ ਖਾਤਮੇ ਵੱਲ ਲਿਜਾ ਰਿਹਾ ਹੈ, ਜਿਸ 'ਤੇ ਲਗਾਮ ਲਾਉਣ ਦੀ ਲੋੜ ਹੈ। ਅੰਮ੍ਰਿਤਸਰ ਨਾਲ ਆਪਣੀ ਸਾਂਝ ਦਾ ਜ਼ਿਕਰ ਕਰਦਿਆਂ ਕੈਪਟਨ ਸਿੰਘ ਨੇ ਕਿਹਾ ਕਿ ਗੁਰੂ ਨਗਰੀ ਤੋਂ ਕਾਂਗਰਸ ਕੌਮੀ ਪ੍ਰਧਾਨ ਨੇ ਉਨ੍ਹਾਂ ਨੂੰ ਉਮੀਦਵਾਰ ਚੁਣਿਆ, ਜਿਸ 'ਤੇ ਉਹ ਫਕਰ ਮਹਿਸੂਸ ਕਰਦੇ ਹਨ।

ਉਨ੍ਹਾਂ ਦੱਸਿਆ ਕਿ 1894 ਵਿਚ ਉਨ੍ਹਾਂ ਦੇ ਪੜਦਾਦਾ ਖ਼ਾਲਸਾ ਕਾਲਜ ਸੰਸਥਾ ਦਾ ਪ੍ਰਬੰਧ ਵੇਖਦੇ ਸਨ, ਜਿਨ੍ਹਾਂ ਦੇ ਨਾਂ 'ਤੇ ਹੁਣ ਵੀ ਇਕ ਬਲਾਕ ਸਥਾਪਤ ਹੈ। ਉਪਰੰਤ ਉਨ੍ਹਾਂ ਦੇ ਦਾਦਾ ਨੇ ਕੈਰੋਂ ਵਿਖੇ ਲੜਕੀਆਂ ਲਈ ਸਕੂਲ ਖੋਲ੍ਹਿਆ ਤੇ ਕਾਫ਼ੀ ਸਮਾਂ ਉਹ ਖੁਦ ਵੀ ਖਾਲਸਾ ਕਾਲਜ ਦੇ ਚਾਂਸਲਰ ਰਹੇ ਹਨ। ਉਨ੍ਹਾਂ ਆਪਣੇ ਫੌਜੀ ਜੀਵਨ ਮੌਕੇ ਵੀ ਜਨਰਲ ਹਰਬਖਸ਼ ਸਿੰਘ ਦੀ ਕਮਾਂਡ ਹੇਠ ਅੰਮ੍ਰਿਤਸਰ ਖੇਤਰ ਲਈ ਯੁੱਧ ਲੜਨ ਦੇ ਕਥਨ ਬਿਆਨ ਕੀਤੇ।

# 1977 'ਚ ਅਕਾਲੀਆਂ ਨੇ ਖੇਡਿਆ ਸੀ ਕਾਂਗਰਸ ਵਾਲਾ ਦਾਅ

**ਲੁਧਿਆਣਾ:** ਅਕਾਲੀ-ਭਾਜਪਾ ਗੱਠਜੋੜ ਤੇ ਕਾਂਗਰਸ ਵੱਲੋਂ ਲੋਕ ਸਭਾ ਚੋਣਾਂ ਵਿਚ ਜਿੱਤ ਯਕੀਨੀ ਬਣਾਉਣ ਲਈ ਇਕ ਤੋਂ ਬਾਅਦ ਇਕ ਸੀਨੀਅਰ ਆਗੂਆਂ ਨੂੰ ਚੋਣਾਂ ਮੈਦਾਨ ਵਿਚ ਉਤਾਰਨ ਦੀ ਨੀਤੀ ਕੋਈ ਨਵੀਂ ਨਹੀਂ ਹੈ। ਅਕਾਲੀ ਦਲ ਨੇ ਐਮਰਜੈਂਸੀ ਪਿੱਛੋਂ ਦੇਸ਼ ਭਰ ਵਿਚ ਕਾਂਗਰਸ ਵਿਰੋਧੀ ਲਹਿਰ ਹੋਣ ਦੇ ਬਾਵਜੂਦ ਆਪਣੇ ਸਾਰੇ ਸੀਨੀਅਰ ਆਗੂਆਂ ਨੂੰ ਚੋਣ ਮੈਦਾਨ ਵਿਚ ਉਤਾਰਿਆ ਸੀ।

ਐਮਰਜੈਂਸੀ ਖਤਮ ਹੋਣ ਤੋਂ ਬਾਅਦ 1977 ਵਿਚ ਹੋਈਆਂ 6ਵੀਆਂ ਲੋਕ ਸਭਾ ਚੋਣਾਂ ਮੌਕੇ ਅਕਾਲੀ ਦਲ ਵੱਲੋਂ ਮੌਜੂਦਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਫਰੀਦਕੋਟ, ਜਗਦੇਵ ਸਿੰਘ ਤਲਵੰਡੀ ਲੁਧਿਆਣਾ, ਜਥੇਦਾਰ ਗੁਰਚਰਨ ਸਿੰਘ ਟੌਹੜਾ ਪਟਿਆਲਾ, ਸਾਬਕਾ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਸੰਗਰੂਰ, ਮੋਹਣ ਸਿੰਘ ਤੁੜ ਤਰਨਤਾਰਨ, ਮਹਿੰਦਰ ਸਿੰਘ ਸਾਈਆਂਵਾਲਾ ਫਿਰੋਜ਼ਪੁਰ, ਇਕਬਾਲ ਸਿੰਘ ਢਿੱਲੋਂ ਜਲੰਧਰ, ਧੰਨਾ ਸਿੰਘ ਗੁਲਸ਼ਨ ਬਠਿੰਡਾ (ਰਾਖਵਾਂ) ਤੋਂ ਜਦਕਿ ਬਸੰਤ ਸਿੰਘ ਖਾਲਸਾ ਰੋਪੜ (ਰਾਖਵਾਂ) ਹਲਕੇ ਤੋਂ ਚੋਣ ਲੜੇ ਸਨ।

ਇਹ ਸਾਰੇ ਆਗੂ ਉਦੋਂ ਐਮਰਜੈਂਸੀ ਵਿਰੋਧੀ ਲਹਿਰ ਕਾਰਨ ਵੱਡੇ ਫ਼ਰਕ ਨਾਲ ਚੋਣ ਜਿੱਤ ਗਏ ਸਨ। ਅਕਾਲੀ ਦਲ ਨੇ 1977 ਦੀਆਂ ਉਹ ਚੋਣਾਂ ਦੇਸ਼ ਵਿਚ ਬਣੇ ਕਾਂਗਰਸ ਵਿਰੋਧੀ ਰਾਜਸੀ ਗੱਠਜੋੜ ਨਾਲ ਰਲ਼ ਕੇ ਲੜੀਆਂ ਸਨ ਜਿਸ ਤਹਿਤ ਗੁਰਦਾਸਪੁਰ, ਅੰਮ੍ਰਿਤਸਰ ਤੇ ਹੁਸ਼ਿਆਰਪੁਰ ਦੀਆਂ ਦੀਆਂ ਤਿੰਨ ਸੀਟਾਂ ਭਾਰਤੀ ਲੋਕ ਦਲ (ਜੋ ਬਾਅਦ ਵਿਚ ਭਾਜਪਾ ਬਣੀ) ਲਈ ਜਦਕਿ ਫਿਲੌਰ ਦੀ ਰਾਖਵੀਂ ਸੀਟ ਖੱਬੇ ਪੱਖੀ ਪਾਰਟੀਆਂ ਲਈ ਛੱਡੀ ਗਈ ਸੀ।

ਇਸ ਗੱਠਜੋੜ ਨੇ ਪੰਜਾਬ ਦੀਆਂ ਸਾਰੀਆਂ ਸੀਟਾਂ 'ਤੇ ਹੂੰਝਾਫੇਰ ਜਿੱਤ ਹਾਸਲ ਕੀਤੀ ਸੀ ਤੇ ਅਕਾਲੀ ਦਲ ਦੇ ਸਾਰੇ ਆਗੂ 80 ਹਜ਼ਾਰ ਤੋਂ ਪੌਣੇ ਦੋ ਲੱਖ ਦੇ ਫਰਕ ਨਾਲ ਜੇਤੂ ਰਹੇ ਸਨ। ਸ. ਬਾਦਲ ਉਦੋਂ ਫਰੀਦਕੋਟ ਤੋਂ ਜਿੱਤ ਕੇ ਕੇਂਦਰ ਦੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਸਾਂਝੀ ਗੱਠਜੋੜ ਸਰਕਾਰ ਵਿਚ ਖੇਤੀਬਾੜੀ ਮੰਤਰੀ ਬਣੇ ਸਨ ਪਰ ਕੁਝ ਮਹੀਨੇ ਬਾਅਦ ਹੀ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਦੌਰਾਨ ਮੁੱਖ ਮੰਤਰੀ ਬਣਨ ਲਈ ਕੇਂਦਰ ਦੀ ਵਜ਼ੀਰੀ ਛੱਡ ਕੇ ਵਾਪਸ ਸੂਬਾ ਸਿਆਸਤ ਵਿਚ ਆ ਗਏ ਸਨ।

# ਪਟਿਆਲਾ ਲੋਕ ਸਭਾ ਹਲਕੇ ਤੋਂ ਦੋ ਵਾਰ ਹਾਰ ਚੁੱਕੇ ਨੇ ਕੈਪਟਨ

**ਪਟਿਆਲਾ:** ਅੰਮ੍ਰਿਤਸਰ ਤੋਂ ਕਾਂਗਰਸੀ ਉਮੀਦਵਾਰ ਕੈਪਟਨ ਅਮਰਿੰਦਰ ਸਿੰਘ ਚੌਥੀ ਵਾਰ ਲੋਕ ਸਭਾ ਦੀ ਚੋਣ ਲੜ ਰਹੇ ਹਨ। ਪਹਿਲਾਂ ਤਿੰਨ ਵਾਰ ਉਹ ਪਟਿਆਲਾ ਤੋਂ ਵੀ ਚੋਣ ਲੜ ਚੁੱਕੇ ਹਨ। ਇਨ੍ਹਾਂ ਵਿਚੋਂ ਇਕ ਵਾਰ ਉਹ ਜੇਤੂ ਰਹੇ। ਹੁਣ ਉਨ੍ਹਾਂ ਨੂੰ ਅੰਮ੍ਰਿਤਸਰ ਤੋਂ ਇਸ ਕਰਕੇ ਉਮੀਦਵਾਰ ਬਣਾਇਆ ਗਿਆ ਹੈ ਕਿ ਉਹ ਭਾਜਪਾ ਦੇ ਅਰੁਣ ਜੇਤਲੀ ਨੂੰ ਮੁਕਾਬਲੇ ਦੀ ਟੱਕਰ ਦੇਣ।

ਕੈਪਟਨ ਅਮਰਿੰਦਰ ਸਿੰਘ ਨੇ 1977 ਵਿਚ ਪਟਿਆਲਾ ਤੋਂ ਕਾਂਗਰਸੀ ਉਮੀਦਵਾਰ ਵਜੋਂ ਪਹਿਲੀ ਵਾਰ ਲੋਕ ਸਭਾ ਲਈ ਚੋਣ ਲੜੀ। ਇਸ ਮੌਕੇ ਉੱਤਰੀ ਭਾਰਤ ਵਿਚ ਕਾਂਗਰਸ ਵਿਰੋਧੀ ਲਹਿਰ ਚੱਲ ਰਹੀ ਸੀ ਤੇ ਕੈਪਟਨ ਅਕਾਲੀ ਦਲ ਦੇ ਗੁਰਚਰਨ ਸਿੰਘ ਟੌਹੜਾ ਤੋਂ ਤਕਰੀਬਨ ਇਕ ਲੱਖ ਵੋਟਾਂ ਦੇ ਫਰਕ ਨਾਲ ਹਾਰ ਗਏ। 1980 ਵਿਚ ਉਨ੍ਹਾਂ ਨੇ ਪਟਿਆਲਾ ਤੋਂ ਹੀ ਕਾਂਗਰਸ ਦੀ ਵੱਲੋਂ ਮੁੜ ਚੋਣ ਲੜਦਿਆਂ ਅਕਾਲੀ ਉਮੀਦਵਾਰ ਹਰਚੰਦ ਸਿੰਘ ਨੂੰ ਤਕਰੀਬਨ ਇਕ ਲੱਖ ਵੋਟਾਂ ਦੀ ਹਾਰ ਦਿੱਤੀ। ਸਾਕਾ ਨੀਲਾ ਤਾਰਾ ਕਾਰਨ ਉਨ੍ਹਾਂ ਨੇ 1984 ਵਿਚ ਅਸਤੀਫਾ ਦੇ ਦਿੱਤਾ ਤੇ ਅਕਾਲੀ ਦਲ ਵਿਚ ਸ਼ਾਮਲ ਹੋ ਗਏ ਸਨ। ਫਿਰ ਤੇਰਾਂ ਸਾਲਾਂ ਬਾਅਦ 1997 ਵਿਚ ਉਹ ਜਦੋਂ ਕਾਂਗਰਸ ਵਿਚ ਪਰਤੇ ਤਾਂ 1998 ਵਿਚ ਉਨ੍ਹਾਂ ਨੂੰ ਪੰਜਾਬ ਕਾਂਗਰਸ ਦਾ ਪ੍ਰਧਾਨ ਬਣਾ ਦਿੱਤਾ ਗਿਆ। ਉਸੇ ਸਾਲ ਹੀ ਲੋਕ ਸਭਾ ਚੋਣ ਦੌਰਾਨ ਕਾਂਗਰਸ ਨੇ ਉਨ੍ਹਾਂ ਨੂੰ ਮੈਦਾਨ ਵਿਚ ਉਤਾਰ ਦਿੱਤਾ ਪਰ ਉਹ ਅਕਾਲੀ ਦਲ ਦੇ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਤੋਂ ਹਾਰ ਗਏ। ਉਂਜ ਹੁਣ ਹਾਲਾਤ ਵੱਖਰੇ ਹਨ। ਉਹ ਪੰਜਾਬ ਕਾਂਗਰਸ ਦੇ ਸਿਰਕੱਢ ਆਗੂ ਹਨ ਤੇ ਆਪਣੇ ਦਬੰਗ ਅਕਸ ਕਾਰਨ ਉਹ ਬਾਦਲਾਂ ਦਾ ਤੋੜ ਮੰਨੇ ਜਾਂਦੇ ਹਨ।

# ਲੋਕ ਸਭਾ ਚੋਣਾਂ ਵਿਚ ਨਾਅਰਿਆਂ ਦੀ ਦੌੜ

**ਚੰਡੀਗੜ੍ਹ:** ਇਸ ਵਾਰ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਚੋਣ ਕਮਿਸ਼ਨ ਦੀ ਸਖ਼ਤੀ ਨੂੰ ਵੇਖਦੇ ਹੋਏ ਸਿਆਸੀ ਪਾਰਟੀਆਂ ਆਪਣੇ ਪ੍ਰਚਾਰ ਲਈ ਨਵੇਂ ਢੰਗ-ਤਰੀਕੇ ਲੱਭਣ ਵਿਚ ਜੁਟੀਆਂ ਹੋਈਆਂ ਹਨ। ਸਿਆਸੀ ਪਾਰਟੀਆਂ ਵੱਲੋਂ ਜਿਥੇ ਚੋਣ ਮਹਾਂ ਰੈਲੀਆਂ ਵਿਚ ਰਿਕਾਰਡ ਤੋੜ ਭੀੜ ਇਕੱਠੀ ਕਰਨ ਲਈ ਫ਼ਿਲਮੀ ਅਦਾਕਾਰਾਂ ਤੇ ਗਾਇਕਾਂ ਦੀ ਹਾਜ਼ਰੀ ਦਰਜ ਕਰਵਾਈ ਜਾ ਰਹੀ ਹੈ, ਉਥੇ ਵੋਟਰਾਂ ਦੇ ਦਿਲਾਂ ਨੂੰ ਟੁੰਬਦੇ ਚੋਣ ਨਾਅਰੇ ਵੀ ਘੜੇ ਗਏ ਹਨ।

ਪੰਜਾਬ ਵਿਚ ਅਕਾਲੀ-ਭਾਜਪਾ ਗਠਜੋੜ ਨੇ ਐਨ.ਡੀ.ਏ ਦੇ ਪ੍ਰਧਾਨ ਮੰਤਰੀ ਉਮੀਦਵਾਰ ਨਰਿੰਦਰ ਮੋਦੀ ਦੇ ਹੱਕ ਵਿਚ 'ਕਾਂਗਰਸ ਮੁਕਤ ਭਾਰਤ' ਦਾ ਨਾਅਰਾ ਬੁਲੰਦ ਕੀਤਾ ਹੋਇਆ ਹੈ। ਇਸ ਤੋਂ ਇਲਾਵਾ 'ਅਬ ਕੀ ਬਾਰ ਮੋਦੀ ਸਰਕਾਰ' 'ਅਬ ਕੀ ਬਾਰ ਭਾਜਪਾ ਸਰਕਾਰ' ਤੇ 'ਹਰ-ਹਰ ਮੋਦੀ, ਘਰ-ਘਰ ਮੋਦੀ' ਨਾਅਰਿਆਂ ਦੀ ਗੂੰਜ ਅਕਾਲੀ-ਭਾਜਪਾ ਦੀਆਂ ਰੈਲੀਆਂ ਤੇ ਮੀਟਿੰਗਾਂ ਵਿਚ ਪੈਂਦੀ ਹੈ। ਕਾਂਗਰਸ ਵੱਲੋਂ 'ਗਰੀਬੀ ਹਟਾਓ' ਤੇ 'ਕਾਂਗਰਸ ਕਾ ਹਾਥ-ਆਮ ਆਦਮੀ ਕੇ ਸਾਥ' ਦੀ ਬਜਾਏ ਹੁਣ ਰਾਹੁਲ ਗਾਂਧੀ ਵੱਲੋਂ ਦਿੱਤੇ ਗਏ ਨਵੇਂ ਨਾਅਰਿਆਂ 'ਮੈਂ ਨਹੀਂ-ਹਮ', 'ਕੱਟੜ ਸੋਚ ਨਹੀਂ-ਯੁਵਾ ਜੋਸ਼', 'ਘੱਟ ਬੋਲਿਆ-ਕੰਮ ਬੋਲਿਆ' ਤੋਂ ਇਲਾਵਾ 'ਅਕਾਲੀ-ਭਾਜਪਾ ਹਰਾਓ-ਪੰਜਾਬ ਬਚਾਓ' ਨੇ ਥਾਂ ਲੈ ਲਈ ਹੈ। ਸੁਰਖੀਆਂ ਵਿਚ ਰਹਿਣ ਵਾਲੀ ਆਮ ਆਦਮੀ ਪਾਰਟੀ (ਆਪ) ਨੇ 'ਝਾੜੂ ਚਲਾਓ-ਬੇਈਮਾਨ ਭਜਾਓ' ਨਾਅਰਾ ਘੜਿਆ ਹੈ। ਜਦੋਂਕਿ ਮਾਰਕਸਵਾਦੀ ਪਾਰਟੀ ਪੰਜਾਬ ਸਮੇਤ ਹੋਰ ਖੱਬੇ ਪੱਖੀ ਪਾਰਟੀਆਂ ਦੀਆਂ ਚੋਣ ਮੀਟਿੰਗਾਂ ਤੇ ਰੈਲੀਆਂ ਵਿਚ 'ਤਖਤ ਬਦਲ ਦਿਓ, ਤਾਜ਼ ਬਦਲ ਦਿਓ-ਬੇਈਮਾਨਾਂ ਦਾ ਰਾਜ ਬਦਲ ਦਿਓ' ਦੇ ਨਾਲ-ਨਾਲ ਇਕ ਹੋਰ ਨਵੇਂ ਨਾਅਰੇ 'ਜੋ ਮਹਿੰਗਾਈ ਤੇ ਭ੍ਰਿਸ਼ਟਾਚਾਰ ਰੋਕ ਸਕੇ ਨਾ-ਉਹ ਸਰਕਾਰ ਬਦਲਣੀ ਹੈ' ਨੇ ਵੀ ਆਪਣੀ ਜਗ੍ਹਾ ਬਣਾ ਲਈ ਹੈ।

# ਲੋਕਾਂ ਨੂੰ ਬਹੁਤ ਮਹਿੰਗੀਆਂ ਪੈਂਦੀਆਂ ਨੇ ਆਮ ਚੋਣਾਂ

**ਲੁਧਿਆਣਾ:** ਦੇਸ਼ ਵਿਚ ਹੁਣ ਤੱਕ ਹੋਈਆਂ ਲੋਕ ਸਭਾ ਦੀਆਂ 15 ਚੋਣਾਂ ਵਿਚੋਂ 1957 ਵਿਚ ਹੋਈਆਂ ਦੂਜੀਆਂ ਲੋਕ ਸਭਾ ਚੋਣਾਂ ਸਭ ਤੋਂ ਸਸਤੀਆਂ ਸਨ ਜਿਨ੍ਹਾਂ 'ਤੇ ਸਰਕਾਰ ਦੇ ਸਿਰਫ਼ ਪੰਜ ਕਰੋੜ 90 ਲੱਖ ਰੁਪਏ ਖਰਚ ਆਏ ਸਨ ਜਦਕਿ 2004 ਵਿਚ ਹੋਈਆਂ 14ਵੀਂ ਲੋਕ ਸਭਾ ਦੀਆਂ ਚੋਣਾਂ ਸਭ ਤੋਂ ਮਹਿੰਗੀਆਂ ਸਾਬਤ ਹੋਈਆਂ ਜਿਨ੍ਹਾਂ 'ਤੇ ਸਰਕਾਰ ਨੂੰ 11 ਅਰਬ 13 ਕਰੋੜ 87 ਲੱਖ 89 ਹਜ਼ਾਰ 165 ਰੁਪਏ ਖਰਚ ਕਰਨਾ ਪਿਆ।




ਕੇਂਦਰੀ ਕਾਨੂੰਨ ਤੇ ਸਮਾਜਿਕ ਨਿਆਂ ਵਿਭਾਗ ਤੇ ਚੋਣ ਕਮਿਸ਼ਨ ਤੋਂ ਮਿਲੇ ਵੇਰਵਿਆਂ ਮੁਤਾਬਕ 1957 ਦੀਆਂ ਚੋਣਾਂ ਦੌਰਾਨ ਦੇਸ਼ ਵਿਚ ਵੋਟਰਾਂ ਦੀ ਗਿਣਤੀ 19 ਕਰੋੜ 36 ਲੱਖ 52 ਹਜ਼ਾਰ 179 ਸੀ ਜਦਕਿ 2004 ਵਿਚ ਇਹ ਗਿਣਤੀ 67 ਕਰੋੜ 14 ਲੱਖ 87 ਹਜ਼ਾਰ 930 ਹੋ ਗਈ ਸੀ। ਇਸ ਤਰ੍ਹਾਂ 1957 ਦੀਆਂ ਚੋਣਾਂ ਵਿਚ ਪ੍ਰਤੀ ਵੋਟਰ ਸਿਰਫ਼ 30 ਪੈਸੇ ਖਰਚ ਹੋਇਆ ਸੀ ਜਦਕਿ 2004 ਦੀਆਂ ਚੋਣਾਂ ਦੌਰਾਨ ਪ੍ਰਤੀ ਵੋਟਰ 17 ਰੁਪਏ ਖਰਚ ਹੋਇਆ ਜੋ ਕਿ ਹੁਣ ਤੱਕ ਦਾ ਸਭ ਤੋਂ ਵੱਧ ਹੈ। 1957 ਤੋਂ 1971 ਤੱਕ ਦੀਆਂ ਚੋਣਾਂ ਦੌਰਾਨ ਪ੍ਰਤੀ ਵੋਟਰ ਖਰਚਾ ਕਾਫੀ ਘੱਟ ਸੀ ਜੋ ਪ੍ਰਤੀ ਵੋਟਰ 30 ਤੋਂ 40 ਪੈਸੇ ਹੀ ਰਿਹਾ ਪਰ ਐਮਰਜੈਂਸੀ ਤੋਂ ਬਾਅਦ 1977 ਵਿਚ ਹੋਈਆਂ 6ਵੀਂ ਲੋਕ ਸਭਾ ਚੋਣਾਂ ਵਿਚ ਸਰਕਾਰ ਨੂੰ 23 ਕਰੋੜ ਤੋਂ ਵੱਧ ਖਰਚਣੇ ਪਏ ਜੋ ਕਿ ਪ੍ਰਤੀ ਵੋਟਰ 70 ਪੈਸੇ ਸੀ ਅਤੇ ਇਸ ਤੋਂ ਬਾਅਦ 1980 ਵਿਚ ਹੋਈਆਂ ਮੱਧਕਾਲੀ ਚੋਣਾਂ ਦੌਰਾਨ ਇਹ ਖਰਚ 53 ਕਰੋੜ 77 ਲੱਖ 'ਤੇ ਜਾ ਪਹੁੰਚਿਆ ਜੋ ਪ੍ਰਤੀ ਵੋਟਰ 1 ਰੁਪਏ 50 ਪੈਸੇ ਦੇ ਹਿਸਾਬ ਨਾਲ ਆਇਆ। 1984-85 ਦੌਰਾਨ ਹੋਈਆਂ ਅੱਠਵੀਆਂ ਚੋਣਾਂ ਵਿਚ ਇਹ ਖਰਚਾ ਪ੍ਰਤੀ ਵੋਟਰ ਦੋ ਰੁਪਏ ਦੇ ਹਿਸਾਬ ਨਾਲ 81 ਕਰੋੜ 51 ਲੱਖ ਤੇ 1989 ਦੀਆਂ ਚੋਣਾਂ ਵਿਚ ਪ੍ਰਤੀ ਵੋਟਰ ਤਿੰਨ ਰੁਪਏ 10 ਪੈਸੇ ਦੇ ਹਿਸਾਬ ਨਾਲ 154 ਕਰੋੜ 22 ਲੱਖ ਤੱਕ ਪਹੁੰਚ ਗਿਆ। 1991-92 ਦੌਰਾਨ 10ਵੀਂ ਲੋਕ ਸਭਾ ਲਈ ਹੋਈਆਂ ਚੋਣਾਂ 'ਤੇ ਸਰਕਾਰ ਨੇ ਪ੍ਰਤੀ ਵੋਟਰ ਸੱਤ ਰੁਪਏ ਦੇ ਹਿਸਾਬ ਨਾਲ 359 ਰੁਪਏ ਖਰਚੇ ਜਦਕਿ 1996 ਵਿਚ ਹੋਈਆਂ ਚੋਣਾਂ 'ਤੇ 10 ਰੁਪਏ ਪ੍ਰਤੀ ਵੋਟਰ ਦੇ ਹਿਸਾਬ ਨਾਲ 597 ਕਰੋੜ 34 ਲੱਖ ਰੁਪਏ ਦਾ ਖਰਚਾ ਆਇਆ। ਦੋ ਵਰ੍ਹੇ ਬਾਅਦ ਹੀ 1998 ਵਿਚ ਹੋਈਆਂ ਮੱਧਕਾਲੀ ਚੋਣਾਂ ਵਿਚ 11 ਰੁਪਏ ਪ੍ਰਤੀ ਵੋਟਰ ਦੇ ਹਿਸਾਬ ਨਾਲ 666 ਕਰੋੜ 22 ਲੱਖ ਰੁਪਏ ਤੇ 1999 ਦੀਆਂ ਮੱਧਕਾਲੀ ਚੋਣਾਂ ਵਿਚ 15 ਰੁਪਏ ਪ੍ਰਤੀ ਵੋਟਰ ਦੇ ਹਿਸਾਬ ਨਾਲ 947 ਕਰੋੜ 68 ਲੱਖ ਦਾ ਖਰਚਾ ਕੀਤਾ ਗਿਆ। 2009 ਦੀਆਂ ਲੋਕ ਸਭਾ ਚੋਣਾਂ ਵਿਚ 12 ਰੁਪਏ ਪ੍ਰਤੀ ਵੋਟਰ ਦੇ ਹਿਸਾਬ ਨਾਲ 846 ਕਰੋੜ 67 ਲੱਖ ਦਾ ਬੋਝ ਸਰਕਾਰੀ ਖਜ਼ਾਨੇ 'ਤੇ ਪਿਆ।

# ਪੰਜਾਬ ਵਿਚ ਕਦੇ ਜ਼ਮਾਨਤਾਂ ਵੀ ਨਹੀਂ ਬਚਾ ਸਕੀ ਤੀਜੀ ਧਿਰ

**ਸੰਗਰੂਰ:** ਪੰਜਾਬ ਵਿਚ ਹੁਣ ਤੱਕ ਵਿਧਾਨ ਸਭਾ ਤੇ ਆਮ ਚੋਣਾਂ ਦਾ ਇਤਿਹਾਸ ਰਿਹਾ ਹੈ ਕਿ ਇਥੇ ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਦੇ ਇਲਾਵਾ ਕਿਸੇ ਹੋਰ ਸਿਆਸੀ ਧਿਰ ਦੇ ਪੈਰ ਨਹੀਂ ਜੰਮ ਸਕੇ। ਖਾਸਕਰ 15ਵੀਆਂ ਲੋਕ ਸਭਾ ਚੋਣਾਂ ਵਿਚ ਪੰਜਾਬ ਦੇ 13 ਲੋਕ ਸਭਾ ਹਲਕਿਆਂ ਵਿਚੋਂ ਸਿਰਫ਼ ਪਹਿਲੇ ਤੇ ਦੂਜੇ ਸਥਾਨ 'ਤੇ ਆਉਣ ਵਾਲੇ 26 ਉਮੀਦਵਾਰਾਂ ਨੂੰ ਛੱਡ ਕੇ ਬਾਕੀ ਸਾਰੇ 192 ਉਮੀਦਵਾਰਾਂ ਦੀ ਜ਼ਮਾਨਤਾਂ ਜ਼ਬਤ ਹੋ ਗਈਆਂ ਸਨ।

ਪਿਛਲੀਆਂ ਲੋਕ ਸਭਾ ਚੋਣਾਂ ਵਿਚ ਕਿਸੇ ਵੀ ਹਲਕੇ ਵਿਚ ਤੀਜੇ ਸਥਾਨ 'ਤੇ ਰਹਿਣ ਵਾਲਾ ਕੋਈ ਵੀ ਉਮੀਦਵਾਰ ਆਪਣੀ ਜ਼ਮਾਨਤ ਨਹੀਂ ਬਚਾ ਸਕਿਆ ਸੀ। ਇਥੋਂ ਤੱਕ ਕਿ ਅੱਡੀ-ਚੋਟੀ ਦਾ ਜ਼ੋਰ ਲਾਉਣ ਦੇ ਬਾਵਜੂਦ ਰਾਜਨੀਤਕ ਖੇਤਰ ਦੇ ਕਈ ਵੱਡੇ ਖਿਡਾਰੀ ਵੀ ਆਪਣੀ ਜ਼ਮਾਨਤ ਨਹੀਂ ਸੀ ਬਚਾ ਸਕੇ। 2009 ਵਿਚ ਹੋਈਆਂ ਚੋਣਾਂ ਦੌਰਾਨ ਸੰਗਰੂਰ ਲੋਕ ਸਭਾ ਹਲਕੇ ਤੋਂ ਲੋਕ ਭਲਾਈ ਪਾਰਟੀ ਦੇ ਪ੍ਰਧਾਨ ਤੇ ਸਾਬਕਾ ਕੇਂਦਰੀ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ ਤੇ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦੀ ਜ਼ਮਾਨਤ ਵੀ ਜ਼ਬਤ ਹੋ ਗਈ ਸੀ।

ਸੰਗਰੂਰ ਲੋਕ ਸਭਾ ਹਲਕੇ ਦੀਆਂ ਕੁੱਲ 12,51,401 ਵੋਟਾਂ ਵਿਚੋਂ 9,31,468 ਵੋਟਾਂ ਪੋਲ ਹੋਈਆਂ ਸਨ। ਜ਼ਮਾਨਤ ਬਚਾਉਣ ਲਈ ਕੁੱਲ ਪੋਲ ਹੋਈਆਂ ਵੋਟਾਂ ਦਾ ਛੇਵਾਂ ਹਿੱਸਾ ਭਾਵ 1,55,245 ਵੋਟਾਂ ਲੈਣੀਆਂ ਜ਼ਰੂਰੀ ਸਨ ਪਰ ਸ. ਰਾਮੂਵਾਲੀਆ ਤੇ ਸ. ਮਾਨ ਵਿਚੋਂ ਕੋਈ ਵੀ ਇਸ ਅੰਕੜੇ ਤੱਕ ਨਹੀਂ ਪੁੱਜ ਸਕਿਆ। ਤੀਜੇ ਸਥਾਨ 'ਤੇ ਰਹੇ ਸ. ਰਾਮੂਵਾਲੀਆ ਨੂੰ 1,15,012 ਵੋਟਾਂ ਮਿਲੀਆਂ ਸਨ ਜਦੋਂ ਕਿ ਪੰਜਵੇਂ ਸਥਾਨ 'ਤੇ ਰਹੇ ਸਿਮਰਨਜੀਤ ਸਿੰਘ ਮਾਨ ਨੂੰ ਸਿਰਫ਼ 33714 ਵੋਟਾਂ ਹੀ ਪ੍ਰਾਪਤ ਹੋਈਆਂ ਸਨ।

**ਪਿਛਲੀ ਵਾਰ 192 ਉਮੀਦਵਾਰਾਂ ਦੀਆਂ ਜ਼ਬਤ ਹੋ ਗਈਆਂ ਸਨ ਜ਼ਮਾਨਤਾਂ**

ਮਿਲੇ ਅੰਕੜਿਆਂ ਮੁਤਾਬਕ 1998 ਦੀਆਂ ਲੋਕ ਸਭਾ ਚੋਣਾਂ ਸਮੇਂ ਪੰਜਾਬ ਵਿਚ ਚੋਣ ਲੜਨ ਵਾਲੇ ਕੁੱਲ 102 ਉਮੀਦਵਾਰਾਂ ਵਿਚੋਂ 75 ਦੀ ਜ਼ਮਾਨਤ ਜ਼ਬਤ ਹੋਈ ਸੀ। 1999 ਵਿਚ ਕੁੱਲ 120 ਉਮੀਦਵਾਰਾਂ ਵਿਚੋਂ 89 ਉਮੀਦਵਾਰਾਂ ਤੇ 2004 ਦੀਆਂ ਚੋਣਾਂ ਵਿਚ ਕੁੱਲ 142 ਉਮੀਦਵਾਰਾਂ ਵਿਚੋਂ 117 ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਹੋਈਆਂ ਸਨ। 2009 ਦੀਆਂ ਚੋਣਾਂ ਵਿਚ ਇਹ ਅੰਕੜਾ ਵਧ ਕੇ 192 ਤੱਕ ਪੁੱਜ ਗਿਆ।

2009 ਵਿਚ ਸੰਗਰੂਰ ਹਲਕੇ ਤੋਂ ਚੋਣ ਲੜਨ ਵਾਲੇ ਕੁੱਲ 16 ਉਮੀਦਵਾਰਾਂ ਵਿਚੋਂ ਜੇਤੂ ਰਹੇ ਵਿਜੈਇੰਦਰ ਸਿੰਗਲਾ (ਕਾਂਗਰਸ) ਤੇ ਅਕਾਲੀ ਉਮੀਦਵਾਰ ਸੁਖਦੇਵ ਸਿੰਘ ਢੀਂਡਸਾ ਨੂੰ ਛੱਡ ਕੇ ਬਾਕੀ ਸਾਰੇ 14 ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਹੋਈਆਂ ਸਨ। ਨਤੀਜੇ ਤੋਂ ਬਾਅਦ ਸ. ਰਾਮੂਵਾਲੀਆ ਨੇ ਤਾਂ ਇਥੋਂ ਤੱਕ ਆਖ ਦਿੱਤਾ ਸੀ ਕਿ ਉਨ੍ਹਾਂ ਨੇ ਬਹੁਤ ਜ਼ੋਰ ਲਗਾ ਕੇ ਦੇਖ ਲਿਆ ਪਰ ਪੰਜਾਬ ਦੇ ਲੋਕ ਤੀਜੀ ਧਿਰ ਨੂੰ ਨਹੀਂ ਸਵੀਕਾਰਦੇ। ਇਹੋ ਵਜ੍ਹਾ ਸੀ ਕਿ ਬਾਅਦ ਵਿਚ ਸ. ਰਾਮੂਵਾਲੀਆ ਨੇ ਆਪਣੀ ਲੋਕ ਭਲਾਈ ਪਾਰਟੀ ਨੂੰ ਸ਼੍ਰੋਮਣੀ ਅਕਾਲੀ ਦਲ ਵਿਚ ਰਲਾਉਣ ਵਿਚ ਹੀ ਆਪਣੀ ਭਲਾਈ ਸਮਝੀ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਵੱਲੋਂ ਇਸ ਵਾਰ ਸੰਗਰੂਰ ਲੋਕ ਸਭਾ ਹਲਕੇ ਦੀ ਬਜਾਏ ਖਡੂਰ ਸਾਹਿਬ ਹਲਕੇ ਤੋਂ ਚੋਣ ਲੜਨ ਨੂੰ ਤਰਜੀਹ ਦੇਣ ਦਾ ਵੀ ਇਹ ਕਾਰਨ ਸਮਝਿਆ ਜਾ ਰਿਹਾ ਹੈ ਕਿ ਪਿਛਲੀਆਂ ਚੋਣਾਂ ਦੌਰਾਨ ਉਨ੍ਹਾਂ ਦਾ ਵੋਟ ਬੈਂਕ ਖਿਸਕਦਾ-ਖਿਸਕਦਾ ਕਾਫ਼ੀ ਹੇਠਾਂ ਆ ਗਿਆ ਸੀ। ਜ਼ਿਕਰਯੋਗ ਹੈ ਕਿ ਸ. ਮਾਨ ਨੇ 1999 ਵਿਚ ਸੰਗਰੂਰ ਹਲਕੇ ਤੋਂ ਆਸਾਂ ਨਾਲੋਂ ਕਿਤੇ ਵੱਧ ਵੋਟਾਂ ਲੈ ਕੇ ਜਿੱਤ ਪ੍ਰਾਪਤ ਕੀਤੀ ਸੀ।

## ਤੀਜੀ ਧਿਰ ਦੀ ਅਸਫਲਤਾ ਦੀ ਤਸਵੀਰ

ਚੋਣ ਕਮਿਸ਼ਨ ਦੀ ਸਾਈਟ ਤੋਂ ਪ੍ਰਾਪਤ ਜਾਣਕਾਰੀ ਮੁਤਾਬਕ 2009 ਵਿਚ ਪੰਜਾਬ ਦੇ ਗੁਰਦਾਸਪੁਰ ਹਲਕੇ ਦੇ 13 ਉਮੀਦਵਾਰਾਂ ਵਿਚੋਂ 11 ਦੀ ਜ਼ਮਾਨਤ ਜ਼ਬਤ ਹੋਈ।

ਅੰਮ੍ਰਿਤਸਰ ਹਲਕੇ ਦੇ 14 ਉਮੀਦਵਾਰਾਂ ਵਿਚੋਂ 12, ਖਡੂਰ ਸਾਹਿਬ ਹਲਕੇ ਦੇ 15 ਵਿਚੋਂ 13, ਜਲੰਧਰ ਹਲਕੇ ਦੇ 15 ਵਿਚੋਂ 13, ਹੁਸ਼ਿਆਰਪੁਰ ਹਲਕੇ ਦੇ 12 ਵਿਚੋਂ 10, ਆਨੰਦਪੁਰ ਸਾਹਿਬ ਹਲਕੇ ਦੇ 14 ਵਿਚੋਂ 12, ਲੁਧਿਆਣਾ ਹਲਕੇ ਦੇ 30 ਵਿਚੋਂ 28, ਫਤਹਿਗੜ੍ਹ ਸਾਹਿਬ ਹਲਕੇ ਦੇ 11 ਵਿਚੋਂ 9, ਫਰੀਦਕੋਟ ਹਲਕੇ ਦੇ 15 ਵਿਚੋਂ 13 ਤੇ ਫਿਰੋਜ਼ਪੁਰ ਹਲਕੇ ਦੇ 27 ਵਿਚੋਂ 25 ਉਮੀਦਵਾਰਾਂ ਦੀ ਜ਼ਮਾਨਤ ਜ਼ਬਤ ਹੋਈ। ਬ

ਠਿੰਡਾ ਹਲਕੇ ਦੇ 22 ਵਿਚੋਂ 20 ਅਤੇ ਪਟਿਆਲਾ ਹਲਕੇ ਦੇ 14 ਉਮੀਦਵਾਰਾਂ ਵਿਚੋਂ 12 ਉਮੀਦਵਾਰਾਂ ਦੀ ਜ਼ਮਾਨਤ ਜ਼ਬਤ ਹੋਈ ਸੀ। ਇਸ ਤੋਂ ਸਪਸ਼ਟ ਹੈ ਕਿ ਹਰ ਹਲਕੇ ਵਿਚੋਂ ਕੋਈ ਵੀ ਤੀਜਾ ਉਮੀਦਵਾਰ ਆਪਣੀ ਜ਼ਮਾਨਤ ਨਹੀਂ ਬਚਾ ਸਕਿਆ ਸੀ।

# ਚੀਨ ਨਾਲ ਜੰਗ ਬਾਰੇ ਕਾਂਗਰਸ ਪਾਰਟੀ ਫਿਰ ਘਿਰੀ

**ਨਵੀਂ ਦਿੱਲੀ:** ਲੋਕ ਸਭਾ ਚੋਣਾਂ ਦੇ ਦਿਨਾਂ ਦੌਰਾਨ 1962 ਵਾਲੀ ਜੰਗ ਬਾਰੇ ਹੋਏ ਕੁਝ ਖੁਲਾਸਿਆਂ ਨੇ ਕਾਂਗਰਸ ਨੂੰ ਇਕ ਵਾਰ ਫਿਰ ਕਸੂਤੀ ਸਥਿਤੀ ਵਿਚ ਫਸਾ ਦਿੱਤਾ ਹੈ। ਮਰਹੂਮ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਅਤੇ ਉਸ ਸਮੇਂ ਦੀ ਫੌਜੀ ਲੀਡਰਸ਼ਿਪ ਦੀਆਂ ਨੀਤੀਆਂ ਨੂੰ 1962 ਦੀ ਭਾਰਤ-ਚੀਨ ਜੰਗ ਵਿਚ ਭਾਰਤ ਦੀ ਨਮੋਸ਼ੀ ਭਰੀ ਹਾਰ ਲਈ ਜ਼ਿੰਮੇਵਾਰ ਠਹਿਰਾਇਆ ਗਿਆ ਹੈ। ਇਹ ਖੁਲਾਸਾ ਬੇਹੱਦ ਗੁਪਤ ਰਿਪੋਰਟ ਤੱਕ ਇਕ ਆਸਟਰੇਲਿਆਈ ਪੱਤਰਕਾਰ ਦੀ ਹੋਈ ਪਹੁੰਚ ਮਗਰੋਂ ਹੋਇਆ ਹੈ।

ਅਜੇ ਵੀ ਗੁਪਤ ਦਸਤਾਵੇਜ਼ ਕਰਾਰ ਦਿੱਤੀ ਹੋਈ 'ਦਿ ਹੈਂਡਰਸਨ ਬਰੁੱਕਜ਼' ਰਿਪੋਰਟ ਵਿਚ ਸਰਕਾਰ ਦੀ 'ਅੱਗੇ ਵਧ ਕੇ ਹੱਲਾ ਬੋਲਣ ਦੀ ਨੀਤੀ' ਤੇ ਫੌਜ ਵੱਲੋਂ ਬਿਨਾਂ ਲੋੜੀਂਦੀ ਸਮਰਥਾ ਹੋਣ ਦੇ ਅਜਿਹੀ ਕਾਰਵਾਈ ਕਰਨ ਉਤੇ ਗੰਭੀਰ ਸੁਆਲ ਉਠਾਏ ਗਏ ਹਨ। ਰੱਖਿਆ ਬਾਰੇ ਪੱਤਰਿਕਾ 'ਇੰਡੀਅਨ ਡਿਫੈਂਸ ਰਿਵਿਊ' ਵੱਲੋਂ ਆਪਣੀ ਵੈੱਬਸਾਈਟ 'ਤੇ ਇਸ ਰਿਪੋਰਟ ਦੇ ਕੁਝ ਹਿੱਸੇ ਪਾਏ ਗਏ ਹਨ। ਪਹਿਲਾਂ ਇਹ ਰਿਪੋਰਟ ਪੱਤਰਕਾਰ ਨੇਵਿਕ ਮੈਕਸਵੈੱਲ ਨੇ ਰਿਲੀਜ਼ ਕੀਤੀ ਸੀ।

ਜੰਗ ਬਾਰੇ ਵਿਸਥਾਰ ਵਿਚ ਰਿਪੋਰਟਿੰਗ ਕਰਨ ਵਾਲੇ ਮੈਕਸਵੈੱਲ ਨੇ ਆਪਣੀ ਵੈੱਬਸਾਈਟ ਉਤੇ ਹੈਂਡਰਸਨ ਬਰੁੱਕਸ ਰਿਪੋਰਟ ਦੇ ਕੁਝ ਅੰਸ਼ ਪਾਏ ਸਨ।ਇਸ ਬਾਰੇ ਸਰਕਾਰੀ ਤੌਰ 'ਤੇ ਕੋਈ ਪ੍ਰਤੀਕਿਰਿਆ ਨਹੀਂ ਆਈ। ਹੈਂਡਰਸਨ ਰਿਪੋਰਟ ਵਿਚ ਸਰਕਾਰ, ਸੈਨਾ ਤੇ ਖੁਫ਼ੀਆ ਏਜੰਸੀਆਂ ਦੀ ਇਸ ਮੱਤ ਦੇ ਆਧਾਰ 'ਤੇ ਧਾਰਨਾਵਾਂ ਬਣਾਉਣ ਲਈ ਆਲੋਚਨਾ ਕੀਤੀ ਗਈ ਹੈ ਕਿ ਚੀਨ ਦੁਸ਼ਮਣੀ ਨਹੀਂ ਵਧਾਏਗਾ, ਜਦੋਂਕਿ ਰਣਨੀਤਕ ਪੱਖੋਂ ਉਨ੍ਹਾਂ ਨੂੰ ਇਸ ਦੇ ਬਿਲਕੁਲ ਉਲਟ ਸੋਚਣਾ ਚਾਹੀਦਾ ਸੀ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਅੱਗੇ ਵਧਣ ਦੀ ਨੀਤੀ ਤਹਿਤ ਫੌਜ ਨੇ ਉਨ੍ਹਾਂ ਖੇਤਰਾਂ ਵਿਚ ਸੈਨਿਕ ਚੌਕੀਆਂ ਕਾਇਮ ਕਰ ਲਈਆਂ ਜਿਨ੍ਹਾਂ ਉਤੇ ਚੀਨ ਦਾਅਵਾ ਜਤਾ ਰਿਹਾ ਸੀ। ਭਾਰਤ ਨੇ ਇਥੇ ਜ਼ੋਰਦਾਰ ਗਸ਼ਤ ਵੀ ਵਧਾਈ, ਜਿਸ ਨਾਲ ਟਕਰਾਅ ਦੇ ਮੌਕੇ ਵੱਧ ਗਏ। ਇਸ ਤੋਂ ਇਲਾਵਾ ਫੌਜੀ ਪੱਧਰ ਉਤੇ ਭਾਰਤ ਅਜਿਹੀ ਕਾਰਵਾਈ ਕਰਨ ਦੇ ਸਮਰੱਥ ਵੀ ਨਹੀਂ ਸੀ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਭਾਰਤ ਦੀ 'ਫਾਰਵਰਡ ਪਾਲਿਸੀ' ਨਾਲ ਟਕਰਾਅ ਦੇ ਮੌਕੇ ਵਧੇ ਸਨ।

ਵੱਖ-ਵੱਖ ਉੱਚ ਪੱਧਰ ਦੀਆਂ ਮੀਟਿੰਗਾਂ ਦੇ ਹਵਾਲੇ ਵੀ ਇਸ ਬਾਰੇ ਦਿੱਤੇ ਗਏ ਹਨ। ਅਜਿਹੀ ਇਕ ਮੀਟਿੰਗ, ਜਿਸ ਵਿਚ ਨਹਿਰੂ ਵੀ ਸ਼ਾਮਲ ਹੋਏ ਸਨ, ਰਿਪੋਰਟ ਵਿਚ ਉਸ ਬਾਰੇ ਕਿਹਾ ਗਿਆ ਹੈ ਕਿ ਸੈਨਾ ਦੇ ਹੈੱਡਕੁਆਰਟਰ ਤੇ ਉਸ ਵੇਲੇ ਦੇ ਖੁਫ਼ੀਆ ਬਿਊਰੋ ਦੇ ਡਾਇਰੈਕਟਰ ਦੀ ਰਾਏ ਇਹ ਸੀ ਕਿ ਚੀਨ, ਭਾਰਤੀ ਚੌਕੀਆਂ ਵਿਰੁੱਧ ਤਾਕਤ ਦੀ ਵਰਤੋਂ ਨਹੀਂ ਕਰੇਗਾ, ਹਾਲਾਂਕਿ ਉਹ ਭਾਵੇਂ ਅਜਿਹਾ ਕਰਨ ਦੀ ਸਮਰੱਥਾ ਵਿਚ ਸਨ।

ਰਿਪੋਰਟ ਮੁਤਾਬਕ ਸੈਨਾ ਨੇ ਪੱਛਮੀ ਕਮਾਨ ਵੱਲੋਂ ਉਠਾਏ ਸਰੋਕਾਰਾਂ ਨੂੰ ਗੌਲਿਆ ਨਹੀਂ। ਪੱਛਮੀ ਕਮਾਨ ਦਾ ਕਹਿਣਾ ਸੀ ਕਿ ਸੈਨਾ, ਇਹ ਨੀਤੀ ਲਾਗੂ ਕਰਨ ਲਈ ਤਿਆਰ ਨਹੀਂ, ਤੇ ਚੀਨ ਵੱਲੋਂ ਕਾਰਵਾਈ ਕਰਨ 'ਤੇ ਭਾਰਤ ਦੀ ਹਾਰ ਹੋਏਗੀ। ਪੱਛਮੀ ਕਮਾਨ ਦੀ ਪੁਜ਼ੀਸ਼ਨ ਯਥਾਰਥਕ ਸੀ, ਪਰ ਸੈਨਾ ਹੈੱਡਕੁਆਰਟਰਜ਼ ਵਾਲੇ ਇਸ ਉਤੇ ਅੜੇ ਰਹੇ ਕਿ ਚੀਨ ਵਾਲੇ ਵੱਡੇ ਹਮਲੇ ਨਹੀਂ ਕਰਨਗੇ। ਮਗਰੋਂ ਇਹ ਧਾਰਨਾ ਚਿੱਤ ਹੋ ਗਈ ਕਿਉਂਕਿ ਚੀਨੀ ਫੌਜ ਅਰੁਨਾਚਲ ਪ੍ਰਦੇਸ਼ ਰਾਹੀਂ ਆਈ, ਤੇ ਲੱਦਾਖ ਦੇ ਵੱਡੇ ਹਿੱਸੇ ਕਬਜ਼ੇ ਵਿਚ ਕਰ ਲਏ। ਪੱਛਮੀ ਕਮਾਨ ਨੇ 15 ਅਗਸਤ 1962 ਨੂੰ ਸੈਨਾ ਹੈੱਡਕੁਆਰਟਰਜ਼ ਨੂੰ ਜ਼ਮੀਨੀ ਹਕੀਕਤ ਤੋਂ ਜਾਣੂ ਕਰਾਇਆ ਸੀ। ਨਾਲ ਹੀ ਸਿਫਾਰਸ਼ਾਂ ਕੀਤੀਆਂ ਸਨ, ਜੋ ਬਿਲਕੁਲ ਲਾਂਭੇ ਕਰ ਦਿੱਤੀਆਂ ਗਈਆਂ।

## ਪੱਤਰਕਾਰ ਐਮ.ਜੇ. ਅਕਬਰ ਨੇ ਭਾਜਪਾ ਨਾਲ ਜੋਟੀ ਪਾਈ

**ਨਵੀਂ ਦਿੱਲੀ:** ਉੱਘੇ ਲੇਖਕ ਤੇ ਸੀਨੀਅਰ ਪੱਤਰਕਾਰ ਐਮ.ਜੇ ਅਕਬਰ ਤੇ ਜਨਤਾ ਦਲ (ਯੂ) ਦੇ ਸੰਸਦ ਮੈਂਬਰ ਐਨ.ਕੇ ਸਿੰਘ ਪਾਰਟੀ ਪ੍ਰਧਾਨ ਰਾਜਨਾਥ ਸਿੰਘ ਦੀ ਮੌਜੂਦਗੀ ਵਿਚ ਭਾਰਤੀ ਜਨਤਾ ਪਾਰਟੀ (ਭਾਜਪਾ) ਵਿਚ ਸ਼ਾਮਲ ਹੋ ਗਏ ਹਨ। ਸ੍ਰੀ ਅਕਬਰ ਨੇ ਬਿਹਾਰ ਦੇ ਕਿਸ਼ਨਗੰਜ ਹਲਕੇ ਤੋਂ ਕਾਂਗਰਸ ਦੀ ਟਿਕਟ 'ਤੇ ਚੋਣ ਵੀ ਲੜੀ ਸੀ।

ਇਸ ਸੀਨੀਅਰ ਪੱਤਰਕਾਰ ਦਾ ਪਾਰਟੀ ਵਿਚ ਸਵਾਗਤ ਕਰਦਿਆਂ ਭਾਜਪਾ ਦੇ ਪ੍ਰਧਾਨ ਰਾਜਨਾਥ ਸਿੰਘ ਨੇ ਕਿਹਾ ਕਿ ਖੇਡਾਂ, ਰਾਜਨੀਤੀ, ਫਿਲਮਾਂ ਅਤੇ ਸਾਹਿਤ ਨਾਲ ਸਬੰਧਤ ਲੋਕ ਪਾਰਟੀ ਨਾਲ ਜੁੜ ਰਹੇ ਹਨ ਤੇ ਹੁਣ ਮੀਡੀਆ ਦੇ ਵੱਡੇ ਨਾਂ ਵੀ ਭਾਜਪਾ ਵਿਚ ਸ਼ਾਮਲ ਹੋ ਰਹੇ ਹਨ ਤਾਂ ਜੋ ਦੇਸ਼ ਨੂੰ ਸਥਿਰ ਸਰਕਾਰ ਦਿੱਤੀ ਜਾ ਸਕੇ। ਜ਼ਿਕਰਯੋਗ ਹੈ ਕਿ ਸ੍ਰੀ ਅਕਬਰ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਕਰੀਬੀ ਸਨ। ਉਨ੍ਹਾਂ ਕਿਹਾ ਕਿ ਰਾਜੀਵ ਉਨ੍ਹਾਂ ਦੇ ਦੋਸਤ ਸਨ ਤੇ ਉਸ ਗੱਲ ਨੂੰ ਵੀਹ ਸਾਲ ਲੰਘ ਗਏ ਹਨ। ਭਾਜਪਾ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਦੇ ਉਮੀਦਵਾਰ ਨਰਿੰਦਰ ਮੋਦੀ ਦਾ ਸਮਰਥਨ ਕਰਦਿਆਂ ਸ੍ਰੀ ਅਕਬਰ ਨੇ ਕਿਹਾ ਕਿ ਦੇਸ਼ ਨੂੰ ਸੰਕਟ ਵਿਚੋਂ ਕੱਢਣ ਲਈ ਨਰਿੰਦਰ ਮੋਦੀ ਨੂੰ ਸੱਤਾ 'ਚ ਲਿਆਉਣ ਦੀ ਲੋੜ ਹੈ।


ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on : Radio Sets (CA, WA, NV)
Dial in 832-551-5029 or 605-475-6868
Android & iPhone App
www.PunjabiRadioUSA.com
Ph: 408-272-5200



Quik Signs
Signs • Graphics • Wraps


ਅਸੀਂ ਹਰ ਸਾਈਜ਼ ਦੇ ਸਾਈਨ
ਹਰ ਸਟੇਟ ਵਿੱਚ ਮੇਲ ਵੀ ਕਰਦੇ ਹਾਂ
ਬੈਨਰ, ਬਿਜ਼ਨਸ ਕਾਰਡ, ਵਿਆਹ ਦੇ ਕਾਰਡ,
ਲੋਗੋ ਡਿਜ਼ਾਇਨ, ਫੁੱਲ ਕਲਰ ਪ੍ਰਿੰਟਿੰਗ, ਮੈਗਨੈਟਿਕ ਸਾਈਨ,
ਸਟੋਰਾਂ ਦਾ ਸਾਈਨ, ਕਲਰ ਪੋਸਟਰ ਅਤੇ ਹਰ ਤਰ੍ਹਾਂ ਦੀ ਪ੍ਰਿੰਟਿੰਗ ਲਈ ਮਿਲੋ।
ਅਸੀਂ ਹਰ ਤਰ੍ਹਾਂ ਦੇ ਸਾਈਨ ਬਣਾਉਂਦੇ ਹਾਂ ਅਤੇ ਪੁਰਾਣੇ ਸਾਈਨਾਂ ਦੀ ਰਿਪੇਅਰ ਵੀ ਕਰਦੇ ਹਾਂ
Specialized in English, Spanish, Hindi & Punjabi
*661-703-8795
tanjit5020@yahoo.com
*661-900-7357
manmit5020@yahoo.com
WWW.QUIKSIGNS.US



ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
GLOBAL MULTI SERVICES
ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.547.9210
FAX: 209.547.9211
www.gfbontime.com, raj@gfbontime.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211
REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਸ਼੍ਰੋਮਣੀ ਕਮੇਟੀ ਵੱਲੋਂ ਨੌਂ ਅਰਬ ਰੁਪਏ ਦਾ ਸਾਲਾਨਾ ਬਜਟ ਪ੍ਰਵਾਨ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਕ ਅਪ੍ਰੈਲ 2014 ਤੋਂ 31 ਮਾਰਚ 2015 ਤੱਕ ਦੇ ਸਮੇਂ ਲਈ ਨੌਂ ਅਰਬ ਪੰਜ ਕਰੋੜ, ਪੰਜ ਲੱਖ 52 ਹਜ਼ਾਰ 300 ਰੁਪਏ ਦੇ ਸਾਲਾਨਾ ਬਜਟ ਨੂੰ ਅੰਤ੍ਰਿੰਗ ਕਮੇਟੀ ਦੀ ਬੈਠਕ ਵਿਚ ਪ੍ਰਵਾਨਗੀ ਦੇ ਦਿੱਤੀ ਜੋ ਪਿਛਲੇ ਸਾਲ ਦੇ ਬਜਟ ਨਾਲੋਂ ਤਕਰੀਬਨ 99 ਕਰੋੜ 80 ਹਜ਼ਾਰ 200 ਰੁਪਏ ਨਾਲ 12 ਫੀਸਦੀ ਵਾਧੇ ਵਾਲਾ ਰਿਹਾ।

ਸ਼੍ਰੋਮਣੀ ਕਮੇਟੀ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਦੀ ਪ੍ਰਧਾਨਗੀ ਹੇਠ ਬਜਟ ਬਾਰੇ ਬੈਠਕ ਨਵੇਂ ਇਕੱਤਰਤਾ ਹਾਲ ਵਿਚ ਹੋਈ ਜਿਸ ਵਿਚ ਸੀਨੀਅਰ ਮੀਤ ਪ੍ਰਧਾਨ ਰਣਜੀਤ ਸਿੰਘ ਕਰਨਾਲ, ਜੂਨੀਅਰ ਮੀਤ ਪ੍ਰਧਾਨ ਕੇਵਲ ਸਿੰਘ, ਭਾਈ ਰਜਿੰਦਰ ਸਿੰਘ ਮਹਿਤਾ, ਕਰਨੈਲ ਸਿੰਘ ਪੰਜੋਲੀ, ਗੁਰਬਚਨ ਸਿੰਘ ਕਰਮੂੰਵਾਲਾ, ਰਾਮਪਾਲ ਸਿੰਘ ਬੈੜੀਵਾਲ, ਨਿਰਮਲ ਸਿੰਘ ਜੌਲਾਂ, ਮੋਹਣ ਸਿੰਘ ਬੰਗੀ, ਭਜਨ ਸਿੰਘ ਸ਼ੇਰਗਿੱਲ ਤੇ ਮੰਗਲ ਸਿੰਘ ਅੰਤ੍ਰਿੰਗ ਕਮੇਟੀ ਮੈਂਬਰ ਹਾਜ਼ਰ ਹੋਏ।

ਬੈਠਕ ਦੌਰਾਨ ਅਗਾਮੀ ਸਾਲ ਦੇ ਖਰਚਿਆਂ ਨੂੰ ਪ੍ਰਵਾਨਗੀ ਦੇਣ ਹਿੱਤ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਸੁਖਦੇਵ ਸਿੰਘ ਭੌਰ ਨੇ ਸਾਲ 2014-15 ਦਾ ਸਾਲਾਨਾ ਬਜਟ ਪੇਸ਼ ਕੀਤਾ। ਬਜਟ 'ਤੇ ਕੁਝ ਸਮਾਂ ਵਿਚਾਰ ਚਰਚਾ ਉਪਰੰਤ ਸਰਬਸੰਮਤੀ ਨਾਲ ਨੌਂ ਅਰਬ ਪੰਜ ਕਰੋੜ ਛੇ ਲੱਖ 52 ਹਜ਼ਾਰ 300 ਰੁਪਏ ਦੇ ਖਰਚਿਆਂ ਨੂੰ ਪ੍ਰਵਾਨਗੀ ਦੇ ਦਿੱਤੀ ਗਈ।

ਉਕਤ ਬਜਟ ਜਿਸ ਤੋਂ ਮੀਡੀਆ ਨੂੰ ਚੋਣਾਂ ਦੇ ਮੌਸਮ ਕਾਰਨ ਦੂਰ ਰੱਖਿਆ ਗਿਆ ਸੀ, ਬਾਰੇ ਪ੍ਰਧਾਨ ਸ਼੍ਰੋਮਣੀ ਕਮੇਟੀ ਨੇ ਦੱਸਿਆ ਕਿ ਇਸ ਬਜਟ ਵਿਚ ਜਨਰਲ ਬੋਰਡ ਫੰਡ ਲਈ 54 ਕਰੋੜ ਰੁਪਏ, ਟਰੱਸਟ ਖਰਚਿਆਂ ਲਈ 37 ਕਰੋੜ 80 ਲੱਖ ਛੇ ਹਜ਼ਾਰ 300 ਰੁਪਏ, ਵਿਦਿਅਕ ਖਰਚਿਆਂ ਲਈ 29 ਕਰੋੜ 25 ਲੱਖ 70 ਹਜ਼ਾਰ, ਧਰਮ ਪ੍ਰਚਾਰ ਲਈ 63 ਕਰੋੜ ਰੁਪਏ, ਪ੍ਰਿੰਟਿੰਗ ਪ੍ਰੈਸਾਂ ਲਈ ਛੇ ਕਰੋੜ 40 ਲੱਖ 95 ਹਜ਼ਾਰ ਰੁਪਏ, ਪ੍ਰਮੁੱਖ ਗੁਰਦੁਆਰਾ ਸਾਹਿਬਾਨ ਲਈ ਦਫਾ 85 ਤਹਿਤ ਪੰਜ ਅਰਬ 60 ਕਰੋੜ 51 ਲੱਖ 81 ਹਜ਼ਾਰ ਰੁਪਏ ਤੇ ਵਿੱਦਿਅਕ ਅਦਾਰਿਆਂ ਲਈ ਇਕ ਅਰਬ 54 ਕਰੋੜ ਅੱਠ ਲੱਖ ਰੁਪਏ ਰੱਖੇ ਗਏ ਹਨ। ਉਨ੍ਹਾਂ ਦੱਸਿਆ ਕਿ ਉਕਤ ਬਜਟ ਪਿਛਲੀ ਵਾਰ ਨਾਲੋਂ 12.283 ਫੀਸਦੀ ਦੇ ਵਾਧੇ ਨਾਲ 99 ਕਰੋੜ 80 ਹਜ਼ਾਰ 200 ਰੁਪਏ ਵੱਧ ਦਾ ਰੱਖਿਆ ਗਿਆ।

ਉਨ੍ਹਾਂ ਦੱਸਿਆ ਕਿ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਾਂ ਤੋਂ ਇਲਾਵਾ ਕਮੇਟੀ ਵੱਲੋਂ ਚਲਾਈਆਂ ਜਾ ਰਹੀਆਂ ਵਿਦਿਅਕ ਸੰਸਥਾਵਾਂ ਵਿਚ ਵਾਧਾ ਕਰਦਿਆਂ 13 ਨਵੇਂ ਸਕੂਲਾਂ ਤੇ ਕਾਲਜਾਂ ਦੀ ਉਸਾਰੀ ਦਾ ਕੰਮ ਕੀਤਾ ਜਾ ਰਿਹਾ ਹੈ ਤੇ ਇਨ੍ਹਾਂ ਉਸਾਰੀ ਕਾਰਜਾਂ ਨੂੰ ਮੁਕੰਮਲ ਕਰਨ ਹਿੱਤ ਲਾਏ ਜਾ ਰਹੇ ਖਰਚੇ ਵੀ ਬਜਟ ਵਿਚ ਜੋੜੇ ਗਏ ਹਨ। ਸ਼੍ਰੋਮਣੀ ਕਮੇਟੀ ਵੱਲੋਂ ਆਰੰਭੇ ਗਏ ਕੈਂਸਰ ਪੀੜਤ ਫੰਡ ਲਈ ਵੀ ਬਜਟ ਵਿਚ ਪ੍ਰਮੁੱਖ ਹਿੱਸਾ ਰੱਖਿਆ ਗਿਆ ਹੈ।

ਗਰੀਬ ਤੇ ਪੱਛੜੇ ਹੋਣਹਾਰ ਸਿੱਖ ਵਿਦਿਆਰਥੀਆਂ ਦੀ ਪੜ੍ਹਾਈ ਲਈ ਰੱਖੇ ਗਏ ਫੰਡ ਨੂੰ ਵੀ ਜਾਰੀ ਰੱਖਿਆ ਜਾਵੇਗਾ। ਇਤਿਹਾਸਕ ਪੁਰਾਤਨ ਇਮਾਰਤਾਂ ਦੀ ਸਾਂਭ ਸੰਭਾਲ ਤੋਂ ਇਲਾਵਾ ਮਾਛੀਵਾੜੇ ਦਾ ਜੰਗਲ, ਗੁਰਦੁਆਰਾ ਗੁਰੂ ਕੇ ਬਾਗ ਦਾ ਪੁਰਾਤਨ ਬਾਗ, ਚਮਕੌਰ ਸਾਹਿਬ ਦੀ ਕੱਚੀ ਗੜ੍ਹੀ, ਫਤਿਹਗੜ੍ਹ ਸਾਹਿਬ ਦਾ ਠੰਡਾ ਬੁਰਜ, ਸ੍ਰੀ ਅਨੰਦਪੁਰ ਸਾਹਿਬ ਪੰਜ ਪੁਰਾਤਨ ਕਿਲ੍ਹਿਆਂ ਦੀ ਪੁਰਾਤਨ ਦਿਖ ਬਰਕਰਾਰ ਰੱਖਣ ਲਈ ਵਿਸ਼ੇਸ਼ ਕਾਰਜ ਆਰੰਭੇ ਗਏ ਹਨ। ਨਵੀਆਂ ਬਣ ਰਹੀਆਂ ਸਰਾਵਾਂ ਲਈ ਵੀ ਉਕਤ ਬਜਟ ਵਿਚ ਖਰਚਿਆਂ ਨੂੰ ਪ੍ਰਵਾਨਗੀ ਦਿੱਤੀ ਗਈ।

ਸੂਤਰਾਂ ਮੁਤਾਬਕ ਬਜਟ ਦੌਰਾਨ ਸ਼੍ਰੋਮਣੀ ਕਮੇਟੀ ਵੱਲੋਂ ਆਪਣੇ ਵਿਸ਼ੇਸ਼ ਵਕੀਲਾਂ ਦੀ ਵੀ ਰਾਇ ਲਈ ਗਈ ਤੇ ਉਨ੍ਹਾਂ ਦੀ ਸਹਿਮਤੀ ਉਪਰੰਤ ਹੀ ਬਜਟ ਬਾਰੇ ਜਾਣਕਾਰੀ ਮੁਹੱਈਆ ਕਰਵਾਈ ਗਈ। ਬਜਟ ਵਿਚ ਪਹਿਲਾਂ ਦੇ ਮੁਕਾਬਲੇ ਸਿੱਖਿਆ, ਧਰਮ ਪ੍ਰਚਾਰ ਤੇ ਅੰਮ੍ਰਿਤਧਾਰੀ ਵਿਦਿਆਰਥੀਆਂ ਦੀਆਂ ਫੀਸਾਂ ਬਾਰੇ ਖਰਚਾ ਵਧਾਇਆ ਗਿਆ ਹੈ। ਇਸ ਤੋਂ ਇਲਾਵਾ ਪੰਜ ਨਵੇਂ ਕਾਲਜ ਵੀ ਖੋਲ੍ਹਣ ਦੀ ਬਜਟ ਵਿਚ ਪ੍ਰਵਾਨਗੀ ਰੱਖੀ ਗਈ ਹੈ।

## ਇੰਗਲੈਂਡ 'ਚ ਭਾਰਤੀ ਮੂਲ ਦੇ ਵਿਦਿਆਰਥੀ ਦਾ ਸਨਮਾਨ

**ਲੰਡਨ:** ਕੈਂਬਰਿਜ ਯੂਨੀਵਰਸਿਟੀ ਦੇ ਭਾਰਤੀ ਮੂਲ ਦੇ ਵਿਦਿਆਰਥੀ ਗੋਪਾਲ ਰਾਓ ਨੂੰ ਬ੍ਰਿਟੇਨ ਦੀ ਵਿਦੇਸ਼ ਨੀਤੀ ਬਾਰੇ ਵਿਚ ਇਕ ਟਵਿੱਟਰ ਮੁਕਾਬਲੇ ਵਿਚ ਸਵਾਲਾਂ ਦਾ ਸਹੀ ਜਵਾਬ ਦੇਣ ਵਾਲੇ ਟਵਿੱਟਰ ਪੁਰਸਕਾਰ ਨਾਲ ਨਿਵਾਜਿਆ ਗਿਆ। ਬ੍ਰਿਟਿਸ਼ ਵਿਦੇਸ਼ ਮੰਤਰੀ ਵਿਲੀਅਮ ਹੇਗ ਨੇ ਗੋਪਾਲ ਰਾਓ ਦੀ ਸ਼ਲਾਘਾ ਕੀਤੀ।

ਹੇਗ ਨੇ ਆਪਣੇ ਟਵਿੱਟਰ 'ਤੇ ਆਪਣੇ ਫਾਲੋਅਰਜ਼ ਨੂੰ ਸਵਾਲ ਪੁੱਛਿਆ ਸੀ ਕਿ ਉਨ੍ਹਾਂ ਮੁਤਾਬਕ ਵਿਦੇਸ਼ ਨੀਤੀ ਦੁਨੀਆਂ ਨੂੰ ਸਭ ਤੋਂ ਵੱਡਾ ਯੋਗਦਾਨ ਕੀ ਦੇ ਸਕਦੀ ਹੈ। ਇਸ ਵਿਚ ਜਿੱਤ ਹਾਸਲ ਕਰਨ ਵਾਲੇ ਗੋਪਾਲ ਰਾਓ ਨੇ ਜਵਾਬ ਦਿੱਤਾ ਕਿ ਬ੍ਰਿਟੇਨ ਦੀ ਵਿਦੇਸ਼ ਨੀਤੀ ਨੂੰ ਵਪਾਰ ਤੇ ਕਾਰੋਬਾਰ ਰਾਹੀਂ ਲੜਕੀਆਂ ਤੇ ਮਹਿਲਾਵਾਂ ਨੂੰ ਦੂਜਿਆਂ ਦੀ ਮਾਲਕੀ ਤੋਂ ਮੁਕਤ ਕਰਨਾ ਚਾਹੀਦਾ ਹੈ, ਜੋ ਬੇਹੱਦ ਪਸੰਦ ਆਇਆ। ਰਾਓ ਨੇ ਵਿਦੇਸ਼ ਮੰਤਰਾਲੇ ਵਿਚ ਹੇਗ ਨਾਲ ਮੁਲਾਕਾਤ ਕੀਤੀ ਤੇ ਯੌਨ ਹਿੰਸਾ ਦੀ ਰੋਕਥਾਮ ਪਹਿਲ 'ਤੇ ਚਰਚਾ ਕੀਤੀ।

# ਸੁਣਵਾਈ ਵਿਚ ਦੇਰੀ ਕਾਰਨ ਹੋਂਦ ਚਿੱਲੜ ਕਤਲੇਆਮ ਪੀੜਤ ਨਿਰਾਸ਼

**ਬਠਿੰਡਾ:** ਹੋਂਦ ਚਿੱਲੜ, ਪਟੌਦੀ ਤੇ ਗੁੜਗਾਓਂ (ਹਰਿਆਣਾ) ਵਿਖੇ 1984 ਵਿਚ ਹੋਏ ਸਿੱਖ ਕਤਲੇਆਮ ਪੀੜਤ, ਮਾਮਲੇ ਦੀ ਹੌਲੀ ਚੱਲ ਰਹੀ ਸੁਣਵਾਈ ਤੋਂ ਖਾਸੇ ਨਰਾਜ਼ ਹਨ। ਮਾਮਲੇ ਦੀ ਸੁਣਵਾਈ ਕਰ ਰਹੇ ਇਲਾਹਾਬਾਦ ਹਾਈ ਕੋਰਟ ਦੇ ਸਾਬਕਾ ਮੁੱਖ ਜੱਜ ਟੀ.ਪੀ ਗਰਗ ਕਮਿਸ਼ਨਰ ਸਾਹਮਣੇ ਪੀੜਤਾਂ ਦੀਆਂ ਗਵਾਹੀਆਂ ਤਕਰੀਬਨ ਅੰਤਿਮ ਪੜਾਅ ਵਿਚ ਪੁੱਜ ਚੁੱਕੀਆਂ ਹਨ ਪਰ ਬੇਲੋੜੀ ਖੱਜਲ-ਖੁਆਰੀ ਕਾਰਨ ਪੀੜਤਾਂ ਨੂੰ ਨਿਆਂ ਦੀ ਆਸ ਨਜ਼ਰ ਨਹੀਂ ਆ ਰਹੀ।

ਹੋਂਦ ਚਿੱਲੜ ਦੇ ਪੀੜਤਾਂ ਲਈ ਕਾਨੂੰਨੀ ਚਾਰਾਜੋਈ ਕਰ ਰਹੇ ਤਾਲਮੇਲ ਕਮੇਟੀ ਦੇ ਆਗੂ ਭਾਈ ਦਰਸ਼ਨ ਸਿੰਘ ਘੋਲੀਆਂ ਮੁਤਾਬਕ ਇਸ ਕਤਲੇਆਮ ਵਿਚ ਜਿਵੇਂ ਤਿਵੇਂ ਜਾਨ ਬਚਾਉਣ ਵਾਲੇ ਪੀੜਤ ਉਤਮ ਸਿੰਘ ਬਠਿੰਡਾ ਸਮੇਤ ਪੀੜਤ ਨਿਰਾਸ਼ਾ ਵਿਚ ਹਨ ਤੇ ਹੁਣ ਛੇਤੀ ਇਨਸਾਫ਼ ਚਾਹੁੰਦੇ ਹਨ। ਸ. ਘੋਲੀਆਂ ਨੇ ਦੱਸਿਆ ਕਿ ਅੱਜ ਤੋਂ ਤਕਰੀਬਨ 29 ਸਾਲ ਪਹਿਲਾਂ ਇਸ ਕਤਲੇਆਮ ਵਿਚ ਹੋਂਦ ਚਿੱਲੜ ਵਿਚ 32 ਸਿੱਖਾਂ ਨੂੰ ਬਹੁਤ ਬੇਰਹਿਮੀ ਨਾਲ ਮਾਰ ਦਿੱਤਾ, ਪਟੌਦੀ ਵਿਚ 17



ਸਿੱਖਾਂ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ, ਗੁੜਗਾਓਂ ਵਿਚ 47 ਸਿੱਖਾਂ ਨੂੰ ਕਤਲੇਆਮ ਦੌਰਾਨ ਮਾਰ ਕੇ ਉਨ੍ਹਾਂ ਦੇ 292 ਘਰਾਂ ਨੂੰ ਅੱਗ ਲਾ ਕੇ ਸਾੜ ਕੇ ਵੱਡਾ ਜਾਨੀ ਮਾਲੀ ਨੁਕਸਾਨ ਪਹੁੰਚਾਇਆ ਸੀ।

ਉਨ੍ਹਾਂ ਦੋਸ਼ ਲਾਇਆ ਕਿ ਕੇਂਦਰ ਤੇ ਹਰਿਆਣਾ ਸਰਕਾਰ ਇਸ ਕੇਸ ਨੂੰ ਲਮਕਾਉਣ ਦੀਆਂ ਕੋਸ਼ਿਸ਼ਾਂ ਕਰ ਰਹੀਆਂ ਹਨ ਤੇ ਬਹੁਤੇ ਪੀੜਤ ਲੋਕਾਂ ਕੋਲ ਪੇਸ਼ੀ 'ਤੇ ਆਉਣ ਲਈ ਕਿਰਾਇਆ ਵੀ ਨਹੀਂ ਹੁੰਦਾ। ਪੀੜਤਾਂ ਦੀਆਂ 76 ਪਟੀਸ਼ਨਾਂ ਹਨ ਜਿਸ ਦੀਆਂ ਗਵਾਹੀਆਂ ਮੁਕੰਮਲ ਹੋ ਚੁੱਕੀਆਂ ਹਨ। ਇਕ ਪੀੜਤ ਬਲਵੰਤ ਸਿੰਘ ਦੀ ਤਾਂ ਇਨਸਾਫ਼ ਮਿਲਣ ਦੀ ਆਸ ਵਿਚ ਹੀ ਮੌਤ ਹੋ ਚੁੱਕੀ ਹੈ ਤੇ ਹੋਰ ਪੀੜਤ ਇਨਸਾਫ਼ ਦੇ ਛੇਤੀ ਮਿਲਣ ਦੀ ਬੇਸਬਰੀ ਨਾਲ ਉਡੀਕ ਵਿਚ ਹਨ

## *ਸਿੱਖ ਕਤਲੇਆਮ ਦੀ ਜਾਂਚ ਲਈ ਸੰਯੁਕਤ ਰਾਸ਼ਟਰ ਕੋਲ ਕੀਤੀ ਪਹੁੰਚ*

**ਚੰਡੀਗੜ੍ਹ:** ਸੰਯੁਕਤ ਰਾਸ਼ਟਰ ਵੱਲੋਂ ਜੇਨੇਵਾ ਵਿਖੇ ਚੱਲ ਰਹੇ ਸੈਸ਼ਨ ਦੌਰਾਨ ਸ਼੍ਰੀਲੰਕਾ ਦੇ ਤਾਮਿਲਾਂ ਵਿਰੁੱਧ ਹੋਏ ਜ਼ੁਲਮਾਂ ਤੇ ਮਨੁੱਖੀ ਅਧਿਕਾਰਾਂ ਦੇ ਘਾਣ ਬਾਰੇ ਪੁਖ਼ਤਾ ਤੇ ਨਿਰਪੱਖ ਜਾਂਚ ਲਈ ਲਿਆਂਦੇ ਮਤੇ ਦੀ ਪ੍ਰੋੜਤਾ ਕਰਦਿਆਂ ਦਲ ਖ਼ਾਲਸਾ ਨੇ ਕਿਹਾ ਕਿ ਦਰਬਾਰ ਸਾਹਿਬ ਦੀ ਪਵਿੱਤਰ ਪਰਿਕਰਮਾ ਤੇ ਦਿੱਲੀ ਦੀਆਂ ਸੜਕਾਂ 'ਤੇ ਜੂਨ ਤੇ ਨਵੰਬਰ 1984 ਨੂੰ ਡੁੱਲ੍ਹੇ ਬੇਗੁਨਾਹ ਸਿੱਖਾਂ ਦਾ ਖ਼ੂਨ ਵੀ ਇਨਸਾਫ ਤੇ ਅੰਤਰਰਾਸ਼ਟਰੀ ਭਾਈਚਾਰੇ ਦਾ ਧਿਆਨ ਮੰਗ ਰਿਹਾ ਹੈ।

ਦਲ ਖ਼ਾਲਸਾ ਦੇ ਸਿਆਸੀ ਸਕੱਤਰ ਕੰਵਰਪਾਲ ਸਿੰਘ ਨੇ ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰ ਦੇ ਹਾਈ ਕਮਿਸ਼ਨਰ ਨਵੀ ਪਿੱਲੇ ਨੂੰ ਪੱਤਰ ਲਿਖ ਕੇ ਯੂ.ਐਨ.ਓ ਕੋਲੋਂ ਮੰਗ ਕੀਤੀ ਕਿ ਉਹ ਭਾਰਤ ਅੰਦਰ ਘੱਟ ਗਿਣਤੀਆਂ ਨਾਲ ਹੋਏ ਜ਼ੁਲਮਾਂ ਤੇ ਮਨੁੱਖੀ ਅਧਿਕਾਰਾਂ ਦੇ ਘਾਣ ਦੇ ਮੁੱਦੇ 'ਤੇ ਦਖ਼ਲ-ਅੰਦਾਜ਼ੀ ਕਰਕੇ ਸਿੱਖਾਂ ਤੇ ਕਸ਼ਮੀਰੀਆਂ ਨੂੰ ਇਨਸਾਫ ਦੇ ਨਾਲ-ਨਾਲ ਉਨ੍ਹਾਂ ਦੇ ਹੱਕ ਸੁਰੱਖਿਅਤ ਕਰਵਾਏ।

ਜਥੇਬੰਦੀ ਵੱਲੋਂ ਲਿਖਿਆ ਇਹ ਪੱਤਰ ਜੇਨੇਵਾ ਵਿਖੇ ਸੰਯੁਕਤ ਰਾਸ਼ਟਰ ਦੇ ਦਫ਼ਤਰ ਵਿਚ ਜਥੇਬੰਦੀ ਦੇ ਮਨੁੱਖੀ ਅਧਿਕਾਰ ਦੇ ਸਕੱਤਰ ਪ੍ਰਿਤਪਾਲ ਸਿੰਘ ਨੇ ਦੱਖਣ ਏਸ਼ੀਆ ਦੇ ਇੰਚਾਰਜ ਤੇ ਸੀਨੀਅਰ ਅਧਿਕਾਰੀ ਸ਼੍ਰੀਮਤੀ ਸਬੀਨਾ ਲੌਬਰ ਨੂੰ ਮਿਲ ਕੇ ਸੌਂਪਿਆ। ਸ਼੍ਰੀਮਤੀ ਸਬੀਨਾ ਲੌਬਰ ਨੇ ਦਲ ਖ਼ਾਲਸਾ ਸਕੱਤਰ ਨੂੰ ਯਕੀਨ ਦਿਵਾਇਆ ਕਿ ਉਨ੍ਹਾਂ ਦੀਆਂ ਚਿੰਤਾਵਾਂ ਤੇ ਵਿਚਾਰ ਉਹ ਆਲਾ ਅਫ਼ਸਰਾਂ ਤੱਕ ਪਹੁੰਚਦੇ ਕਰਨਗੇ।

# ਸਾਕਾ ਨੀਲਾ ਤਾਰਾ ਭਾਰਤ ਦੇ ਇਤਿਹਾਸ 'ਤੇ ਧੱਬਾ: ਕੈਮਰੌਨ

**ਲੰਡਨ:** ਬਰਤਾਨਵੀ ਪ੍ਰਧਾਨ ਮੰਤਰੀ ਡੇਵਿਡ ਕੈਮਰੌਨ ਨੇ ਪਾਰਲੀਮੈਂਟ ਵਿਚ ਸਾਕਾ ਨੀਲਾ ਤਾਰਾ ਨੂੰ ਆਜ਼ਾਦ ਭਾਰਤ ਦੇ ਇਤਿਹਾਸ 'ਤੇ ਇਕ ਕਾਲਾ ਧੱਬਾ ਦੱਸਿਆ ਹੈ। ਕੈਮਰੌਨ ਨੇ ਪਾਰਲੀਮੈਂਟ ਵਿਚ ਗ੍ਰੇਵਸ਼ੈਮ ਦੇ ਐਮ.ਪੀ ਐਲਮ ਹੌਲੋਵੇਅ ਵੱਲੋਂ ਸਿੱਖਾਂ ਨੂੰ ਇਨਸਾਫ਼ ਦਿਵਾਉਣ ਲਈ ਉਠਾਏ ਗਏ ਸਵਾਲ ਦੇ ਜਵਾਬ ਵਿਚ ਕਿਹਾ ਕਿ 30 ਸਾਲ ਪਹਿਲਾਂ ਜੋ ਕੁਝ ਹੋਇਆ ਸੀ, ਉਸ ਨੇ ਹਰ ਸਿੱਖ ਨੂੰ ਦਰਦ ਦਿੱਤਾ।

ਉਨ੍ਹਾਂ ਕਿਹਾ ਕਿ ਅਸੀਂ ਭਾਰਤ ਦੀ ਨਿਆਂ ਪ੍ਰਣਾਲੀ ਵਿਚ ਦਖ਼ਲ ਨਹੀਂ ਦੇ ਸਕਦੇ ਜਦਕਿ ਸਾਡੇ ਲਈ ਮਹੱਤਵਪੂਰਨ ਇਹ ਹੈ ਕਿ ਸਾਨੂੰ ਸਿੱਖਾਂ ਵੱਲੋਂ ਬਰਤਾਨਵੀ ਸੱਭਿਆਚਾਰ, ਕਾਮਯਾਬ ਕਾਰੋਬਾਰਾਂ, ਫੌਜ ਤੇ ਹੋਰਾਂ ਖੇਤਰਾਂ ਵਿਚ ਪਾਏ ਯੋਗਦਾਨ ਦਾ ਸਤਿਕਾਰ ਕਰਨਾ ਚਾਹੀਦਾ ਹੈ। ਐਡਮ ਹੌਲੋਵੇਅ ਕੰਜ਼ਰਵੇਟਿਵ ਪਾਰਟੀ ਦੇ ਗ੍ਰੇਵਸ਼ੈਮ ਤੋਂ ਸੰਸਦ ਹਨ। ਉਨ੍ਹਾਂ ਨੇ ਸਿੱਖਾਂ ਵੱਲੋਂ ਕੀਤੀ ਜਾ ਰਹੀ ਜਨਤਕ ਜਾਂਚ ਦੀ ਮੰਗ ਦੀ ਹਮਾਇਤ ਕੀਤੀ ਹੈ।

ਦੂਜੇ ਪਾਸੇ ਸਿੱਖ ਫੈਡਰੇਸ਼ਨ ਵੱਲੋਂ ਹੁਣ ਤੱਕ ਜਿਨ੍ਹਾਂ ਭਾਰਤੀ ਮੂਲ ਦੇ ਹਿੰਦੂ, ਸਿੱਖਾਂ ਤੇ ਮੁਸਲਿਮ ਰਾਜਨੀਤਕਾਂ ਵੱਲੋਂ ਸਿੱਖਾਂ ਦੀ ਇਸ ਮੰਗ ਦੀ ਹਮਾਇਤ ਕੀਤੀ ਹੈ, ਉਨ੍ਹਾਂ ਦੇ ਨਾਂ ਨਸ਼ਰ ਕੀਤੇ ਹਨ ਜਿਨ੍ਹਾਂ ਵਿਚ ਸੰਸਦ ਮੈਂਬਰ ਵਰਿੰਦਰ ਸ਼ਰਮਾ ਈਲਿੰਗ ਸਾਊਥਾਲ, ਜਸ਼ਮੀਨ ਕੁਰੈਸ਼ੀ ਬੋਲਟਡ ਸਾਊਥ ਈਸਟ, ਖਾਲਿਦ ਮਹਿਮੂਦ ਬ੍ਰਮਿੰਘਮ ਪੈਰੀ ਬਾਰ, ਕੀਥ ਵਾਜ਼ ਲੈਸਟਰ ਈਸਟ, ਸ਼ਬਾਨਾ ਮਹਿਮੂਦ ਬ੍ਰਮਿੰਘਮ ਲੇਡੀਵੁਡ, ਯੂਰਪੀਅਨ ਸੰਸਦ



ਮੈਂਬਰ ਕੌਡੀ ਮੌਰਿਸ ਲੰਡਨ, ਯੂਰਪੀਅਨ ਸੰਸਦ ਉਮੀਦਵਾਰ ਨੀਨਾ ਗਿੱਲ ਵੈਸਟ ਮਿਡਲੈਂਡ, ਬਰਤਾਨਵੀ ਸੰਸਦ ਉਮੀਦਵਾਰ ਤਨਮਨਜੀਤ ਸਿੰਘ ਢੇਸੀ ਗ੍ਰੇਵਸ਼ੈਮ, ਚਰਨਜੀਤ ਸਿੰਘ ਸਾਊਥ ਵੈਸਟ ਡੇਵਨ ਸ਼ਾਮਲ ਹਨ।

ਜਦਕਿ ਇਕੋ-ਇਕ ਸਿੱਖ ਐਮ.ਪੀ ਪੋਲ ਉੱਪਲ ਨੇ ਇਸ ਮਾਮਲੇ ਵਿਚ ਅਜੇ ਤੱਕ ਚੁੱਪ ਧਾਰੀ ਹੋਈ ਹੈ। ਜ਼ਿਕਰਯੋਗ ਹੈ ਕਿ ਸਿੱਖ ਫੈਡਰੇਸ਼ਨ ਯੂ.ਕੇ ਵੱਲੋਂ ਸਾਕਾ ਨੀਲਾ ਤਾਰਾ ਵਿਚ ਬਰਤਾਨਵੀ ਭੂਮਿਕਾ ਬਾਰੇ ਜਨਤਕ ਜਾਂਚ ਦੀ ਮੰਗ ਦੀ ਹਮਾਇਤ ਕਰਨ ਵਾਲੇ ਰਾਜਨੀਤਕਾਂ ਦੀ ਸੂਚੀ ਜਾਰੀ ਕੀਤੀ ਹੈ।

## ਆਸਟ੍ਰੇਲੀਆ ਵੱਲੋਂ ਭਾਰਤੀ ਵਿਦਿਆਰਥੀਆਂ ਲਈ ਕਾਨੂੰਨ ਨਰਮ

**ਸਿਡਨੀ:** ਆਸਟ੍ਰੇਲੀਅਨ ਸਰਕਾਰ ਨੇ ਭਾਰਤ ਤੋਂ ਪੜ੍ਹਨ ਲਈ ਆਉਣ ਵਾਲੇ ਚਾਹਵਾਨਾਂ ਲਈ ਵੀਜ਼ਾ ਲੈਣਾ ਹੋਰ ਵੀ ਆਸਾਨ ਕਰ ਦਿੱਤਾ ਹੈ। ਵਿਦਿਆਰਥੀਆਂ ਲਈ ਨਿਯਮਾਂ ਵਿਚ ਨਰਮੀ ਕਰਦਿਆਂ ਛੇ ਮਹੀਨੇ ਦੀ ਥਾਂ ਬੈਂਕ ਦੇ ਤਿੰਨ ਮਹੀਨੇ ਪੁਰਾਣੇ ਫੰਡ ਵਿਖਾਉਣ ਨੂੰ ਮਨਜ਼ੂਰੀ ਦੇ ਦਿੱਤੀ ਹੈ। ਨਿਯਮਾਂ ਵਿਚ ਇਕ ਹੋਰ ਨਰਮੀ ਕਰਦਿਆਂ ਸਬੰਧਤ ਵਿਭਾਗ ਨੇ 18 ਮਹੀਨਿਆਂ ਦੀ ਜਗ੍ਹਾ ਹੁਣ ਸਿਰਫ਼ 12 ਮਹੀਨਿਆਂ ਦਾ ਆਪਣੇ ਕੋਲ ਖਰਚਾ ਦਿਖਾ ਕੇ ਕੋਈ ਵੀ ਵਿਦਿਆਰਥੀ ਆਪਣੇ ਪਸੰਦ ਦੇ ਕੋਰਸ ਵਿਚ ਦਾਖਲਾ ਲੈ ਸਕਦਾ ਹੈ।

ਭਾਰਤ ਤੋਂ ਆਸਟ੍ਰੇਲੀਆ ਆਉਣ ਲਈ ਪਹਿਲਾਂ ਅਸੈਸਮੈਂਟ ਲੇਬਲ ਚਾਰ ਸੀ ਜਿਸ ਅਧੀਨ ਛੇ ਮਹੀਨੇ ਪੁਰਾਣੇ ਫੰਡ ਦਿਖਾਉਣੇ ਪੈਂਦੇ ਸਨ ਤੇ 18 ਮਹੀਨਿਆਂ ਦੀ ਪੜ੍ਹਾਈ ਦਾ ਖਰਚਾ ਦਿਖਾਉਣਾ ਹੁੰਦਾ ਸੀ ਪਰ ਨਵੇਂ ਨਿਯਮਾਂ ਵਿਚ ਵਿਭਾਗ ਨੇ ਅਸੈਸਮੈਂਟ ਲੇਬਲ-5 ਤੇ ਚਾਰ ਖਤਮ ਕਰ ਦਿੱਤਾ ਹੈ ਤੇ ਹੁਣ ਸਿਰਫ਼ ਅਸੈਸਮੈਂਟ ਲੇਬਲ-3 ਹੀ ਹੈ ਜਿਸ ਵਿਚ ਤਿੰਨ ਮਹੀਨੇ ਪੁਰਾਣਾ ਫੰਡ ਤੇ 12 ਮਹੀਨੇ ਦਾ ਖਰਚਾ ਦਿਖਾਉਣਾ ਹੋਵੇਗਾ।

ਇਸ ਨਾਲ ਇਥੇ ਆਉਣ ਦੇ ਚਾਹਵਾਨ ਵਿਦਿਆਰਥੀਆਂ ਨੂੰ ਪਹਿਲਾਂ ਨਾਲੋਂ 35 ਫੀਸਦੀ ਤੋਂ ਵੀ ਘੱਟ ਪੈਸੇ ਦਿਖਾਉਣੇ ਪੈਣਗੇ। ਨਿਯਮ ਮੁਤਾਬਕ ਫੰਡ ਦਾ ਸਬੂਤ ਦੇਣਾ ਪਵੇਗਾ ਕਿ ਇਹ ਕਿਥੋਂ ਆਇਆ ਹੈ ਅਤੇ ਇਹ ਫੰਡ ਸਿਰਫ਼ ਨੇੜੇ ਦਾ ਰਿਸ਼ਤੇਦਾਰ ਹੀ ਦਿਖਾ ਸਕੇਗਾ। ਇਸ ਨਿਯਮ ਸਦਕਾ ਜਿਥੇ ਆਉਣ ਵਾਲੇ ਚਾਹਵਾਨਾਂ ਨੂੰ ਥੋੜ੍ਹੀ ਨਰਮੀ ਹੋਵੇਗੀ, ਉਥੇ ਅਪਲਾਈ ਕਰਨ ਵਾਲੇ ਸਿਰਫ਼ ਅਸਲੀ ਕਾਗਜ਼ਾਤ ਹੀ ਲਾਉਣਗੇ।

# ਘੱਟ-ਗਿਣਤੀਆਂ ਦੇ 90 % ਧਾਰਮਿਕ ਸਥਾਨਾਂ ਦਾ ਸਫਾਇਆ

**ਇਸਲਾਮਾਬਾਦ:** ਇਕ ਸਰਵੇ ਵਿਚ ਖੁਲਾਸਾ ਕੀਤਾ ਗਿਆ ਹੈ ਕਿ ਪਾਕਿਸਤਾਨ ਵਿਚ ਘੱਟ ਗਿਣਤੀਆਂ ਦੇ 95 ਫੀਸਦੀ ਪੂਜਾ ਸਥਾਨ ਵਪਾਰਕ ਸਥਾਨਾਂ ਵਿਚ ਤਬਦੀਲ ਹੋ ਚੁੱਕੇ ਹਨ। 'ਆਲ ਪਾਕਿਸਤਾਨ ਹਿੰਦੂ ਰਾਈਟਸ ਮੂਵਮੈਂਟ' ਵੱਲੋਂ ਕੀਤੇ ਗਏ ਇਕ ਸਰਵੇ ਵਿਚ ਪਤਾ ਲੱਗਾ ਹੈ ਕਿ 1990 ਪਿੱਛੋਂ ਘੱਟ ਗਿਣਤੀਆਂ ਨਾਲ ਸਬੰਧਤ 428 ਪੂਜਾ ਸਥਾਨਾਂ ਵਿਚੋਂ 408 ਖਿਡੌਣਿਆਂ ਦੇ ਸਟੋਰਾਂ, ਹੋਟਲਾਂ, ਸਰਕਾਰੀ ਦਫ਼ਤਰਾਂ ਤੇ ਸਕੂਲਾਂ ਵਿਚ ਤਬਦੀਲ ਹੋ ਚੁੱਕੇ ਹਨ।

ਅੰਗਰੇਜ਼ੀ ਰੋਜ਼ਾਨਾ ਐਕਸਪ੍ਰੈੱਸ ਟ੍ਰਿਬਿਊਨ ਵਿਚ ਛਪੀ ਰਿਪੋਰਟ ਮੁਤਾਬਕ ਸਿਰਫ਼ 20 ਹਿੰਦੂ ਮੰਦਿਰ ਹੀ ਬਚੇ ਹਨ। ਮੂਵਮੈਂਟ ਦੇ ਚੇਅਰਮੈਨ ਹਾਰੂਨ ਸਰਬ ਦਿਆਲ ਨੇ ਅਖ਼ਬਾਰ ਨੂੰ ਦਸਤਾਵੇਜ਼ ਵਿਖਾਉਂਦਿਆਂ ਦੱਸਿਆ ਕਿ ਇਵਾਕੂਈ ਟਰਸਟ ਪ੍ਰਾਪਰਟੀ ਬੋਰਡ ਵੱਲੋਂ ਬਾਕੀ ਧਾਰਮਿਕ ਸਥਾਨਾਂ ਨੂੰ ਵਪਾਰਕ ਤੇ ਰਿਹਾਇਸ਼ੀ ਮੰਤਵਾਂ ਲਈ ਪਟੇ ਉਪਰ ਦੇ ਦਿੱਤਾ




ਗਿਆ ਹੈ। ਦੇਸ਼ ਦੀ ਰਾਜਧਾਨੀ ਇਸਲਾਮਾਬਾਦ ਤੇ ਪੇਸ਼ਾਵਰ ਦੇ ਦੂਰ-ਦਰਾਡੇ ਖੇਤਰਾਂ ਵਿਚ ਸਥਿਤੀ ਕੋਈ ਵੱਖਰੀ ਨਹੀਂ ਹੈ।

ਇਸਲਾਮਾਬਾਦ ਨੇੜੇ ਮਰਗਲਾ ਪਹਾੜੀਆਂ ਦੀਆਂ ਢਲਾਨਾਂ ਉਪਰ ਸਥਿਤ ਮੁਗਲ ਰਾਜ ਵੇਲੇ ਦੇ ਪਿੰਡ ਸੈਦਪੁਰ ਵਿਖੇ ਮੰਦਿਰ ਦਾ ਰਾਮ ਕੁੰਡ ਕੰਪਲੈਕਸ ਹੁਣ ਪਿਕਨਿਕ ਸਥਾਨ ਬਣਾ ਚੁੱਕਾ ਹੈ। ਇਸਲਾਮਾਬਾਦ ਦੇ ਦੱਖਣ ਪੂਰਬ ਵਿਚ 90 ਕਿਲੋਮੀਟਰ ਦੂਰ ਚੱਕਵਾਲ ਵਿਖੇ ਸਥਿਤ 10 ਪ੍ਰਸਿੱਧ ਮੰਦਿਰਾਂ, ਜਿਨ੍ਹਾਂ ਨੂੰ ਭੂਵਣ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ, ਦੀ ਵਰਤੋਂ ਹੁਣ ਵਪਾਰਕ ਮੰਤਵਾਂ ਲਈ ਹੋ ਰਹੀ ਹੈ।

ਇਸੇ ਤਰ੍ਹਾਂ ਪੇਸ਼ਾਵਰ ਦੇ ਛਾਉਣੀ ਖੇਤਰ ਵਿਚ ਇਕ ਸਰਕਾਰੀ ਸਕੂਲ ਚੱਲ ਰਿਹਾ ਹੈ ਜਿਥੇ ਕਦੀ ਇਤਿਹਾਸਕ ਹਿੰਦੂ ਮੰਦਿਰ ਹੁੰਦਾ ਸੀ। ਕੋਹਾਟ ਸਥਿਤ ਸ਼ਿਵ ਮੰਦਿਰ ਨੂੰ ਸਰਕਾਰੀ ਪ੍ਰਾਇਮਰੀ ਸਕੂਲ ਵਿਚ ਤਬਦੀਲ ਕਰ ਦਿੱਤਾ ਗਿਆ ਹੈ। ਇਸੇ ਤਰ੍ਹਾਂ ਡੇਰਾ ਇਸਮਾਇਲ ਖਾਨ ਸਥਿਤ ਇਤਿਹਾਸਕ ਕਾਲੀ ਬਾਰੀ ਮੰਦਿਰ ਦੀ ਵਰਤੋਂ ਹੋਟਲ ਦੇ ਤੌਰ 'ਤੇ ਕੀਤੀ ਜਾ ਰਹੀ ਹੈ। ਪਾਕਿਸਤਾਨ ਦੇ ਧਾਰਮਿਕ ਮਾਮਲਿਆਂ ਬਾਰੇ ਮੰਤਰੀ ਸਰਦਾਰ ਯੂਸਫ ਨੇ ਸਰਵੇ ਦੀਆਂ ਲੱਭਤਾਂ ਨੂੰ ਇਕ ਗੰਭੀਰ ਮਾਮਲਾ ਕਰਾਰ ਦਿੱਤਾ ਹੈ।

ਗੁਰਮਤਿ ਵਿਚਾਰ

# ਗੁਰੁ ਦਾਤਾ ਗੁਰੁ ਹਿਵੈ ਘਰੁ ਗੁਰੁ ਦੀਪਕੁ ਤਿਹੁ ਲੋਇ



ਡਾ. ਗੁਰਨਾਮ ਕੌਰ, ਕੈਨੇਡਾ

ਗੁਰੂ ਨਾਨਕ ਦੇਵ ਜੀ ਨੇ ਰਾਗ ਮਾਝ ਵਿਚ ਰਚੀ ਵਾਰ ਦੇ ਇਸ ਸਲੋਕ 'ਗੁਰੁ ਦਾਤਾ ਗੁਰੁ ਹਿਵੈ ਘਰੁ ਗੁਰੁ ਦੀਪਕੁ ਤਿਹੁ ਲੋਇ' ਵਿਚ ਗੁਰੂ ਨੂੰ ਦਾਤਾ ਕਿਹਾ ਹੈ ਕਿਉਂਕਿ ਗੁਰੂ ਨਾਮ ਦੀ ਦਾਤ ਬਖਸ਼ਿਸ਼ ਕਰਦਾ ਹੈ। ਗੁਰੂ ਨੂੰ ਠੰਡ ਦਾ ਘਰ ਅਰਥਾਤ ਸੋਮਾ ਕਿਹਾ ਹੈ ਕਿਉਂਕਿ ਨਾਮ ਸਿਮਰਨ ਨਾਲ, ਜੋ ਗੁਰੂ ਤੋਂ ਪ੍ਰਾਪਤ ਹੁੰਦਾ ਹੈ, ਮਨੁੱਖੀ ਮਨ ਸ਼ਾਂਤ ਹੋ ਜਾਂਦਾ ਹੈ, ਉਸ ਨੂੰ ਠੰਢਕ ਪਹੁੰਚਦੀ ਹੈ। ਗੁਰੂ ਸਾਹਿਬ ਨੇ ਗੁਰੂ ਨੂੰ ਤਿੰਨਾਂ ਹੀ ਲੋਕਾਂ ਵਿਚ ਚਾਨਣ ਕਰਨ ਵਾਲਾ ਦੀਪਕ ਕਿਹਾ ਹੈ ਕਿਉਂਕਿ ਗੁਰੂ ਗਿਆਨ ਦੀ ਰੌਸ਼ਨੀ ਫੈਲਾਉਂਦਾ ਹੈ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਨਾਮ-ਰੂਪੀ ਸਦੀਵੀ ਰਹਿਣ ਵਾਲੀ ਵਸਤੂ ਗੁਰੂ ਤੋਂ ਪ੍ਰਾਪਤ ਹੁੰਦੀ ਹੈ, ਇਸ ਲਈ ਜਿਸ ਮਨੁੱਖ ਦਾ ਮਨ ਗੁਰੂ ਦੇ ਮਨ ਨਾਲ ਇਕਸੁਰ ਹੋ ਜਾਂਦਾ ਹੈ, ਉਸ ਦਾ ਮਨ ਸੁਖੀ ਹੋ ਜਾਂਦਾ ਹੈ, ਉਸ ਨੂੰ ਸੁੱਖਾਂ ਦੀ ਪ੍ਰਾਪਤੀ ਹੋ ਜਾਂਦੀ ਹੈ,

ਗੁਰੁ ਦਾਤਾ ਗੁਰੁ ਹਿਵੈ
ਘਰੁ ਗੁਰੁ ਦੀਪਕੁ ਤਿਹੁ ਲੋਇ॥
ਅਮਰ ਪਦਾਰਥੁ ਨਾਨਕਾ
ਮਨਿ ਮਾਨਿਐ ਸੁਖੁ ਹੋਇ॥੧॥

(ਪੰਨਾ ੧੩੭)

ਇਸ ਵਾਰ ਦੇ ਦੂਸਰੇ ਸਲੋਕ ਵਿਚ ਗੁਰੂ ਨਾਨਕ ਦੇਵ ਜੀ ਮਨੁੱਖ ਦੇ ਜੀਵਨ ਦੇ ਵੱਖ ਵੱਖ ਪੜਾਵਾਂ ਦੀ ਗੱਲ ਕਰਦੇ ਹਨ ਕਿ ਮਨੁੱਖ ਦੇ ਜੀਵਨ ਦੀ ਮੁੱਢਲੀ ਅਵਸਥਾ ਵਿਚ ਮਨੁੱਖ ਮਾਂ ਦੇ ਦੁੱਧ ਦੇ ਪਿਆਰ ਵਿਚ ਲੱਗਿਆ ਹੁੰਦਾ ਹੈ। ਇਸ ਤੋਂ ਬਿਨਾ ਉਸ ਦਾ ਹੋਰ ਕੋਈ ਲਗਾਉ ਨਹੀਂ ਹੁੰਦਾ ਕਿਉਂਕਿ ਉਸ ਨੂੰ ਹੋਰ ਕਿਸੇ ਚੀਜ਼ ਦੀ ਬਹੁਤੀ ਚੇਤਨਾ ਹੀ ਨਹੀਂ ਹੁੰਦੀ। ਦੂਸਰੀ ਅਵਸਥਾ ਵਿਚ ਅਰਥਾਤ ਜਦੋਂ ਥੋੜ੍ਹਾ ਵੱਡਾ ਹੋ ਜਾਂਦਾ ਹੈ ਤਾਂ ਉਸ ਅੰਦਰ ਮਾਤਾ-ਪਿਤਾ ਦੀ ਸੋਝੀ ਆ ਜਾਂਦੀ ਹੈ ਅਰਥਾਤ ਉਸ ਨੂੰ ਮਾਂ-ਬਾਪ ਦੀ ਚੇਤਨਾ ਹੋ ਜਾਂਦੀ ਹੈ। ਤੀਸਰੀ ਅਵਸਥਾ ਵਿਚ ਉਸ ਨੂੰ ਆਪਣੇ ਆਸ-ਪਾਸ ਦੇ ਰਿਸ਼ਤਿਆਂ ਅਰਥਾਤ ਭਾਈ ਅਤੇ ਭੈਣ ਕੀ ਹੁੰਦੇ ਹਨ, ਦਾ ਅਹਿਸਾਸ ਹੋ ਜਾਂਦਾ ਹੈ। ਚੌਥੀ ਅਵਸਥਾ ਉਹ ਹੈ ਜਦੋਂ ਮਨੁੱਖ ਥੋੜ੍ਹਾ ਜਿਹਾ ਵੱਡਾ ਹੋ ਜਾਂਦਾ ਹੈ ਅਤੇ ਉਸ ਦਾ ਮਨ ਖੇਡਣ-ਕੁੱਦਣ ਵੱਲ ਲੱਗ ਜਾਂਦਾ ਹੈ। ਪੰਜਵੀਂ ਅਵਸਥਾ ਤੱਕ ਪਹੁੰਚਦਿਆਂ ਮਨੁੱਖ ਅੰਦਰ ਏਨੀ ਕੁ ਚੇਤਨਾ ਜਾਗ ਪੈਂਦੀ ਹੈ ਕਿ ਉਸ ਨੂੰ ਖਾਣ-ਪੀਣ ਦਾ ਸੁਆਦ ਲੱਗ ਜਾਂਦਾ ਹੈ ਅਤੇ ਲਾਲਚ ਜਾਗ ਪੈਂਦਾ ਹੈ। ਛੇਵੀਂ ਅਵਸਥਾ ਜੁਆਨ ਅਵਸਥਾ ਹੈ ਜਦੋਂ ਮਨੁੱਖ ਅੰਦਰ ਵਾਸ਼ਨਾ ਜਾਗ ਪੈਂਦੀ ਹੈ ਅਤੇ ਉਹ ਥਾਂ ਕੁਥਾਂ ਨਹੀਂ ਦੇਖਦਾ, ਵਾਸ਼ਨਾ ਉਸ ਦੇ ਅੰਦਰੋਂ ਸਮਾਜਿਕ ਚੇਤਨਾ ਵੀ ਖਤਮ ਕਰ ਦਿੰਦੀ ਹੈ।

ਗੁਰੂ ਸਾਹਿਬ ਆਖਦੇ ਹਨ ਕਿ ਸਤਵੀਂ ਅਵਸਥਾ ਵਿਚ ਮਨੁੱਖ ਆਪਣੀ ਕਬੀਲਦਾਰੀ, ਆਪਣੇ ਘਰ ਦਾ ਬੰਨ੍ਹ ਬਣਾਉਂਦਾ ਹੈ। ਉਸ ਤੋਂ ਅਗਲੀ ਅਵਸਥਾ ਅਰਥਾਤ ਅੱਠਵੇਂ ਪੜਾਅ 'ਤੇ ਕਬੀਲਦਾਰੀ ਵਿਚ ਖੁੱਭੇ ਹੋਣ ਕਰਕੇ ਉਸ ਅੰਦਰ ਕ੍ਰੋਧ ਵੱਧ ਜਾਂਦਾ ਹੈ ਜੋ ਸਰੀਰਕ ਤੌਰ ਤੇ ਉਸ ਦਾ ਨਾਸ ਮਾਰਦਾ ਹੈ। ਉਮਰ ਦੀ ਨੌਵੀਂ ਅਵਸਥਾ ਬੁਢਾਪੇ ਵੱਲ ਵੱਧ ਰਹੇ ਕਦਮ ਹਨ ਜਿਸ ਕਰਕੇ ਉਮਰ ਦੇ ਉਤਰਾ ਨਾਲ ਉਸ ਦੇ ਵਾਲ ਚਿੱਟੇ ਹੋ ਜਾਂਦੇ ਹਨ ਅਤੇ ਸਾਹ ਉਖੜਨ ਲੱਗ ਪੈਂਦਾ ਹੈ, ਸਰੀਰ ਥੱਕਣ ਲੱਗ ਪੈਂਦਾ ਹੈ। ਦਸਵੇਂ ਦਰਜ਼ੇ 'ਤੇ ਪਹੁੰਚ ਕੇ ਮਨੁੱਖ ਦੀ ਮੌਤ ਹੋ ਜਾਂਦੀ ਹੈ ਅਤੇ ਉਸ ਦਾ ਮੁਰਦਾ ਸਾੜ ਦਿੱਤਾ ਜਾਂਦਾ ਹੈ। ਉਸ ਦੇ ਸਾਥੀ ਉਸ ਦੀ ਮੌਤ 'ਤੇ ਰੋਂਦੇ ਹੋਏ ਉਸ ਦੇ ਅੰਤਮ ਸੰਸਕਾਰ ਲਈ ਜਾਂਦੇ ਹਨ, ਜੀਵ-ਆਤਮਾ ਸਰੀਰ ਨੂੰ ਛੱਡ ਕੇ ਅਗਲੇ ਜਹਾਨ ਦਾ ਰਸਤਾ ਫੜ ਲੈਂਦੀ ਹੈ। ਜੀਵ ਸੰਸਾਰ ਤੇ ਆਉਂਦਾ ਹੈ ਅਤੇ ਆਪਣਾ ਜੀਵਨ-ਪੰਧ ਮੁਕਾ ਕੇ ਤੁਰ ਜਾਂਦਾ ਹੈ। ਪਿੱਛੋਂ ਕਿਸੇ ਨੂੰ ਉਸ ਦਾ ਨਾਮ ਵੀ ਯਾਦ ਨਹੀਂ ਰਹਿੰਦਾ। ਬੱਸ ਉਸ ਦੇ ਪਿੰਡ ਭਰਾਉਣ ਵੇਲੇ ਕਾਂਵਾਂ ਨੂੰ ਬੁਲਾਇਆ ਜਾਂਦਾ ਹੈ। ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਆਪਣੇ ਮਨ ਦੇ ਪਿੱਛੇ ਲੱਗ ਕੇ ਤੁਰਨ ਵਾਲੇ ਮਨੁੱਖ ਦਾ ਇਸ ਸੰਸਾਰ ਨਾਲ ਮੋਹ ਅੰਨ੍ਹਿਆਂ ਵਾਲਾ ਮੋਹ ਹੈ। ਗੁਰੂ ਦੀ ਅਗਵਾਈ ਤੋਂ ਬਿਨਾ ਇਸ ਸੰਸਾਰਕ ਮੋਹ ਵਿਚ ਇਨਸਾਨ ਡੁੱਬ ਰਿਹਾ ਹੈ,

ਪਹਿਲੈ ਪਿਆਰਿ ਲਗਾ ਥਣ ਦੁਧਿ॥
ਦੂਜੈ ਮਾਇ ਬਾਪ ਕੀ ਸੁਧਿ॥
ਤੀਜੈ ਭਯਾ ਭਾਭੀ ਬੇਬ॥
ਚਉਥੈ ਪਿਆਰਿ ਉਪੰਨੀ ਖੇਡ॥
ਪੰਜਵੈ ਖਾਣ ਪੀਅਣ ਕੀ ਧਾਤੁ॥

(ਪੰਨਾ ੧੩੭)

ਤੀਸਰਾ ਸਲੋਕ ਵੀ ਗੁਰੂ ਨਾਨਕ ਸਾਹਿਬ ਦਾ ਮਨੁੱਖੀ ਅਵਸਥਾ ਬਾਰੇ ਹੀ ਹੈ ਕਿ ਦਸ ਸਾਲਾਂ ਦਾ ਜੀਵ ਬਚਪਨ ਵਿਚ ਹੁੰਦਾ ਹੈ ਅਤੇ ਵੀਹ ਸਾਲ ਦਾ ਹੋ ਕੇ ਜੁਆਨ ਅਵਸਥਾ ਵਿਚ ਪਹੁੰਚ ਜਾਂਦਾ ਹੈ ਜੋ ਵਾਸ਼ਨਾ ਦੀ ਅਵਸਥਾ ਹੈ। ਤੀਹ ਸਾਲ ਦਾ ਮਨੁੱਖ ਸੁੰਦਰ ਕਹਾਉਂਦਾ ਹੈ ਅਤੇ ਚਾਲੀ ਸਾਲ ਦੀ ਉਮਰ ਮਨੁੱਖ ਦੀ ਭਰ-ਜੁਆਨੀ ਦੀ ਅਵਸਥਾ ਹੈ। ਪੰਜਾਹ ਸਾਲ ਦਾ ਹੋ ਕੇ ਉਹ ਜੁਆਨੀ ਤੋਂ ਹੇਠਾਂ ਉਤਰਨ ਲੱਗ ਪੈਂਦਾ ਹੈ ਅਰਥਾਤ ਉਮਰ ਢਲਣ ਲੱਗਦੀ ਹੈ ਅਤੇ ਸੱਠ ਸਾਲ ਦੀ ਉਮਰ ਵਿਚ ਬੁਢਾਪਾ ਆ ਜਾਂਦਾ ਹੈ। ਸੱਤਰ ਸਾਲ ਦੀ ਉਮਰ 'ਤੇ ਪਹੁੰਚਦਿਆਂ ਮਨੁੱਖ ਦੀ ਬੁੱਧੀ ਘਟਣ ਲੱਗਦੀ ਹੈ ਅਤੇ ਅੱਸੀ ਸਾਲ ਤੱਕ ਪਹੁੰਚਦਿਆ ਸਰੀਰ ਬੇਕਾਰ ਹੋ ਜਾਂਦਾ ਹੈ, ਕੋਈ ਕੰਮ ਕਰਨ ਜੋਗਾ ਨਹੀਂ ਰਹਿੰਦਾ। ਨੱਬੇ ਸਾਲ ਤੱਕ ਪਹੁੰਚ ਕੇ ਮਨੁੱਖ ਬਲਹੀਣ ਹੋ ਜਾਂਦਾ ਹੈ ਅਤੇ ਮੰਜੇ ਤੋਂ ਆਪਣੇ ਆਪ ਹਿੱਲ ਨਹੀਂ ਸਕਦਾ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਇਸ ਸੰਸਾਰ ਨੂੰ ਭਾਲਿਆ ਅਤੇ ਦੇਖਿਆ ਹੈ, ਇਹ ਦੇਖਣ ਨੂੰ ਬਹੁਤ ਸੋਹਣਾ ਚਿੱਟਾ ਮੰਦਰ ਹੈ ਪਰ ਧੂੰਏਂ ਦਾ ਹੈ ਅਰਥਾਤ ਬਿਨਸਣਹਾਰ ਹੈ, ਸਥਿਰ ਰਹਿਣ ਵਾਲਾ ਨਹੀਂ ਹੈ,

ਦਸ ਬਾਲਤਣਿ ਬੀਸ ਰਵਣਿ
ਤੀਸਾ ਕਾ ਸੁੰਦਰੁ ਕਹਾਵੈ॥
ਚਾਲੀਸੀ ਪੁਰੁ ਹੋਇ
ਪਚਾਸੀ ਪਗੁ ਖਿਸੈ ਸਠੀ ਕੇ ਬੋਢੇਪਾ ਆਵੈ॥
ਸਤਰਿ ਕਾ ਮਤਿ ਹੀਣ
ਅਸੀਹਾਂ ਕਾ ਵਿਉਹਾਰੁ ਨ ਪਾਵੈ॥
ਨਵੈ ਕਾ ਸਿਹਜਾਸਣੀ
ਮੂਲਿ ਨ ਜਾਣੈ ਅਪ ਬਲੁ॥
ਢੰਢੋਲਿਮੁ ਢੂਢਿਮੁ ਡਿਠੁ ਮੈ
ਨਾਨਕ ਜਗੁ ਧੂਏ ਕਾ ਧਵਲਹਰੁ॥੩॥

(ਪੰਨਾ ੧੩੮)

ਅਗਲੀ ਪਉੜੀ ਵਿਚ ਗੁਰੂ ਨਾਨਕ ਸਾਹਿਬ ਇਸ ਸੰਸਾਰ ਦੀ ਬਹੁਲਤਾ, ਇਸ ਦੀ ਵੰਨ-ਸੁਵੰਨਤਾ ਨੂੰ ਪ੍ਰਵਾਨ ਕਰਦੇ ਹੋਏ ਦੱਸਦੇ ਹਨ ਕਿ ਉਹ ਅਕਾਲ ਪੁਰਖ ਸਿਰਜਣਹਾਰ ਅਪਹੁੰਚ ਹੈ ਜਿਸ ਨੇ ਇਹ ਸੰਸਾਰ ਪੈਦਾ ਕੀਤਾ ਹੈ। ਉਸ ਨੇ ਇਸ ਸੰਸਾਰ ਨੂੰ ਰੰਗਾ-ਰੰਗ ਦਾ ਬਹੁਤ ਵਿਧੀਆਂ ਰਾਹੀਂ ਬਣਾਇਆ ਹੈ। ਜਿਸ ਨੇ ਇਸ ਸੰਸਾਰ ਦੇ ਸਾਰੇ ਖੇਲ ਨੂੰ ਪੈਦਾ ਕੀਤਾ ਹੈ, ਇਹ ਤਮਾਸ਼ਾ ਰਚਿਆ ਹੈ, ਉਹ ਇਸ ਖੇਲ ਨੂੰ ਆਪ ਹੀ ਜਾਣਦਾ ਹੈ। ਇਸ ਸੰਸਾਰਕ ਖੇਡ ਵਿਚ ਕਈ ਜੀਵ ਇਸ ਸੰਸਾਰ 'ਤੇ ਆ ਰਹੇ ਹਨ ਅਤੇ ਕਈ ਜਾ ਰਹੇ ਹਨ ਅਤੇ ਜੋ ਨਾਮ ਤੋਂ ਸੱਖਣੇ ਹਨ ਉਹ ਇਸ ਸੰਸਾਰ ਤੋਂ ਮਰ ਕੇ ਦੁਖੀ ਹੋ ਕੇ ਜਾਂਦੇ ਹਨ। ਪਰ ਜੋ ਗੁਰੂ ਦੇ ਦੱਸੇ ਰਸਤੇ 'ਤੇ ਚੱਲਣ ਵਾਲੇ ਹਨ, ਉਹ ਅਕਾਲ ਪੁਰਖ ਦੇ ਪ੍ਰੇਮ ਦੇ ਰੰਗ ਵਿਚ ਨਿਰੋਲ ਗੂੜ੍ਹੇ ਰੰਗੇ ਹੋਏ ਹਨ।

ਗੁਰੂ ਨਾਨਕ ਸਾਹਿਬ ਉਸ ਅਕਾਲ ਪੁਰਖ ਦਾ ਸਿਮਰਨ ਕਰਨ ਦਾ ਉਪਦੇਸ਼ ਦਿੰਦੇ ਹਨ ਜੋ ਇਸ ਸੰਸਾਰ ਨੂੰ ਪੈਦਾ ਕਰਨ ਵਾਲਾ ਹੈ ਅਤੇ ਇਸ ਦੇ ਕਣ ਕਣ ਵਿਚ ਵੱਸ ਰਿਹਾ ਹੈ। ਗੁਰੂ ਸਾਹਿਬ ਅਕਾਲ ਪੁਰਖ ਅੱਗੇ ਅਰਦਾਸ ਕਰਦੇ ਹਨ ਕਿ ਜੋ ਤੇਰਾ ਨਾਮ ਸਿਮਰਦੇ ਹਨ, ਤੇਰਾ ਧਿਆਨ ਧਰਦੇ ਹਨ, ਉਹ ਉਨ੍ਹਾਂ ਨੇਕ ਮਨੁੱਖਾਂ ਦੇ ਵਾਰੇ ਵਾਰੇ ਜਾਂਦੇ ਹਨ, ਸਦਕੇ ਜਾਂਦੇ ਹਨ,

ਤੂੰ ਕਰਤਾ ਪੁਰਖੁ ਅਗੰਮੁ ਹੈ
ਆਪਿ ਸ੍ਰਿਸਟਿ ਉਪਾਤੀ॥
ਰੰਗ ਪਰੰਗ ਉਪਾਰਜਨਾ
ਬਹੁ ਬਹੁ ਬਿਧਿ ਭਾਤੀ॥
ਤੂੰ ਜਾਣਹਿ ਜਿਨਿ ਉਪਾਈਐ
ਸਭੁ ਖੇਲੁ ਤੁਮਾਤੀ॥ (ਪੰਨਾ ੧੩੮)

ਇਸ ਤੋਂ ਅੱਗੇ ਗੁਰੂ ਨਾਨਕ ਸਾਹਿਬ ਦਾ ਸਲੋਕ ਹੈ, ਜਿਸ ਵਿਚ ਦੱਸਦੇ ਹਨ ਕਿ ਅਕਾਲ ਪੁਰਖ ਨੇ ਮਨੁੱਖ ਦਾ ਸਰੀਰ ਸਾਜ ਕੇ, ਸੋਹਣੀ ਘਾੜਤ ਘੜ ਕੇ, ਵਿਚ ਜਾਨ ਪਾ ਦਿੱਤੀ। ਅਕਾਲ ਪੁਰਖ ਨੇ ਮਨੁੱਖ ਨੂੰ ਗਿਆਨ ਇੰਦ੍ਰੇ ਦਿੱਤੇ ਹਨ ਜਿਸ ਕਰਕੇ ਉਹ ਅੱਖਾਂ ਨਾਲ ਦੇਖਦਾ, ਜੀਭ ਨਾਲ ਬੋਲਦਾ ਹੈ ਅਤੇ ਕੰਨਾਂ ਵਿਚ ਸੁਣਨ ਦੀ ਸ਼ਕਤੀ ਹੈ, ਪੈਰਾਂ ਨਾਲ ਤੁਰਦਾ ਹੈ, ਹੱਥਾਂ ਨਾਲ ਕੰਮ ਕਰਦਾ ਹੈ ਅਤੇ ਅਕਾਲ ਪੁਰਖ ਦਾ ਬਖਸ਼ਿਸ਼ ਕੀਤਾ ਪਹਿਨਦਾ ਹੈ। ਪਰ ਜਿਸ ਅਕਾਲ ਪੁਰਖ ਨੇ ਇਸ ਸਰੀਰ ਨੂੰ ਬਣਾਇਆ ਅਤੇ ਸੁਆਰਿਆ ਹੈ, ਉਸ ਦੀ ਇਹ ਮਨੁੱਖ ਪਛਾਣ ਨਹੀਂ ਕਰਦਾ। ਬੇਸਮਝ, ਅਕਲ ਦਾ ਅੰਨ੍ਹਾ ਮਨੁੱਖ ਕੁਰਾਹੇ ਪਿਆ ਭਟਕਦਾ ਰਹਿੰਦਾ ਹੈ। ਜਦੋਂ ਇਸ ਦਾ ਸਰੀਰ-ਰੂਪੀ ਭਾਂਡਾ ਟੁੱਟ ਜਾਂਦਾ ਹੈ, ਠੀਕਰ ਹੋ ਜਾਂਦਾ ਹੈ ਤਾਂ ਇਹ ਸਰੀਰ ਕਿਸੇ ਕੰਮ ਦਾ ਨਹੀਂ ਰਹਿੰਦਾ ਅਤੇ ਇੱਕ ਵਾਰ ਟੁੱਟ ਕੇ ਇਹ ਭਾਂਡਾ ਮੁੜ ਕੇ ਨਹੀਂ ਜੁੜਦਾ। ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਅਕਲ-ਵਿਹੂਣਾ ਮਨੁੱਖ ਉਸ ਅਕਾਲ ਪੁਰਖ ਦੀ ਬਖਸ਼ਿਸ਼ ਤੋਂ ਵਾਂਝਾ ਰਹਿੰਦਾ ਹੈ ਤੇ ਅਕਾਲ ਪੁਰਖ ਦੀ ਮਿਹਰ ਤੋਂ ਬਿਨਾਂ ਇਸ ਔਝੜ ਵਿਚੋਂ ਪਾਰ ਨਹੀਂ ਹੋ ਸਕਦਾ,

ਜੀਉ ਪਾਇ ਤਨੁ ਸਾਜਿਆ
ਰਖਿਆ ਬਣਤ ਬਣਾਇ॥
ਅਖੀ ਦੇਖੈ ਜਿਹਵਾ ਬੋਲੈ
ਕੰਨੀ ਸੁਰਤਿ ਸਮਾਇ॥
ਪੈਰੀ ਚਲੈ ਹਥੀ ਕਰਣਾ
ਦਿਤਾ ਪੈਨੈ ਖਾਇ॥ (ਪੰਨਾ ੧੩੮)

ਅਗਲਾ ਸਲੋਕ ਦੂਸਰੀ ਨਾਨਕ ਜੋਤਿ ਗੁਰੂ ਅੰਗਦ ਦੇਵ ਜੀ ਦਾ ਹੈ। ਗੁਰੂ ਅੰਗਦ ਦੇਵ ਜੀ ਦੱਸਦੇ ਹਨ ਕਿ ਆਪਣੇ ਮਨ ਦੇ ਪਿੱਛੇ ਲੱਗ ਕੇ ਤੁਰਨ ਵਾਲੇ ਮਨੁੱਖ ਨੂੰ ਬਖਸ਼ਿਸ਼ਾਂ ਕਰਨ ਵਾਲੇ ਅਕਾਲ ਪੁਰਖ ਨਾਲੋਂ ਉਸ ਦੇ ਬਖਸ਼ਿਸ਼ ਕੀਤੇ ਹੋਏ ਦੁਨਿਆਵੀ ਪਦਾਰਥ ਜ਼ਿਆਦਾ ਚੰਗੇ ਲੱਗਦੇ ਹਨ। ਉਸ ਮਨੁੱਖ ਦੀ ਸੂਝ, ਬੁੱਧੀ ਅਤੇ ਅਕਲ ਨੂੰ ਲਫ਼ਜ਼ਾਂ ਨਾਲ ਨਹੀਂ ਦੱਸਿਆ ਜਾ ਸਕਦਾ। ਅਜਿਹਾ ਮਨੁੱਖ ਆਪਣੇ ਵੱਲੋਂ ਅੰਦਰਖਾਤੇ ਮਾੜੇ ਕੰਮ ਕਰਦਾ ਹੈ ਪਰ ਉਹ ਸਾਰੀ ਦੁਨੀਆਂ ਨੂੰ ਪਤਾ ਲੱਗ ਜਾਂਦੇ ਹਨ ਅਤੇ ਉਹ ਸਾਰਿਆਂ ਵਿਚ ਉਜਾਗਰ ਹੋ ਜਾਂਦਾ ਹੈ। ਜਿਹੜਾ ਮਨੁੱਖ ਚੰਗੇ ਕੰਮ ਕਰਦਾ ਹੈ, ਧਰਮ ਦੇ ਕੰਮ ਕਰਦਾ ਹੈ, ਉਸ ਨੂੰ ਧਰਮੀ ਕਰਕੇ ਜਾਣਿਆ ਜਾਂਦਾ ਹੈ ਅਤੇ ਜੋ ਮਨੁੱਖ ਮਾੜੇ ਕੰਮ ਕਰਦਾ ਹੈ, ਪਾਪ ਕਰਮ ਕਰਦਾ ਹੈ, ਉਸ ਨੂੰ ਪਾਪੀ ਕਰਕੇ ਜਾਣਿਆ ਜਾਂਦਾ ਹੈ। ਉਸ ਅਕਾਲ ਪੁਰਖ ਦਾ ਹੀ ਇਹ ਸਾਰਾ ਖੇਲ ਰਚਿਆ ਹੋਇਆ ਹੈ, ਉਸ ਤੋਂ ਬਿਨਾ ਕੋਈ ਹੋਰ ਦੂਸਰਾ ਕਰਨ ਵਾਲਾ ਨਹੀਂ ਹੈ। ਜੀਵਾਂ ਦੇ ਅੰਦਰ ਜਿੰਨਾ ਚਿਰ ਅਕਾਲ ਪੁਰਖ ਦੀ ਜੋਤਿ ਵਸ ਰਹੀ ਹੈ, ਓਨੀ ਦੇਰ ਤੱਕ ਉਸ ਜੋਤਿ ਵਿਚ ਉਹ ਆਪ ਬੋਲਦਾ ਹੈ। ਜਦੋਂ ਉਸ ਦੀ ਜੋਤਿ ਸਰੀਰ ਨੂੰ ਛੱਡ ਜਾਂਦੀ ਹੈ, ਉਦੋਂ ਕੋਈ ਹੋਰ ਕੁਝ ਨਹੀਂ ਕਰ ਸਕਦਾ। ਇਸ ਲਈ ਹਰ ਇੱਕ ਵਿਚ ਉਸ ਦੀ ਜੋਤਿ ਵਿਆਪਕ ਹੈ। ਜੋ ਮਨੁੱਖ ਗੁਰੂ ਦੇ ਦੱਸੇ ਰਸਤੇ 'ਤੇ ਚੱਲਦਾ ਹੈ, ਉਸ ਨੂੰ ਹਰ ਇੱਕ ਥਾਂ ਉਸ ਸੁਘੜ ਸਿਆਣੇ ਅਕਾਲ ਪੁਰਖ ਦੀ ਜੋਤਿ ਦੀ ਵਿਆਪਕਤਾ ਨਜ਼ਰ ਆਉਂਦੀ ਹੈ,

ਦੇਂਦੇ ਥਾਵਹੁ ਦਿਤਾ ਚੰਗਾ
ਮਨਮੁਖਿ ਐਸਾ ਜਾਣੀਐ॥
ਸੁਰਤਿ ਮਤਿ ਚਤੁਰਾਈ ਤਾ ਕੀ
ਕਿਆ ਕਰਿ ਆਖਿ ਵਖਾਣੀਐ॥
ਅੰਤਰਿ ਬਹਿ ਕੈ ਕਰਮ ਕਮਾਵੈ
ਸੋ ਚਹੁ ਕੁੰਡੀ ਜਾਣੀਐ॥
ਜੋ ਧਰਮੁ ਕਮਾਵੈ ਤਿਸੁ ਧਰਮ ਨਾਉ ਹੋਵੈ
ਪਾਪਿ ਕਮਾਣੈ ਪਾਪੀ ਜਾਣੀਐ॥

(ਪੰਨਾ ੧੩੮)

ਦੂਸਰੀ ਪਉੜੀ ਵਿਚ ਗੁਰੂ ਨਾਨਕ ਸਾਹਿਬ ਦੱਸਦੇ ਹਨ ਕਿ ਅਕਾਲ ਪੁਰਖ ਨੇ ਆਪ ਹੀ ਇਸ ਸੰਸਾਰ ਨੂੰ ਪੈਦਾ ਕੀਤਾ ਹੈ ਅਤੇ ਆਪ ਹੀ ਹਰ ਇੱਕ ਨੂੰ ਕਾਰਜ ਕਰਨ ਵਿਚ ਮਸਰੂਫ਼ ਕੀਤਾ ਹੋਇਆ ਹੈ। ਉਸ ਅਕਾਲ ਪੁਰਖ ਨੇ ਸੰਸਾਰ ਵਿਚ ਮਾਇਆ ਮੋਹ ਵਿਚ ਪਾ ਕੇ ਆਪ ਹੀ ਸੰਸਾਰ ਨੂੰ ਆਪਣੇ ਆਪ ਤੋਂ ਖੁੰਝਾ ਦਿੱਤਾ ਹੋਇਆ ਹੈ। ਸੰਸਾਰ ਵਿਚ ਤ੍ਰਿਸ਼ਨਾ ਦੀ ਅੱਗ ਮੱਚ ਰਹੀ ਹੈ, ਇਸ ਲਈ ਸੰਸਾਰ ਦੀ ਤ੍ਰਿਸ਼ਨਾ ਦੀ ਭੁੱਖ ਅਤੇ ਪਿਆਸ ਸ਼ਾਂਤ ਨਹੀਂ ਹੋ ਰਹੀ। ਇਹ ਸੰਸਾਰ ਸੰਸਿਆਂ ਦਾ ਭਰਿਆ ਹੋਇਆ ਹੈ, ਇਸ ਸੰਸੇ ਕਾਰਨ ਹੀ ਆਪਣੇ ਕੀਤੇ ਹੋਏ ਕੰਮਾਂ ਕਾਰਨ ਮਨੁੱਖ ਜਨਮ-ਮਰਨ ਦੇ ਚੱਕਰ ਵਿਚ ਪਿਆ ਰਹਿੰਦਾ ਹੈ ਅਰਥਾਤ ਕਦੀ ਜੀਂਦਾ ਅਤੇ ਕਦੀ ਮਰਦਾ ਹੈ।

ਗੁਰੂ ਸਾਹਿਬ ਆਖਦੇ ਹਨ ਕਿ ਮਾਇਆ-ਮੋਹ ਦਾ ਇਹ ਗੇੜ ਗੁਰੂ ਦੇ ਦੱਸੇ ਰਸਤੇ 'ਤੇ ਪਿਆਂ ਹੀ ਖ਼ਤਮ ਹੁੰਦਾ ਹੈ, ਬਹੁਤ ਜੀਵ ਹੋਰ ਹੋਰ ਕਰਮ ਕਰਕੇ ਥੱਕ ਚੁੱਕੇ ਹਨ। ਗੁਰੂ ਦੀ ਮੱਤ ਅਨੁਸਾਰ ਚੱਲ ਕੇ ਮਨੁੱਖ ਨਾਮ ਦਾ ਸਿਮਰਨ ਕਰ ਸਕਦੇ ਹਨ ਅਤੇ ਜਦੋਂ ਉਸ ਅਕਾਲ ਪੁਰਖ ਨੂੰ ਚੰਗਾ ਲੱਗਦਾ ਹੈ ਉਦੋਂ ਉਸ ਦੀ ਰਜ਼ਾ ਵਿਚ ਚੱਲ ਕੇ ਮਨੁੱਖ ਨੂੰ ਸੁੱਖ ਵਿਚ ਟਿਕ ਕੇ ਤ੍ਰਿਪਤੀ ਹੁੰਦੀ ਹੈ। ਅਜਿਹੇ ਮਨੁੱਖ ਨੂੰ ਪੈਦਾ ਕਰਨ ਵਾਲੀ ਮਾਂ ਧੰਨ ਹੈ ਅਤੇ ਅਜਿਹਾ ਮਨੁੱਖ ਆਪਣੇ ਸਾਰੇ ਪਰਿਵਾਰ ਅਰਥਾਤ ਖਾਨਦਾਨ ਨੂੰ ਵਿਕਾਰਾਂ ਤੋਂ ਬਚਾ ਲੈਂਦਾ ਹੈ, ਉਸ ਦਾ ਸਾਰਾ ਖਾਨਦਾਨ ਪਾਰ ਲੱਗ ਜਾਂਦਾ ਹੈ। ਜਿਹੜਾ ਮਨੁੱਖ ਆਪਣੀ ਸੁਰਤਿ ਨੂੰ ਅਕਾਲ ਪੁਰਖ ਵਿਚ ਜੋੜ ਲੈਂਦਾ ਹੈ, ਉਸ ਦੀ ਮੱਤ ਅਤੇ ਬੁੱਧ ਚੰਗੀ ਹੋ ਜਾਂਦੀ ਹੈ ਅਤੇ ਦੁਨੀਆ ਵਿਚ ਉਸ ਦੀ ਵਡਿਆਈ ਹੁੰਦੀ ਹੈ,

ਤੁਧੁ ਆਪੇ ਜਗਤੁ ਉਪਾਇ ਕੈ
ਤੁਧੁ ਆਪੇ ਧੰਧੈ ਲਾਇਆ॥
ਮੋਹ ਠਗਉਲੀ ਪਾਇ ਕੈ
ਤੁਧੁ ਆਪਹੁ ਜਗਤੁ ਖੁਆਇਆ॥
ਤਿਸਨਾ ਅੰਦਰਿ ਅਗਨਿ ਹੈ
ਨਹ ਤਿਪਤੈ ਭੁਖਾ ਤਿਹਾਇਆ॥

(ਪੰਨਾ ੧੩੮)

ਅਗਲਾ ਸਲੋਕ ਗੁਰੂ ਅੰਗਦ ਦੇਵ ਜੀ ਦਾ ਹੈ। ਇਸ ਦਾ ਅਰਥ ਦੋ ਤਰ੍ਹਾਂ ਨਾਲ ਕੀਤਾ ਜਾਂਦਾ ਹੈ। ਇੱਕ ਅਰਥ ਇਹ ਕੀਤਾ ਜਾਂਦਾ ਹੈ ਜਿਵੇਂ ਕਿ ਜੇ ਅੱਖਾਂ ਤੋਂ ਬਿਨਾ ਵੇਖੀਏ ਅਰਥਾਤ ਜੇ ਮੰਦਾ ਤੱਕਣ ਵੱਲੋਂ ਇਨ੍ਹਾਂ ਅੱਖਾਂ ਨੂੰ ਹਟਾ ਕੇ ਸੰਸਾਰ ਨੂੰ ਦੇਖੀਏ, ਕੰਨਾਂ ਤੋਂ ਬਿਨਾ ਸੁਣੀਏ ਭਾਵ ਕਿਸੇ ਦੀ ਨਿੰਦਾ ਜਾਂ ਮੰਦਾ ਸੁਣਨ ਵੱਲੋਂ ਕੰਨਾਂ ਨੂੰ ਹਟਾ ਕੇ ਸੁਣੀਏ, ਜੇ ਪੈਰਾਂ ਤੋਂ ਬਿਨਾ ਤੁਰੀਏ ਅਰਥਾਤ ਮੰਦੇ ਪਾਸੇ ਜਾਣ ਤੋਂ ਪੈਰਾਂ ਨੂੰ ਰੋਕ ਕੇ ਰੱਖੀਏ, ਜੇ ਹੱਥਾਂ ਤੋਂ ਬਿਨਾਂ ਕੰਮ ਕਰੀਏ ਭਾਵ ਕਿਸੇ ਦਾ ਨੁਕਸਾਨ ਕਰਨ ਵੱਲੋਂ ਜਾਂ ਮੰਦਾ ਕਰਮ ਕਰਨ ਵੱਲੋਂ ਹੱਥਾਂ ਨੂੰ ਰੋਕ ਕੇ ਕੰਮ ਕਰੀਏ, ਜੇ ਜੀਭ ਬਿਨਾਂ ਬੋਲੀਏ ਅਰਥਾਤ ਮੰਦਾ ਬੋਲਣ ਤੋਂ ਜੀਭ ਨੂੰ ਰੋਕ ਕੇ ਰੱਖੀਏ, ਇਸ ਤਰ੍ਹਾਂ ਜਿਊਂਦਿਆਂ ਮਰੀਦਾ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਇਸ ਤਰ੍ਹਾ ਅਕਾਲ ਪੁਰਖ ਦੇ ਹੁਕਮ ਨੂੰ ਪਛਾਣੀਏ ਤਾਂ ਉਸ ਨੂੰ ਮਿਲ ਸਕੀਦਾ ਹੈ ਅਰਥਾਤ ਆਪਣੇ ਗਿਆਨ ਇੰਦ੍ਰਿਆਂ ਨੂੰ ਉਸ ਦੇ ਹੁਕਮ ਅਨੁਸਾਰ ਚਲਾਈਏ। ਦੂਸਰੇ ਰਹੱਸਾਤਮਕ ਅਰਥ ਇਹ ਕੀਤੇ ਜਾਂਦੇ ਹਨ ਕਿ ਅਕਾਲ ਪੁਰਖ ਦੀ ਖ਼ਾਤਰ ਜੀਵਦਿਆਂ ਮਰਨਾ ਇਹ ਹੁੰਦਾ ਹੈ ਕਿ ਅੱਖਾਂ ਤੋਂ ਬਿਨਾ ਦੇਖਣਾ, ਕੰਨਾਂ ਤੋਂ ਬਿਨਾ ਸੁਣਨਾ, ਪੈਰਾਂ ਤੋਂ ਬਿਨਾ ਚੱਲਣਾ ਅਤੇ ਹੱਥਾਂ ਤੋਂ ਬਿਨਾ ਕੰਮ ਕਰਨਾ ਅਤੇ ਜੀਭ ਤੋਂ ਬਿਨਾ ਬੋਲਣਾ। ਗੁਰੂ ਸਾਹਿਬ ਕਹਿੰਦੇ ਹਨ ਕਿ ਇਸ ਤਰ੍ਹਾਂ ਉਸ ਅਕਾਲ ਪੁਰਖ ਦੇ ਹੁਕਮ ਨੂੰ ਪਛਾਨਣ ਨਾਲ ਉਸ ਦਾ ਅਨੁਭਵ ਕਰ ਸਕੀਦਾ ਹੈ,

ਅਖੀ ਬਾਝਹੁ ਵੇਖਣਾ ਵਿਣੁ ਕੰਨਾ ਸੁਨਣਾ॥
ਪੈਰਾ ਬਾਝਹੁ ਚਲਣਾ ਵਿਣੁ ਹਥਾ ਕਰਣਾ॥
ਜੀਭੈ ਬਾਝਹੁ ਬੋਲਣਾ ਇਉ ਜੀਵਤ ਮਰਣਾ॥
ਨਾਨਕ ਹੁਕਮੁ ਪਛਾਣਿ ਕੈ ਤਉ ਖਸਮੈ ਮਿਲਣਾ॥

(ਪੰਨਾ ੧੩੯)

## ਸਤਿਗੁਰ ਪੂਰੇ ਭਾਣਾ...

ਗੁਰਬਾਣੀ ਗਿਆਨ

**ਸੋਰਠਿ ਮਹਲਾ ੫**

ਸਤਿਗੁਰ ਪੂਰੇ ਭਾਣਾ॥
ਤਾ ਜਪਿਆ ਨਾਮੁ ਰਮਾਣਾ॥
ਗੋਬਿੰਦ ਕਿਰਪਾ ਧਾਰੀ॥
ਪ੍ਰਭਿ ਰਾਖੀ ਪੈਜ ਹਮਾਰੀ॥੧॥
ਹਰਿ ਕੇ ਚਰਨ ਸਦਾ ਸੁਖਦਾਈ॥
ਜੋ ਇਛਹਿ ਸੋਈ ਫਲੁ ਪਾਵਹਿ
ਬਿਰਥੀ ਆਸ ਨ ਜਾਈ॥੧॥ਰਹਾਉ॥
ਕ੍ਰਿਪਾ ਕਰੇ ਜਿਸੁ ਪ੍ਰਾਨਪਤਿ ਦਾਤਾ
ਸੋਈ ਸੰਤੁ ਗੁਣ ਗਾਵੈ॥
ਪ੍ਰੇਮ ਭਗਤਿ ਤਾ ਕਾ ਮਨੁ ਲੀਣਾ
ਪਾਰਬ੍ਰਹਮ ਮਨਿ ਭਾਵੈ॥੨॥
ਆਠ ਪਹਰ ਹਰਿ ਕਾ ਜਸੁ ਰਵਣਾ
ਬਿਖੈ ਠਗਉਰੀ ਲਾਥੀ॥
ਸੰਗਿ ਮਿਲਾਇ ਲੀਆ ਮੇਰੈ ਕਰਤੈ
ਸੰਤ ਸਾਧ ਭਏ ਸਾਥੀ॥੩॥
ਕਰੁ ਗਹਿ ਲੀਨੇ ਸਰਬਸੁ ਦੀਨੇ
ਆਪਹਿ ਆਪੁ ਮਿਲਾਇਆ॥
ਕਹੁ ਨਾਨਕ ਸਰਬ ਥੋਕ ਪੂਰਨ
ਪੂਰਾ ਸਤਿਗੁਰੁ ਪਾਇਆ॥੪॥

ਪੰਜਵੇਂ ਸਤਿਗੁਰ ਜੀ ਆਖ ਰਹੇ ਹਨ, ਹੇ ਭਾਈ! ਜਦੋਂ ਪੂਰੇ ਸਤਿਗੁਰ ਨੂੰ ਭਾਇਆ, ਚੰਗਾ ਲੱਗਿਆ, ਗੁਰੂ ਤਰੁੱਠਦਾ ਹੈ; ਤਾ ਜਪਿਆ ਨਾਮੁ ਰਮਾਣਾ, ਉਦੋਂ ਹੀ ਪਰਮੇਸ਼ਵਰ ਦਾ ਨਾਮ ਜਪਿਆ ਜਾ ਸਕਦਾ ਹੈ; ਗੋਬਿੰਦ ਕਿਰਪਾ ਧਾਰੀ, ਹੇ ਭਾਈ! ਜਦੋਂ ਉਸ ਮਿਹਰਵਾਨ ਪ੍ਰਭੂ ਨੇ ਆਪਣੀ ਕਿਰਪਾ ਕੀਤੀ, ਤਾਂ ਪੂਰੇ ਗੁਰੂ ਦਾ ਮਿਲਾਪ ਕਰਾ ਦਿੱਤਾ ਅਤੇ ਗੁਰੂ ਦੀ ਮਿਹਰ ਸਦਕਾ ਹੀ ਅਸਾਂ ਪ੍ਰਭੂ ਦਾ ਨਾਮ ਸਿਮਰਨ ਕੀਤਾ; ਪ੍ਰਭਿ ਰਾਖੀ ਪੈਜ ਹਮਾਰੀ, ਉਸ ਮਾਲਕ ਪ੍ਰਭੂ ਜੀ ਨੇ ਸਾਡੀ ਲਾਜ ਰੱਖ ਲਈ ਤੇ ਵਿਸ਼ੇ ਵਿਕਾਰਾਂ ਤੋਂ ਬਚਾ ਲਿਆ।

ਹਰਿ ਕੇ ਚਰਨ ਸਦਾ ਸੁਖਦਾਈ॥
ਜੋ ਇਛਹਿ ਸੋਈ ਫਲੁ ਪਾਵਹਿ
ਬਿਰਥੀ ਆਸ ਨ ਜਾਈ॥੧॥ਰਹਾਉ॥

ਗੁਰੂ ਸਾਹਿਬ ਰਹਾਉ ਦੀ ਪੰਕਤੀ ਵਿਚ ਪ੍ਰਭੂ ਬਖ਼ਸ਼ਿਸ਼ ਦਾ ਜ਼ਿਕਰ ਕਰਦੇ ਹਨ, ਹਰਿ ਕੇ ਚਰਣ ਸਦਾ ਸੁਖਦਾਈ, ਹੇ ਭਾਈ! ਉਸ ਹਰੀ ਪ੍ਰਭੂ ਜੀ ਦੇ ਚਰਨ ਤਾਂ ਸਦਾ ਹੀ ਸੁੱਖ ਦੇਣ ਵਾਲੇ ਹਨ; ਜੋ ਇਛਹਿ ਸੋਈ ਫਲੁ ਪਾਵਹਿ, ਹੇ ਭਾਈ! ਜਿਹੜੇ ਜੀਵ ਉਸ ਹਰੀ ਪਰਮਾਤਮਾ ਦੇ ਚਰਨਾਂ ਦਾ ਆਸਰਾ ਲੈ ਲੈਂਦੇ ਹਨ; ਬਿਰਥੀ ਆਸ ਨਾ ਜਾਈ, ਉਹ ਜੋ ਕੁਛ ਵੀ ਉਸ ਸੁਆਮੀ ਪਰਮਾਤਮਾ ਤੋਂ ਮੰਗਦੇ ਹਨ, ਉਹੀ ਫਲ ਪ੍ਰਾਪਤ ਕਰ ਲੈਂਦੇ ਹਨ। ਉਸ ਮਾਲਕ ਪ੍ਰਭੂ ਉਤੇ ਰੱਖੀ ਹੋਈ ਆਸ ਕਦੀ ਵੀ ਖਾਲੀ ਨਹੀਂ ਜਾ ਸਕਦੀ।

ਕ੍ਰਿਪਾ ਕਰੇ ਜਿਸੁ ਪ੍ਰਾਨਪਤਿ ਦਾਤਾ
ਸੋਈ ਸੰਤੁ ਗੁਣ ਗਾਵੈ॥
ਪ੍ਰੇਮ ਭਗਤਿ ਤਾ ਕਾ ਮਨੁ ਲੀਣਾ
ਪਾਰਬ੍ਰਹਮ ਮਨਿ ਭਾਵੈ॥੨॥

ਸਤਿਗੁਰੂ ਜੀ ਆਖਦੇ ਹਨ, ਹੇ ਭਾਈ! ਉਹ ਸਵਾਸਾਂ ਦਾ ਮਾਲਕ ਦਾਤਾਰ ਪ੍ਰਭੂ ਜਿਸ ਜੀਵ ਉਤੇ ਆਪਣੀ ਮਿਹਰ ਕਰ ਦਿੰਦਾ ਹੈ, ਸੋਈ ਸੰਤੁ ਗੁਣ ਗਾਵੈ, ਤਾਂ ਉਹ ਜੀਵ ਸੰਤ ਸੁਭਾਉ ਵਾਲਾ ਬਣ ਜਾਂਦਾ ਹੈ, ਅਤੇ ਹਰ ਵੇਲੇ ਹੀ ਉਸ ਮਿਹਰਵਾਨ ਪ੍ਰਭੂ ਦੀਆਂ ਸਿਫ਼ਤਾਂ ਦੇ ਗੁਣ ਗਾਇਨ ਕਰਦਾ ਹੈ; ਪ੍ਰੇਮ ਭਗਤਿ ਤਾ ਕਾ ਮਨੁ ਲੀਣਾ, ਉਸ ਜੀਵ ਦਾ ਮਨ ਪਰਮੇਸ਼ਰ ਦੀ ਭਗਤੀ ਵਿਚ ਲੀਨ ਹੋ ਜਾਂਦਾ ਹੈ; ਫਿਰ ਉਹ ਜੀਵ ਪ੍ਰਭੂ ਪਿਤਾ ਦੇ ਮਨ 'ਚ ਪਿਆਰ ਲੱਗਣ ਲੱਗ ਜਾਂਦਾ ਹੈ।

ਆਠ ਪਹਰ ਹਰਿ ਕਾ ਜਸੁ ਰਵਣਾ
ਬਿਖੈ ਠਗਉਰੀ ਲਾਥੀ॥
ਸੰਗਿ ਮਿਲਾਇ ਲੀਆ ਮੇਰੈ ਕਰਤੈ
ਸੰਤ ਸਾਧ ਭਏ ਸਾਥੀ॥੩॥

ਗੁਰਦੇਵ ਪਿਤਾ ਜੀ ਉਚਾਰਨ ਕਰਦੇ ਹਨ, ਹੇ ਭਾਈ! ਅੱਠੇ ਪਹਿਰ, ਹਰ ਵੇਲੇ ਹੀ ਉਸ ਮਿਹਰਵਾਨ ਪ੍ਰਭ ਜੀ ਦਾ ਹਰੀ ਜਸ ਕਰਨ ਨਾਲ ਵਿਸ਼ੇ ਵਿਕਾਰਾਂ ਦੀ ਠਗ ਬੂਟੀ ਦਾ ਜ਼ੋਰ ਆਪਣੇ ਆਪ ਹੀ ਮੁੱਕ ਜਾਂਦਾ ਹੈ; ਹੇ ਭਾਈ! ਜਿਸ ਵੀ ਜੀਵ ਨੇ ਪ੍ਰਭੂ ਦੇ ਨਾਮ ਸਿਮਰਨ ਵਿਚ ਆਪਣੇ ਮਨ ਨੂੰ ਲਾ ਲਿਆ, ਤਾਂ ਉਸ ਕਰਤਾਰ ਨੇ ਜੀਵ ਨੂੰ ਆਪਣੇ ਨਾਲ ਹੀ ਮਿਲਾ ਲਿਆ, ਭਾਵ ਆਪਣਾ ਬਣਾ ਲਿਆ; ਸੰਤ ਸਾਧ ਭਏ ਸਾਥੀ, ਤੇ ਹੇ ਭਾਈ! ਫਿਰ ਸਾਰੇ ਹੀ ਸੰਤ ਅਤੇ ਸਾਧ ਉਸ ਜੀਵ ਦੇ ਸਾਥੀ ਬਣ ਗਏ।

ਕਰੁ ਗਹਿ ਲੀਨੇ ਸਰਬਸੁ ਦੀਨੇ
ਆਪਹਿ ਆਪੁ ਮਿਲਾਇਆ॥
ਕਹੁ ਨਾਨਕ ਸਰਬ ਥੋਕ ਪੂਰਨ
ਪੂਰਾ ਸਤਿਗੁਰੁ ਪਾਇਆ॥੪॥

ਸ਼ਬਦ ਦੇ ਅਖੀਰ ਵਿਚ ਬਖ਼ਸ਼ਿਸ਼ ਹੋ ਰਹੀ ਹੈ, ਹੇ ਭਾਈ! ਜਿਸ ਜੀਵ ਨੇ ਪੂਰੇ ਗੁਰੂ ਦੀ ਸ਼ਰਨ ਪੈ ਕੇ ਉਸ ਮਿਹਰਵਾਨ ਪ੍ਰਭ ਜੀ ਦਾ ਨਾਮ ਸਿਮਰਨ ਕੀਤਾ, ਤਾਂ ਦਇਆ ਦੇ ਸਮੁੰਦਰ ਪ੍ਰਭੂ ਜੀ ਨੇ ਉਸ ਜੀਵ ਦਾ ਹੱਥ ਫੜ ਕੇ ਉਸ ਨੂੰ ਸਾਰਾ ਕੁਝ ਹੀ ਦੇ ਦਿੱਤਾ, ਭਾਵ ਪ੍ਰਭੂ ਜੀ ਨੇ ਉਸ ਨੂੰ ਆਪਣੇ ਆਪ ਨਾਲ ਮਿਲਾ ਕੇ ਨਿਹਾਲ ਕਰ ਦਿੱਤਾ। ਇਹ ਨਾਨਕ ਆਖਦਾ ਹੈ ਜਿਸ ਜੀਵ ਨੂੰ ਪੂਰਾ ਸਤਿਗੁਰੂ ਮਿਲ ਪਿਆ, ਉਸ ਵਡਭਾਗੇ ਜੀਵ ਦੇ ਤਾਂ ਸਾਰੇ ਹੀ ਕਾਰਜ ਪੂਰੇ ਹੋ ਗਏ, ਉਸ ਦਾ ਜੀਵਨ ਸਫ਼ਲ ਹੋ ਗਿਆ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

## ਡਾਕਟਰ ਬਨਾਮ ਮਹਾਤਮਾ-2

# ਅੰਬੇਦਕਰ ਦਾ ਵਕਤ ਆਣ ਪਹੁੰਚਾ ਹੈ



ਅਰੁੰਧਤੀ ਰਾਏ

***ਸੰਨ 1936 ਵਿਚ ਡਾ. ਬੀ.ਆਰ. ਅੰਬੇਦਕਰ ਨੂੰ ਹਿੰਦੂ ਸੁਧਾਰਵਾਦੀ ਗਰੁਪ 'ਜਾਤਪਾਤ ਤੋੜਕ ਮੰਡਲ' ਵਲੋਂ ਲਾਹੌਰ ਵਿਚ ਸਾਲਾਨਾ ਤਕਰੀਰ ਕਰਨ ਦਾ ਸੱਦਾ ਦਿੱਤਾ ਸੀ। ਜਦੋਂ ਤਕਰੀਰ ਦੇ ਮੇਜ਼ਬਾਨਾਂ ਨੂੰ ਤਕਰੀਰ ਦਾ ਪਾਠ ਭੇਜਿਆ ਗਿਆ, ਉਨ੍ਹਾਂ ਨੂੰ ਲੱਗਿਆ ਕਿ ਇਹ 'ਸਹਿਣਯੋਗ' ਨਹੀਂ ਹੈ ਅਤੇ ਉਨ੍ਹਾਂ ਨੇ ਤੁਰੰਤ ਆਪਣਾ ਸੱਦਾ ਵਾਪਸ ਲੈ ਲਿਆ। ਇਸ 'ਤੇ ਅੰਬੇਦਕਰ ਨੇ ਆਪਣੇ ਖ਼ਰਚੇ 'ਤੇ ਆਪਣੀ ਇਸ ਤਕਰੀਰ ਦੀਆਂ 1500 ਕਾਪੀਆਂ ਛਪਵਾਈਆਂ ਅਤੇ ਛੇਤੀ ਹੀ ਇਹ ਕਈ ਜ਼ਬਾਨਾਂ ਵਿਚ ਤਰਜਮਾ ਹੋ ਕੇ ਛਪ ਗਈ। ਮੀਲ ਪੱਥਰ ਗੱਡਣ ਵਾਲੀ ਅੰਬੇਦਕਰ ਦੀ ਇਸ ਤਕਰੀਰ ਦੀ ਹੁਣ ਨਿਰਖ-ਪਰਖ ਕੀਤੀ ਗਈ ਹੈ ਅਤੇ ਇਸ ਨੂੰ ਮੁੜ ਛਾਪਿਆ ਗਿਆ ਹੈ। ਇਸ ਕਿਤਾਬ ਲਈ ਲੰਮੀ ਭੂਮਿਕਾ ਬੁੱਕਰ ਇਨਾਮ ਜੇਤੂ ਲੇਖਕਾ ਅਰੁੰਧਤੀ ਰਾਏ ਨੇ ਲਿਖੀ ਹੈ। ਇਸ ਵਿਚ ਅਰੁੰਧਤੀ ਨੇ ਡਾਕਟਰ ਅੰਬੇਦਕਰ ਅਤੇ ਮਹਾਤਮਾ ਗਾਂਧੀ ਬਾਰੇ ਬੜੀਆਂ ਬੇਬਾਕ ਟਿੱਪਣੀਆਂ ਕੀਤੀਆਂ ਹਨ। ਅੰਬੇਦਕਰ ਦੀ ਚਾਰ ਸੌ ਸਫ਼ਿਆਂ ਵਾਲੀ ਇਸ ਕਿਤਾਬ ਦਾ ਤਕਰੀਬਨ ਅੱਧਾ ਹਿੱਸਾ ਅਰੁੰਧਤੀ ਰਾਏ ਦਾ ਲੇਖ ਹੈ। ਅਰੁੰਧਤੀ ਦੇ ਇਸ ਅਹਿਮ ਲੇਖ ਬਾਰੇ ਪੱਤਰਕਾਰ ਸਬਾ ਨਕਵੀ ਨੇ ਲੰਮੀ ਇੰਟਰਵਿਊ ਕੀਤੀ ਹੈ। ਇਸ ਇੰਟਰਵਿਊ ਦਾ ਪਹਿਲਾ ਹਿੱਸਾ ਪਾਠਕ ਪਿਛਲੇ ਅੰਕ ਵਿਚ ਪੜ੍ਹ ਚੁੱਕੇ ਹਨ। ਦੂਜੇ ਹਿੱਸੇ ਨੂੰ ਰਤਾ ਕੁ ਸੰਖੇਪ ਕਰ ਕੇ ਇਸ ਵਾਰ ਛਾਪਿਆ ਗਿਆ ਹੈ। ਇਸ ਇੰਟਰਵਿਊ ਦਾ ਤਰਜਮਾ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ।***



ਸਬਾ ਨਕਵੀ

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

**ਸਵਾਲ:** ਤੁਸੀਂ ਮੈਦਾਨੇ-ਜੰਗ ਦੀਆਂ ਰਿਪੋਰਟਾਂ ਜਾਂ ਉਧੜ ਕੇ ਸਾਹਮਣੇ ਆ ਰਹੇ ਸਮਕਾਲੀ ਵਰਤਾਰਿਆਂ ਦੇ ਆਧਾਰ 'ਤੇ ਜ਼ਬਰਦਸਤ ਸਿਆਸੀ ਲੇਖ ਲਿਖੇ ਹਨ ਪਰ ਇਸ ਲਿਖਤ ਵਿਚ, ਤੁਸੀਂ ਤਹਿਆਂ ਫਰੋਲਦੀ ਖੋਜ ਕੀਤੀ ਜਾਪਦੀ ਹੈ ਅਤੇ ਕੌਮੀ ਲਹਿਰ, ਗਾਂਧੀ ਤੇ ਡਾ. ਅੰਬੇਦਕਰ ਬਾਰੇ ਖੋਜ ਕਰਨ ਵਾਲੇ ਬਹੁਤ ਸਾਰੇ ਉੱਘੇ ਇਤਿਹਾਸਕਾਰਾਂ ਤੋਂ ਵੱਖਰੇ ਸਿੱਟੇ ਕੱਢੇ ਹਨ। ਜ਼ਾਹਿਰ ਹੈ ਕਿ ਤੁਹਾਨੂੰ ਚੁਣੌਤੀ ਦਿੱਤੀ ਜਾਵੇਗੀ। ਉਸ ਸਫ਼ਰ ਬਾਰੇ ਦੱਸੋ ਜੋ ਡਾਕਟਰ ਅਤੇ ਮਹਾਤਮਾ ਨੂੰ ਲਿਖੇ ਜਾਣ ਨਾਲ ਸਬੰਧਤ ਹੈ।

**ਅਰੁੰਧਤੀ:** ਤੁਸੀਂ ਕਹਿੰਦੇ ਹੋ ਕਿ ਮੈਨੂੰ ਚੁਣੌਤੀ ਦਿੱਤੀ ਜਾਵੇਗੀ? ਇਧਰ ਮੈਂ ਤਾਂ ਇਹ ਤਸੱਵਰ ਕਰੀ ਬੈਠੀ ਸੀ ਕਿ ਇਹ ਤਾਂ ਮੈਂ ਹਾਂ ਜੋ ਚੁਣੌਤੀ ਦੇਣ ਜਾ ਰਹੀ ਹਾਂ! ਕਈ ਸਾਲ ਪਹਿਲਾਂ, ਨਾਵਾਇਣ ਦੇ ਪ੍ਰਕਾਸ਼ਕ ਐੱਸ. ਆਨੰਦ ਨੇ 'ਜਾਤਪਾਤ ਦਾ ਬੀਜ ਨਾਸ਼' ਕਿਤਾਬ ਦੀ ਆਰਜ਼ੀ ਜਿਲਦ ਵਾਲੀ ਕਾਪੀ ਮੈਨੂੰ ਸੌਂਪਦੇ ਹੋਏ ਕਿਹਾ ਸੀ ਕਿ ਮੈਂ ਇਸ ਦੀ ਜਾਣ-ਪਛਾਣ ਲਿਖ ਦਿਆਂ। ਮੈਂ ਖਰੜਾ ਪੜ੍ਹਿਆ, ਇਹ ਲਿਖਤ ਝੰਜੋਤਨ ਵਾਲੀ ਸੀ; ਪਰ ਮੇਰਾ ਫ਼ਿਕਰ ਸੀ ਕਿ ਜਾਣ-ਪਛਾਣ ਲਿਖਣੀ ਹੈ ਤਾਂ ਸੱਚੀਂ ਹੋਵੇ; ਐਵੇਂ ਇੱਧਰੋਂ-ਉਧਰੋਂ ਕੁਝ ਟੂਕਾਂ ਲੈ ਕੇ ਸਿਫ਼ਤਾਂ ਦਾ ਪੁਲੰਦਾ ਨਾ ਹੋਵੇ। ਮੈਨੂੰ ਨਹੀਂ ਸੀ ਲਗਦਾ ਕਿ ਮੇਰੀ ਇਹ ਕਰ ਸਕਣ ਦੀ ਤਿਆਰੀ ਸੀ। ਮੈਂ ਜਾਣਦੀ ਸੀ ਕਿ ਇਹ ਦਰਿਆ ਚੀਰ ਕੇ ਲੰਘਣ ਵਾਂਗ ਹੋਵੇਗਾ। ਆਨੰਦ ਨੇ ਕਿਹਾ ਕਿ ਉਹ ਉਡੀਕ ਲਵੇਗਾ, ਤੇ ਉਸ ਨੇ ਉਡੀਕਿਆ ਵੀ।

ਪਹਿਲਾਂ ਵੀ ਕਈ ਇਤਿਹਾਸਕਾਰਾਂ ਨੇ ਗਾਂਧੀ ਦੀ ਆਲੋਚਨਾ ਕੀਤੀ ਹੈ, ਪਰ ਹੋਰ ਕਾਰਨਾਂ ਕਰ ਕੇ। ਲਿਹਾਜ਼ਾ, ਮੈਂ ਨਹੀਂ ਸਮਝਦੀ ਕਿ ਇਸ ਪੱਖੋਂ ਇਹ ਕਰਨ ਵਾਲੀ ਸਿਰਫ਼ ਮੈਂ ਹੀ ਹਾਂ। ਬਹੁਤ ਸਾਰੇ ਦਲਿਤ ਅਤੇ ਦਲਿਤ ਵਿਦਵਾਨ ਦਹਾਕਿਆਂ ਤੋਂ ਗਾਂਧੀ ਅਤੇ ਗਾਂਧੀਵਾਦ ਦੀ ਤਿੱਖੀ ਆਲੋਚਨਾ ਕਰਦੇ ਆਏ ਹਨ। ਇਸ ਸੂਰਤ 'ਚ, ਜੇ ਇਹ ਕਿਤਾਬ ਇਕ ਹੋਰ ਬਹਿਸ, ਇਕ ਸੱਚੀਂ ਬਹਿਸ ਛੇੜਦੀ ਹੈ ਤਾਂ ਇਹ ਚੰਗੀ ਚੀਜ਼ ਹੀ ਹੋਵੇਗੀ।

**ਸਵਾਲ:** ਜੋ ਵੈਂਡੀ ਡੌਨੀਗਰ ਦੀ ਕਿਤਾਬ ਨਾਲ ਵਾਪਰਿਆ, ਉਸ ਨੂੰ ਦੇਖਦਿਆਂ ਤੁਹਾਨੂੰ ਪ੍ਰੇਸ਼ਾਨੀ ਨਹੀਂ ਹੋਈ?

**ਅਰੁੰਧਤੀ:** ਨਹੀਂ, ਇਸ ਖ਼ਾਸ ਕਿਤਾਬ ਬਾਰੇ ਨਹੀਂ। ਇਹ ਡਾ. ਅੰਬੇਦਕਰ ਦੀ ਕਿਤਾਬ ਹੈ ਨਾ, ਪਰ ਇਹ ਸੱਚ ਹੈ ਕਿ ਅਸੀਂ ਜੋ ਸੋਚਦੇ ਹਾਂ, ਉਸ ਨੂੰ ਲਿਖਣ ਅਤੇ ਕਹਿਣ ਦੀ ਆਜ਼ਾਦੀ ਘਟ ਰਹੀ ਹੈ। 19ਵੀਂ ਸਦੀ ਵਿਚ ਗੁਸਤਾਖ਼ ਮਿਰਜ਼ਾ ਗ਼ਾਲਿਬ, ਇਸਲਾਮ ਨਾਲ ਆਪਣੇ ਰਿਸ਼ਤੇ ਬਾਰੇ ਜੋ ਕਹਿ ਸਕਦਾ ਸੀ, 1940ਵਿਆਂ ਵਿਚ ਸਆਦਤ ਹਸਨ ਮੰਟੋ ਮੁਲਾਣਿਆਂ ਬਾਰੇ ਜੋ ਕਹਿ ਸਕਦਾ ਸੀ, ਡਾ. ਅੰਬੇਦਕਰ ਜੋ ਕੁਝ 1930ਵਿਆਂ ਵਿਚ ਹਿੰਦੂਵਾਦ ਬਾਰੇ ਕਹਿ ਸਕਦਾ ਸੀ, ਜੋ ਨਹਿਰੂ ਜਾਂ ਜੈਪ੍ਰਕਾਸ਼ ਕਸ਼ਮੀਰ ਬਾਰੇ ਕਹਿ ਸਕਦੇ ਸਨ; ਅੱਜ ਸਾਡੇ ਵਿਚੋਂ ਕੋਈ ਵੀ ਆਪਣੀਆਂ ਜਾਨਾਂ ਜੋਖਮ ਵਿਚ ਪਾਏ ਬਗ਼ੈਰ ਨਹੀਂ ਕਹਿ ਸਕਦਾ। 'ਜਾਤਪਾਤ ਦਾ ਬੀਜ ਨਾਸ਼' ਛਪਣ ਤੋਂ ਪਿੱਛੋਂ ਗਾਂਧੀ ਅਤੇ ਡਾ. ਅੰਬੇਦਕਰ ਦਰਮਿਆਨ ਦਲੀਲਬਾਜ਼ੀ ਦੋ ਅਸਾਧਾਰਨ ਹਸਤੀਆਂ ਦਰਮਿਆਨ ਸਖ਼ਤ, ਤਿੱਖੀ ਬਹਿਸ ਸੀ- ਉਹ ਸੱਚੀਂ ਬਹਿਸ ਤੋਂ ਡਰਦੇ ਨਹੀਂ ਸਨ। ਅੱਜ ਦੇ ਕੱਟੜਪੰਥੀਆਂ ਜੋ ਕਿਤਾਬਾਂ 'ਤੇ ਪਾਬੰਦੀ ਲਾਉਣ ਦੀ ਮੰਗ ਕਰ ਰਹੇ ਹਨ, ਦੇ ਉਲਟ ਗਾਂਧੀ ਚਾਹੁੰਦਾ ਸੀ ਕਿ ਲੋਕ ਇਸ ਨੂੰ ਪੜ੍ਹਨ, ਜਿਸ ਦੇ ਮਜ਼ਮੂਨ ਨਾਲ ਉਹ ਸਹਿਮਤ ਨਹੀਂ ਸੀ। ਉਸ ਨੇ ਕਿਹਾ, "ਕੋਈ ਸੁਧਾਰਕ ਤਕਰੀਰ ਨੂੰ ਅੱਖੋਂ ਪਰੋਖੇ ਨਹੀਂ ਕਰ ਸਕਦਾ...। ਇਸ ਨੂੰ ਇਸ ਕਰ ਕੇ ਪੜ੍ਹਨਾ ਹੋਵੇਗਾ ਕਿਉਂਕਿ ਇਹ ਗੰਭੀਰ ਇਤਰਾਜ਼ਾਂ ਨੂੰ ਸੱਦਾ ਦਿੰਦੀ ਹੈ। ਡਾ. ਅੰਬੇਦਕਰ ਹਿੰਦੂਵਾਦ ਲਈ ਵੰਗਾਰ ਹੈ।"

**ਸਵਾਲ:** ਤੁਹਾਡੀ ਜਾਣ-ਪਛਾਣ ਮੀਡੀਆ ਸਮੇਤ ਸਥਾਪਤੀ ਵਿਚ ਰਵਾਇਤੀ ਉਚੀਆਂ ਜਾਤਾਂ ਦੇ ਸਰਵ-ਵਿਆਪਕ ਗ਼ਲਬੇ ਦੀ ਜ਼ਬਰਦਸਤ ਆਲੋਚਨਾ ਨਾਲ ਸ਼ੁਰੂ ਹੁੰਦੀ ਹੈ। ਤੇ ਤੁਸੀਂ ਕਹਿੰਦੇ ਹੋ ਕਿ ਪੂਰੀ ਸਿਆਸੀ ਸਥਾਪਤੀ (ਰਾਜ ਸੱਤਾ) ਵਿਚ 'ਦੇਖ ਕੇ ਅਣਡਿੱਠ ਕਰਨ ਦਾ ਪ੍ਰੋਜੈਕਟ' ਚਲਿਆ ਆ ਰਿਹਾ ਹੈ। ਕੀ ਤੁਸੀਂ ਇਹ ਨਹੀਂ ਸੋਚਦੇ ਕਿ ਮੰਡਲ ਕਮਿਸ਼ਨ ਤੋਂ ਪਿੱਛੋਂ ਸਮਕਾਲੀ ਹਿੰਦੁਸਤਾਨ ਦੀਆਂ ਹਕੀਕਤਾਂ ਨੇ ਸੱਚੀਂ ਹੀ ਜਾਤਪਾਤ ਨੂੰ ਕੁਲ ਸਿਆਸਤ ਦਾ ਮੂਲ ਆਧਾਰ ਬਣਾ ਦਿੱਤਾ ਹੈ?

**ਅਰੁੰਧਤੀ:** ਜਦੋਂ ਤੁਸੀਂ ਹਿੰਦੁਸਤਾਨ ਨੂੰ ਜਾਤਪਾਤ ਦੀ ਪ੍ਰਿਜ਼ਮ ਰਾਹੀਂ ਦੇਖਦੇ ਹੋ; ਇਹ ਦੇਖਦੇ ਹੋ ਕਿ ਧਨ ਉਪਰ ਕਿਸ ਦਾ ਕਬਜ਼ਾ ਹੈ; ਕਾਰਪੋਰੇਸ਼ਨਾਂ ਦਾ ਮਾਲਕ ਕੌਣ ਹੈ; ਧੜਵੈਲ ਮੀਡੀਆ ਦਾ ਮਾਲਕ ਕੌਣ ਹੈ; ਨਿਆਂਪਾਲਿਕਾ, ਨੌਕਰਸ਼ਾਹੀ ਵਿਚ ਕੌਣ ਲੋਕ ਹਨ; ਜ਼ਮੀਨ ਦੇ ਮਾਲਕ ਕੌਣ ਹਨ, ਕੌਣ ਮਾਲਕ ਨਹੀਂ ਹਨ ਤਾਂ ਸਮਕਾਲੀ ਹਿੰਦੁਸਤਾਨ ਚਾਣਚੱਕ ਸਿਰੇ ਦਾ ਗ਼ੈਰ-ਸਮਕਾਲੀ ਨਜ਼ਰ ਆਉਣਾ ਸ਼ੁਰੂ ਹੋ ਜਾਂਦਾ ਹੈ। ਮੰਡਲ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਤੋਂ ਬਹੁਤ ਪਹਿਲਾਂ ਤੋਂ ਲੈ ਕੇ ਜਾਤਪਾਤ ਸਮੁੱਚੇ ਹਿੰਦੁਸਤਾਨੀ ਸਮਾਜ ਨੂੰ ਚਲਾਉਣ ਵਾਲਾ ਇੰਜਣ ਰਿਹਾ ਹੈ, ਇਕੱਲੇ ਹਿੰਦੂ ਸਮਾਜ ਨੂੰ ਨਹੀਂ। ਡਾਕਟਰ ਅਤੇ ਮਹਾਤਮਾ ਦੇ ਲੰਮੇ ਹਿੱਸੇ ਵਿਚ ਇਹ ਵਿਸ਼ਲੇਸ਼ਣ ਕੀਤਾ ਗਿਆ ਹੈ ਕਿ 19ਵੀਂ ਸਦੀ ਦੇ ਅਖ਼ੀਰ ਵਿਚ, ਜਦੋਂ 'ਸਲਤਨਤ' ਦਾ ਖ਼ਿਆਲ 'ਕੌਮ' ਦੇ ਖ਼ਿਆਲ ਵਿਚ ਬਦਲਣਾ ਸ਼ੁਰੂ ਹੋ ਗਿਆ, ਜਦੋਂ ਰਾਜ-ਪ੍ਰਸ਼ਾਸਨ ਅਤੇ 'ਨੁਮਾਇੰਦਗੀ' ਦੇ ਨਵੇਂ ਖ਼ਿਆਲ ਸਾਡੀਆਂ ਬਰੂਹਾਂ 'ਤੇ ਆਣ ਢੁੱਕੇ, ਇਨ੍ਹਾਂ ਦੀ ਆਮਦ ਨਾਲ ਆਬਾਦੀ ਅਤੇ ਗਿਣਤੀ ਬਾਰੇ ਬੇਥਾਹ ਚਿੰਤਾ ਕੀਤੀ ਜਾਣੀ ਸ਼ੁਰੂ ਹੋ ਗਈ। ਇਸ ਤੋਂ ਸਦੀਆਂ ਪਹਿਲਾਂ, ਦਬਾਈਆਂ ਗਈਆਂ ਜਾਤਾਂ ਨਾਲ ਸਬੰਧਤ ਦਹਿ-ਲੱਖਾਂ ਲੋਕ, ਜਿਨ੍ਹਾਂ ਨੂੰ ਵਿਸ਼ੇਸ਼ ਅਧਿਕਾਰ ਮਾਣਦੀਆਂ ਜਾਤਾਂ ਨੇ ਹਜ਼ਾਰਾਂ ਸਾਲਾਂ ਤੋਂ ਸਮਾਜ ਵਿਚੋਂ ਛੇਕਿਆ ਹੋਇਆ ਸੀ, ਜਾਤਪਾਤ ਦੇ ਦਾਗ਼ ਤੋਂ ਬਚਣ ਲਈ ਪਹਿਲਾਂ ਇਸਲਾਮ ਧਾਰਨ ਕਰਦੇ ਰਹੇ, ਅਤੇ ਫਿਰ ਸਿੱਖ ਅਤੇ ਈਸਾਈ ਧਰਮ ਅਪਨਾਉਂਦੇ ਰਹੇ ਸਨ; ਪਰ ਅਚਾਨਕ ਗਿਣਤੀ ਦੀ ਅਹਿਮੀਅਤ ਬਣਨੀ ਸ਼ੁਰੂ ਹੋ ਗਈ। ਅੰਕਾਂ ਦੀ ਖੇਡ ਵਿਚ ਪੰਜ ਕਰੋੜ ਦੇ ਕਰੀਬ 'ਅਛੂਤ' ਅਹਿਮ ਅਖ਼ਤਿਆਰ ਕਰ ਗਏ। ਧਰਮ-ਬਦਲੀ ਨੂੰ ਠੱਲ੍ਹ ਪਾਉਣ ਲਈ, ਹਿੰਦੂ ਸੁਧਾਰਵਾਦੀ ਧੜਿਆਂ ਦੇ ਜਮਘਟੇ ਨੇ ਉਨ੍ਹਾਂ ਨੂੰ ਆਪਣੇ ਧਰਮ ਵਿਚ ਸ਼ਾਮਲ ਕਰਨਾ ਸ਼ੁਰੂ ਕਰ ਦਿੱਤਾ। ਆਰੀਆ ਸਮਾਜ ਨੇ - 'ਭਿੱਟ ਹੋਇਆਂ ਦੀ ਭਿੱਟ ਲਾਹੁਣ ਲਈ'- ਅਛੂਤਾਂ ਅਤੇ ਆਦਿਵਾਸੀਆਂ ਨੂੰ ਦੁਬਾਰਾ 'ਹਿੰਦੂ ਘੇਰੇ' ਵਿਚ ਲਿਆਉਣ ਤੇ ਉਨ੍ਹਾਂ ਨੂੰ ਭਰਮਾਉਣ ਦੇ ਮਨੋਰਥ ਨਾਲ ਸ਼ੁੱਧੀ ਲਹਿਰ ਵਿੱਢ ਦਿੱਤੀ। ਇਸ ਦਾ ਇਕ ਰੂਪ ਅੱਜ ਵੀ ਜਾਰੀ ਹੈ।

**ਸਵਾਲ:** ਤੁਸੀਂ ਇਸ ਨੂੰ 'ਦੇਖ ਕੇ ਅਣਡਿੱਠ ਕਰਨ ਦਾ ਪ੍ਰੋਜੈਕਟ' ਕਿਵੇਂ ਕਹਿ ਸਕਦੇ ਹੋ?

**ਅਰੁੰਧਤੀ:** ਮੈਂ ਜਿਸ 'ਦੇਖ ਕੇ ਅਣਡਿੱਠ ਕਰਨ ਦੇ ਪ੍ਰੋਜੈਕਟ' ਬਾਰੇ ਲਿਖਿਆ ਹੈ, ਉਹ ਹੋਰ ਚੀਜ਼ ਹੈ। ਇਹ ਉਨ੍ਹਾਂ ਢੰਗ-ਤਰੀਕਿਆਂ ਬਾਰੇ ਹੈ ਜਿਨ੍ਹਾਂ ਰਾਹੀਂ ਬਾ-ਰਸੂਖ਼ ਹਿੰਦੁਸਤਾਨੀ ਬੁੱਧੀਜੀਵੀਆਂ, ਖ਼ਾਸ ਕਰ ਕੇ ਖੱਬੀ ਧਿਰ ਵਾਲਿਆਂ ਨੇ ਜਾਤਪਾਤ ਨੂੰ ਅਦਿੱਖ ਬਣਾਇਆ ਹੋਇਆ ਹੈ, ਜਿਨ੍ਹਾਂ ਲਈ ਜਾਤਪਾਤ ਫੁੱਟ ਨੋਟ ਜਿਹਾ ਮਹੱਤਵਹੀਣ ਵਰਤਾਰਾ ਹੈ- ਜਮਾਤ ਤਕ ਸੁੰਗੇੜ ਦੇਣ ਵਾਲੇ ਮਾਰਕਸਵਾਦੀ ਜਮਾਤੀ ਵਿਸ਼ਲੇਸ਼ਣ ਨਾਲ ਜੋੜੀ ਗਈ ਬੇਤੁਕੀ, ਬੇਅਰਾਮ ਕਰਨ ਵਾਲੀ ਚੀਜ਼। ਇਹ ਕਹਿਣਾ ਚੰਗਾ ਅਤੇ ਅਗਾਂਹਵਧੂ ਲਗਦਾ ਹੈ ਕਿ "ਸਾਡਾ ਜਾਤਪਾਤ ਵਿਚ ਵਿਸ਼ਵਾਸ ਨਹੀਂ ਹੈ"; ਪਰ ਜਾਂ ਤਾਂ ਇਹ ਟਾਲਾ ਵੱਟਣ ਦੀ ਕਾਰਵਾਈ ਹੈ, ਜਾਂ ਫਿਰ ਇਹ ਅਜਿਹੀ ਖ਼ਾਸ ਅਧਿਕਾਰ ਮਾਣਦੀ ਹੈਸੀਅਤ ਦੀ ਹਾਲਤ ਵਿਚੋਂ ਕਿਹਾ ਜਾਂਦਾ ਹੈ ਜਿਥੇ ਜਾਤਪਾਤ ਦਾ ਸਾਹਮਣਾ ਹੀ ਨਹੀਂ ਕਰਨਾ ਪੈਂਦਾ। 'ਦੇਖ ਕੇ ਅਣਡਿੱਠ ਕਰਨ ਦਾ ਪ੍ਰੋਜੈਕਟ' ਤਕਰੀਬਨ ਸਾਡੇ ਕੁਲ ਸਭਿਆਚਾਰਕ ਦਸਤੂਰ ਵਿਚ ਮੌਜੂਦ ਹੈ- ਬਾਲੀਵੁੱਡ ਨੂੰ ਹੀ ਲੈ ਲਓ- ਇਸ ਨੇ ਇਹ ਮਸਲਾ ਛੋਹਿਆ? ਕਦੇ ਵੀ ਨਹੀਂ। ਅਨਿਆਂ ਅਤੇ ਪਛਾਣ, ਨਵ-ਉਦਾਰਵਾਦ ਦੇ ਭੈੜਾਂ ਬਾਰੇ ਲਿਖਣ ਵਾਲੇ ਕਿੰਨੇ ਕੁ ਜਣੇ, ਜਾਤਪਾਤ ਦੇ ਮੁੱਦੇ ਨੂੰ ਮੁਖ਼ਾਤਬ ਹੁੰਦੇ ਹਨ? ਇੱਥੋਂ ਤਕ ਕਿ ਸਾਡੀਆਂ ਕੁਝ ਸਭ ਤੋਂ ਖਾੜਕੂ ਅਵਾਮੀ ਤਹਿਰੀਕਾਂ ਵੀ ਜਾਤਪਾਤ ਤੋਂ ਕੰਨੀ ਕਤਰਾਉਂਦੀਆਂ ਹਨ।

ਜੋ ਦਲਿਤ 2001 ਦੇ ਡਰਬਨ ਵਿਚ ਨਸਲਵਾਦ ਦੇ ਖ਼ਿਲਾਫ਼ ਆਲਮੀ ਸੰਮੇਲਨ ਵਿਖੇ ਨੁਮਾਇੰਦਗੀ ਕਰਨਾ ਚਾਹੁੰਦੇ ਸਨ, ਉਨ੍ਹਾਂ ਪ੍ਰਤੀ ਹਿੰਦੁਸਤਾਨੀ ਹਕੂਮਤ ਦਾ ਅਵੈੜਾ ਪ੍ਰਤੀਕਰਮ 'ਦੇਖ ਕੇ ਅਣਡਿੱਠ ਕਰਨ ਦੇ ਪ੍ਰੋਜੈਕਟ' ਦਾ ਹੀ ਹਿੱਸਾ ਸੀ। ਇਵੇਂ ਹੀ, ਹਿੰਦੁਸਤਾਨ ਦੀ ਮਰਦਮ-ਸ਼ੁਮਾਰੀ, ਅੰਕੜੇ ਇਕੱਠੇ ਕਰਦੇ ਵਕਤ ਜਾਤਪਾਤ ਨੂੰ ਪੂਰੀ ਤਰ੍ਹਾਂ ਛੱਡ ਦਿੰਦੀ ਹੈ। ਜੋ ਕੁਝ ਹੋ ਰਿਹਾ ਹੈ, ਉਸ ਬਾਬਤ ਸਾਨੂੰ ਸਾਰਿਆਂ ਨੂੰ ਹਨੇਰੇ ਵਿਚ ਰੱਖਦੀ ਹੈ- ਇਹ ਦਲਿਤਾਂ ਤੋਂ ਉਨ੍ਹਾਂ ਦੇ ਵਸੀਲੇ ਖੋਹਣ ਅਤੇ ਉਨ੍ਹਾਂ ਦੇ ਖ਼ਿਲਾਫ਼ ਹਿੰਸਾ ਦਾ ਪੱਧਰ 'ਦੇਖ ਕੇ ਅਣਡਿੱਠ ਕਰਨ ਦੇ ਪ੍ਰੋਜੈਕਟ' ਦਾ ਹਿੱਸਾ ਹੈ। ਇਹ ਗੱਲ ਸੋਚਣ ਵਾਲੀ ਹੈ- 1919 ਵਿਚ, ਜਿਸ ਨੂੰ ਅਮਰੀਕਾ ਵਿਚ 'ਲਾਲ ਹੁਨਾਲ' ਕਿਹਾ ਜਾਣ ਲੱਗਿਆ- ਉਸ ਵਿਚ ਲਗਭਗ 165 ਕਾਲੇ ਲੋਕ ਮਾਰੇ ਗਏ ਸਨ। ਤਕਰੀਬਨ ਇਕ ਸਦੀ ਪਿੱਛੋਂ ਸਰਕਾਰੀ ਅੰਕੜਿਆਂ ਅਨੁਸਾਰ ਹਿੰਦੁਸਤਾਨ ਵਿਚ 2012 ਵਿਚ- ਜਿਸ ਸਾਲ ਦਿੱਲੀ ਵਿਚ ਸਮੂਹਕ ਜਬਰ-ਜਨਾਹ ਅਤੇ ਕਤਲ ਕਾਂਡ ਵਾਪਰਿਆ- 1574 ਦਲਿਤ ਔਰਤਾਂ ਨਾਲ ਜਬਰ-ਜਨਾਹ ਕੀਤੇ ਗਏ ਸਨ, ਤੇ 651 ਦਲਿਤਾਂ ਦੇ ਕਤਲ ਹੋਏ ਸਨ। ਇਹ ਦਲਿਤਾਂ ਵਿਰੁਧ ਕੀਤੇ ਮਹਿਜ਼ ਫ਼ੌਜਦਾਰੀ ਜੁਰਮ ਹਨ। ਦਲਿਤ ਕਰੋੜਪਤੀਆਂ ਦਾ ਇਕ ਟੋਲਾ ਉਭਰਨ ਦੇ ਬਾਵਜੂਦ, ਆਰਥਿਕ ਹਮਲਾ ਇਸ ਤੋਂ ਬਿਲਕੁਲ ਹੀ ਵੱਖਰਾ ਮਾਮਲਾ ਹੈ।



**ਅੰਬੇਦਕਰ ਨੇ ਸੁਝਾਅ ਦਿੱਤਾ ਕਿ ਇਕ ਮੁੱਦਾ ਇਹ ਉਠਾਇਆ ਜਾਵੇ ਕਿ ਮਜ਼ਦੂਰਾਂ ਦੀਆਂ ਸਫ਼ਾਂ ਵਿਚ ਬਰਾਬਰੀ ਹੋਵੇ ਅਤੇ ਉਨ੍ਹਾਂ ਨੂੰ ਬਰਾਬਰ ਅਧਿਕਾਰ ਹੋਣ। ਡਾਂਗੇ ਇਸ ਨਾਲ ਸਹਿਮਤ ਨਹੀਂ ਹੋਇਆ ਅਤੇ ਇਸ ਦਾ ਸਿੱਟਾ ਉਨ੍ਹਾਂ ਦੀ ਅਣਬਣ 'ਚ ਨਿਕਲਿਆ। ਉਦੋਂ ਅੰਬੇਦਕਰ ਨੇ ਕਿਹਾ, 'ਜਾਤ ਮਹਿਜ਼ ਕਿਰਤ ਦੀ ਵੰਡ ਹੀ ਨਹੀਂ, ਇਹ ਕਿਰਤੀ ਦੀ ਵੰਡ ਵੀ ਹੈ।' 'ਜਾਤਪਾਤ ਦਾ ਬੀਜ ਨਾਸ਼' ਕਿਤਾਬ ਵਿਚ ਇਕ ਬਹੁਤ ਪ੍ਰਭਾਵਸ਼ਾਲੀ ਹਿੱਸਾ ਹੈ ਜਿਸ ਵਿਚ ਅੰਬੇਦਕਰ ਜਾਤਪਾਤ ਅਤੇ ਸਮਾਜਵਾਦ ਬਾਰੇ ਲਿਖਦਾ ਹੈ।**

**ਸਵਾਲ:** ਤੁਸੀਂ ਕਹਿੰਦੇ ਹੋ ਕਿ ਹਿੰਦੁਸਤਾਨ ਵਿਚ ਜਾਤਪਾਤ, 'ਮਨੁੱਖੀ ਸਮਾਜ ਦਰਜੇਬੰਦੀ ਵਾਲੀ ਸਮਾਜੀ ਜਥੇਬੰਦੀ ਦੇ ਜਿਨ੍ਹਾਂ ਸਭ ਤੋਂ ਵਹਿਸ਼ੀ ਢੰਗਾਂ ਬਾਰੇ ਜਾਣਦਾ ਹੈ ਜਾਤ ਉਨ੍ਹਾਂ ਵਿਚੋਂ ਇਕ ਹੈ', ਇਹ ਇਸ ਕਰ ਕੇ ਨਜ਼ਰ ਨਹੀਂ ਆਉਂਦੀ ਕਿਉਂਕਿ ਇਹ ਹਿੰਦੂਵਾਦ ਨਾਲ, ਅਤੇ ਉਸ ਸਭ ਕਾਸੇ ਨਾਲ ਬਹੁਤ ਜ਼ਿਆਦਾ ਇਕਮਿਕ ਹੈ ਜਿਸ ਨੂੰ ਦਿਆਲੂ ਅਤੇ ਚੰਗਾ ਮੰਨਿਆ ਜਾਂਦਾ ਹੈ; ਰੂਹਾਨੀਅਤ, ਅਹਿੰਸਾ, ਸਹਿਣਸ਼ੀਲਤਾ, ਮਾਸ ਨਾ ਖਾਣਾ, ਗਾਂਧੀ, ਯੋਗ, ਘੁਮੱਕੜਪੁਣਾ, ਸੰਗੀਤ-ਮੰਡਲੀਆਂ। ਘੱਟੋਘੱਟ, ਬਾਹਰਲਿਆਂ ਲਈ ਇਸ ਦੀ ਟੋਹ ਲਾਉਣਾ ਅਤੇ ਇਸ ਨੂੰ ਸਮਝਣਾ ਅਸੰਭਵ ਲਗਦਾ ਹੈ। ਤੁਸੀਂ ਦਲੀਲ ਦਿੰਦੇ ਹੋ ਕਿ ਜਾਤਪਾਤ ਨਸਲੀ ਵਿਤਕਰੇ ਅਤੇ ਰੰਗ-ਭੇਦ ਦੇ ਬਰਾਬਰ ਹੈ ਪਰ ਇਸ ਨੂੰ ਇਉਂ ਨਹੀਂ ਲਿਆ ਜਾਂਦਾ। ਕਈ ਦਲੀਲ ਦੇਣਗੇ ਕਿ ਚੋਣਾਵੀ ਸਿਆਸਤ ਅਤੇ ਰਾਖਵਾਂਕਰਨ ਇਤਿਹਾਸਕ ਅਨਿਆਂ ਨਾਲ ਨਜਿੱਠਣ ਲਈ ਕਾਫ਼ੀ ਹਨ ਪਰ ਹੁਣੇ ਜਿਹੇ ਕਾਂਗਰਸ ਦੇ ਸੀਨੀਅਰ ਆਗੂ ਜਨਾਰਧਨ ਦਿਵੇਦੀ ਨੇ ਕਿਹਾ ਕਿ ਰਾਖਵਾਂਕਰਨ ਬੰਦ ਹੋਣਾ ਚਾਹੀਦਾ ਹੈ।

**ਅਰੁੰਧਤੀ ਰਾਏ:** ਇਉਂ ਕਹਿਣਾ ਕਹਿਰਵਾਨ ਹੈ। ਰਾਖਵਾਂਕਰਨ ਬਹੁਤ ਅਹਿਮ ਹੈ, ਤੇ ਮੈਂ ਇਸ ਬਾਰੇ ਵਿਸਤਾਰ 'ਚ ਲਿਖਿਆ ਹੈ। ਰਾਖਵੇਂਕਰਨ ਦੀ ਨੀਤੀ ਦੇ ਕਾਬਲ ਹੋਣ ਲਈ ਦਲਿਤ ਨੂੰ ਹਾਈ ਸਕੂਲ ਤਕ ਪੜ੍ਹਾਈ ਕਰਨੀ ਪੈਂਦੀ ਹੈ। ਸਰਕਾਰੀ ਅੰਕੜੇ ਕਹਿੰਦੇ ਹਨ ਕਿ 70 ਫ਼ੀਸਦੀ ਤੋਂ ਉਪਰ ਸੂਚੀਦਰਜ ਜਾਤਾਂ ਦੇ ਵਿਦਿਆਰਥੀ ਦਸਵੀਂ ਤਕ ਪੜ੍ਹਾਈ ਕਰਨ ਤੋਂ ਪਹਿਲਾਂ ਹੀ ਪੜ੍ਹਨਾ ਛੱਡ ਜਾਂਦੇ ਹਨ। ਭਾਵ, ਸਭ ਤੋਂ ਹੇਠਲੀਆਂ ਸਰਕਾਰੀ ਨੌਕਰੀਆਂ ਲਈ ਵੀ ਚਾਰ ਦਲਿਤਾਂ ਵਿਚੋਂ ਸਿਰਫ਼ ਇਕ ਹੀ ਯੋਗਤਾ ਪੂਰੀ ਕਰਦਾ ਹੈ। ਚਿੱਟ-ਕਾਲਰੀ ਨੌਕਰੀ ਲਈ ਘੱਟੋਘੱਟ ਯੋਗਤਾ ਬੀ.ਏ. ਦੀ ਡਿਗਰੀ ਹੈ। 2 ਫ਼ੀਸਦੀ ਤੋਂ ਥੋੜ੍ਹਾ ਜਿਹਾ ਵੱਧ ਦਲਿਤ ਹੀ ਬੀ.ਏ. ਪਾਸ ਹਨ। ਅਸਲ ਵਿਚ ਇਹ ਐਨੀ ਥੋੜ੍ਹੀ ਤਦਾਦ 'ਤੇ ਲਾਗੂ ਹੁੰਦੀ ਹੈ, ਪਰ ਰਾਖਵੇਂਕਰਨ ਦੀ ਨੀਤੀ ਦਾ ਮਤਲਬ ਹੈ ਕਿ ਘੱਟੋਘੱਟ ਸੱਤਾ ਦੀਆਂ ਸਫ਼ਾਂ ਵਿਚ ਦਲਿਤਾਂ ਦੀ ਕੁਝ ਨੁਮਾਇੰਦਗੀ ਹੋ ਜਾਂਦੀ ਹੈ। ਡਾ. ਅੰਬੇਦਕਰ ਨੂੰ ਲੈ ਲਓ ਜਿਸ ਨੂੰ ਚੰਗੇ ਭਾਗੀਂ ਕੋਲੰਬੀਆ ਵਿਚ ਤਾਲੀਮ ਲੈਣ ਲਈ ਵਜ਼ੀਫ਼ਾ ਮਿਲ ਗਿਆ। ਰਾਖਵੇਂਕਰਨ ਦੀ ਬਦੌਲਤ ਦਲਿਤ ਹੁਣ ਵਕੀਲ, ਡਾਕਟਰ, ਵਿਦਵਾਨ ਅਤੇ ਸਿਵਲ ਮੁਲਾਜ਼ਮ ਹਨ ਪਰ ਮੌਕਿਆਂ ਦੀ ਇਸ ਨਿੱਕੀ ਜਿਹੀ ਗੁੰਜਾਇਸ਼ 'ਤੇ ਵੀ ਇਤਰਾਜ਼ ਹੈ ਅਤੇ ਇਹ ਵਿਸ਼ੇਸ਼ ਅਧਿਕਾਰ ਮਾਣਦੇ ਹਿੱਸਿਆਂ ਦੇ ਹਮਲੇ ਦੀ ਮਾਰ ਹੇਠ ਹੈ। ਸਰਕਾਰੀ ਅਦਾਰਿਆਂ, ਨਿਆਂਪ੍ਰਣਾਲੀ, ਨੌਕਰਸ਼ਾਹੀ ਅਤੇ ਇੱਥੋਂ ਤਕ ਕਿ ਅਗਾਂਹਵਧੂ ਸਮਝੀ ਜਾਂਦੀ ਸੰਸਥਾ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਦੀ ਰਾਖਵੇਂਕਰਨ ਨੂੰ ਲਾਗੂ ਕਰਨ ਦੀ ਕਾਰਗੁਜ਼ਾਰੀ ਬੜੀ ਭਿਆਨਕ ਹੈ। ਸਿਰਫ਼ ਇਕ ਸਰਕਾਰੀ ਵਿਭਾਗ ਹੈ ਜਿਸ ਵਿਚ 6 ਜਣੇ ਹੋਣ ਕਾਰਨ ਦਲਿਤਾਂ ਦੀ ਤਦਾਦ ਨੁਮਾਇੰਦਗੀ ਤੋਂ ਵੱਧ ਹੈ।

ਨਗਰ ਪਾਲਿਕਾਵਾਂ ਦੇ 90 ਫ਼ੀਸਦੀ ਸਫ਼ਾਈ ਕਰਮਚਾਰੀ ਦਲਿਤ ਹਨ, ਉਹ ਲੋਕ ਜੋ ਸੜਕਾਂ ਸਾਫ਼ ਕਰਦੇ ਹਨ, ਜੋ ਸੀਵਰਾਂ ਦੇ ਮੈਨਹੋਲਾਂ ਵਿਚ ਵੜ ਕੇ ਤੇ ਸੀਵਰ ਸਾਫ਼ ਕਰਨ ਲਈ ਆਪਣੀਆਂ ਜਾਨਾਂ ਦਾਅ 'ਤੇ ਲਾਉਂਦੇ ਹਨ, ਜੋ ਪਖ਼ਾਨੇ ਸਾਫ਼ ਕਰਦੇ ਹਨ ਅਤੇ ਜਿਨ੍ਹਾਂ ਨੂੰ ਗੰਦੇ ਕੰਮ ਕਰਨੇ ਪੈਂਦੇ ਹਨ। ਹੁਣ ਤਾਂ ਇਹ ਖੇਤਰ ਵੀ ਨਿੱਜੀਕਰਨ ਲਈ ਖੋਲ੍ਹ ਦਿੱਤਾ ਗਿਆ ਹੈ। ਭਾਵ, ਪ੍ਰਾਈਵੇਟ ਕੰਪਨੀਆਂ ਆਰਜ਼ੀ ਆਧਾਰ 'ਤੇ ਅਗਾਂਹ ਤੋਂ ਅਗਾਂਹ ਦਲਿਤਾਂ ਨੂੰ ਘੱਟ ਤਨਖ਼ਾਹ ਉਤੇ ਅਤੇ ਪੱਕੀ ਨੌਕਰੀ ਦੀ ਗਾਰੰਟੀ ਤੋਂ ਬਿਨਾਂ ਠੇਕੇ ਉਪਰ ਰੱਖਿਆ ਕਰਨਗੀਆਂ। ਬੇਸ਼ਕ ਇਹ ਸਮੱਸਿਆ ਹੈ ਕਿ ਲੋਕ ਜਾਅਲੀ ਸਰਟੀਫ਼ਿਕੇਟ ਬਣਾ ਲੈਂਦੇ ਹਨ ਜਿਸ ਨੂੰ ਮੁਖ਼ਾਤਬ ਹੋਣ ਦੀ ਲੋੜ ਹੈ; ਪਰ ਇਸ ਨੂੰ ਬਹਾਨਾ ਬਣਾ ਕੇ ਇਹ ਕਹਿਣਾ ਕਿ ਰਾਖਵਾਂਕਰਨ ਨਹੀਂ ਹੋਣਾ ਚਾਹੀਦਾ, ਹਾਸੋਹੀਣੀ ਗੱਲ ਹੈ।

**ਸਵਾਲ:** ਤੁਸੀਂ ਇਸ ਨਾਲ ਤਾਂ ਸਹਿਮਤ ਹੋਵੋਗੇ ਕਿ ਬਸਪਾ ਵਰਗੀਆਂ ਦਲਿਤ ਪਾਰਟੀਆਂ ਦਾ ਉਭਰਨਾ ਹਿੰਦੁਸਤਾਨੀ ਜਮਹੂਰੀਅਤ ਅੰਦਰ ਇਕ ਤਰ੍ਹਾਂ ਦਾ ਇਨਕਲਾਬ ਹੈ?

**ਅਰੁੰਧਤੀ:** ਦਲਿਤ ਸਿਆਸੀ ਪਾਰਟੀਆਂ ਦਾ ਉਭਾਰ ਅੱਖ-ਚੁੰਧਿਆਊ ਵਰਤਾਰਾ ਹੈ; ਪਰ ਸਾਡੀ ਚੋਣਾਵੀ ਸਿਆਸਤ, ਆਪਣੇ ਮੌਜੂਦਾ ਰੂਪ ਵਿਚ, ਸੱਚੀਂ ਹੀ ਇਨਕਲਾਬੀ ਨਹੀਂ ਹੋ ਸਕਦੀ। ਇਹ ਕਿਤਾਬ ਇਸ ਬਾਰੇ ਵਿਸਤਾਰ ਨਾਲ ਨਜਿੱਠਦੀ ਹੈ। 1931 'ਚ ਲੰਡਨ ਵਿਚ ਹੋਏ ਦੂਜੇ ਗੋਲਮੇਜ਼ ਸੰਮੇਲਨ ਵਿਖੇ ਗਾਂਧੀ ਨਾਲ ਡਾ. ਅੰਬੇਦਕਰ ਦੇ ਟਕਰਾਅ ਦਾ ਸਬੰਧ ਐਨ ਇਸੇ ਨੂੰ ਲੈ ਕੇ ਸੀ- ਦਲਿਤਾਂ ਦੀ ਅਤੇ ਦਲਿਤਾਂ ਲਈ ਸਿਆਸੀ ਨੁਮਾਇੰਦਗੀ ਦੇ ਸਵਾਲ ਬਾਰੇ ਉਨ੍ਹਾਂ ਦੇ ਵੱਖੋ-ਵੱਖਰੇ ਖ਼ਿਆਲ ਸਨ। ਡਾ. ਅੰਬੇਦਕਰ ਦਾ ਵਿਸ਼ਵਾਸ ਸੀ ਕਿ ਨੁਮਾਇੰਦਗੀ ਦਾ ਹੱਕ, ਬੁਨਿਆਦੀ ਹੱਕ ਸੀ। ਆਪਣੀ ਪੂਰੀ ਜ਼ਿੰਦਗੀ ਉਹ ਦਲਿਤਾਂ ਨੂੰ ਇਹ ਹੱਕ ਲੈ ਕੇ ਦੇਣ ਲਈ ਲੜਦਾ ਰਿਹਾ। 'ਜੋ ਜਿੱਤ ਗਿਆ, ਉਹੀ ਸਿਕੰਦਰ' ਦੀ


ਚੋਣ ਵਿਧੀ ਬਾਰੇ ਉਸ ਨੇ ਵਿਸਤਾਰ ਵਿਚ ਸੋਚਿਆ ਤੇ ਲਿਖਿਆ। ਨਾਲ ਹੀ ਇਹ ਵੀ ਕਿ ਅਜਿਹੇ ਪ੍ਰਬੰਧ ਤਹਿਤ ਦਲਿਤ ਕਦੇ ਵੀ ਵਿਸ਼ੇਸ਼ ਅਧਿਕਾਰ ਮਾਣਦੀਆਂ ਜਾਤਾਂ ਦੇ ਗ਼ਲਬੇ ਹੇਠੋਂ ਨਹੀਂ ਨਿਕਲ ਸਕਣਗੇ, ਕਿਉਂਕਿ ਆਬਾਦੀ ਇਸ ਤਰ੍ਹਾਂ ਖਿੰਡੀ ਹੋਈ ਸੀ ਕਿ ਉਹ ਕਦੇ ਵੀ ਕਿਸੇ ਸਿਆਸੀ ਚੋਣ ਹਲਕੇ ਵਿਚ ਬਹੁਗਿਣਤੀ ਨਹੀਂ ਬਣ ਸਕਣਗੇ। ਗਾਂਧੀ ਜਿਸ ਨੇ ਮਿਸ਼ਨਰੀਆਂ ਵਾਲੇ ਉਤਸ਼ਾਹ ਨਾਲ ਅਛੂਤਾਂ ਵਿਚ ਕੰਮ ਕੀਤਾ, ਉਹ ਉਨ੍ਹਾਂ ਨੂੰ ਆਪਣੀ ਨੁਮਾਇੰਦਗੀ ਖ਼ੁਦ ਕਰਨ ਦੀ ਇਜਾਜ਼ਤ ਦੇਣ ਲਈ ਤਿਆਰ ਨਹੀਂ ਸੀ। ਜ਼ਾਹਰਾ ਤੌਰ 'ਤੇ ਉਸ ਨੇ ਇਸ ਸੰਭਾਵਨਾ ਦੇ ਖ਼ਿਲਾਫ਼ ਕੰਮ ਕੀਤਾ। ਉਸ ਦਾ ਹਰੀਜਨ ਸੇਵਕ ਸੰਘ ਜਿਸ ਨੂੰ ਫੰਡ ਜੀ.ਡੀ. ਬਿਰਲਾ ਦਿੰਦਾ ਸੀ, ਜੋ ਮੰਦਰਾਂ ਵਿਚ ਦਾਖ਼ਲ ਹੋਣ ਦੀ ਲਹਿਰ ਦੀਆਂ ਮੂਹਰਲੀਆਂ ਸਫ਼ਾਂ ਵਿਚ ਸੀ, ਦੇ ਮੈਂਬਰ ਸਿਰਫ਼ ਵਿਸ਼ੇਸ਼ ਅਧਿਕਾਰ ਮਾਣਦੀਆਂ ਜਾਤਾਂ ਦੇ ਲੋਕ ਸਨ। ਗਾਂਧੀ ਨੇ ਅਹਿਮਦਾਬਾਦ ਵਿਚ ਜੋ ਮਹਾਜਨ ਮਜ਼ਦੂਰ ਸੰਘ ਨਾਂ ਦੀ ਮਿੱਲ ਮਜ਼ਦੂਰਾਂ ਦੀ ਯੂਨੀਅਨ ਬਣਾਈ, ਜਿਨ੍ਹਾਂ ਵਿਚੋਂ ਬਹੁਤ ਸਾਰੇ ਅਛੂਤ ਸਨ, ਉਸ ਵਿਚ ਵੀ ਉਨ੍ਹਾਂ ਨੂੰ ਅਹੁਦੇਦਾਰ ਬਣਨ ਦੀ ਇਜਾਜ਼ਤ ਨਹੀਂ ਸੀ। ਉਥੇ ਵੀ ਉਨ੍ਹਾਂ ਨੂੰ ਆਪਣੀ ਨੁਮਾਇੰਦਗੀ ਖ਼ੁਦ ਕਰਨ ਦੀ ਇਜਾਜ਼ਤ ਨਹੀਂ ਸੀ। 1931 'ਚ ਲੰਡਨ ਵਿਚ ਹੋਏ ਦੂਜੇ ਗੋਲਮੇਜ਼ ਸੰਮੇਲਨ ਵਿਖੇ ਗਾਂਧੀ ਨੇ ਕਿਹਾ, "ਮੈਂ ਆਪਣੀ ਤਰਫ਼ੋਂ ਅਛੂਤਾਂ ਦੀ ਵਿਸ਼ਾਲ ਬਹੁਗਿਣਤੀ ਦੀ ਨੁਮਾਇੰਦਗੀ ਕਰਨ ਦਾ ਦਾਅਵਾ ਕਰਦਾ ਹਾਂ।" ਕਿਤਾਬ ਦੇ ਪਿਛਲੇ ਪਾਸੇ ਪੂਨਾ ਸਮਝੌਤੇ ਬਾਰੇ ਐਸ. ਆਨੰਦ ਦੀ ਜੋ ਟਿੱਪਣੀ ਦਿੱਤੀ ਗਈ ਹੈ, ਉਸ ਵਿਚ ਉਹ ਲਿਖਦਾ ਹੈ ਕਿ ਗਾਂਧੀ ਨੇ ਕਾਂਗਰਸ ਪਾਰਟੀ ਦੇ ਇਕ ਅਛੂਤ ਮੈਂਬਰ ਦੇ ਉਸ ਸਵਾਲ ਦਾ ਜਵਾਬ ਕਿਵੇਂ ਦਿੱਤਾ ਜਦੋਂ ਉਸ ਨੇ ਪੁੱਛਿਆ ਕਿ ਕੀ ਉਹ ਇਹ ਯਕੀਨੀ ਬਣਾਏਗਾ ਕਿ ਸਟੇਟ ਕੌਂਸਲਾਂ ਅਤੇ ਪੰਚਾਇਤ ਬੋਰਡਾਂ ਵਿਚ ਹਰੀਜਨਾਂ ਦੀ ਨੁਮਾਇੰਦਗੀ ਹੋਵੇ, ਤਾਂ ਗਾਂਧੀ ਦਾ ਜਵਾਬ ਸੀ, ਇਹ ਸਿਧਾਂਤ 'ਖ਼ਤਰਨਾਕ' ਹੈ।

ਗਾਂਧੀ ਨੇ ਇਸ ਵਿਚ ਵੱਡੀ ਭੂਮਿਕਾ ਨਿਭਾਈ ਕਿ ਡਾ. ਅੰਬੇਦਕਰ ਦਾ ਅਛੂਤਾਂ ਨੂੰ ਸਿਆਸੀ ਭਾਈਚਾਰੇ ਵਜੋਂ ਵਿਕਸਤ ਕਰਨ ਦਾ ਪ੍ਰੋਜੈਕਟ ਸਿਰੇ ਨਾ ਚੜ੍ਹੇ ਅਤੇ ਇਸ ਦਾ ਨੁਕਸਾਨ ਕੀਤਾ ਜਾਵੇ। ਡਾ. ਅੰਬੇਦਕਰ ਚਾਹੁੰਦਾ ਸੀ ਕਿ ਅਛੂਤ ਭਾਈਚਾਰਾ ਆਪਣੇ ਹੱਕਾਂ ਬਾਰੇ ਜਾਗਰੂਕ ਹੋਵੇ ਜੋ ਆਪਣੇ ਵਿਚੋਂ ਆਪਣੇ ਨੁਮਾਇੰਦੇ ਚੁਣਨ ਦੇ ਯੋਗ ਬਣੇ। ਅੱਜ ਵੀ ਦਲਿਤਾਂ ਨੂੰ ਇਸ ਦਾ ਮੁੱਲ ਤਾਰਨਾ ਪੈ ਰਿਹਾ ਹੈ। ਇਨ੍ਹਾਂ ਸਭ ਔਕੜਾਂ ਦੇ ਬਾਵਜੂਦ, ਯੂ.ਪੀ. ਵਿਚ ਬਹੁਜਨ ਸਮਾਜ ਪਾਰਟੀ ਉਭਰੀ ਹੈ; ਪਰ ਉਥੇ ਵੀ ਕਾਂਸ਼ੀਰਾਮ ਨੂੰ, ਤੇ ਫਿਰ ਮਾਇਆਵਤੀ ਨੂੰ ਕਾਮਯਾਬ ਹੋਣ ਲਈ ਅੱਧੀ ਸਦੀ ਤੋਂ ਵੱਧ ਵਕਤ ਲੱਗਿਆ। ਇਹ ਫ਼ਤਿਹ ਹਾਸਲ ਕਰਨ ਲਈ ਕਾਂਸ਼ੀਰਾਮ ਨੇ ਹੋਰ ਅਧੀਨ ਜਾਤਾਂ ਨਾਲ ਗੱਠਜੋੜ ਬਣਾਉਂਦੇ ਹੋਏ ਸਾਲਾਂਬੱਧੀ ਕਰੜੀ ਮਿਹਨਤ ਕੀਤੀ। ਬੀ.ਐਸ.ਪੀ. ਨੂੰ ਉੱਤਰ ਪ੍ਰਦੇਸ਼ ਦੀ ਨਿਆਰੀ ਅਬਾਦੀ ਅਤੇ ਕਈ ਹੋਰ ਪੱਛੜੀਆਂ ਸ਼੍ਰੇਣੀਆਂ ਦੀ ਹਮਾਇਤ ਲੋੜੀਂਦੀ ਸੀ ਪਰ ਜੇ ਇਸ ਨੇ ਸਿਆਸੀ ਪਾਰਟੀ ਵਜੋਂ ਉਭਰਨਾ ਹੈ ਤਾਂ ਇਸ ਨੂੰ ਐਸੇ ਗੱਠਜੋੜ ਬਣਾਉਣੇ ਪੈਣਗੇ ਜੋ ਇਸ ਦੀ ਸਿਆਸੀ ਧੁਸ ਨੂੰ ਪੇਤਲਾ ਪਾ ਦੇਣਗੇ। ਇਕ ਆਮ ਸੀਟ ਤੋਂ, ਇਥੋਂ ਤਕ ਕਿ ਯੂ.ਪੀ. ਵਿਚ ਵੀ, ਚੋਣ ਜਿੱਤਣੀ ਕਿਸੇ ਦਲਿਤ ਉਮੀਦਵਾਰ ਲਈ ਲਗਭਗ ਅਸੰਭਵ ਬਣੀ ਹੋਈ ਹੈ।

**ਸਵਾਲ:** ਤੁਸੀਂ ਜੋ ਉਸ ਤੌਰ-ਤਰੀਕੇ ਦਾ ਵੇਰਵਾ ਦਿੱਤਾ ਹੈ ਜਿਸ ਵਿਚ ਕਮਿਊਨਲ ਐਵਾਰਡ ਦੇ ਮੁੱਦੇ ਬਾਰੇ ਗਾਂਧੀ ਡਾ. ਅੰਬੇਦਕਰ ਉਪਰ ਹਾਵੀ ਰਿਹਾ, ਜਿਸ ਵਿਚ ਅੰਗਰੇਜ਼ਾਂ ਨੇ ਅਛੂਤਾਂ ਲਈ ਵੱਖਰੇ ਚੋਣ ਹਲਕੇ ਬਣਾ ਦਿੱਤੇ, ਉਹ ਧੂਹ-ਪਾਊ ਹੈ- ਇਹ ਬਿਰਤਾਂਤ ਕਿ ਕਿਵੇਂ 1932 ਵਿਚ ਡਾ. ਅੰਬੇਦਕਰ ਨੂੰ ਆਪਣਾ ਖ਼ਵਾਬ ਤਿਆਗਣਾ ਪਿਆ ਅਤੇ ਪੂਨਾ ਸਮਝੌਤੇ 'ਤੇ ਦਸਤਖ਼ਤ ਕਰਨੇ ਪਏ; ਪਰ ਵੱਖਰੇ ਚੋਣ ਹਲਕਿਆਂ ਦੇ ਮੁੱਦੇ ਬਾਰੇ ਮੇਰਾ ਇਕ ਸਵਾਲ ਹੈ। ਕਈ ਇਤਿਹਾਸਕਾਰ ਦਲੀਲ ਦਿੰਦੇ ਹਨ ਕਿ ਇਹ ਵਿਚਾਰ ਸੱਚੀਂ ਹੀ ਪੁਆੜੇ ਦੀ ਜੜ੍ਹ ਸੀ ਜਿਸ ਦੇ ਸਿੱਟੇ ਵਜੋਂ ਮੁਲਕ ਦੀ ਵੰਡ ਹੋ ਜਾਵੇਗੀ, ਤੇ ਕਈ ਵੱਖਰੇ ਚੋਣ ਹਲਕਿਆਂ ਦੇ ਖ਼ਿਲਾਫ਼ ਦਲੀਲ ਦੇਣਗੇ। ਕੀ ਤੁਸੀਂ ਸਮਝਦੇ ਹੋ ਕਿ ਹਿੰਦੁਸਤਾਨ ਨੂੰ ਅਜੇ ਵੀ ਵੱਖਰੇ ਚੋਣ ਹਲਕਿਆਂ ਦੀ ਜ਼ਰੂਰਤ ਹੈ?

**ਅਰੁੰਧਤੀ:** ਮੈਂ ਸਮਝਦੀ ਹਾਂ ਕਿ ਸਾਡਾ 'ਜਿਹੜਾ ਜਿੱਤ ਗਿਆ, ਉਹੀ ਸਿਕੰਦਰ' ਵਾਲਾ ਚੋਣ ਪ੍ਰਬੰਧ ਘੋਰ ਨੁਕਸਦਾਰ ਹੈ ਅਤੇ ਇਸੇ ਕਰ ਕੇ ਅਸੀਂ ਫੇਲ੍ਹ ਹੁੰਦੇ ਹਾਂ; ਪਰ ਮੈਂ ਸੋਚਦੀ ਹਾਂ ਕਿ ਸਾਨੂੰ ਵੱਖਰੇ ਚੋਣ ਹਲਕਿਆਂ, ਫਿਰਕੂ ਐਵਾਰਡ ਅਤੇ ਮੁਲਕ ਦੀ ਵੰਡ ਦੇ ਬਹੁਤ ਹੀ ਰੱਟੇ ਵਾਲੇ ਮੁੱਦਿਆਂ ਨੂੰ ਘਾਲਾਮਾਲਾ ਕਰ ਕੇ ਵੱਡੇ ਇਲਜ਼ਾਮ ਦਾ ਰੂਪ ਨਹੀਂ ਦੇਣਾ ਚਾਹੀਦਾ। ਜਿਵੇਂ ਮੈਂ ਪਹਿਲਾਂ ਕਿਹਾ ਹੈ, ਡਾ. ਅੰਬੇਦਕਰ ਨੇ ਅਛੂਤਾਂ ਲਈ ਵੱਖਰੇ ਚੋਣ ਹਲਕੇ ਅਤੇ ਅੱਡ ਨੁਮਾਇੰਦਗੀ ਦੀ ਮੰਗ ਬਹੁਤ ਹੀ ਧਿਆਨ ਨਾਲ ਸੋਚ-ਵਿਚਾਰ ਕੇ ਕੀਤੀ ਸੀ। ਜੋ ਮੈਂ ਲਿਖਿਆ ਹੈ, ਉਸ ਨੂੰ ਮੈਂ ਸੱਚੀਂ ਹੀ ਦੁਬਾਰਾ ਬਿਆਨ ਨਹੀਂ ਕਰਨਾ ਚਾਹੁੰਦੀ... ਪਰ ਇੰਨਾ ਜ਼ਰੂਰ ਕਹਿ ਦੇਈਏ ਕਿ ਉਹ ਇਕ ਸ਼ਾਨਦਾਰ ਅਤੇ ਨਿਆਰੀ ਯੋਜਨਾ ਲੈ ਕੇ ਆਇਆ ਸੀ।

ਉਸ ਦਾ ਖ਼ਿਆਲ ਸੱਚੀਂ ਹੀ ਐਸੀ ਹਾਲਤ ਪੈਦਾ ਕਰਨਾ ਸੀ ਜਿਸ ਵਿਚ ਦਲਿਤ ਆਪਣੇ ਵਿਚੋਂ ਹੀ ਆਗੂ ਚੁਣ ਕੇ ਇਕ ਸਿਆਸੀ ਭਾਈਚਾਰੇ ਵਜੋਂ ਵਿਕਾਸ ਕਰ ਸਕਣ। ਉਸ ਦੀ ਵੱਖਰੇ ਚੋਣ ਹਲਕਿਆਂ ਦੀ ਤਜਵੀਜ਼ ਮਹਿਜ਼ ਦਸ ਸਾਲਾਂ ਲਈ ਸੀ, ਤੇ ਇਥੇ ਅਸੀਂ ਉਨ੍ਹਾਂ ਲੋਕਾਂ ਬਾਰੇ ਚਰਚਾ ਕਰ ਰਹੇ ਹਾਂ ਜਿਨ੍ਹਾਂ ਨੂੰ ਵਿਸ਼ੇਸ਼ ਅਧਿਕਾਰ ਮਾਣਦੀਆਂ ਜਮਾਤਾਂ ਨੇ ਹਜ਼ਾਰਾਂ ਸਾਲਾਂ ਤੋਂ ਐਸੇ ਸਭ ਤੋਂ ਘਿਣਾਉਣੇ ਅਤੇ ਜ਼ਾਲਮ ਢੰਗ ਨਾਲ ਸਮਾਜ ਵਿਚੋਂ ਛੇਕਿਆ ਹੋਇਆ ਸੀ ਜਿਸ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ- ਉਹ ਲੋਕ ਜਿਨ੍ਹਾਂ ਨੂੰ ਹੋਰ ਬੜੇ ਕੁਝ ਤੋਂ ਇਲਾਵਾ ਦੂਰ ਰੱਖਿਆ ਜਾਂਦਾ ਸੀ, ਜਿਨ੍ਹਾਂ ਨੂੰ ਸਾਂਝੇ ਖੂਹਾਂ ਤੋਂ ਪਾਣੀ ਲੈਣ, ਪੜ੍ਹਨ-ਲਿਖਣ, ਮੰਦਰਾਂ 'ਚ ਜਾਣ ਦੀ ਇਜਾਜ਼ਤ ਨਹੀਂ ਸੀ। ਜਿਨ੍ਹਾਂ ਦੇ ਪੱਲੇ ਹਿੰਸਾ ਅਤੇ ਗਾਲ੍ਹ-ਮੰਦੇ ਤੋਂ ਸਿਵਾਏ ਹੋਰ ਕੁਝ ਨਹੀਂ ਸੀ ਪੈਂਦਾ ਪਰ ਜਦੋਂ ਉਨ੍ਹਾਂ ਨੇ ਵੱਖਰੇ ਚੋਣ ਹਲਕੇ ਦੀ ਮੰਗ ਕੀਤੀ, ਤਾਂ ਹਰ ਬੰਦਾ ਇਉਂ ਪੇਸ਼ ਆਇਆ ਜਿਵੇਂ ਪਰਲੋ ਆ ਗਈ ਹੋਵੇ।



*ਗਾਂਧੀ ਜਿਸ ਨੇ ਮਿਸ਼ਨਰੀਆਂ ਵਾਲੇ ਉਤਸ਼ਾਹ ਨਾਲ ਅਛੂਤਾਂ ਵਿਚ ਕੰਮ ਕੀਤਾ, ਉਹ ਉਨ੍ਹਾਂ ਨੂੰ ਆਪਣੀ ਨੁਮਾਇੰਦਗੀ ਖ਼ੁਦ ਕਰਨ ਦੀ ਇਜਾਜ਼ਤ ਦੇਣ ਲਈ ਤਿਆਰ ਨਹੀਂ ਸੀ। ਜ਼ਾਹਰਾ ਤੌਰ 'ਤੇ ਉਸ ਨੇ ਇਸ ਸੰਭਾਵਨਾ ਦੇ ਖ਼ਿਲਾਫ਼ ਕੰਮ ਕੀਤਾ। ਉਸ ਦਾ ਹਰੀਜਨ ਸੇਵਕ ਸੰਘ ਜਿਸ ਨੂੰ ਫੰਡ ਜੀ.ਡੀ. ਬਿਰਲਾ ਦਿੰਦਾ ਸੀ, ਜੋ ਮੰਦਰਾਂ ਵਿਚ ਦਾਖ਼ਲ ਹੋਣ ਦੀ ਲਹਿਰ ਦੀਆਂ ਮੂਹਰਲੀਆਂ ਸਫ਼ਾਂ ਵਿਚ ਸੀ, ਦੇ ਮੈਂਬਰ ਸਿਰਫ਼ ਵਿਸ਼ੇਸ਼ ਅਧਿਕਾਰ ਮਾਣਦੀਆਂ ਜਾਤਾਂ ਦੇ ਲੋਕ ਸਨ। ਗਾਂਧੀ ਨੇ ਅਹਿਮਦਾਬਾਦ ਵਿਚ ਜੋ ਮਹਾਜਨ ਮਜ਼ਦੂਰ ਸੰਘ ਨਾਂ ਦੀ ਮਿੱਲ ਮਜ਼ਦੂਰਾਂ ਦੀ ਯੂਨੀਅਨ ਬਣਾਈ, ਜਿਨ੍ਹਾਂ ਵਿਚੋਂ ਬਹੁਤ ਸਾਰੇ ਅਛੂਤ ਸਨ, ਉਸ ਵਿਚ ਵੀ ਉਨ੍ਹਾਂ ਨੂੰ ਅਹੁਦੇਦਾਰ ਬਣਨ ਦੀ ਇਜਾਜ਼ਤ ਨਹੀਂ ਸੀ। ਉਥੇ ਵੀ ਉਨ੍ਹਾਂ ਨੂੰ ਆਪਣੀ ਨੁਮਾਇੰਦਗੀ ਖ਼ੁਦ ਕਰਨ ਦੀ ਇਜਾਜ਼ਤ ਨਹੀਂ ਸੀ। 1931 'ਚ ਲੰਡਨ ਵਿਚ ਹੋਏ ਦੂਜੇ ਗੋਲਮੇਜ਼ ਸੰਮੇਲਨ ਵਿਖੇ ਗਾਂਧੀ ਨੇ ਕਿਹਾ, "ਮੈਂ ਆਪਣੀ ਤਰਫ਼ੋਂ ਅਛੂਤਾਂ ਦੀ ਵਿਸ਼ਾਲ ਬਹੁਗਿਣਤੀ ਦੀ ਨੁਮਾਇੰਦਗੀ ਕਰਨ ਦਾ ਦਾਅਵਾ ਕਰਦਾ ਹਾਂ।"*

ਗਾਂਧੀ ਨੇ ਅਣਮਿੱਥੇ ਸਮੇਂ ਲਈ ਭੁੱਖ ਹੜਤਾਲ ਕਰ ਦਿੱਤੀ ਅਤੇ ਜਨਤਕ ਦਬਾਅ ਨੇ ਡਾ. ਅੰਬੇਦਕਰ ਨੂੰ ਆਪਣੀ ਮੰਗ ਛੱਡਣ ਅਤੇ ਪੂਨਾ ਸਮਝੌਤੇ 'ਤੇ ਸਹੀ ਪਾਉਣ ਲਈ ਮਜਬੂਰ ਕਰ ਦਿੱਤਾ। ਇਹ ਪੂਰੀ ਤਰ੍ਹਾਂ ਤਰਕ-ਵਿਹੂਣਾ ਸੀ। ਅਸੀਂ ਇਹ ਕਿਵੇਂ ਕਹਿ ਸਕਦੇ ਹਾਂ ਕਿ ਡਾ. ਅੰਬੇਦਕਰ ਦੀ ਵੱਖਰੇ ਚੋਣ ਹਲਕਿਆਂ ਦੀ ਮੰਗ ਕਾਰਨ ਮੁਲਕ ਵੰਡਿਆ ਗਿਆ? ਵੇਗ ਤਾਂ ਇਸ ਤੋਂ ਐਨ ਉਲਟ ਸੀ। ਉਹ ਤਾਂ ਉਸ ਸਮਾਜ ਲਈ ਮੁਕਤੀ ਅਤੇ ਬਰਾਬਰੀ ਲਿਆਉਣ ਦੀ ਵਾਹ ਲਾ ਰਿਹਾ ਸੀ ਜਿਸ ਨੇ ਨਸਲ-ਭੇਦ ਦਾ ਜ਼ਹਿਰੀਲਾ ਰੂਪ ਅਖ਼ਤਿਆਰ ਕੀਤਾ ਹੋਇਆ ਸੀ। ਉਹ ਨਿਆਂ, ਭਾਈਚਾਰੇ, ਏਕਤਾ ਅਤੇ ਅਪਣੱਤ ਦੀ ਭਾਵਨਾ ਦੀ ਗੱਲ ਕਰ ਰਿਹਾ ਸੀ, ਵੰਡ ਦੀ ਨਹੀਂ; ਪਰ ਜਾਤਪਾਤੀ ਦਰਜੇਬੰਦੀ ਦਾ ਮਤਲਬ ਹੈ ਕਿ ਸਿਰਫ਼ ਵਿਸ਼ੇਸ਼ ਅਧਿਕਾਰ ਮਾਣਨ ਵਾਲੇ ਹੀ ਦਲਿਤਾਂ ਲਈ ਦਰਵਾਜ਼ੇ ਬੰਦ ਕਰ ਸਕਦੇ ਹਨ।

ਜਦੋਂ ਦਲਿਤ ਆਪਣੇ ਦਰਵਾਜ਼ੇ ਖ਼ੁਦ ਭੇੜ ਲੈਂਦੇ ਹਨ ਤਾਂ ਇਸ ਨੂੰ ਧੋਖੇਬਾਜ਼ੀ ਕਿਹਾ ਜਾਂਦਾ ਹੈ। ਨਾਲ ਹੀ, ਜਦੋਂ ਸਾਨੂੰ ਵੰਡ ਦਾ ਸਾਰਾ ਇਲਜ਼ਾਮ ਜਿਨਾਹ ਸਿਰ ਲਾਉਣਾ ਚੰਗਾ ਲਗਦਾ ਹੈ- 'ਇਲਜ਼ਾਮ' ਲਫ਼ਜ਼ ਵਰਤਣ ਨਾਲ ਪਹਿਲਾਂ ਹੀ ਫਰਜ਼ ਕਰ ਲਿਆ ਜਾਂਦਾ ਹੈ ਕਿ ਹਰ ਕੋਈ ਇਸ ਨਾਲ ਸਹਿਮਤ ਹੈ ਕਿ ਵੰਡ ਭਿਆਨਕ ਚੀਜ਼ ਸੀ, ਪਰ ਇਹ ਵੀ ਸੱਚ ਨਹੀਂ- ਅਸੀਂ ਭੁੱਲ ਜਾਂਦੇ ਹਾਂ ਕਿ ਭਾਈ ਪਰਮਾਨੰਦ ਵਰਗਿਆਂ ਨੇ 1905 ਵਿਚ ਹੀ ਬੰਗਾਲ ਦੀ ਵੰਡ ਸਮੇਂ ਇਹ ਸਲਾਹ ਦਿੱਤੀ ਸੀ ਕਿ ਸਿੰਧ ਨੂੰ ਅਫ਼ਗਾਨਿਸਤਾਨ ਅਤੇ ਉੱਤਰ-ਪੱਛਮੀ ਸਰਹੱਦੀ ਸੂਬੇ ਨਾਲ ਮਿਲਾ ਕੇ ਇਕ ਮਹਾਂ-ਮੁਸਲਿਮ ਸਲਤਨਤ ਬਣਾ ਦੇਣੀ ਚਾਹੀਦੀ ਹੈ। ਉਹ ਗ਼ਦਰ ਪਾਰਟੀ ਦਾ ਬਾਨੀ ਮੈਂਬਰ ਸੀ, ਲਾਹੌਰ ਵਿਚ ਆਰੀਆ ਸਮਾਜ ਦਾ ਥੰਮ੍ਹ ਸੀ ਜੋ ਪਿੱਛੋਂ ਹਿੰਦੂ ਮਹਾਂਸਭਾ ਦਾ ਅਹਿਮ ਆਗੂ ਬਣਿਆ। ਵੰਡ ਇਸ ਕਰ ਕੇ ਹੋਈ ਕਿ ਤਾਕਤਾਂ ਦਾ ਇਕ ਪੂਰਾ ਸਮੂਹ ਇਸ ਪਾਸੇ ਜੁੱਟਿਆ ਹੋਇਆ ਸੀ, ਤੇ ਇਹ ਸਭ ਉਨ੍ਹਾਂ ਦੇ ਕਾਬੂ ਤੋਂ ਬਾਹਰ ਹੋ ਗਿਆ ਸੀ ਜਿਨ੍ਹਾਂ ਦੇ ਹੱਥ ਉਦੋਂ ਸੱਤਾ ਦੀ ਵਾਗਡੋਰ ਸੀ।

**ਸਵਾਲ:** ਤੁਸੀਂ ਡਾ. ਅੰਬੇਦਕਰ ਦੀ ਆਦਿਵਾਸੀਆਂ ਬਾਰੇ ਉਸ ਦੇ ਵਿਚਾਰਾਂ ਨੂੰ ਲੈ ਕੇ ਬਹੁਤ ਕਰੜੀ ਆਲੋਚਨਾ ਕਰਦੇ ਹੋ।

**ਅਰੁੰਧਤੀ:** ਜਿਵੇਂ ਅਛੂਤਾਂ ਬਾਰੇ ਗਾਂਧੀ ਉਪਕਾਰੀ ਅੰਦਾਜ਼ 'ਚ ਬੋਲਦਾ ਹੈ, ਉਸੇ ਤਰ੍ਹਾਂ ਡਾ. ਅੰਬੇਦਕਰ ਆਦਿਵਾਸੀਆਂ ਬਾਰੇ ਗੱਲ ਕਰਦਾ ਹੈ। ਇਹ ਸਮਝਣਾ ਮੁਸ਼ਕਲ ਹੈ ਕਿ ਜਿਹੜਾ ਬੰਦਾ ਇਸ ਨੂੰ ਆਪਣੇ ਲੋਕਾਂ ਦੀ ਤੌਹੀਨ ਸਮਝਦਾ ਸੀ, ਉਸ ਨੇ ਇਹ ਐਨਾ ਸਾਫ਼ ਸਾਫ਼ ਕਿਵੇਂ ਕਹਿ ਦਿੱਤਾ? ਡਾ. ਅੰਬੇਦਕਰ ਸਿਆਣਾ ਅਤੇ ਨਿਆਂ ਦੀ ਡੂੰਘੀ ਸੂਝ ਵਾਲਾ ਬੰਦਾ ਸੀ। ਮੇਰਾ ਵਿਸ਼ਵਾਸ ਹੈ ਕਿ ਉਸ ਨੇ ਆਲੋਚਨਾ ਨੂੰ ਗੰਭੀਰਤਾ ਨਾਲ ਲੈਣਾ ਸੀ ਅਤੇ ਆਪਣੇ ਖ਼ਿਆਲ ਬਦਲ ਲੈਣੇ ਸਨ, ਪਰ ਉਸ ਦੀ ਇਕੋ-ਇਕ ਇਹੀ ਆਲੋਚਨਾ ਨਹੀਂ ਹੈ ਜੋ ਮੈਂ ਕੀਤੀ ਹੈ। ਪੱਛਮੀ ਉਦਾਰਵਾਦ ਨੂੰ ਗਲੇ ਲਾਉਣ, ਸ਼ਹਿਰੀਕਰਨ ਅਤੇ ਆਧੁਨਿਕ 'ਵਿਕਾਸ' ਦੀ ਉਸ ਵਲੋਂ ਹਮਾਇਤ ਕਰਨ ਸਮੇਂ ਉਹ ਤਬਾਹੀ ਦੇ ਉਨ੍ਹਾਂ ਬੀਜਾਂ ਨੂੰ ਨਾ ਦੇਖ ਸਕਿਆ ਜੋ ਇਨ੍ਹਾਂ ਦੇ ਵਿਚ ਪਏ ਸਨ।

**ਸਵਾਲ:** ਤੁਸੀਂ ਜਾਤਪਾਤ ਨੂੰ ਮੁਖ਼ਾਤਬ ਹੋਣ ਵਿਚ ਕਮਿਊਨਿਸਟਾਂ ਦੀ ਮਹਾਂ-ਨਾਕਾਮੀ ਦੀ ਵੀ ਪੁਣ-ਛਾਣ ਕੀਤੀ ਹੈ। ਤੁਸੀਂ ਲਿਖਿਆ ਹੈ ਕਿ 'ਉਨ੍ਹਾਂ ਦਾ ਜਾਤਪਾਤ ਪ੍ਰਤੀ ਵਤੀਰਾ ਇਉਂ ਸੀ ਜਿਵੇਂ ਇਹ ਕੋਈ ਜਮਾਤੀ ਵਿਸ਼ਲੇਸ਼ਣ ਦੀ ਟਕਸਾਲੀ ਭਾਸ਼ਾ ਵਿਚੋਂ ਹਾਸਲ ਕੀਤੀ ਲੋਕ ਬੋਲੀ ਹੋਵੇ।' ਮੈਂ ਸਮਝਦੀ ਹਾਂ ਕਿ ਸਾਰੇ ਕਮਿਊਨਿਸਟਾਂ ਨੂੰ ਵੱਡੇ ਟਰੇਡ ਯੂਨੀਅਨ ਆਗੂ ਐਸ.ਏ. ਡਾਂਗੇ ਬਾਰੇ ਤੁਹਾਡੇ ਸਹੀ ਨਿਚੋੜ ਨੂੰ ਜ਼ਰੂਰ ਪੜ੍ਹਨਾ ਚਾਹੀਦਾ ਹੈ। ਮੇਰਾ ਤੁਹਾਨੂੰ ਸਵਾਲ ਹੈ: ਪਾਰਟੀ ਕਮਿਊਨਿਜ਼ਮ ਨੇ ਤੁਹਾਨੂੰ ਨਿਰਾਸ਼ ਕੀਤਾ ਹੈ, ਪਰ ਕੀ ਕਮਿਊਨਿਜ਼ਮ ਦਾ ਕੋਈ ਰੂਪ ਐਸਾ ਹੈ ਜਿਸ ਦੀ ਤੁਸੀਂ ਹਮਾਇਤ ਕਰਦੇ ਹੋਵੋ ਅਤੇ ਜਿਸ ਦੇ ਹੱਕ ਵਿਚ ਹੋਵੋ?

**ਅਰੁੰਧਤੀ:** ਮੁੱਖਧਾਰਾ ਕਮਿਊਨਿਸਟ ਪਾਰਟੀਆਂ ਨੇ ਜਿਸ ਢੰਗ ਨਾਲ ਜਾਤਪਾਤ ਨੂੰ ਨਜਿੱਠਿਆ, ਉਸ ਦੀ ਆਲੋਚਨਾ ਮੈਂ 'ਗੌਡ ਆਫ ਸਮਾਲ ਥਿੰਗਜ਼' ਨਾਵਲ ਦੇ ਸਮੇਂ ਤੋਂ ਹੀ ਕਰਦੀ ਆਈ ਹਾਂ। ਜਦੋਂ 1997 'ਚ ਇਹ ਨਾਵਲ ਆਇਆ, ਤਾਂ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਇਸ ਤੋਂ ਬਹੁਤ ਗੁੱਸੇ 'ਚ ਸੀ। ਉਹ ਕਾਮਰੇਡ ਕੇ.ਐਨ.ਐਮ. ਪਿੱਲੇ ਨਾਂ ਦੇ ਪਾਤਰ ਦੀ ਉਸਾਰੀ ਤੋਂ ਗੁੱਸੇ ਸਨ ਜੋ ਕਮਿਊਨਿਸਟ ਪਾਰਟੀ ਦਾ ਮੈਂਬਰ ਸੀ ਅਤੇ ਇਕ ਦਲਿਤ ਵੇਲੂਥਾ ਖ਼ਿਲਾਫ਼ ਤੁਅੱਸਬਾਂ ਵਿਚ ਗ੍ਰਸਿਆ ਹੋਇਆ ਸੀ। ਵੇਲੂਥਾ ਕਿਤਾਬ ਦੇ ਮੁੱਖ ਪਾਤਰਾਂ ਵਿਚੋਂ ਇਕ ਸੀ। ਕਮਿਊਨਿਸਟ ਅਤੇ ਦਲਿਤ ਤਾਂ ਸੁਭਾਵਿਕ ਸੰਗੀ ਹੋਣੇ ਚਾਹੀਦੇ ਹਨ, ਪਰ ਅਫ਼ਸੋਸ ਹੈ ਕਿ ਇਉਂ ਹੋਇਆ ਨਹੀਂ। ਇਹ ਦਰਾੜ 1920ਵਿਆਂ ਦੇ ਅਖ਼ੀਰ 'ਚ ਹਿੰਦੁਸਤਾਨੀ ਕਮਿਊਨਿਸਟ ਪਾਰਟੀ ਦੇ ਬਣਨ ਸਾਰ ਹੀ ਸ਼ੁਰੂ ਹੋ ਗਈ। ਐਸ.ਏ. ਡਾਂਗੇ ਬ੍ਰਾਹਮਣ ਸੀ ਜਿਸ ਦੀ ਰੁਚੀ ਉਸੇ ਤਰ੍ਹਾਂ ਦੀ ਸੀ ਜਿਵੇਂ ਅੱਜ ਦੇ ਬਹੁਤ ਸਾਰੇ ਕਮਿਊਨਿਸਟਾਂ ਦੀ ਹੈ ਅਤੇ ਉਹ ਇਸ ਦੇ ਮੁੱਖ ਸਿਧਾਂਤਕਾਰਾਂ ਵਿਚੋਂ ਇਕ ਸੀ। ਉਸ ਨੇ ਪਹਿਲੀ ਕਮਿਊਨਿਸਟ ਟਰੇਡ ਯੂਨੀਅਨ ਗਿਰਨੀ ਕਾਮਗਾਰ ਯੂਨੀਅਨ ਜਥੇਬੰਦ ਕੀਤੀ ਜਿਸ ਦੀ ਮੈਂਬਰ ਗਿਣਤੀ 70,000 ਸੀ। ਮਜ਼ਦੂਰਾਂ ਦਾ ਵੱਡਾ ਹਿੱਸਾ ਮਹਾਰਾਂ ਦਾ ਸੀ, ਉਹ ਅਛੂਤ ਜਾਤ ਜਿਸ ਨਾਲ ਡਾ. ਅੰਬੇਦਕਰ ਸਬੰਧਤ ਸੀ। ਉਨ੍ਹਾਂ ਨੂੰ ਸਿਰਫ਼ ਕਤਾਈ ਖਾਤੇ ਵਿਚ ਘੱਟ ਤਨਖ਼ਾਹ ਵਾਲੇ ਕੰਮਾਂ 'ਤੇ ਰੱਖਿਆ ਜਾਂਦਾ ਸੀ, ਕਿਉਂਕਿ ਬੁਣਾਈ ਖਾਤੇ ਵਿਚ ਮਜ਼ਦੂਰਾਂ ਨੂੰ ਧਾਗਾ ਮੂੰਹ ਵਿਚ ਫੜਨਾ ਪੈਂਦਾ ਸੀ ਅਤੇ ਇਹ ਸਮਝਿਆ ਜਾਂਦਾ ਸੀ ਕਿ ਅਛੂਤਾਂ ਦਾ ਥੁੱਕ ਲੱਗਣ ਨਾਲ ਚੀਜ਼ ਭਿੱਟੀ ਜਾਂਦੀ ਹੈ। 1928 ਵਿਚ, ਡਾਂਗੇ ਨੇ ਗਿਰਨੀ ਕਾਮਗਾਰ ਯੂਨੀਅਨ ਦੀ ਪਹਿਲੀ ਵੱਡੀ ਹੜਤਾਲ ਦੀ ਅਗਵਾਈ ਕੀਤੀ। ਡਾ. ਅੰਬੇਦਕਰ ਨੇ ਸੁਝਾਅ ਦਿੱਤਾ ਕਿ ਇਕ ਮੁੱਦਾ ਇਹ ਉਠਾਇਆ ਜਾਵੇ ਕਿ ਮਜ਼ਦੂਰਾਂ ਦੀਆਂ ਸਫ਼ਾਂ ਵਿਚ ਬਰਾਬਰੀ ਹੋਵੇ ਅਤੇ ਉਨ੍ਹਾਂ ਨੂੰ ਬਰਾਬਰ ਅਧਿਕਾਰ ਹੋਣ। ਡਾਂਗੇ ਇਸ ਨਾਲ ਸਹਿਮਤ ਨਹੀਂ ਹੋਇਆ ਅਤੇ ਇਸ ਦਾ ਸਿੱਟਾ ਉਨ੍ਹਾਂ ਦੀ ਅਣਬਣ 'ਚ ਨਿਕਲਿਆ। ਉਦੋਂ ਡਾ. ਅੰਬੇਦਕਰ ਨੇ ਕਿਹਾ, 'ਜਾਤ ਮਹਿਜ਼ ਕਿਰਤ ਦੀ ਵੰਡ ਹੀ ਨਹੀਂ, ਇਹ ਕਿਰਤੀ ਦੀ ਵੰਡ ਵੀ ਹੈ।' 'ਜਾਤਪਾਤ ਦਾ ਬੀਜ ਨਾਸ਼' ਕਿਤਾਬ ਵਿਚ ਇਕ ਬਹੁਤ ਪ੍ਰਭਾਵਸ਼ਾਲੀ ਹਿੱਸਾ ਹੈ ਜਿਸ ਵਿਚ ਡਾ. ਅੰਬੇਦਕਰ ਜਾਤਪਾਤ ਅਤੇ ਸਮਾਜਵਾਦ ਬਾਰੇ ਲਿਖਦਾ ਹੈ। ਕੀ ਕਮਿਊਨਿਜ਼ਮ ਦਾ ਕੋਈ ਰੂਪ ਐਸਾ ਹੈ ਜਿਸ ਨੂੰ ਮੈਂ ਸਹੀ ਮੰਨਦੀ ਹੋਵਾਂ, ਤੇ ਜਿਸ ਦੀ ਮੈਂ ਹਮਾਇਤ ਕਰਦੀ ਹੋਵਾਂ? ਮੈਂ ਯਕੀਨ ਨਾਲ ਨਹੀਂ ਕਹਿ ਸਕਦੀ ਕਿ ਇਸ ਦਾ ਕੀ ਮਤਲਬ ਹੈ। ਮੈਂ ਕਮਿਊਨਿਸਟ ਨਹੀਂ ਹਾਂ, ਪਰ ਮੈਂ ਸਮਝਦੀ ਹਾਂ ਕਿ ਸਾਨੂੰ ਇਸ ਦੀ ਸ਼ਿੱਦਤ ਨਾਲ ਲੋੜ ਹੈ ਕਿ ਸਰਮਾਏਦਾਰੀ ਦੀ ਜ਼ਬਰਦਸਤ ਢੰਗ ਨਾਲ ਅਤੇ ਢਾਂਚਾਗਤ ਆਲੋਚਨਾ ਹੋਵੇ... ਤੇ ਮੇਰਾ ਭਾਵ ਨਿਰਾ ਇਕ ਜੁੰਡਲੀ ਦੇ ਕਬਜ਼ੇ ਵਾਲੀ ਸਰਮਾਏਦਾਰੀ ਤੋਂ ਨਹੀਂ ਹੈ।

*ਨਰੇਂਦਰ ਮੋਦੀ ਨੇ ਕਿਹਾ ਹੈ: "ਮੇਰਾ ਵਿਸ਼ਵਾਸ ਨਹੀਂ ਹੈ ਕਿ ਉਹ ਇਹ ਕੰਮ ਮਹਿਜ਼ ਰੋਟੀ-ਰੋਜ਼ੀ ਲਈ ਕਰਦੇ ਹਨ। ਜੇ ਇਉਂ ਹੁੰਦਾ, ਤਾਂ ਉਨ੍ਹਾਂ ਨੇ ਪੁਸ਼ਤ-ਦਰ-ਪੁਸ਼ਤ ਇਸ ਤਰ੍ਹਾਂ ਦਾ ਕੰਮ ਕਰਨਾ ਜਾਰੀ ਨਹੀਂ ਸੀ ਰੱਖਣਾ... ਇਕ ਸਮੇਂ 'ਤੇ ਜਾ ਕੇ ਕਿਸੇ ਨੂੰ ਇਹ ਗਿਆਨ ਦਾ ਚਾਨਣ ਲਾਜ਼ਮੀ ਹੋ ਗਿਆ ਹੋਵੇਗਾ ਕਿ ਪੂਰੇ ਸਮਾਜ ਅਤੇ ਪਰਮਾਤਮਾ ਦੀ ਖ਼ੁਸ਼ੀ ਲਈ ਇਹ ਕੰਮ ਕਰਨਾ ਉਨ੍ਹਾਂ (ਬਾਲਮੀਕੀਆਂ) ਦਾ ਫ਼ਰਜ਼ ਹੈ; ਕਿ ਉਨ੍ਹਾਂ ਨੂੰ ਪਰਮਾਤਮਾ ਦਾ ਬਖ਼ਸ਼ਿਆ ਇਹ ਕੰਮ ਕਰਨਾ ਹੀ ਪੈਣਾ ਹੈ; ਅਤੇ ਸਦੀਆਂ ਤਕ ਉਨ੍ਹਾਂ ਨੂੰ ਇਹ ਕੰਮ ਅੰਦਰੂਨੀ ਰੂਹਾਨੀ ਸਰਗਰਮੀ ਵਜੋਂ ਜਾਰੀ ਰੱਖਣਾ ਚਾਹੀਦਾ ਹੈ।"*

**ਸਵਾਲ:** ਜਦੋਂ ਤੁਸੀਂ ਕਹਿੰਦੇ ਹੋ ਕਿ 'ਜਾਤਪਾਤ ਬਾਰੇ ਗਾਂਧੀ ਦੇ ਅਤੇ ਹਿੰਦੂ ਸੱਜੇਪੱਖ ਦੇ ਵਿਚਾਰਾਂ ਵਿਚ ਕਦੇ ਵੀ ਬਹੁਤਾ ਫ਼ਰਕ ਨਹੀਂ ਸੀ। ਦਲਿਤ ਨਜ਼ਰੀਏ ਤੋਂ ਗਾਂਧੀ ਦਾ ਕਤਲ ਇਕ ਵਿਚਾਰਧਾਰਕ ਵਿਰੋਧੀ ਵੱਲੋਂ ਕਤਲ ਨਾਲੋਂ ਭਰਾ-ਮਾਰ ਕਤਲ ਜ਼ਿਆਦਾ ਲਗਦਾ ਹੈ', ਤਾਂ ਬਹੁਤ ਲੋਕਾਂ ਲਈ ਤੁਹਾਡੀ ਵਿਆਖਿਆ ਮੁੱਦਾ ਬਣ ਜਾਵੇਗੀ। ਫਿਰ ਤੁਸੀਂ ਕਹਿ ਰਹੇ ਹੋ ਕਿ ਇਸ ਕਾਰਨ ਗਾਂਧੀ ਨੂੰ ਧਿਆਉਣ 'ਚ ਮੋਦੀ ਨੂੰ ਵੀ ਕੋਈ ਔਖ ਨਹੀਂ ਹੋਣ ਲੱਗੀ। ਲਿਹਾਜ਼ਾ ਕੀ ਤੁਸੀਂ ਗਾਂਧੀ ਨੂੰ ਹਿੰਦੂ ਸੱਜੇਪੱਖ ਦੇ ਹੱਥਾਂ ਵਿਚ ਦੇ ਰਹੇ ਹੋ? ਗਾਂਧੀ ਇਕ ਐਸਾ ਬੰਦਾ ਹੈ ਜਿਸ ਨੂੰ ਹਥਿਆਉਣ ਲਈ ਉਹ ਤੱਤਪਰ ਹਨ, ਕੀ ਤੁਸੀਂ ਉਨ੍ਹਾਂ ਦੇ ਹੱਥਾਂ ਵਿਚ ਨਹੀਂ ਖੇਡ ਰਹੇ?

**ਅਰੁੰਧਤੀ:** ਗਾਂਧੀ ਕੋਈ ਲੀਰਾਂ ਦੀ ਗੁੱਡੀ ਨਹੀਂ ਹੈ ਜਿਸ ਨੂੰ ਮੈਂ ਕਿਸੇ ਦੇ ਹੱਥ ਦੇ ਦਿਆਂ? ਮੈਨੂੰ ਇੰਨਾ ਕੁ ਕਹਿਣ ਦੀ ਇਜਾਜ਼ਤ ਵੀ ਦਿਓ- ਮੁਸਲਮਾਨਾਂ ਅਤੇ ਹਿੰਦੁਸਤਾਨੀ ਕੌਮ ਵਿਚ ਉਨ੍ਹਾਂ ਦੇ ਸਥਾਨ ਦੇ ਸਵਾਲ ਬਾਰੇ ਗਾਂਧੀ ਅਤੇ ਹਿੰਦੂ ਸੱਜੇਪੱਖ ਦਰਮਿਆਨ ਨਿਸ਼ਚੇ ਹੀ ਗੰਭੀਰ ਵਿਚਾਰਧਾਰਕ ਮੱਤਭੇਦ ਸਨ, ਤੇ ਇਸ ਖ਼ਾਤਰ ਗਾਂਧੀ ਨੇ ਆਪਣੀ ਜਾਨ ਦੇ ਦਿੱਤੀ; ਪਰ ਜਾਤਪਾਤ, ਧਰਮ-ਬਦਲੀ ਅਤੇ ਗਊ ਰੱਖਿਆ ਦੇ ਸਵਾਲਾਂ ਬਾਰੇ ਗਾਂਧੀ ਐਨ ਸੱਜੇਪੱਖ ਨਾਲ ਕਦਮ ਮਿਲਾ ਕੇ ਚਲਦਾ ਸੀ। ਸਦੀ ਦੇ ਅਖ਼ੀਰ ਵਿਚ (19ਵੀਂ ਤੋਂ 20ਵੀਂ ਸਦੀ) ਵੱਖੋ-ਵੱਖਰੀਆਂ ਸੁਧਾਰਵਾਦੀ ਜਥੇਬੰਦੀਆਂ ਅਛੂਤ ਵਸੋਂ ਦਾ ਧਰਮ ਬਦਲਾਉਣ ਵਿਚ ਜੁੱਟੀਆਂ ਹੋਈਆਂ ਸਨ। ਜੇ ਕੋਈ ਫ਼ਰਕ ਸੀ, ਤਾਂ ਇਹ ਕਿ ਇਸ ਬਾਰੇ ਸੱਜੇਪੱਖੀ ਵਧੇਰੇ ਹੀ ਉਤਸ਼ਾਹ ਵਿਚ ਸਨ।

ਤੇ ਪੂਨਾ ਸਮਝੌਤੇ 'ਤੇ ਦਸਤਖ਼ਤ ਕਰਨ ਵਾਲੇ ਕੌਣ ਸਨ? ਇਹ ਕਈ ਬੰਦੇ ਸਨ, ਪਰ ਇਨ੍ਹਾਂ ਵਿਚ ਗਾਂਧੀ ਦਾ ਸਨਅਤਕਾਰ-ਸਰਪ੍ਰਸਤ ਜੀ.ਡੀ. ਬਿਰਲਾ ਸੀ, ਉਸ ਦੀ ਜ਼ਿੰਦਗੀ ਵਿਚ ਜ਼ਿਆਦਾਤਰ ਫੰਡ ਉਹੀ ਦਿੰਦਾ ਰਿਹਾ; ਇਕ ਰੂੜੀਵਾਦੀ ਬ੍ਰਾਹਮਣ ਅਤੇ ਹਿੰਦੂ ਮਹਾਂ ਸਭਾ ਦਾ ਬਾਨੀ ਪੰਡਤ ਮਦਨ ਮੋਹਨ ਮਾਲਵੀਆ; ਅਤੇ ਸਾਵਰਕਰ ਜਿਸ ਉਪਰ ਗਾਂਧੀ ਦੇ ਕਤਲ ਵਿਚ ਹਿੱਸੇਦਾਰ ਹੋਣ ਦਾ ਇਲਜ਼ਾਮ ਸੀ। ਇਹ ਸਾਰੇ ਪੇਚੀਦਾ ਢੰਗਾਂ ਨਾਲ ਆਪੋ ਵਿਚ ਜੁੜੇ ਹੋਏ ਸਨ।

ਬਿਰਲਾ ਗਾਂਧੀ ਨੂੰ ਵੀ ਫੰਡ ਦਿੰਦਾ ਸੀ ਅਤੇ ਆਰੀਆ ਸਮਾਜ ਦੀ ਸ਼ੁੱਧੀ ਲਹਿਰ ਨੂੰ ਵੀ। ਜਦੋਂ ਗਾਂਧੀ ਦੇ ਕਤਲ ਪਿੱਛੋਂ ਆਰ.ਐਸ.ਐਸ 'ਤੇ ਪਾਬੰਦੀ ਲਾ ਦਿੱਤੀ ਗਈ, ਉਦੋਂ ਬਿਰਲਾ ਪਾਬੰਦੀ ਖ਼ਤਮ ਕਰਾਉਣ ਲਈ ਜੋੜ-ਤੋੜ ਕਰਦਾ ਰਿਹਾ। 'ਕਾਰਵਾਂ' ਰਸਾਲੇ ਵਿਚ ਹੁਣੇ ਜਿਹੇ ਸਵਾਮੀ ਅਸੀਮਾਨੰਦ ਬਾਰੇ ਰਿਪੋਰਟ ਛਪੀ ਹੈ ਜੋ ਆਰ.ਐਸ.ਐਸ. ਦਾ ਵੱਡਾ ਆਗੂ ਅਤੇ ਸ਼ਰਧਾਵਾਨ ਗਾਂਧੀਵਾਦ ਦਾ ਫਰਜ਼ੰਦ ਹੈ। ਉਹ ਹੁਣ ਜੇਲ੍ਹ ਵਿਚ ਹੈ ਤੇ ਉਸ ਉਪਰ ਸਮਝੌਤਾ ਐਕਸਪ੍ਰੈਸ ਵਿਚ ਬੰਬ ਧਮਾਕੇ ਕਰਨ (ਜਿਸ ਵਿਚ 80 ਬੰਦੇ ਮਾਰੇ ਗਏ ਸਨ) ਸਮੇਤ ਲੜੀਵਾਰ ਬੰਬ-ਧਮਾਕੇ ਕਰਾਉਣ ਦਾ ਮੁਕੱਦਮਾ ਚੱਲ ਰਿਹਾ ਹੈ। ਉਸ ਨੇ ਖ਼ੁਲਾਸਾ ਕੀਤਾ ਹੈ ਕਿ ਕਿਵੇਂ ਉਸ ਦੇ ਗੁਜਰਾਤ ਵਾਲੇ ਆਸ਼ਰਮ ਵਿਚ ਮੁੰਡਿਆਂ ਨੂੰ ਰੋਜ਼ ਸਵੇਰੇ ਏਕਤਾ ਮੰਤਰ ਦਾ ਜਾਪ ਕਰਾਇਆ ਜਾਂਦਾ ਸੀ, ਕੌਮੀ ਏਕਤਾ ਦੇ ਤਰਾਨੇ ਵਿਚ ਗਾਂਧੀ ਦੇ ਨਾਲ ਨਾਲ ਆਰ.ਐਸ.ਐਸ. ਦੇ ਸਭ ਤੋਂ ਅਹਿਮ ਸਿਧਾਂਤਕਾਰ ਐਮ.ਐਸ. ਗੋਲਵਾਲਕਰ ਦਾ ਨਾਂ ਧਿਆਇਆ ਜਾਂਦਾ ਹੈ।

ਨਰੇਂਦਰ ਮੋਦੀ ਗੁਜਰਾਤ ਦੇ ਮਹਾਤਮਾ ਮੰਦਰ ਨਾਂ ਦੇ ਨਵੇਂ ਸ਼ਾਨਦਾਰ ਸੰਮੇਲਨ ਭਵਨ ਤੋਂ ਆਪਣੇ ਕਈ ਉਕਸਾਊ ਐਲਾਨ ਕਰਦਾ ਰਹਿੰਦਾ ਹੈ। 1936 ਵਿਚ, ਗਾਂਧੀ ਨੇ 'ਆਦਰਸ਼ ਭੰਗੀ' ਨਾਂ ਦਾ ਲੇਖ ਲਿਖਿਆ ਸੀ ਜਿਸ ਦੀ ਸਮਾਪਤੀ ਇਨ੍ਹਾਂ ਲਫ਼ਜ਼ਾਂ ਨਾਲ ਕੀਤੀ ਗਈ ਹੈ, "ਅਜਿਹਾ ਆਦਰਸ਼ ਭੰਗੀ, ਆਪਣੇ ਕਿੱਤੇ ਤੋਂ ਰੋਟੀ-ਰੋਜ਼ੀ ਕਮਾਉਂਦਿਆਂ, ਇਸ ਨੂੰ ਇਕ ਪਵਿੱਤਰ ਫ਼ਰਜ਼ ਵਜੋਂ ਹੀ ਲਵੇਗਾ। ਦੂਜੇ ਲਫ਼ਜ਼ਾਂ 'ਚ, ਉਹ ਇਸ ਵਿਚੋਂ ਦੌਲਤ ਜੋੜਨ ਦਾ ਖ਼ਵਾਬ ਨਹੀਂ ਪਾਲੇਗਾ।" ਸੱਤਰ ਸਾਲ ਬਾਅਦ ਆਪਣੀ ਕਿਤਾਬ 'ਕਰਮਯੋਗੀ' ਵਿਚ (ਜੋ ਉਸ ਨੂੰ ਬਾਲਮੀਕੀ ਭਾਈਚਾਰੇ ਵਲੋਂ ਰੋਸ ਪ੍ਰਗਟਾਉਣ 'ਤੇ ਵਾਪਸ ਲੈਣੀ ਪਈ) ਨਰੇਂਦਰ ਮੋਦੀ ਨੇ ਕਿਹਾ: "ਮੇਰਾ ਵਿਸ਼ਵਾਸ ਨਹੀਂ ਹੈ ਕਿ ਉਹ ਇਹ ਕੰਮ ਮਹਿਜ਼ ਰੋਟੀ-ਰੋਜ਼ੀ ਲਈ ਕਰਦੇ ਹਨ। ਜੇ ਇਉਂ ਹੁੰਦਾ, ਤਾਂ ਉਨ੍ਹਾਂ ਨੇ ਪੁਸ਼ਤ-ਦਰ-ਪੁਸ਼ਤ ਇਸ ਤਰ੍ਹਾਂ ਦਾ ਕੰਮ ਕਰਨਾ ਜਾਰੀ ਨਹੀਂ ਸੀ ਰੱਖਣਾ... ਇਕ ਸਮੇਂ 'ਤੇ ਜਾ ਕੇ ਕਿਸੇ ਨੂੰ ਇਹ ਗਿਆਨ ਦਾ ਚਾਨਣ ਲਾਜ਼ਮੀ ਹੋ ਗਿਆ ਹੋਵੇਗਾ ਕਿ ਪੂਰੇ ਸਮਾਜ ਅਤੇ ਪਰਮਾਤਮਾ ਦੀ ਖ਼ੁਸ਼ੀ ਲਈ ਇਹ ਕੰਮ ਕਰਨਾ ਉਨ੍ਹਾਂ (ਬਾਲਮੀਕੀਆਂ) ਦਾ ਫ਼ਰਜ਼ ਹੈ; ਕਿ ਉਨ੍ਹਾਂ ਨੂੰ ਪਰਮਾਤਮਾ ਦਾ ਬਖ਼ਸ਼ਿਆ ਇਹ ਕੰਮ ਕਰਨਾ ਹੀ ਪੈਣਾ ਹੈ; ਅਤੇ ਸਦੀਆਂ ਤਕ ਉਨ੍ਹਾਂ ਨੂੰ ਇਹ ਕੰਮ ਅੰਦਰੂਨੀ ਰੂਹਾਨੀ ਸਰਗਰਮੀ ਵਜੋਂ ਜਾਰੀ ਰੱਖਣਾ ਚਾਹੀਦਾ ਹੈ।" ਹੁਣ ਤੁਸੀਂ ਹੀ ਦੱਸੋ, ਇਨ੍ਹਾਂ ਵਿਚ ਫ਼ਰਕ ਕਿਥੇ ਹੈ?

**ਸਵਾਲ:** ਜਦੋਂ ਅਰੁੰਧਤੀ ਰਾਏ ਮਹਾਤਮਾ ਗਾਂਧੀ ਵਜੋਂ ਵਡਿਆਏ ਜਾਂਦੇ ਇਕ ਬੰਦੇ ਦੀ ਤਿੱਖੀ ਪੜਚੋਲ ਕਰਦੀ ਹੈ ਤਾਂ ਦੁਨੀਆਂ ਵਿਚ ਇਸ ਦਾ ਨੋਟਿਸ ਲਿਆ ਹੀ ਜਾਣਾ ਹੈ। ਕੁਝ ਲੋਕ ਦਲੀਲ ਦੇਣਗੇ ਕਿ ਇਕ ਖ਼ੂਬਸੂਰਤ ਖ਼ਿਆਲ ਨੂੰ ਜਿਉਂਦਾ ਰੱਖਣਾ ਇਸ ਨੂੰ ਇਕ ਖ਼ਾਸ ਹਕੀਕਤ ਨਾਲ ਵਾਹ ਲਾਉਣ ਨਾਲੋਂ ਵੱਧ ਅਹਿਮ ਹੈ।

**ਅਰੁੰਧਤੀ:** ਵਧੀਆ ਸਵਾਲ ਹੈ। ਮੈਂ ਇਸ ਬਾਰੇ ਕਾਫ਼ੀ ਸੋਚਿਆ; ਜਿਵੇਂ ਕੋਈ ਲੇਖਕ ਕਰਦਾ ਹੀ ਹੈ, ਜਾਂ ਉਸ ਨੂੰ ਕਰਨਾ ਚਾਹੀਦਾ ਹੈ। ਮੈਂ ਫ਼ੈਸਲਾ ਕੀਤਾ ਕਿ ਇਹ ਪੂਰੀ ਤਰ੍ਹਾਂ ਗ਼ਲਤ ਹੈ ਅਤੇ ਨਾ-ਮੰਨਣਯੋਗ ਹੈ। ਇਸ ਤਰ੍ਹਾਂ ਦੀ ਪਰਦਾਪੋਸ਼ੀ (ਤੇ ਇਹ ਪਰਦਾਪੋਸ਼ੀ ਤੋਂ ਘੱਟ ਕੁਝ ਵੀ ਨਹੀਂ ਹੋਵੇਗਾ) ਇਕ ਮੁੱਲ ਵਸੂਲ ਕੇ ਪ੍ਰਵਾਨ ਚੜ੍ਹਦੀ ਹੈ। ਤੇ ਉਹ ਮੁੱਲ ਡਾ. ਅੰਬੇਦਕਰ ਹੈ। ਸਾਨੂੰ ਗਾਂਧੀ ਨਾਲ, ਉਸ ਦੀ ਕੁਲ ਪ੍ਰਤਿਭਾ ਅਤੇ ਨੁਕਸਾਂ ਨਾਲ ਨਜਿੱਠਣਾ ਹੀ ਪਵੇਗਾ। ਜੇ ਡਾ. ਅੰਬੇਦਕਰ ਲਈ ਗੁੰਜਾਇਸ਼ ਬਣਾਉਣੀ ਹੈ, ਉਸ ਦੀ ਕੁਲ ਪ੍ਰਤਿਭਾ ਅਤੇ ਨੁਕਸਾਂ ਸਮੇਤ। ਮਹਾਤਮਾ ਨੂੰ ਡਾਕਟਰ ਲਈ ਥਾਂ ਛੱਡਣੀ ਹੀ ਪਵੇਗੀ। ਡਾ. ਅੰਬੇਦਕਰ ਦਾ ਵਕਤ ਆਣ ਪਹੁੰਚਾ ਹੈ।

*(ਸਮਾਪਤ)*

**ਲੋਕ ਨਾਇਕ**

# ਜਿਉਣਾ ਮੌੜ

ਪੰਜਾਬ ਦੀ ਧਰਤੀ ਸੂਰਬੀਰਾਂ, ਯੋਧਿਆਂ, ਸੰਤਾਂ ਅਤੇ ਗੁਰੂਆਂ ਦੀ ਧਰਤੀ ਹੈ। ਇਹ ਯੋਧੇ ਤੇ ਗੁਰੂ ਪੀਰ ਪੰਜਾਬ ਦੇ ਲੋਕ ਮਾਨਸ ਨੂੰ ਸਦਾ ਟੁੰਬਦੇ ਰਹੇ ਹਨ। ਇਹ ਪੰਜਾਬ ਦੀ ਅਣਖ, ਗ਼ੈਰਤ ਅਤੇ ਸਵੈ-ਮਾਣ ਦੇ ਪ੍ਰਤੀਕ ਹਨ ਜਿਨ੍ਹਾਂ ਤੋਂ ਪੰਜਾਬੀ ਸਦਾ ਪ੍ਰੇਰਨਾ ਲੈਂਦੇ ਰਹੇ ਹਨ।

ਮਾਲਵੇ ਦਾ ਇਲਾਕਾ ਜਿਸ ਨੂੰ ਜੰਗਲ ਦਾ ਇਲਾਕਾ ਵੀ ਆਖਦੇ ਹਨ, ਅਜਿਹਾ ਖਿੱਤਾ ਹੈ ਜਿਸ ਨੇ ਅਣਖ ਅਤੇ ਸਵੈ-ਮਾਣ ਦੀ ਰਾਖੀ ਕਰਨ ਵਾਲੇ ਅਜਿਹੇ ਸੂਰਮੇ ਪੈਦਾ ਕੀਤੇ ਹਨ ਜੋ ਡਾਕੂਆਂ ਦੇ ਰੂਪ ਵਿਚ ਵਿਚਰਦੇ ਹੋਏ ਪੰਜਾਬ ਦੇ ਲੋਕਾਂ ਦੇ ਦਿਲਾਂ 'ਤੇ ਰਾਜ ਕਰਦੇ ਰਹੇ ਹਨ ਅਤੇ ਅੱਜ ਵੀ ਪੰਜਾਬੀ ਉਨ੍ਹਾਂ ਦੀਆਂ ਵਾਰਾਂ ਗਾ ਕੇ ਖੁਸ਼ ਹੁੰਦੇ ਹਨ। ਸੁੱਚਾ ਸਿੰਘ ਸੂਰਮਾ ਅਤੇ ਜਿਉਣਾ ਮੌੜ ਅਜਿਹੇ ਦੋ ਮਲਵਈ ਲੋਕ ਨਾਇਕ



**ਸੁਖਦੇਵ ਮਾਦਪੁਰੀ**
**ਫੋਨ: 91-94630-34472**

ਹਨ ਜਿਨ੍ਹਾਂ ਦਾ ਨਾਂ ਸੁਣ ਕੇ ਪੰਜਾਬੀ ਗੱਭਰੂਆਂ ਦੇ ਡੌਲੇ ਫਰਕਣ ਲੱਗ ਪੈਂਦੇ ਹਨ ਅਤੇ ਅੱਖਾਂ ਵਿਚ ਅਨੂਠੀ ਚਮਕ ਡਲ੍ਹਕਾਂ ਮਾਰਨ ਲੱਗਦੀ ਹੈ।

ਜ਼ਿਲ੍ਹਾ ਸੰਗਰੂਰ ਦੇ ਪਿੰਡ ਮੌੜ ਦਾ ਜੰਮਪਲ, ਸਾਧਾਰਨ ਜੱਟ ਪਰਿਵਾਰ ਦੇ ਖੜਗ ਸਿੰਘ ਦਾ ਪੁੱਤਰ ਜਿਉਣਾ ਬੜਾ ਸਾਊ ਤੇ ਨਿਮਰ ਨੌਜਵਾਨ ਸੀ ਜਿਸ ਨੂੰ ਸਮੇਂ ਦੇ ਹਾਲਾਤ ਨੇ ਡਾਕੇ ਮਾਰਨ ਲਈ ਮਜਬੂਰ ਕਰ ਦਿੱਤਾ। ਗੱਲ ਇਸ ਤਰ੍ਹਾਂ ਹੋਈ ਕਿ ਇਕ ਦਿਨ ਆਥਣ ਵੇਲੇ ਜਿਉਣ ਸਿੰਘ ਜਿਸ ਨੂੰ ਆਮ ਕਰ ਕੇ ਜਿਉਣਾ ਕਹਿ ਕੇ ਬੁਲਾਉਂਦੇ ਸਨ, ਆਪਣੇ ਡੰਗਰਾਂ ਦੇ ਵਾੜੇ ਵਿਚ ਇਕੱਲਾ ਬੈਠਾ ਸੀ ਕਿ ਅੱਧਖੜ ਉਮਰ ਦਾ ਓਪਰਾ ਬੰਦਾ ਉਨ੍ਹਾਂ ਦੇ ਘਰ ਦਾ ਪਤਾ ਪੁੱਛਦਾ-ਪੁਛਾਉਂਦਾ ਉਹਦੇ ਕੋਲ ਆਇਆ। ਉਸ ਓਪਰੇ ਪੁਰਸ਼ ਦਾ ਆਦਰ-ਮਾਣ ਕਰਦਿਆਂ ਜਿਉਣੇ ਨੇ ਉਸ ਨੂੰ ਆਪਣੇ ਮੰਜੇ 'ਤੇ ਬਿਠਾ ਲਿਆ। ਓਪਰਾ ਬੰਦਾ ਆਖਣ ਲੱਗਾ, "ਭਤੀਜ, ਮੈਂ ਕਾਲੇ ਪਾਣੀ ਤੋਂ ਆਇਆਂ ਤੇਰੇ ਵੱਡੇ ਭਾਈ ਕਿਸ਼ਨੇ ਕੋਲੋਂ। ਉਹਦਾ ਸੁਨੇਹਾ ਲੈ ਕੇ, ਸਿੱਧਾ ਥੋਡੇ ਕੋਲ ਆਇਆਂ। ਫਿਰ ਆਪਣੇ ਪਿੰਡ ਜਾਊਂਗਾ। ਉਹਨੇ ਕਿਹੈ, ਬਈ ਜੇ ਤੂੰ ਉਹਦਾ ਭਾਈ ਐਂ, ਤੇ ਮਾਂ ਦਾ ਸੀਰ ਚੁੰਘਿਐ ਤਾਂ ਡਸਕੇ ਆਲੇ ਡੋਗਰ ਤੋਂ ਬਦਲਾ ਲੈ ਲੈ ਉਹਨੂੰ ਮਾਰ ਕੇ, ਜੀਹਨੇ ਤੇਰੇ ਭਰਾ ਕਿਸ਼ਨੇ ਨੂੰ ਧੋਖੇ ਨਾਲ ਪੁਲਿਸ ਨੂੰ ਫੜਾ ਕੇ, ਕਾਲੇ ਪਾਣੀ ਦੀ ਸਜ਼ਾ ਦੁਆਈ ਐ... ਭਤੀਜ! ਬੰਦਾ ਕਾਹਦੈ, ਜੀਹਨੇ ਭਾਈ ਦਾ ਬਦਲਾ ਨ੍ਹੀਂ ਲਿਆ। ਡੋਗਰ ਮੌਜਾਂ ਕਰਦੈ ਤੇ ਭਾਈ ਕਾਲੇ ਪਾਣੀ ਨਰਕ ਭੋਗਦੈ।"

ਕਿਸ਼ਨਾ ਜਿਉਣੇ ਤੋਂ ਕੁਝ ਵਰ੍ਹੇ ਵੱਡਾ ਸੀ। ਛੈਲ-ਛਬੀਲਾ ਗੱਭਰੂ, ਮੌਜ-ਮਸਤੀ ਕਰਨ ਵਾਲਾ। ਨਵਾਂ-ਨਵਾਂ ਵੈਲੀ ਬਣਿਆ। ਕਿਸ਼ਨੇ ਕੋਲ ਓਪਰੇ ਬੰਦੇ ਆਉਣ ਲੱਗੇ। ਘਰ ਦੀ ਕੱਢੀ ਰੂੜੀ ਮਾਰਕਾ ਸ਼ਰਾਬ ਤੇ ਮੁਰਗੇ ਛਕ ਕੇ ਓਪਰੇ ਬੰਦੇ ਉਨ੍ਹਾਂ ਦੇ ਖੂਹ 'ਤੇ ਖੜਦੁੰਮ ਮਚਾਉਂਦੇ। ਉਸ ਦੇ ਬਾਪੂ ਨੂੰ ਇਹ ਸਭ ਪਸੰਦ ਨਹੀਂ ਸੀ। ਇਸ ਲਈ ਉਸ ਨੇ ਕਿਸ਼ਨੇ ਨੂੰ ਟੋਕਣਾ ਸ਼ੁਰੂ ਕਰ ਦਿੱਤਾ। ਨਿੱਤ ਦਾ ਕਲੇਸ਼ ਰਹਿਣ ਲੱਗਾ ਜਿਸ ਕਰ ਕੇ ਕਿਸ਼ਨਾ ਘਰੋਂ ਭੱਜ ਕੇ ਡਸਕੇ ਦੇ ਡੋਗਰ ਅਤੇ ਖਡਿਆਲ ਦੇ ਜੈਮਲ ਨਾਲ ਰਲ ਕੇ ਲੁੱਟਾਂ-ਖੋਹਾਂ ਕਰਨ ਲੱਗਾ। ਤਿੰਨੇ ਗੂੜ੍ਹੇ ਮਿੱਤਰ ਬਣ ਗਏ।

ਉਨ੍ਹਾਂ ਵੇਲਿਆਂ ਵਿਚ ਅੱਜ ਵਾਂਗ ਸੜਕਾਂ ਨਹੀਂ ਸਨ, ਆਵਾਜਾਈ ਦੇ ਸਾਧਨ ਘੋੜੇ ਘੋੜੀਆਂ ਤੇ ਊਠ ਸਨ। ਪੈਦਲ ਸਫ਼ਰ ਕਰਨਾ ਪੈਂਦਾ ਸੀ, ਤੇ ਰਾਹ ਆਮ ਤੌਰ 'ਤੇ ਜੰਗਲਾਂ ਬੇਲਿਆਂ ਵਿਚੋਂ ਹੋ ਕੇ ਜਾਂਦੇ ਸਨ। ਆਮ ਆਦਮੀ ਲਈ ਸਫਰ ਕਰਨਾ ਖ਼ਤਰੇ ਤੋਂ ਖਾਲੀ ਨਹੀਂ ਸੀ। ਡਾਕੂ ਆਮ ਸਨ ਜੋ ਜੰਗਲਾਂ ਵਿਚ ਫਿਰਦੇ ਰਾਹ ਗੁਜ਼ਰੂਆਂ ਨੂੰ ਲੁੱਟ ਲੈਂਦੇ ਸਨ। ਬਰਾਤਾਂ ਆਮ ਲੁੱਟੀਆਂ ਜਾਂਦੀਆਂ ਸਨ। ਕਿਸ਼ਨੇ ਹੋਰਾਂ ਨੇ ਵੀ ਲੁੱਟਾਂ-ਖੋਹਾਂ ਦਾ ਧੰਦਾ ਅਪਨਾ ਲਿਆ। ਕਿਸ਼ਨੇ ਦੇ ਬਾਪ ਤੇ ਭਰਾ ਜਿਉਣੇ ਨੂੰ ਇਹ ਗੱਲਾਂ ਪਸੰਦ ਨਹੀਂ ਸਨ ਪਰ ਕਿਸ਼ਨਾ ਉਨ੍ਹਾਂ ਦੀ ਕਿਥੋਂ ਮੰਨਣ ਵਾਲਾ ਸੀ। ਉਹਦੇ ਮੂੰਹ ਨੂੰ ਤਾਂ ਖੂਨ ਲੱਗ ਚੁੱਕਾ ਸੀ।

ਇਕ ਦਿਨ ਕੀ ਹੋਇਆ, ਕਿਸ਼ਨੇ ਹੋਰਾਂ ਨੇ ਆਪਣੇ ਹੀ ਪਿੰਡ ਦੇ ਬਾਣੀਆਂ ਦੀ ਬਰਾਤ ਲੁੱਟ ਲਈ। ਬਰਾਤੀਆਂ ਵਿਚੋਂ ਕਿਸੇ ਨੇ ਕਿਸ਼ਨੇ ਨੂੰ ਪਛਾਣ ਲਿਆ। ਸਾਰਾ ਪਿੰਡ ਕਿਸ਼ਨੇ ਦੀ ਇਸ ਵਾਰਦਾਤ 'ਤੇ ਤੋਏ-ਤੋਏ ਕਰਨ ਲੱਗਾ, ਤੇ ਉਸ ਦੇ ਬਾਪ ਨੂੰ ਫਿਟ-ਲਾਹਣਤਾਂ ਪਾਈਆਂ। ਉਹਦਾ ਬਾਪ ਪਰ੍ਹੇ 'ਚ ਬੈਠਾ ਸ਼ਰਮਸਾਰ ਹੋ ਰਿਹਾ ਸੀ। ਪਿੰਡ ਦੇ ਖਾਦੇ-ਪੀਂਦੇ ਮੋਹਰੀ ਵਾਸਦੇਵ ਨੇ ਕਿਸ਼ਨੇ ਦੇ ਨਾਂ 'ਤੇ ਥਾਣੇ ਰਿਪੋਰਟ ਲਿਖਵਾ ਦਿੱਤੀ। ਇਸ ਗੱਲ ਦਾ ਪਤਾ ਕਿਸ਼ਨੇ ਨੂੰ ਵੀ ਲੱਗ ਗਿਆ। ਉਹ ਕੁਝ ਦਿਨਾਂ ਮਗਰੋਂ ਮੌੜੀਂ ਆ ਕੇ ਵਾਸਦੇਵ ਨੂੰ ਗੋਲੀਆਂ ਨਾਲ ਭੁੰਨ ਗਿਆ।

ਪੁਲਿਸ ਆਈ, ਕਿਸ਼ਨੇ ਦੇ ਬਾਪ ਅਤੇ ਭਰਾ ਜਿਉਣੇ ਨੂੰ ਫੜ ਲਿਆ ਗਿਆ। ਕਿਸ਼ਨੇ ਦਾ ਥਹੁ-ਪਤਾ ਪੁੱਛਣ ਲਈ ਤਸੀਹੇ ਦਿੱਤੇ ਗਏ, ਘਰ-ਬਾਰ ਉਜਾੜ ਦਿੱਤਾ। ਉਹ ਭਲਾ ਕਿਸ਼ਨੇ ਨੂੰ ਕਿੱਥੋਂ ਲੱਭ ਕੇ ਲਿਆਉਂਦੇ?

ਕਿਸ਼ਨੇ ਦੀ ਕਿਹੜਾ ਘਰਦਿਆਂ ਨਾਲ ਬਣਦੀ ਸੀ, ਉਹ ਲੁੱਟਾਂ-ਖੋਹਾਂ ਦਾ ਮਾਲ ਜੈਮਲ ਦੇ ਘਰ ਹੀ ਰੱਖਦਾ ਸੀ। ਕਿਸ਼ਨੇ ਦੇ ਗਲ ਖੂਨ ਪੈਣ ਦੀ ਖ਼ਬਰ ਨੇ ਜੈਮਲ ਨੂੰ ਸੁਚੇਤ ਕਰ ਦਿੱਤਾ। ਕਿਸ਼ਨਾ ਉਹਦੇ ਕੋਲ ਚਲਿਆ ਗਿਆ। ਉਹਨੇ ਜੈਮਲ ਨੂੰ ਆਖਿਆ, "ਯਾਰਾ, ਤੂੰ ਈ ਕੋਈ ਓਹੜ-ਪੋਹੜ ਕਰ। ਪੁਲਿਸ ਨੂੰ ਕੁਛ ਦੇ-ਦਵਾ ਕੇ ਮੇਰਾ ਨਾਂ ਖੂਨ ਵਿਚੋਂ ਕਢਵਾ।"

ਜੈਮਲ ਝਟ ਪੈਂਤੜਾ ਬਦਲ ਗਿਆ। ਉਹਦਾ ਮਨ ਬੇਈਮਾਨ ਹੋ ਗਿਆ। 'ਖੂਨ ਵਿਚ ਫਸਿਆ ਕਿਸ਼ਨਾ ਉਹਦਾ ਕੀ ਵਿਗਾੜ ਲੂਗਾ?' ਉਹਨੇ ਸੋਚਿਆ, ਤੇ ਕਿਹਾ, "ਕਿਸ਼ਨਿਆ, ਤੇਰਾ ਤਾਂ ਮੇਰੇ ਕੋਲ ਕੁਛ ਨ੍ਹੀਂ। ਤੂੰ ਸਾਰਾ ਮਾਲ ਵੰਡਾ ਕੇ ਲੈ ਗਿਆ ਸੀ।"

ਕਿਸ਼ਨੇ ਨੂੰ ਐਨੀ ਆਸ ਨਹੀਂ ਸੀ ਕਿ ਉਹਦਾ ਯਾਰ ਜੈਮਲ ਉਹਦੇ ਨਾਲ ਈ ਮਿੱਤਰ-ਮਾਰ ਕਰੇਗਾ। ਉਹ ਸਬਰ ਦਾ ਘੁੱਟ ਭਰ ਕੇ ਬਹਿ ਗਿਆ ਅਤੇ ਉਹ ਉਥੋਂ ਚੁੱਪ-ਚੁਪੀਤਾ ਕਿਸੇ ਹੋਰ ਥਾਂ ਚਲਿਆ ਗਿਆ।

ਕੁਝ ਦਿਨਾਂ ਮਗਰੋਂ ਕਿਸ਼ਨਾ ਫਿਰ ਜੈਮਲ ਕੋਲ ਆਇਆ, ਤੇ ਬਰਾਤ ਲੁੱਟਣ ਲਈ ਦੱਸ ਪਾਈ। ਬਰਾਤ ਲੁੱਟਣ ਦੇ ਲਾਲਚ-ਵਸ ਜੈਮਲ ਕਿਸ਼ਨੇ ਨਾਲ ਜੰਗਲ ਵਿਚ ਚਲਿਆ ਗਿਆ। ਲੱਗੇ ਬਰਾਤ ਉਡੀਕਣ, ਪਰ ਬਰਾਤ ਕਿੱਥੋਂ ਆਉਣੀ ਸੀ? ਇਹ ਤਾਂ ਕਿਸ਼ਨੇ ਨੇ ਜੈਮਲ ਨੂੰ ਸੱਦਣ ਦਾ ਬਹਾਨਾ ਹੀ ਘੜਿਆ ਸੀ। ਕਿਸ਼ਨੇ ਨੇ ਜੈਮਲ ਨੂੰ ਲਲਕਾਰਿਆ, "ਬੇਈਮਾਨਾ! ਭੱਜ ਲੈ ਜਿੱਥੇ ਭੱਜਣੈ। ਤੈਂ ਮੇਰੇ ਹਿੱਸੇ ਦਾ ਮਾਲ ਹੜੱਪ ਕੇ ਮੇਰੇ ਨਾਲ ਮਿੱਤਰ-ਮਾਰ ਕੀਤੀ ਐ।"

ਤੜਾਕ-ਤੜਾਕ ਗੋਲੀਆਂ ਚੱਲੀਆਂ ਤੇ ਜੈਮਲ ਧਰਤ 'ਤੇ ਚੁਫਾਲ ਢੇਰੀ ਹੋ ਗਿਆ। ਕਿਸ਼ਨੇ ਨੇ ਜੈਮਲ ਦੀ ਪਤਨੀ ਨੂੰ ਸੁਨੇਹਾ ਭੇਜ ਦਿੱਤਾ ਕਿ ਉਹ ਆਪਣੇ ਬੇਈਮਾਨ ਪਤੀ ਦੀ ਲਾਸ਼ ਚੁੱਕ ਲਿਜਾਵੇ।

ਜੈਮਲ ਡੋਗਰ ਹੁਰਾਂ ਦਾ ਲੰਗੋਟੀਆ ਯਾਰ ਸੀ। 'ਕੱਠਿਆਂ ਡਾਕੇ ਮਾਰੇ ਤੇ ਜੰਞਾਂ ਲੁੱਟੀਆਂ ਸਨ। ਜੈਮਲ ਦਾ ਕਿਸ਼ਨੇ ਹੱਥੋਂ ਮਾਰਿਆ ਜਾਣਾ ਉਸ ਤੋਂ ਬਰਦਾਸ਼ਤ ਨਾ ਹੋਇਆ। ਉਸ ਨੂੰ ਲੱਗਿਆ ਕਿ ਕਿਸ਼ਨੇ ਨੇ ਯਾਰ-ਮਾਰ ਕਰ ਕੇ ਚੰਗਾ ਨਹੀਂ ਕੀਤਾ। ਪਾਪ ਕਮਾਇਐ। ਹੁਣ ਉਸ 'ਤੇ ਵਿਸਾਹ ਕਰਨਾ ਠੀਕ ਨ੍ਹੀਂ!

ਡੋਗਰ ਨੇ ਕਿਸ਼ਨੇ ਦਾ ਬਚਾਅ ਕਰਨ ਦੇ ਪੱਜ ਉਹਨੂੰ ਸੁਨੇਹਾ ਭੇਜ ਕੇ ਡਸਕੇ ਸੱਦ ਲਿਆ। ਰਾਤ ਨੂੰ ਖੂਬ ਸੇਵਾ ਕੀਤਾ। ਨਸ਼ੇ ਵਿਚ ਚੂਰ ਹੋਇਆ ਕਿਸ਼ਨਾ ਬੇਸੁਰਤ ਹੋ ਕੇ ਮੰਜੇ 'ਤੇ ਸੌਂ ਗਿਆ। ਉਧਰ ਧੋਖੇਬਾਜ਼ ਡੋਗਰ ਨੇ ਘਰ ਨੂੰ ਬਾਹਰੋਂ ਜਿੰਦਰਾ ਮਾਰ ਕੇ ਬੁਢਲਾਡੇ ਦੇ ਥਾਣੇ ਜਾ ਖ਼ਬਰ ਦਿੱਤੀ... ਅਣਗਿਣਤ ਸਿਪਾਹੀਆਂ ਨੇ ਸੁੱਤੇ ਪਏ ਕਿਸ਼ਨੇ ਨੂੰ ਆਣ ਦਬੋਚਿਆ!


ਉਦੋਂ ਅੰਗਰੇਜ਼ਾਂ ਦਾ ਰਾਜ ਸੀ। ਮੁਕੱਦਮਾ ਚੱਲਿਆ। ਕਿਸ਼ਨੇ ਨੂੰ ਉਮਰ ਕੈਦ ਦੀ ਸਜ਼ਾ ਦੇ ਕੇ ਕਾਲੇ ਪਾਣੀ ਦੀ ਜੇਲ੍ਹ ਵਿਚ ਭੇਜ ਦਿੱਤਾ ਗਿਆ। ਡੋਗਰ ਨੇ ਧੋਖੇ ਨਾਲ ਮਿੱਤਰ ਮਾਰ ਕਰ ਕੇ ਆਪਣੇ ਯਾਰ ਕਿਸ਼ਨੇ ਨੂੰ ਕਾਲੇ ਪਾਣੀ ਦੀ ਸਜ਼ਾ ਕਰਵਾ ਦਿੱਤੀ ਸੀ। ਕਿਸ਼ਨਾ ਕਾਲੇ ਪਾਣੀ ਦੀ ਸਜ਼ਾ ਭੁਗਤਦਾ, ਡੋਗਰ ਦੇ ਸੀਰਮੇ ਪੀਣ ਲਈ ਕਚੀਚੀਆਂ ਵੱਟ ਰਿਹਾ ਸੀ, ਤੇ ਬਦਲਾ ਲੈਣ ਲਈ ਉਹਨੇ ਜਿਉਣੇ ਨੂੰ ਸੁਨੇਹਾ ਭੇਜਿਆ।

ਆਪਣੇ ਵੱਡੇ ਭਰਾ ਕਿਸ਼ਨੇ ਦਾ ਸੁਨੇਹਾ ਸੁਣਦੇ ਸਾਰ ਹੀ ਜਿਉਣਾ ਝੰਜੋੜਿਆ ਗਿਆ। ਇਕ ਆਹ ਸੀਨਿਓਂ ਪਾਰ ਹੋ ਗਈ... ਓਪਰਾ ਬੰਦਾ ਜਲ-ਪਾਣੀ ਛਕ ਕੇ ਆਪਣੇ ਰਾਹ ਪਿਆ, ਤੇ ਜਿਉਣੇ ਦੇ ਚਿੱਤ ਨੂੰ ਚਿਤਮਣੀ ਲੱਗ ਗਈ। ਉਹ ਅਜੀਬ ਬੇਚੈਨੀ ਦਾ ਸ਼ਿਕਾਰ ਹੋ ਗਿਆ।

ਜਿਉਣੇ ਮੌੜ ਸੁਣੀ ਗੱਲ ਲੱਗੀ ਕਾਲਜੇ ਨੂੰ ਸੱਲ,
ਅੱਜ ਕਲ੍ਹ ਲਵਾਂ ਵੈਰ ਐਨ ਫੇਰ ਖਾਵਾਂ ਰੱਜ ਕੇ।
ਏਹੋ ਆਉਂਦੀ ਦਲੇਰੀ ਜਗ ਜੰਮਣਾ ਨਾ ਦੂਜੀ ਵੇਰੀ,
ਮੇਰੀ ਹੈ ਸਲਾਹ ਮਾਰਾਂ ਅਹਿਮਦ ਨੂੰ ਭੱਜ ਕੇ।
(ਭਗਵਾਨ ਸਿੰਘ)

ਇਕ ਜਵਾਲਾ ਜਿਉਣੇ ਦੀ ਸੀਨੇ ਵਿਚ ਮਘ ਰਹੀ ਸੀ। ਉਹਨੇ ਘਰੋਂ ਗੰਡਾਸੀ ਚੁੱਕੀ ਅਤੇ ਚੁਪ-ਚਾਪ ਆਪਣੇ ਖੇੜੇ ਨੂੰ ਸਿਰ ਨਿਵਾ ਕੇ ਜੰਗਲ ਵੱਲ ਤੁਰ ਪਿਆ। ਅਗਾਂਹ ਉਹਨੂੰ ਜੰਗਲ ਵਿਚ ਸ਼ਿਕਾਰ ਖੇਡਦਾ ਇਕ ਅੰਗਰੇਜ਼ ਟੱਕਰਿਆ ਜਿਸ ਪਾਸੋਂ ਉਹਨੇ ਝਪਟਾ ਮਾਰ ਕੇ ਰਫ਼ਲ ਖੋਹ ਲਈ ਤੇ ਉਸ ਨੂੰ ਭਜਾ ਦਿੱਤਾ। ਅਗਾਂਹ ਡਾਕੂਆਂ ਦੀ ਟੋਲੀ ਟੱਕਰ ਗਈ। ਜਦੋਂ ਉਨ੍ਹਾਂ ਨੂੰ ਪਤਾ ਲੱਗਿਆ, ਬਈ ਜਿਉਣਾ ਕਿਸ਼ਨੇ ਦਾ ਭਰਾ ਐ, ਤਾਂ ਖੁਸ਼ੀ-ਖੁਸ਼ੀ ਉਹਨੂੰ ਆਪਣਾ ਭਾਈਵਾਲ ਬਣਾ ਲਿਆ।

ਜਿਉਣਾ ਡਾਕੇ ਮਾਰਨ ਲੱਗਾ। ਉਹਨੇ ਇਕ ਸ਼ਰਤ ਇਹ ਲਾਈ ਕਿਸੇ ਦੀ ਨੂੰਹ-ਧੀ ਨੂੰ ਮੈਲੀ ਅੱਖ ਨਾਲ ਨਹੀਂ ਵੇਖਣਾ, ਨਾ ਹੀ ਮੌੜੀਂ ਜਾ ਕੇ ਡਾਕਾ ਮਾਰਨਾ ਹੈ। ਗਰੀਬ-ਗੁਰਬੇ ਦੀ ਮਦਦ ਕਰਨੀ ਐ...।



*ਜਿਉਣੇ ਮੌੜ ਦੇ ਪਿੰਡ ਬਣਾਏ ਬੁੱਤ ਦੀ ਇਕ ਤਸਵੀਰ।*

***ਆਪਣੇ ਵੱਡੇ ਭਰਾ ਕਿਸ਼ਨੇ ਦਾ ਸੁਨੇਹਾ ਸੁਣਦੇ ਸਾਰ ਹੀ ਜਿਉਣਾ ਝੰਜੋੜਿਆ ਗਿਆ। ਇਕ ਆਹ ਸੀਨਿਓਂ ਪਾਰ ਹੋ ਗਈ...ਇਕ ਜਵਾਲਾ ਉਹਦੇ ਸੀਨੇ ਵਿਚ ਮਘ ਰਹੀ ਸੀ। ਉਹਨੇ ਘਰੋਂ ਗੰਡਾਸੀ ਚੁੱਕੀ ਅਤੇ ਚੁਪ-ਚਾਪ ਆਪਣੇ ਖੇੜੇ ਨੂੰ ਸਿਰ ਨਿਵਾ ਕੇ ਜੰਗਲ ਵੱਲ ਤੁਰ ਪਿਆ। ਅਗਾਂਹ ਉਹਨੂੰ ਜੰਗਲ ਵਿਚ ਸ਼ਿਕਾਰ ਖੇਡਦਾ ਇਕ ਅੰਗਰੇਜ਼ ਟੱਕਰਿਆ ਜਿਸ ਪਾਸੋਂ ਉਹਨੇ ਝਪਟਾ ਮਾਰ ਕੇ ਰਫ਼ਲ ਖੋਹ ਲਈ ਤੇ ਉਸ ਨੂੰ ਭਜਾ ਦਿੱਤਾ। ਅਗਾਂਹ ਡਾਕੂਆਂ ਦੀ ਟੋਲੀ ਟੱਕਰ ਗਈ। ਜਦੋਂ ਉਨ੍ਹਾਂ ਨੂੰ ਪਤਾ ਲੱਗਿਆ, ਬਈ ਜਿਉਣਾ ਕਿਸ਼ਨੇ ਦਾ ਭਰਾ ਐ, ਤਾਂ ਖੁਸ਼ੀ-ਖੁਸ਼ੀ ਉਹਨੂੰ ਆਪਣਾ ਭਾਈਵਾਲ ਬਣਾ ਲਿਆ।... ਫਿਰ ਜਿਉਣਾ ਡਾਕੇ ਮਾਰਨ ਲੱਗਾ। ਉਹਨੇ ਇਕ ਸ਼ਰਤ ਇਹ ਲਾਈ ਕਿਸੇ ਦੀ ਨੂੰਹ-ਧੀ ਨੂੰ ਮੈਲੀ ਅੱਖ ਨਾਲ ਨਹੀਂ ਵੇਖਣਾ, ਨਾ ਹੀ ਮੌੜੀਂ ਜਾ ਕੇ ਡਾਕਾ ਮਾਰਨਾ ਹੈ। ਗਰੀਬ-ਗੁਰਬੇ ਦੀ ਮਦਦ ਕਰਨੀ ਐ...।***

ਆਏ ਦਿਨ ਜਿਉਣੇ ਮੌੜ ਦੀਆਂ ਲੁੱਟਾਂ-ਖੋਹਾਂ, ਮਾਰ-ਧਾੜ, ਬਰਾਤਾਂ ਡੱਕਣ, ਸੂਦਖੋਰਾਂ ਤੇ ਸੁਨਿਆਰਾਂ ਨੂੰ ਲੁੱਟਣ ਦੀਆਂ ਖ਼ਬਰਾਂ ਆਉਣ ਲੱਗੀਆਂ। ਪੁਲਿਸ ਉਹਦਾ ਪਿੱਛਾ ਕਰਦੀ। ਜਿਉਣਾ ਡਾਹ ਨਾ ਦਿੰਦਾ। ਪੁਲਿਸ ਨਮੋਸ਼ੀ ਦੀ ਮਾਰੀ ਪਈ ਸੀ। ਸਾਰੇ ਇਲਾਕੇ ਵਿਚ ਜਿਉਣੇ ਦੀ ਬੱਲੇ-ਬੱਲੇ ਸੀ। ਪੁਲਿਸ ਉਹਦੀ ਸੂਰਮਤਾਈ ਤੋਂ ਡਰਦੀ ਉਹਨੂੰ ਹੱਥ ਵੀ ਨਹੀਂ ਸੀ ਪਾਉਂਦੀ। ਉਹਨੂੰ ਫੜਨ ਲਈ ਉਹਦੇ ਸਿਰ ਦਾ ਇਨਾਮ ਸਰਕਾਰ ਨੇ ਐਲਾਨਿਆ ਹੋਇਆ ਸੀ। ਧੀ-ਭੈਣ ਦੀ ਇੱਜ਼ਤ ਦਾ ਸਾਂਝੀਵਾਲ ਹੋਣ ਕਾਰਨ ਤੇ ਗਊ-ਗਰੀਬ ਦਾ ਰੱਖਿਅਕ ਹੋਣ ਕਰ ਕੇ ਪਿੰਡ ਦੇ ਲੋਕ ਉਸ ਨੂੰ ਹੱਥੀਂ ਛਾਂਵਾਂ ਕਰਦੇ ਸਨ। ਪੁਲਿਸ ਆਈ 'ਤੇ ਉਹ ਕਿਸੇ ਦੇ ਵੀ ਘਰ ਲੁਕ ਸਕਦਾ ਸੀ।

ਕਈ ਦਿਲਚਸਪ ਤੇ ਅਲੋਕਾਰ ਘਟਨਾਵਾਂ ਅਤੇ ਕਹਾਣੀਆਂ ਜਿਉਣੇ ਨਾਲ ਜੁੜੀਆਂ ਹੋਈਆਂ ਹਨ। ਉਹ ਲੁੱਟਿਆ ਮਾਲ ਕੰਡਿਆਲ ਪਿੰਡ ਦੇ ਕਾਂਸ਼ੀ ਰਾਮ ਬਾਣੀਏਂ ਕੋਲ ਰੱਖਦਾ ਸੀ। ਇਕ ਦਿਨ ਬਾਣੀਏਂ ਦਾ ਦਿਲ ਬੇਈਮਾਨ ਹੋ ਗਿਆ। ਉਸ ਨੇ ਜਿਉਣੇ ਨੂੰ ਫੜਾ ਕੇ ਉਹਦਾ ਮਾਲ ਹੜੱਪਣ ਦਾ ਮਨ ਬਣਾ ਲਿਆ ਤੇ ਪੁਲਿਸ ਨੂੰ ਖ਼ਬਰ ਦੇ ਦਿੱਤੀ, ਬਈ ਭਲਕੇ ਜਿਉਣੇ ਨੇ ਆਉਣੈ। ਪੁਲਿਸ ਆ ਗਈ। ਜਿਉਣਾ ਅਜੇ ਆਇਆ ਨਹੀਂ ਸੀ। ਇਕ ਬੁੱਢੀ ਨੱਸੀ-ਨੱਸੀ ਗਈ, ਤੇ ਪਿੰਡੋਂ ਬਾਹਰ ਹੀ ਜਿਉਣੇ ਨੂੰ ਬਾਣੀਏਂ ਦੀ ਕਰਤੂਤ ਬਾਰੇ ਦੱਸ ਦਿੱਤਾ। ਉਹ ਉਸੇ ਪਲ ਪਿਛਾਂਹ ਮੁੜ ਗਿਆ। ਜਦੋਂ ਪੁਲਿਸ ਚਲੀ ਗਈ, ਜਿਉਣੇ ਨੇ ਆ ਕੇ ਕਾਂਸ਼ੀ ਰਾਮ ਦਾ ਖੂਬ ਬੜ੍ਹਾਂਗਾ ਕੀਤਾ। ਬਾਣੀਏ ਨੇ ਮਸੀਂ ਮਿੰਨਤਾਂ ਤਰਲੇ ਕਰ ਕੇ ਆਪਣੀ ਜਾਨ ਬਖ਼ਸ਼ਾਈ ਤੇ ਅਗਾਂਹ ਤੋਂ ਬੇਈਮਾਨੀ ਕਰਨ ਤੋਂ ਤੋਬਾ ਕੀਤੀ।

ਸਾਉਣ ਦਾ ਮਹੀਨਾ ਸੀ। ਲੌਂਗੋਵਾਲ ਦੇ ਗੋਰੇ ਤੀਆਂ ਪੈ ਰਹੀਆਂ ਸਨ... ਜਿਉਣੇ ਮੌੜ ਦੀ ਟੋਲੀ ਉਥੇ ਜਾ ਪੁੱਜੀ। ਉਹਨੇ ਜ਼ਮੀਨ 'ਤੇ ਚਾਦਰਾ ਵਿਛਾ ਕੇ ਆਖਿਆ, "ਕੁੜੀਓ ਆਪਣੀਆਂ ਟੂੰਮਾਂ ਲਾਹ ਦੋ।" ਡਰਦੀਆਂ ਮਾਰੀਆਂ ਕੁੜੀਆਂ ਬਹੂਆਂ ਆਪਣੀਆਂ ਟੂੰਮਾਂ ਲਾਹ ਲਾਹ ਚਾਦਰੇ 'ਤੇ ਸੁੱਟੀ ਜਾਣ। ਉਹ ਚਾਦਰਾ ਵਲ੍ਹੇਟਣ ਹੀ ਲੱਗਾ ਸੀ ਕਿ ਇਕ ਕੁੜੀ ਹੌਸਲਾ ਕਰ ਕੇ ਬੋਲੀ, "ਵੇ ਵੀਰਿਆ! ਮੇਰੇ ਤਾਂ ਸਹੁਰੇ ਬੜੇ ਅਵੈੜੇ ਐ, ਉਹ ਤਾਂ ਮੇਰੇ ਹੱਡਾਂ ਵਿਚੋਂ ਟੂੰਮਾਂ ਕੱਢ ਲਣਗੇ। ਮੇਰੇ ਪਿਉਕੇ ਬੜੇ ਗਰੀਬ ਐ। ਉਨ੍ਹਾਂ ਮਸੀਂ ਮੇਰਾ ਵਿਆਹ ਕੀਤੈ ਜ਼ਮੀਨ ਧਰ ਕੇ। ਉਨ੍ਹਾਂ 'ਚ ਦੁਬਾਰਾ ਟੂੰਮਾਂ ਘੜਾਉਣ ਦੀ ਪਰੋਖੋਂ ਨ੍ਹੀਂ। ਵੇ ਵੀਰਾ, ਮੈਂ ਤੇਰੀ ਭੈਣ ਵਰਗੀ ਆਂ।"

ਕੁੜੀ ਦਾ ਤਰਲਾ ਹੀ ਅਜਿਹਾ ਸੀ ਕਿ ਜਿਉਣੇ ਦਾ ਦਿਲ ਪਸੀਜ ਗਿਆ। ਉਹਨੇ ਝੱਟ ਚਾਦਰੇ ਦੀ ਗੰਢ ਖੋਲ੍ਹ ਦਿੱਤੀ ਤੇ ਆਖਿਆ, "ਕੁੜੀਓ, ਲੈ ਜੋ ਆਪੋ-ਆਪਣੀਆਂ ਟੂੰਮਾਂ।"

ਤੇ ਉਹ ਚਾਦਰਾ ਝਾੜ ਕੇ ਅਗਾਂਹ ਤੁਰ ਗਿਆ। ਇਸ ਘਟਨਾ ਪਿਛੋਂ ਉਹਨੇ ਆਪਣੇ ਸਾਥੀਆਂ ਨੂੰ ਤੀਆਂ ਲੁੱਟਣ ਤੋਂ ਸਦਾ ਲਈ ਵਰਜ ਦਿੱਤਾ।

ਇਕ ਦਿਨ ਰਾਹ ਜਾਂਦਿਆਂ ਜਿਉਣੇ ਨੂੰ ਭੁੱਖ ਲੱਗ ਗਈ। ਉਹਨੇ ਵੇਖਿਆ, ਕੋਈ ਕੁੜੀ ਖੇਤ ਨੂੰ ਭੱਤਾ ਲਈ ਜਾਂਦੀ ਹੈ। ਉਹਨੇ ਕੁੜੀ ਨੂੰ ਰੋਕ ਕੇ ਆਖਿਆ, "ਭੈਣੇ ਰੋਟੀ ਖੁਆਏਂਗੀ?"

"ਆਹੋ ਵੀਰ।" ਆਖ ਕੁੜੀ ਨੇ ਸਿਰ ਤੋਂ ਛਿੱਕੂ ਲਾਹ ਕੇ, ਲੱਸੀ ਦੀ ਝੱਕਰੀ ਧਰਤੀ 'ਤੇ ਰੱਖੀ, ਤੇ ਪੋਣੇ ਵਿਚੋਂ ਦੋ ਮਿੱਸੀਆਂ ਰੋਟੀਆਂ ਕੱਢ ਕੇ, ਉਤੇ ਅੰਬ ਦੇ ਆਚਾਰ ਦੀ ਫਾੜੀ ਤੇ ਗੰਢਾ ਧਰ ਕੇ ਉਹਦੇ ਹੱਥ ਫੜਾ ਦਿੱਤੀਆਂ। ਜਿਉਣੇ ਨੇ ਰੋਟੀ ਖਾ ਕੇ ਕੁੜੀ ਦੇ ਹੱਥ 25 ਰੁਪਏ ਰੱਖ ਕੇ ਉਹ ਦਾ ਸਿਰ ਪਲੋਸਿਆ ਤੇ ਅਗਾਂਹ ਟੁਰ ਗਿਆ।

ਕੁਝ ਦਿਨਾਂ ਮਗਰੋਂ ਜਿਉਣੇ ਮੌੜ ਨੇ ਦੌਲੇਆਲ ਪਿੰਡ ਵਿਚੋਂ ਇਕ ਵਧੀਆ ਨਸਲ ਦਾ ਘੋੜਾ ਜਾ ਖੋਲ੍ਹਿਆ, ਪਿਛਾੜੀ ਖਿੱਚੀ ਜਾਣ ਕਰ ਕੇ ਕਿੱਲਾ ਉਖੜ ਕੇ ਉਹਦੇ ਨੱਕ 'ਤੇ ਜਾ ਵੱਜਾ, ਤੇ ਨਿਸ਼ਾਨ ਪੈ ਗਿਆ।

ਜਿਉਣੇ ਮੌੜ ਦੇ ਸਖੀਪਣੇ ਅਤੇ ਸੂਰਮਤਾਈ ਦੀਆਂ ਕਈ ਹੋਰ ਵੀ ਕਹਾਣੀਆਂ ਹਨ। ਇਕ ਵਾਰ ਉਨ੍ਹਾਂ ਨੇ ਝਿੜੀ ਵਿਚ ਬਰਾਤ ਰੋਕ ਲਈ, ਤੇ ਬਹੂ ਦੇ ਸਾਰੇ ਗਹਿਣੇ ਲੁਹਾ ਕੇ ਜਾਂਜੀਆਂ ਦੇ ਖੀਸੇ ਵੀ ਖਾਲੀ ਕਰਵਾ ਲਏ। ਉਹਦੇ ਨੱਕ ਦੇ ਨਿਸ਼ਾਨ ਤੋਂ ਜੱਟ ਨੇ ਪਛਾਣ ਲਿਆ, ਬਈ ਇਹ ਜਿਉਣਾ ਮੌੜ ਐ। ਉਹਨੇ ਜਿਉਣੇ ਅੱਗੇ ਹੱਥ ਜੋੜ ਕੇ ਆਖਿਆ,

ਭੋਇੰ ਧਰ ਕੇ ਇਕ ਮੁੰਡਾ ਵਿਆਹਿਆ
ਬਹੂ ਨੂੰ ਟੂਮ ਛੱਲਾ ਮੰਗ ਕੇ ਪਾਇਆ
ਵਾਸਤਾ ਈ ਰੱਬ ਦਾ ਤੂੰ ਸਾਡਾ ਜੱਟ ਭਾਈ
ਲੁੱਟ ਸ਼ਾਹੂਕਾਰਾਂ ਨੂੰ ਜਿਨ੍ਹਾਂ ਲੁੱਟ ਮਚਾਈ।
(ਭਗਵਾਨ ਸਿੰਘ)

ਜਿਉਣੇ ਨੇ ਸਾਰਾ ਟੂਮ-ਟੱਲਾ ਮੋੜ ਕੇ, ਪੱਲਿਓਂ ਹੋਰ ਹਜ਼ਾਰ ਰੁਪਿਆ ਪਾ ਕੇ ਬਰਾਤ ਅਗਾਂਹ ਤੋਰ ਦਿੱਤੀ।

ਜਿਉਣੇ ਮੌੜ ਦੀ ਸਾਰੇ ਇਲਾਕੇ ਵਿਚ ਦਹਿਸ਼ਤ ਹੀ ਐਨੀ ਸੀ ਕਿ ਕਈ ਬਦਮਾਸ਼ ਆਪਣੇ-ਆਪ ਨੂੰ ਜਿਉਣਾ ਮੌੜ ਦੱਸ ਕੇ ਲੁੱਟ-ਮਾਰ ਕਰਨ ਲੱਗ ਪਏ। ਇਕ ਵਾਰੀ ਕੋਈ ਬ੍ਰਾਹਮਣ ਆਪਣੀ ਧੀ ਨੂੰ ਸਹੁਰਿਆਂ ਤੋਂ ਲਈ ਆ ਰਿਹਾ ਸੀ। ਰਾਹ ਜੰਗਲ ਵਿਚੋਂ ਹੋ ਕੇ ਜਾਂਦਾ ਸੀ। ਜਦੋਂ ਉਹ ਜੰਗਲ ਵਿਚ ਵੜੇ, ਅੱਗਿਉਂ ਬਦਮਾਸ਼ਾਂ ਨੇ ਘੇਰ ਲਿਆ। ਬ੍ਰਾਹਮਣ ਥਰ-ਥਰ ਕੰਬ ਰਿਹਾ ਸੀ। ਕੁੜੀ ਦੀਆਂ ਲੇਰਾਂ ਨਿਕਲ ਰਹੀਆਂ ਸਨ। ਅਚਾਨਕ ਜਿਉਣਾ ਮੌੜ ਉਧਰੋਂ ਆ ਨਿਕਲਿਆ। ਉਹਨੇ ਆਉਂਦੇ ਸਾਰ ਬਦਮਾਸ਼ਾਂ ਨੂੰ ਲਲਕਾਰਾ ਮਾਰਿਆ।

"ਤੂੰ ਕੌਣ ਹੁੰਨੈ ਸਾਨੂੰ ਰੋਕਣ ਵਾਲਾ?" ਮਾੜਕੂ ਜਿਹਾ ਬਦਮਾਸ਼ ਬੋਲਿਆ।

"ਮੈਂ ਆਂ ਥੋਡੀ ਧੀ ਦਾ ਖਸਮ, ਥੋਡਾ ਜਮਾਈ ਜਿਉਣਾ ਮੌੜ।"

ਜਿਉਣਾ ਮੌੜ ਦਾ ਨਾਂ ਸੁਣਦੇ ਸਾਰ ਹੀ ਬਰਸਾਤੀ ਬਦਮਾਸ਼ਾਂ ਦੇ ਹੋਸ਼ ਉਡ ਗਏ। ਜਿਉਣੇ ਨੇ ਜੁੱਤੀਆਂ ਮਾਰ-ਮਾਰ ਉਨ੍ਹਾਂ ਨੂੰ ਭਜਾ ਦਿੱਤਾ ਅਤੇ ਮਗਰੋਂ ਆਪ ਜਾ ਕੇ ਬ੍ਰਾਹਮਣ ਤੇ ਉਹਦੀ ਧੀ ਨੂੰ ਉਹਦੇ ਘਰ ਛੱਡ ਕੇ ਆਇਆ। ਬ੍ਰਾਹਮਣ ਜਿਉਣੇ ਮੌੜ ਨੂੰ ਅਸੀਸਾਂ ਦਿੰਦਾ ਨਹੀਂ ਸੀ ਥੱਕਦਾ।

ਕਹਿੰਦੇ ਨੇ, ਸੰਗਰੂਰ ਕੋਲ ਕਿਸੇ ਪਿੰਡ ਗੋਡੀ ਕਰਦੇ ਗਰੀਬ ਜੱਟ ਕੋਲ ਉਹਦੀ ਮੁਟਿਆਰ ਧੀ ਰੋਟੀ ਲੈ ਕੇ ਆਈ। ਘੁੰਮਦਾ-ਘੁੰਮਾਉਂਦਾ ਜਿਉਣਾ ਮੌੜ ਵੀ ਉਥੇ ਆ ਗਿਆ। ਵਿਆਹੁਣਯੋਗ ਕੁੜੀ ਵੇਖ ਕੇ ਜਿਉਣੇ ਨੇ ਪੁੱਛਿਆ, "ਬਈ ਸਰਦਾਰਾ! ਧੀ ਕਿਤੇ ਮੰਗੀ ਵਿਆਹੀ ਬੀ ਹੋਈ ਐ।"

ਜੱਟ ਨੇ ਮਸੋਸਿਆ ਜਿਹਾ ਮੂੰਹ ਕਰ ਕੇ ਕਿਹਾ, "ਜਿਉਣ ਸਿਆਂ! ਅਸੀਂ ਧੀ ਵਿਆਹੁਣ ਜੋਗੇ ਕਿੱਥੇ ਆਂ, ਮਸੀਂ ਗੁਜ਼ਾਰਾ ਤੁਰਦੈ। ਸਾਰੀ ਪੈਲੀ ਮਾਰੂ ਆ।"

ਜਿਉਣੇ ਮੌੜ ਨੇ ਉਸੇ ਵੇਲੇ ਆਪਣੇ ਲੱਕ ਨਾਲੋਂ ਖੋਲ੍ਹ ਕੇ ਸੌ-ਸੌ ਦੀਆਂ ਪੰਜ ਵਾਸਣੀਆਂ ਜੱਟ ਦੇ ਹਵਾਲੇ ਕਰ ਕੇ ਆਖਿਆ, "ਕਰ ਧੀ ਦਾ ਨਾਤਾ ਗੱਜ-ਵੱਜ ਕੇ... ਦੇਖੀਂ ਕਿਤੇ ਹੋਰ ਪਾਸੇ ਵਰਤ ਲਏਂ।" ਅੱਜ ਦੇ ਸਮੇਂ ਮੁਤਾਬਕ ਇਹ ਹਜ਼ਾਰਾਂ ਦੀ ਰਾਸ਼ੀ ਸੀ। ਜੱਟ, ਜਿਉਣੇ ਮੌੜ ਦੀ ਸਖ਼ਾਵਤ ਦੇ ਵਾਰੇ-ਵਾਰੇ ਜਾ ਰਿਹਾ ਸੀ।


ਹੋਰ ਵੀ ਅਨੇਕਾਂ ਕਿੱਸੇ ਜਿਉਣੇ ਮੌੜ ਦੇ ਨਾਂ ਨਾਲ ਜੁੜੇ ਹੋਏ ਸਨ। ਉਸ ਦੀ ਬਹਾਦਰੀ, ਸੂਰਮਗਤੀ, ਦਰਿਆ ਦਿਲੀ ਅਤੇ ਸਖ਼ਾਵਤ ਦਾ ਜ਼ਿਕਰ ਲੋਕ ਕਵੀਆਂ ਨੇ ਆਪਣੀਆਂ ਕਾਵਿ ਰਚਨਾਵਾਂ ਵਿਚ ਕੀਤਾ ਹੈ,

ਜਿਉਣਾ ਮੌੜ ਸਾਧ ਗਊ ਗਰੀਬ ਦੀ ਕਰੇ ਸੇਵਾ,
ਖੱਬੀ-ਖਾਨਾਂ ਦੀ ਅਲਖ ਮੁਕਾਉਂਦਾ ਜੀ।
ਜਿਹੜੇ ਬਾਦਸ਼ਾਹ ਦੇ ਘਰ ਕਰੇ ਚੋਰੀ,
ਪਰਚਾ ਛਾਪ ਕੇ ਪਹਿਲਾਂ ਲਗਾਉਂਦਾ ਜੀ।
ਸ਼ੀਹਣੀ ਮਾਂ ਨੇ ਜੰਮਿਆ ਸ਼ੇਰ ਜਿਉਣਾ,
ਨਹੀਂ ਲੁਕ ਕੇ ਵਕਤ ਲੰਘਾਉਂਦਾ ਜੀ।
(ਭਗਵਾਨ ਸਿੰਘ)

ਜਿਸ ਮਕਸਦ ਲਈ ਜਿਉਣਾ ਡਾਕੂ ਬਣਿਆ ਸੀ, ਉਹ ਅਜੇ ਪੂਰਾ ਨਹੀਂ ਸੀ ਹੋਇਆ। ਡੋਗਰ ਨੂੰ ਮਾਰ ਕੇ ਆਪਣੇ ਭਰਾ ਦਾ ਬਦਲਾ ਲੈਣ ਦਾ ਨਿਸ਼ਾਨਾ ਉਹਦੇ ਸਾਹਮਣੇ ਸੀ। ਨਿਸ਼ਾਨਾ ਪੂਰਾ ਹੋਣ 'ਤੇ ਹੀ ਉਹਦੇ ਕਲੇਜੇ ਠੰਢ ਪੈਣੀ ਸੀ।

ਇਕ ਦਿਨ ਘੋੜੀ 'ਤੇ ਸਵਾਰ ਹੋ ਕੇ ਜਿਉਣਾ ਮੌੜ ਅਹਿਮਦ ਡੋਗਰ ਦੇ ਪਿੰਡ ਡਸਕੇ ਜਾ ਪੁੱਜਾ। ਉਹਨੇ ਪਾਲੀ ਹੱਥ ਡੋਗਰ ਨੂੰ ਸੁਨੇਹਾ ਭੇਜਿਆ,

*(ਬਾਕੀ ਅਗਲੇ ਸਫੇ 'ਤੇ)*



*ਜਿਉਣਾ ਮੌੜ ਦੀ ਅਸਲ ਤਸਵੀਰ*

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353


# ਘਣਚੱਕਰ

ਪੰਜਾਬੀ ਵਿਚ ਘਣਚੱਕਰ ਸ਼ਬਦ ਅਸੀਂ ਮੂਰਖ, ਮੰਦਬੁਧ, ਭੌਂਦੂ ਆਦਿ ਦੇ ਅਰਥਾਂ ਵਿਚ ਇਸਤੇਮਾਲ ਕਰਦੇ ਹਾਂ। ਕਈ ਇਸ ਨੂੰ ਜ਼ਿੰਦਗੀ ਦੇ ਚੱਕਰਾਂ ਵਿਚ ਫਸੇ ਵਿਅਕਤੀ ਦੇ ਆਸ਼ੇ ਲਈ ਵੀ ਵਰਤ ਲੈਂਦੇ ਹਨ, ਕੁਝ ਇਸ ਤਰ੍ਹਾਂ ਜਿਵੇਂ ਉਹ ਅਜਿਹੇ ਚੱਕਰਵਿਊ ਵਿਚ ਘਿਰਿਆ ਹੋਵੇ ਜਿਸ ਵਿਚੋਂ ਨਿਕਲਣ ਦਾ ਕੋਈ ਰਾਹ ਹੀ ਨਾ ਲਭਦਾ ਹੋਵੇ। ਸਾਲ ਕੁ ਪਹਿਲਾਂ ਇਕ ਸਨਸਨੀਖੇਜ਼ ਹਾਸਰਸੀ ਫਿਲਮ ਆਈ ਸੀ ਜਿਸ ਦਾ ਨਾਂ ਸੀ, ਘਣਚੱਕਰ। ਇਸ ਵਿਚ ਵਿਦਿਆ ਬਾਲਨ ਨੇ ਇਕ ਪੰਜਾਬਣ ਦਾ ਵਧੀਆ ਰੋਲ ਨਿਭਾਇਆ ਸੀ। ਉਂਜ ਤਾਂ ਹਰ ਸਸਪੈਂਸ ਫਿਲਮ ਨੂੰ ਘਣਚੱਕਰ ਕਿਹਾ ਜਾ ਸਕਦਾ ਹੈ ਪਰ ਇਸ ਫਿਲਮ ਵਿਚ ਇਸ ਸ਼ਬਦ ਦੇ ਹੋਰ ਤਰ੍ਹਾਂ ਵੀ ਅਰਥ ਉਘੜਦੇ ਹਨ। ਇਸ ਦਾ ਮੁਖ ਪਾਤਰ ਤੀਹ ਕਰੋੜ ਦਾ ਬੈਂਕ ਡਾਕਾ ਮਾਰ ਕੇ ਧਨ ਕਿਤੇ ਲੁਕੋ ਦਿੰਦਾ ਹੈ ਪਰ ਫਿਰ ਯਾਦਾਸ਼ਤ ਖੋ ਬੈਠਦਾ ਹੈ, ਅਰਥਾਤ ਘਣਚੱਕਰ ਬਣ ਜਾਂਦਾ ਹੈ।

ਪਿਛੇ ਜਿਹੇ ਮੈਂ ਆਪਣੇ ਪਿੰਡ ਦੇ ਕੱਚੇ ਘਰ ਬਾਰੇ ਇਕ ਰੇਖਾਚਿਤਰ ਲਿਖਿਆ ਸੀ। ਉਸ ਵਿਚ ਮੈਂ ਘਰ ਦੇ ਕੱਚੇ ਦਲਾਨ ਦਾ ਖਾਕਾ ਉਲੀਕਦਿਆਂ ਦੱਸਿਆ ਸੀ ਕਿ ਇਸ ਦੇ ਗਭੇ ਇਕ ਮੰਜੇ ਦੇ ਥਾਂ ਜਿੰਨਾ ਪੀਲਪਾਵਾ ਹੁੰਦਾ ਸੀ ਜੋ ਦਲਾਨ ਨੂੰ ਚਾਰ ਹਿੱਸਿਆਂ ਵਿਚ ਵੰਡ ਦਿੰਦਾ ਸੀ। ਟੱਬਰ ਦੇ ਜੀਅ ਅੰਦਰ ਵੜਦੇ ਸਾਰ ਹੀ, "ਇਸ ਘਣਚੱਕਰ ਦੁਆਲੇ ਹੀ ਘੁੰਮਦੇ ਰਹਿੰਦੇ ਸਨ।" ਘਣਚੱਕਰ ਵਿਚ ਫਸੇ ਬੰਦੇ ਦੀ ਅਵਸਥਾ ਨੂੰ ਅਸੀਂ ਚਕ੍ਰਿਤ ਹੋਇਆ ਵੀ ਕਹਿ ਸਕਦੇ ਹਾਂ ਪਰ ਇਸ ਦਾ ਅਰਥ ਵਧੇਰੇ ਹੈਰਾਨ ਹੋਇਆ ਹੁੰਦਾ ਹੈ। ਹਾਂ, ਚਕਰਾਇਆ ਜ਼ਰੂਰ ਕਹਿ ਸਕਦੇ ਹਾਂ। ਗੁਰਦਾਸ ਮਾਨ ਦੇ ਇਕ ਗੀਤ ਦੇ ਬੋਲ ਹਨ "ਚੱਕਰ ਹੈ, ਚੱਕਰ ਹੈ, ਚੱਕਰ ਹੈ।" ਇਕ ਹਿੰਦੀ ਗੀਤ ਦੇ ਇਨ੍ਹਾਂ ਬੋਲਾਂ ਵਿਚ ਵੀ ਮਨੁਖ ਦੇ ਘੁੰਮਣਘੇਰੀਆਂ ਵਿਚ ਫਸੇ ਹੋਣ ਦੇ ਭਾਵ ਸਾਹਮਣੇ ਆਉਂਦੇ ਹਨ, "ਗਰਦਿਸ਼ ਮੇਂ ਹੈਂ ਸਾਰੇ, ਮਤ ਘਬਰਾਨਾ ਪਿਆਰੇ।"

ਪੈਰਾਂ ਵਿਚ ਚੱਕਰ ਮੁਹਾਵਰੇ ਦਾ ਅਰਥ ਵੀ ਕੁਝ ਇਸ ਤਰ੍ਹਾਂ ਦਾ ਹੈ, ਮਨੁਖੀ ਜ਼ਿੰਦਗੀ ਭਟਕਣ ਹੀ ਹੈ। ਪਰ ਜਿਵੇਂ ਸ਼ੁਰੂ ਵਿਚ ਦੱਸਿਆ ਗਿਆ ਹੈ, ਘਣਚੱਕਰ ਦਾ ਆਮ ਜਾਣਿਆ ਜਾਂਦਾ ਅਰਥ ਬੁਧੂ, ਬੇਵਕੂਫ, ਲੋਲ੍ਹਾ ਹੈ। ਚੱਕਰ ਵਿਚ ਫਸਿਆ ਬੰਦਾ ਲੋਲ੍ਹਤ ਹੋ ਹੀ ਜਾਂਦਾ ਹੈ। ਪਰ ਸਬੰਧਤ ਸ਼ਬਦ ਦੇ ਮੁਢ ਵਿਚ ਘਣ ਅਗੇਤਰ ਆਇਆ ਹੈ ਤਾਂ ਇਸ ਦਾ ਕੀ ਅਰਥ ਹੋ ਸਕਦਾ ਹੈ? ਘਣ ਦਾ ਜਾਣਿਆ ਜਾਂਦਾ ਮੁਖ ਅਰਥ ਤਾਂ ਇਕ ਲੋਹੇ ਦਾ ਹਥੌੜਾ ਜਾਂ ਅਹਿਰਨ ਹੁੰਦਾ ਹੈ। ਜਾਂ ਫਿਰ ਭੌਤਿਕੀ ਵਿਚ ਅਸੀਂ ਘਣ ਦਾ ਅਰਥ ਕਿਸੇ ਤਿੰਨ-ਵਿਮੀਏ ਵਸਤੂ ਨੂੰ ਕਹਿੰਦੇ ਹਾਂ। ਗਣਿਤ ਵਿਚ ਘਣਫਲ ਕਿਸੇ ਸੰਖਿਆ ਨੂੰ ਆਪਣੇ ਆਪ ਨਾਲ ਤਿੰਨ ਵਾਰੀ ਗੁਣਾ ਕਰਨ ਨਾਲ ਹਾਸਿਲ ਹੁੰਦੀ ਸੰਖਿਆ ਨੂੰ ਆਖਿਆ ਜਾਂਦਾ ਹੈ ਜਿਸ ਨੂੰ ਅੰਗਰੇਜ਼ੀ ਵਿਚ ਕਿਊਬ ਕਿਹਾ ਜਾਂਦਾ ਹੈ। ਇਸ ਤਰ੍ਹਾਂ ਕੀ ਘਣਚੱਕਰ ਇਕ ਤੀਹਰੇ ਚੱਕਰ ਵਿਚ ਫਸੇ ਬੰਦੇ ਦੀ ਸਥਿਤੀ ਵੱਲ ਸੰਕੇਤ ਕਰਦਾ ਹੈ? ਜਾਂ ਕਹਿ ਲਵੋ, ਕੀ ਘਣਚੱਕਰ ਘਣੇ ਚੱਕਰ ਦੀ ਸਥਿਤੀ ਹੈ?

ਮਈਆ ਸਿੰਘ ਨੇ ਆਪਣੇ ਕੋਸ਼ ਵਿਚ ਇਸ ਦਾ ਸ਼ਾਬਦਿਕ ਅਰਥ "ਜੋ ਲਾਟੂ ਵਾਂਗ ਘੁੰਮਦਾ



ਹੈ" ਦੱਸਿਆ ਹੈ। ਇਥੇ ਲਾਟੂ ਤੋਂ ਭਾਵ ਲੱਕੜੀ ਦਾ ਉਹ ਸ਼ੰਕੂਨੁਮਾ ਟੁਕੜਾ ਹੈ ਜਿਸ ਨੂੰ ਬੱਚੇ ਛੈਂਟਾ ਮਾਰ ਕੇ ਘੁੰਮਾਉਂਦੇ ਹਨ। ਇਹ ਬੱਚਿਆਂ ਦੀ ਇਕ ਮਨਪਰਚਾਵੀ ਖੇਡ ਹੈ। ਪਰ ਦਿੱਕਤ ਹੈ ਕਿ ਘਣ ਦੇ ਅਰਥ ਅਸੀਂ ਲਾਟੂ ਵਜੋਂ ਨਹੀਂ ਜਾਣਦੇ। ਹਿੰਦੀ ਸ਼ਬਦਸਾਗਰ ਵਿਚ ਇਸ ਨੂੰ ਇਕ ਪ੍ਰਕਾਰ ਦੀ ਆਤਿਸ਼ਬਾਜ਼ੀ ਦੱਸਿਆ ਗਿਆ ਹੈ ਜੋ ਬਹੁਤ ਸ਼ੋਰ ਕਰਦੀ ਹੈ। ਪੰਜਾਬੀ ਵਿਚ ਇਸ ਨੂੰ ਅਸੀਂ ਚੱਕਰੀ ਜਾਂ ਚੱਕੀ ਵੀ ਕਹਿੰਦੇ ਹਾਂ। ਪਲੈਟਸ ਦੇ ਕੋਸ਼ ਵਿਚ ਵੀ ਇਹੋ ਅਰਥ ਹਨ। ਪਹਿਲੇ ਤੇ ਦੂਜੇ ਨੇ ਤੀਜੇ ਦੀ ਨਕਲ ਮਾਰੀ ਲਗਦੀ ਹੈ। ਘਣਚੱਕਰ ਦੀ ਕਿਸੇ ਵੀ ਵਿਆਖਿਆ ਵਿਚ ਚੱਕਰ ਦੇ ਭਾਵ ਹੀ ਉਭਰਦੇ ਹਨ, ਘਣ ਕਿਤੇ ਨਹੀਂ ਰੜਕਦਾ। ਖੈਰ, ਘਣਚੱਕਰ ਦੇ ਮੁਢਲੇ ਅਰਥਾਂ ਦਾ ਥਹੁਪਤਾ ਉਦੋਂ ਹਾਸਿਲ ਹੁੰਦਾ ਹੈ ਜਦ ਅਸੀਂ ਘਣ ਸ਼ਬਦ ਦੇ ਇਕ ਹੋਰ ਉਘੇ ਅਰਥ ਵੱਲ ਝਾਤੀ ਮਾਰਦੇ ਹਾਂ ਤੇ ਉਹ ਹੈ, ਬੱਦਲ। ਹਿੰਦੀ ਸ਼ਬਦਸਾਗਰ ਨੇ ਘਣ ਦੇ ਪਹਿਲੇ ਅਰਥ ਇਹੋ ਦਿੱਤੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਇਹ ਸ਼ਬਦ ਇਨ੍ਹਾਂ ਅਰਥਾਂ ਵਿਚ ਕਈ ਵਾਰੀ ਆਇਆ ਹੈ, "ਘਣ ਵਰਸਹਿ ਰੁਤਿ ਆਏ" (ਤੁਖਾਰੀ ਬਾਰਾਮਾਹ); "ਘਣ ਉਨਵਿ ਵੁਠੇ ਜਲ ਥਲ ਪੂਰਿਆ ਮਕਰੰਦ ਜੀਉ" (ਰਾਮ ਰੁਤੀ)। ਘਨਹਰ ਦੇ ਵੀ ਇਹੀ ਅਰਥ ਹਨ, "ਘਨਹਰ ਘੋਰ ਦਸੋ ਦਿਸਿ ਬਰਸੈ" -ਗੁਰੂ ਨਾਨਕ ਦੇਵ। ਘਨਘੋਰ ਦਾ ਮਤਲਬ ਬੱਦਲ ਦੀ ਗਰਜ ਹੈ, "ਘਨਘੋਰ ਪ੍ਰੀਤਿ ਮੋਰ" -ਗੁਰੂ ਅਰਜਨ ਦੇਵ।

ਸੋ, ਘਣਚੱਕਰ ਸ਼ਬਦ ਦਾ ਅਰਥ ਹੋਇਆ ਜੋ ਬੱਦਲ ਵਾਂਗ ਚੱਕਰ ਵਿਚ ਪਿਆ ਹੋਇਆ ਹੈ। ਇਹ ਬੱਦਲਾਂ ਦੇ ਏਧਰ ਉਧਰ ਆਵਾਰਾ ਘੁੰਮਣ ਵਾਲੀ ਸਿਫਤ ਵੱਲ ਇਸ਼ਾਰਾ ਕਰਦਾ ਹੈ। ਇਸ ਦਾ ਪ੍ਰਤੱਖ ਪ੍ਰਮਾਣ ਇਹ ਹੈ ਕਿ ਮਹਾਕਵੀ ਕਾਲੀਦਾਸ ਨੇ ਆਪਣੇ ਦੂਤਕਾਵਿ "ਮੇਘਦੂਤ" ਵਿਚ ਬੱਦਲਾਂ ਦੇ ਹੋਰ ਕਈ ਨਾਂਵਾਂ ਵਿਚੋਂ ਇਕ ਨਾਂ ਘਣਚੱਕਰ ਵਰਤਿਆ ਹੈ। ਘਣਚੱਕਰ ਦੀ ਆਵਾਰਗੀ ਜਾਂ ਘੁੰਮਕੜਤਾ 'ਚੋਂ ਇਸ ਦੇ ਅਰਥ ਵਿਕਸਿਤ ਹੋ ਕੇ ਚੰਚਲਬੁਧ ਹੋ ਗਏ। ਚੰਚਲ ਬੁਧੀ ਵਾਲਾ ਹੀ ਮੂਰਖ, ਬੇਵਕੂਫ, ਡਗ, ਡਫਰ ਹੁੰਦਾ ਹੈ। ਜਾਂ ਇਉਂ ਕਹਿ ਲਵੋ ਕਿ ਆਵਾਰਾ, ਡੋਲਦੇ ਵਿਚਾਰਾਂ ਵਾਲਾ ਬੰਦਾ ਹੀ ਬੇਵਕੂਫ ਹੁੰਦਾ ਹੈ। ਭੌਂਦੂ ਸ਼ਬਦ ਤੋਂ ਵੀ ਇਸ ਦੇ ਅਜਿਹੇ ਅਰਥਾਂ ਦੀ ਪੁਸ਼ਟੀ ਹੁੰਦੀ ਹੈ। ਭੌਂਦੂ ਆਦਮੀ ਉਹ ਹੈ ਜਿਸ ਦਾ ਦਿਮਾਗ ਭੌਂਦਾ ਫਿਰਦਾ ਹੈ।

ਹੁਣ ਆਈਏ, ਘਣ ਸ਼ਬਦ ਦੇ ਹੋਰ ਵਿਸਤਾਰ ਵੱਲ। ਸਭ ਤੋਂ ਪਹਿਲਾਂ ਇਹ ਦੱਸ ਦੇਈਏ ਕਿ ਘਣ ਸ਼ਬਦ ਦਾ ਧਾਤੂ 'ਹਨ' ਹੈ ਜਿਸ ਵਿਚ ਕੁੱਟਣ, ਪਿੱਟਣ, ਮਾਰਨ, ਲਿਤਾੜਨ ਆਦਿ ਦੇ ਭਾਵ ਹਨ। ਕਿਸੇ ਚੀਜ਼ ਜਿਵੇਂ ਧਾਤ ਆਦਿ ਨੂੰ ਕੁੱਟੀ ਜਾਈਏ ਤਾਂ ਇਹ ਸੰਘਣੀ ਹੋ ਜਾਂਦੀ ਹੈ। ਇਸ ਲਈ ਇਸ ਦੇ ਅਰਥ ਗਾੜ੍ਹੇ ਜਾਂ ਸੰਘਣੇ ਵਾਲੇ ਵੀ ਹਨ, ਖਾਸ ਤੌਰ 'ਤੇ ਘਣਾ ਸ਼ਬਦ ਦੇ, "ਮਾਂ ਵਰਗਾ ਘਣਛਾਵਾਂ ਬੂਟਾ ਮੈਨੂੰ ਨਜ਼ਰ ਨਾ ਆਏ" -ਮੋਹਨ ਸਿੰਘ। ਦਰਅਸਲ, ਸੰਘਣਾ ਸ਼ਬਦ ਵੀ ਸਮ+ਘਣਾ ਤੋਂ ਹੀ ਬਣਿਆ ਹੈ। ਸਮ ਅਗੇਤਰ ਦਾ ਅਰਥ ਸਹਿਤ, ਨਾਲ ਹੁੰਦਾ ਹੈ। ਸੋ ਮੇਘ ਜਾਂ ਬੱਦਲ ਲਈ ਘਣ ਸ਼ਬਦ ਇਸ ਵਿਚ ਸੰਘਣੇਪਣ ਜਾਂ ਗਾੜ੍ਹੇ ਦੇ ਅਰਥ ਨਿਹਿਤ ਹੋਣ ਕਰਕੇ ਹੈ। ਘਣ ਸ਼ਬਦ ਦਾ ਅਰਥ-ਵਿਸਤਾਰ ਹੋ ਕੇ ਇਹ ਬਹੁਤ, ਅਧਿਕ ਦੇ ਆਸ਼ੇ ਲਈ ਵੀ ਵਰਤਿਆ ਜਾਣ ਲੱਗਾ ਹੈ ਜਿਵੇਂ ਥੋੜਾ-ਘਣਾ ਸ਼ਬਦ ਜੁੱਟ ਵਿਚ। ਦਰਅਸਲ, ਘਣ ਚੀਜ਼ ਠੋਸ ਜਾਂ ਸਥੂਲ ਹੁੰਦੀ ਹੈ, ਇਸ ਲਈ ਇਸ ਵਿਚ ਬਹੁਤ, ਜਾਂ ਅਧਿਕ ਦੇ ਭਾਵ ਆ ਗਏ, "ਚੋਆ ਚੰਦਨੁ ਬਹੁ ਘਣਾ ਪਾਨਾ ਨਾਲਿ ਕਪੂਰੁ" -ਗੁਰੂ ਨਾਨਕ ਦੇਵ। ਗੁਰੂ ਨਾਨਕ ਦਾ ਇਕ ਹੋਰ ਸ਼ਬਦ ਹੈ, "ਮਨਿ ਬਿਲਾਸੁ ਬਹੁ ਰੰਗੁ ਘਣਾ ਦ੍ਰਿਸਟਿ ਭੂਲਿ ਖੁਸੀਆ॥" ਸ਼ਾਹ ਹੁਸੈਨ ਨੇ ਵੀ ਇਹ ਸ਼ਬਦ ਵਰਤਿਆ ਹੈ, "ਜਾ ਕੁਆਰੀ ਤਾਂ ਚਾਉ ਘਣਾ, ਪੁੱਤ ਪਰਾਏ ਦੇ ਵਸ ਪਵਾਂ।" "ਥੋਥਾ ਚਨਾ ਬਾਜੇ ਘਣਾ" ਕਹਾਵਤ ਵਿਚ ਵੀ ਘਣ ਦੇ ਇਹੋ ਅਰਥ ਝਲਕਦੇ ਹਨ। ਇਕ ਹੋਰ ਅਖੌਤ ਹੈ,

ਚਣਾ ਚੇਤ ਘਣਾ, ਕਣਕ ਘਣੀ ਵਿਸਾਖ।
ਤੀਵੀ ਘਣੀ ਤਾ ਜਾਣੀਏ,
ਜੇ ਮੁੰਡਾ ਹੋਵੇ ਢਾਕ।

ਹਰਿਆਣਵੀ ਵਿਚ ਅਜਿਹੀ ਵਰਤੋਂ ਦੇਖੋ, "ਜੇ ਡਰਾਈਵਰ ਮੰਨੇ ਘਣਾ ਤੰਗ ਕਰੇ ਸਾ।" ਹਥੌੜੇ ਜਾਂ ਅਹਿਰਨ ਦੇ ਅਰਥ ਦੋ ਕਾਰਨਾਂ ਕਰਕੇ ਵਿਕਸਿਤ ਹੋਏ ਹੋ ਸਕਦੇ ਹਨ। ਇਕ ਕਾਰਨ ਇਹ ਹੋ ਸਕਦਾ ਹੈ ਕਿ ਘਣ ਨਾਲ ਸੱਟ ਮਾਰੀ ਜਾਂਦੀ ਹੈ ਤੇ ਘਣ ਵਿਚ ਮਾਰਨ, ਪਿੱਟਣ, ਕੁੱਟਣ ਦੇ ਜਮਾਂਦਰੂ ਅਰਥ ਹਨ। ਦੂਜਾ ਘਣ ਇਕ ਭਾਰੀ ਭਰਕਮ ਠੋਸ ਧਾਤ ਹੁੰਦੀ ਹੈ ਜੋ ਕੁੱਟ ਕੁੱਟ ਕੇ ਹੀ ਬਣਾਈ ਜਾ ਸਕਦੀ ਹੈ। ਘਣ ਦਾ ਅਰਥ ਘੰਟੀ ਵੀ ਹੁੰਦਾ ਹੈ ਤੇ ਘੰਟੀ ਵੀ ਮਾਰਨ ਨਾਲ ਹੀ ਵਜਦੀ ਹੈ। ਘਣ ਦੇ ਮਾਰਨ, ਕੁੱਟਣ ਵਾਲੇ ਅਰਥਾਂ ਤੋਂ ਹੀ ਇਸ ਦੇ ਗਣਿਤ ਦੇ ਵਾਧੇ ਵਾਲੇ ਅਰਥ ਵਿਕਸਿਤ ਹੋਏ ਹਨ। ਕੁੱਟ ਕੁੱਟ ਕੇ ਕੋਈ ਚੀਜ਼ ਲੰਮੀ ਕਰ ਲਈ ਜਾਂਦੀ ਹੈ। ਅਰਬੀ ਵਲੋਂ ਆਏ ਜ਼ਰਬ ਸ਼ਬਦ ਵਿਚ ਵੀ ਮਾਰਨ, ਕੁੱਟਣ ਦੇ ਅਰਥਾਂ ਦੇ ਨਾਲ ਨਾਲ ਗੁਣਾ ਕਰਨ ਦੇ ਅਰਥ ਵੀ ਹਨ। ਘਣ ਨਾਲ ਸ਼ਾਮ ਲੱਗ ਕੇ ਘਣਸ਼ਾਮ ਸ਼ਬਦ ਬਣ ਗਿਆ ਜੋ ਕ੍ਰਿਸ਼ਨ ਦੀ ਇਕ ਉਪਾਧੀ ਹੈ। ਕ੍ਰਿਸ਼ਨ ਨੂੰ ਬੱਦਲਾਂ ਦੇ ਕਾਲੇ ਰੰਗ (ਸ਼ਾਮ ਰੰਗ) ਵਾਲਾ ਬਿਆਨਿਆ ਗਿਆ ਹੈ। ਕ੍ਰਿਤਘਣ ਸ਼ਬਦ ਵਿਚ ਘਣ ਪਰੇ ਸੁੱਟਣ ਦੇ ਅਰਥਾਂ ਵਿਚ ਆਇਆ ਹੈ।

ਪਕਵਾਨ ਬਣਾਉਣ ਲਈ ਕੜਾਹੀ ਵਿਚ ਪਾਈ ਗਈ ਸਮਗਰੀ ਜਾਂ ਮਿਕਦਾਰ ਨੂੰ ਘਾਣ ਕਿਹਾ ਜਾਂਦਾ ਹੈ। ਉਕਤੀ ਹੈ, ਘਾਣ ਪਾਉਣਾ। ਇਸ ਦਾ ਅਰਥ ਢੇਰ, ਇਕੱਠ; ਕੇਲਿਆਂ ਦਾ ਸਮੂਹ; ਮਧੂ ਮੱਖੀਆਂ ਦਾ ਛੱਤਾ; ਵੱਢ-ਟੱਕ ਕਤਲੇਆਮ ਵੀ ਹੈ। ਇਨ੍ਹਾਂ ਸਾਰੇ ਅਰਥਾਂ ਵਿਚ ਘਣ ਦੇ ਸੰਘਣੇਪਣ, ਠਸਾਠਸ ਜਾਂ ਖਚਖਚ ਦੇ ਭਾਵ ਹੀ ਉਜਾਗਰ ਹੁੰਦੇ ਹਨ। ਮਿੱਟੀ ਵਿਚ ਪਾਣੀ ਅਤੇ ਤੂੜੀ ਮਿਲਾ ਕੇ ਇਸ ਨੂੰ ਪੈਰਾਂ-ਲੱਤਾਂ ਨਾਲ ਖੂਬ ਕੁੱਟਿਆ, ਲਤਾੜਿਆ ਜਾਂਦਾ ਹੈ ਤਾਂ ਕਿ ਇਹ ਗਾੜ੍ਹੀ ਹੋ ਸਕੇ। ਇਸ ਲਈ ਅਜਿਹੀ ਲਿਪਾਈ ਕਰਨ ਵਾਲੀ ਮਿੱਟੀ ਨੂੰ ਘਾਣੀ ਕਿਹਾ ਜਾਂਦਾ ਹੈ। ਕੋਹਲੂ ਵਿਚ ਪਾ ਕੇ ਤੇਲ ਕੱਢਣ ਲਈ ਪਾਣੀ ਮਿਲੇ ਬੀਜਾਂ ਨੂੰ ਘਾਣੀ ਕਿਹਾ ਜਾਂਦਾ ਹੈ ਕਿਉਂਕਿ ਇਹ ਵੀ ਇੱਕ ਸੰਘਣਾ ਜਿਹਾ ਘੋਲ ਬਣ ਜਾਂਦਾ ਹੈ। ਜਾਂ ਇਉਂ ਕਹਿ ਲਵੋ ਕਿ ਇਸ ਨੂੰ ਕੋਹਲੂ ਵਿਚ ਪਾ ਕੇ ਖੂਬ ਕੁੱਟਿਆ-ਮਾਰਿਆ ਜਾਣਾ ਹੈ। ਕੜਾਹੇ ਵਿਚਲੇ ਰਹੁ ਦੀ ਜਦ ਪੱਤ ਆ ਜਾਂਦੀ ਹੈ ਤਾਂ ਇਸ ਵਿਚ ਘੋਣਾ ਫੇਰਿਆ ਜਾਂਦਾ ਹੈ। ਘੋਣੇ ਨੂੰ ਕੁਝ ਇਲਾਕਿਆਂ ਵਿਚ ਘਾਵਾਂ ਵੀ ਕਹਿੰਦੇ ਹਨ। ਸਪਸ਼ਟ ਹੈ ਕਿ ਇਥੇ ਵੀ ਪੱਤ ਨੂੰ ਗਾੜ੍ਹੀ ਕਰਨ ਵੱਲ ਸੰਕੇਤ ਹੈ। ਫਿਰ ਸੱਟ, ਚੋਟ ਦੇ ਅਰਥਾਂ ਵਾਲੇ ਘਾਉ ਸ਼ਬਦ ਵਿਚ ਵੀ ਕੁੱਟਣ ਜਾ ਪਿਟਣ ਦੇ ਭਾਵ ਹਨ।

---

# ਜਿਉਣਾ ਮੌੜ

"ਤੇਰਾ ਜਮਾਈ ਆਪਣੇ ਭਰਾ ਕਿਸ਼ਨੇ ਦਾ ਬਦਲਾ ਲੈਣ ਆਇਐ... ਤੈਂ ਮੇਰੇ ਭਾਈ ਨੂੰ ਧੋਖੇ ਨਾਲ ਫੜਾਇਆ ਸੀ... ਜੇ ਤੂੰ ਅਸਲੀ ਬਾਪ ਦਾ ਤੁਖ਼ਮ ਐਂ, ਤਾਂ ਸਾਹਮਣੇ ਆ ਜਾ। ਪਾਜੀਆ ਫੇਰ ਨਾ ਆਖੀਂ।"

ਜਿਉਣੇ ਮੌੜ ਦਾ ਸੁਨੇਹਾ ਸੁਣਦੇ ਸਾਰ ਹੀ ਡੋਗਰ ਦੀਆਂ ਅੱਖਾਂ ਵਿਚ ਲਾਲ ਸੂਹੇ ਡੋਰੇ ਡਲ੍ਹਕ ਪਏ। ਉਹਨੇ ਕਾਰਤੂਸਾਂ ਦੀ ਪੇਟੀ ਆਪਣੇ ਮੋਢੇ ਨਾਲ ਲਮਕਾਈ, ਤੇ ਹੱਥ ਵਿਚ ਰਫ਼ਲ ਫੜ ਕੇ ਘੋੜੇ 'ਤੇ ਸਵਾਰ ਹੁੰਦਾ ਬੋਲਿਆ, "ਜਦੋਂ ਗਿੱਦੜ ਦੀ ਮੌਤ ਆਉਂਦੀ ਐ, ਉਹ ਨਿਆਈਆਂ ਵੱਲ ਭੱਜਦੈ। ਅੱਜ ਵੱਡਾ ਸੂਰਮਾ ਜਿਉਣਾ ਮੇਰੇ ਕੋਲੋਂ ਬਚ ਕੇ ਨ੍ਹੀਂ ਜਾ ਸਕਦਾ।"

ਡੋਗਰ ਦੀ ਘਰਵਾਲੀ ਨੇ ਉਸ ਨੂੰ ਰੋਕਿਆ ਵੀ, ਪਰ ਡੋਗਰ ਦੇ ਸਿਰ ਖੂਨ ਸਵਾਰ ਹੋਇਆ ਹੋਇਆ ਸੀ। ਉਹ ਪਿੰਡੋਂ ਬਾਹਰ ਮੈਦਾਨ ਵਿਚ ਜਾ ਪੁੱਜਾ ਜਿਥੇ ਖੜ੍ਹਾ ਜਿਉਣਾ ਮੌੜ ਖੌਰੂ ਪਾ ਰਿਹਾ ਸੀ। ਜਿਉਣੇ ਨੇ ਡੋਗਰ ਨੂੰ ਲਲਕਾਰਿਆ, "ਡੋਗਰਾ ਮੈਂ ਤੇਰੇ ਅਰਗਾ ਪਾਜੀ ਨ੍ਹੀਂ। ਸੂਰਮਾ ਕਿਸੇ ਨੂੰ ਧੋਖੇ ਨਾਲ ਨ੍ਹੀਂ ਮਾਰਦਾ। ਪਹਿਲਾ ਵਾਰ ਤੇਰੈ।"

ਡੋਗਰ ਨੇ ਪਹਿਲਾਂ ਫਾਇਰ ਕੀਤਾ। ਜਿਉਣੇ ਦੀ ਘੋੜੀ ਧਰਤੀ 'ਤੇ ਨਿਮ ਗਈ। ਗੋਲੀ ਉਪਰੋਂ ਲੰਘ ਗਈ। ਦੂਜਾ ਫਾਇਰ ਵੀ ਫੋਕਾ ਹੀ ਗਿਆ। ਫਿਰ ਜਿਉਣੇ ਮੌੜ ਨੇ ਅਜਿਹੀ ਸ਼ਿਸ਼ਤ ਬੰਨ੍ਹੀ ਕਿ ਪਹਿਲੇ ਫਾਇਰ ਨਾਲ ਹੀ ਡੋਗਰ ਨੂੰ ਪਾਰ ਬੁਲਾ ਦਿੱਤਾ। ਡੋਗਰ ਦੇ ਘਰ ਹਾਹਾਕਾਰ ਮੱਚ ਗਈ। ਕਿਸੇ ਮੌੜੀਂ ਜਾ ਦੱਸਿਆ, ਜਿਉਣੇ ਨੇ ਡੋਗਰ ਨੂੰ ਮਾਰ ਕੇ ਆਪਣੇ ਭਰਾ ਦਾ ਬਦਲਾ ਲੈ ਲਿਐ। ਸਾਰਾ ਪਿੰਡ ਉਸ ਦੇ ਬਲਿਹਾਰੇ ਜਾ ਰਿਹਾ ਸੀ। ਡੋਗਰ ਦੇ ਮਰਨ ਦੀ ਖ਼ਬਰ ਸਾਰੇ ਇਲਾਕੇ ਵਿਚ ਅੱਗ ਵਾਂਗ ਫੈਲ ਗਈ... ਘਰ-ਘਰ ਜਿਉਣੇ ਮੌੜ ਦੀਆਂ ਗੱਲਾਂ ਹੋ ਰਹੀਆਂ ਸਨ... ਹਰ ਕੋਈ ਉਸ ਅਣਖੀ ਸੂਰਮੇ ਦੀਆਂ ਗੱਲਾਂ ਕਰ ਰਿਹਾ ਸੀ।

ਘਰ ਘਰ ਪੁੱਤ ਜੰਮਦੇ
ਜਿਉਣਾ ਮੌੜ ਨ੍ਹੀਂ ਕਿਸੇ ਬਣ ਜਾਣਾ।

ਬੁਢਲਾਡੇ ਦੀ ਪੁਲਿਸ ਨੇ ਜਿਉਣੇ ਮੌੜ ਨੂੰ ਫੜਨ ਦੀ ਸਿਰਤੋੜ ਕੋਸ਼ਿਸ਼ ਕੀਤੀ ਪਰ ਉਹ ਉਨ੍ਹਾਂ ਦੇ ਹੱਥ ਆਉਣ ਵਾਲਾ ਕਿੱਥੇ ਸੀ। ਪੁਲਿਸ ਤਾਂ ਉਸ ਪਾਸੋਂ ਖੁਦ ਥਰ-ਥਰ ਕੰਬਦੀ ਸੀ। ਉਹਦੇ ਸਾਹਮਣੇ ਹੋਣ ਦਾ ਹੌਸਲਾ ਨਹੀਂ ਸੀ ਕਰਦੀ। ਪੂਰੀ ਸ਼ਾਨ ਨਾਲ ਜਿਉਣਾ ਮੌੜ ਆਪਣੇ ਇਲਾਕੇ ਵਿਚ ਵਿਚਰ ਰਿਹਾ ਸੀ।

ਜਿਉਣਾ ਅਲਬੇਲੇ ਸੁਭਾਅ ਦਾ ਮਾਲਕ ਸੀ, ਅਲੌਕਾਰ ਗੱਲਾਂ ਕਰਨ ਵਾਲਾ। ਇਕ ਵਾਰ ਉਸ ਨੂੰ ਕੀ ਸੁਝੀ... ਉਹਨੇ ਨਾਭੇ ਦੇ ਰਾਜੇ ਹੀਰਾ ਸਿੰਘ ਦੇ ਅਸਤਬਲ ਵਿਚੋਂ ਜਾ ਕੇ ਘੋੜੀ ਖੋਲ੍ਹ ਲਈ। ਰਫ਼ਲ ਸਿੰਨ੍ਹ ਕੇ ਸੰਤਰੀ ਨੂੰ ਆਖਿਆ, "ਕਹਿ ਦੀਂ ਆਪਣੇ ਰਾਜੇ ਨੂੰ ਜਿਉਣਾ ਮੌੜ ਲੈ ਗਿਆ ਤੇਰੀ ਘੋੜੀ।"

ਲੋਕੀਂ ਵਾਰੇ-ਵਾਰੇ ਜਾ ਰਹੇ ਸਨ ਜਿਉਣੇ ਮੌੜ ਦੇ, ਜਿਸ ਨੇ ਰਾਜੇ ਦੀ ਘੋੜੀ ਖੋਲ੍ਹ ਲਈ ਸੀ। ਰਾਜੇ ਨੇ ਆਪਣੀ ਪੁਲਿਸ ਉਹਦੇ ਮਗਰ ਲਾ ਦਿੱਤੀ। ਆਖਰ ਸੁੱਤਾ ਪਿਆ ਜਿਉਣਾ ਮੌੜ ਫੜਿਆ ਗਿਆ। ਕਹਿੰਦਾ, ਘੋੜੀ ਤਾਂ ਮੈਂ ਚਾਲ ਵੇਖਣ ਲਈ ਹੀ ਚੁਰਾਈ ਸੀ। ਉਹਨੂੰ ਨਾਭਾ ਜੇਲ੍ਹ ਵਿਚ ਡੱਕ ਦਿੱਤਾ ਗਿਆ ਪਰ ਉਹ ਅਗਲੀ ਰਾਤ ਹੀ ਜੇਲ੍ਹ ਭੰਨ੍ਹ ਕੇ ਨੱਸ ਗਿਆ।

ਜਿਉਣਾ ਮੌੜ ਨੈਣਾਂ ਦੇਵੀ ਦਾ ਸ਼ਰਧਾਲੂ ਸੀ। ਉਸ ਨੂੰ ਵਿਸ਼ਵਾਸ ਸੀ ਕਿ ਉਹ ਉਸ ਦੀ ਹਰ ਪਲ ਰੱਖਿਆ ਕਰਦੀ ਹੈ। ਉਹਨੇ ਨੈਣਾਂ ਦੇਵੀ ਦੇ ਮੰਦਿਰ 'ਤੇ ਜਾ ਕੇ ਸੋਨੇ ਦਾ ਛਤਰ ਚੜ੍ਹਾਉਣ ਦਾ ਐਲਾਨ ਕਰ ਦਿੱਤਾ।

ਉਸ ਨੇ ਖ਼ਬਰਾਂ ਭੇਜੀਆਂ ਸਾਰੇ ਰਾਜਿਆਂ ਨੂੰ,
ਨੈਣਾਂ ਦੇਵੀ ਦੇ ਮੰਦਰ 'ਤੇ ਜਾਊਂਗਾ ਮੈਂ।
ਜੀਹਦੇ ਆਸਰੇ ਫੌਜਾਂ ਦੇ ਨੱਕ ਮੋੜੇ,
ਛਤਰ ਸੋਨੇ ਦਾ ਚਾੜ੍ਹ ਕੇ ਆਊਂਗਾ ਮੈਂ।
ਜ਼ੋਰ ਲਾ ਕੇ ਅਜ਼ਿਓ ਫੜਨ ਮੈਨੂੰ,
ਨਹੀਂ ਮਰਨ ਤੋਂ ਮੁੱਖ ਭਵਾਊਂਗਾ ਮੈਂ।

ਨੈਣਾਂ ਦੇਵੀ ਦੇ ਦਰਸ਼ਨਾਂ ਨੂੰ ਜਾਂਦਿਆਂ ਜਿਉਣੇ ਮੌੜ ਨੇ ਪਟਿਆਲਾ ਸ਼ਹਿਰ ਵਿਚ ਜਾ ਕੇ ਪੁਲਿਸ ਦੇ ਹੌਲਦਾਰ ਦਾ ਭੇਸ ਧਾਰ ਕੇ ਕਿਲ੍ਹਾ ਮੁਬਾਰਕ ਦੀ ਕੰਧ ਉਤੇ ਲਿਖ ਕੇ ਕਾਗਜ਼ ਲਾ ਦਿੱਤਾ, "ਜਿਉਣਾ ਮੌੜ ਅਦਾਲਤ ਬਾਜ਼ਾਰ ਵਿਚ ਫਿਰਦੈ, ਫੜ ਲਓ। ਆਥਣੇ ਸੱਤ ਵਜੇ ਉਹ ਨੈਣਾਂ ਦੇਵੀ ਨੂੰ ਜਾਣ ਖ਼ਾਤਰ ਗੱਡੀ ਚੜ੍ਹੇਗਾ।"

ਥਾਂ-ਥਾਂ ਪੁਲਿਸ ਟੱਕਰਾਂ ਮਾਰਦੀ ਰਹੀ, ਪਰ ਜਿਉਣਾ ਮੌੜ ਸਾਧ ਦਾ ਭੇਸ ਧਾਰ ਕੇ ਨੈਣਾਂ ਦੇਵੀ ਲਈ ਗੱਡੀ ਵਿਚ ਸਵਾਰ ਹੋ ਗਿਆ। ਰੇਲ ਦੇ 'ਕੱਲੇ-'ਕੱਲੇ ਡੱਬੇ ਵਿਚ ਭਾਲ ਕੀਤੀ ਗਈ ਪਰ ਸਾਧ ਬਣਿਆ ਜਿਉਣ ਮੌੜ ਕਿਸੇ ਤੋਂ ਪਛਾਣ ਨਾ ਹੋਇਆ।

ਜਿਉਣਾ ਮੌੜ ਸਾਧ ਦੇ ਭੇਸ ਵਿਚ ਨੈਣਾਂ ਦੇਵੀ ਦੇ ਦਰਸ਼ਨਾਂ ਲਈ ਨੈਣਾਂ ਦੇਵੀ ਦੇ ਮੰਦਿਰ ਪੁੱਜ ਗਿਆ। ਪੁਲਿਸ ਭੇਸ ਬਦਲ ਕੇ ਮੰਦਿਰ ਦੇ ਅੰਦਰ ਬਾਹਰ ਚੌਕੰਨੀ ਹੋਈ ਖੜੋਤੀ ਸੀ। ਜਿਉਣੇ ਮੌੜ ਨੇ ਸਾਧੂ ਦੇ ਭੇਸ ਵਿਚ ਨੈਣਾਂ ਦੇਵੀ ਦੇ ਖੁੱਲ੍ਹੇ ਦੀਦਾਰ ਕੀਤੇ ਤੇ ਸ਼ਰਧਾ ਨਾਲ ਸੋਨੇ ਦਾ ਛਤਰ ਦੇਵੀ ਦੀ ਮੂਰਤੀ 'ਤੇ ਚੜ੍ਹਾ ਆਂਦਾ। ਜਿਉਣੇ ਮੌੜ ਨੇ ਛਤਰ ਚੜ੍ਹਾਇਆ ਹੀ ਸੀ ਕਿ ਇਕ ਸਿਪਾਹੀ ਨੇ ਉਸ ਨੂੰ ਉਹਦੇ ਨੱਕ ਦੇ ਨਿਸ਼ਾਨ ਤੋਂ ਪਛਾਣ ਲਿਆ। ਪੁਲਿਸ ਨੇ ਘੇਰਾ ਤੰਗ ਕਰ ਕੇ ਉਸ ਨੂੰ ਘੇਰ ਲਿਆ। ਨਿਹੱਥਾ ਜਿਉਣਾ ਹਥਿਆਰਬੰਦ ਪੁਲਿਸ ਦਾ ਮੁਕਾਬਲਾ ਕਦੋਂ ਤਕ ਕਰਦਾ! ਆਖਰ ਉਹ ਪੁਲਿਸ ਦੇ ਕਾਬੂ ਆ ਗਿਆ। ਬੇਵੱਸ ਸ਼ੇਰ ਚੰਘਾੜਦਾ ਰਿਹਾ।

ਨੈਣਾਂ ਦੇਵੀ ਦੇ ਸ਼ਰਧਾਲੂਆਂ ਦਾ ਮੱਤ ਹੈ ਕਿ ਜਿਉਣਾ ਮੌੜ ਪੁਲਿਸ ਦੇ ਹੱਥ ਨਹੀਂ ਸੀ ਲੱਗਾ। ਉਹਨੇ ਪਹਾੜੀ ਤੋਂ ਛਲਾਂਗ ਲਗਾ ਕੇ ਜਾਨ ਦੇ ਦਿੱਤੀ ਸੀ। ਉਨ੍ਹਾਂ ਨੇ ਉਥੇ ਉਹਦੀ ਸਮਾਧ ਵੀ ਬਣਾਈ ਹੋਈ ਹੈ ਪਰ ਹਕੀਕਤ ਇਹ ਹੈ ਕਿ ਜਿਉਣੇ ਮੌੜ ਨੂੰ ਫਿਰੋਜ਼ਪੁਰ ਦੀ ਜੇਲ੍ਹ ਵਿਚ ਡੱਕ ਦਿੱਤਾ ਗਿਆ। ਮੁਕੱਦਮਾ ਚੱਲਿਆ। ਉਸ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ। ਪੰਜਾਬ ਦਾ ਇਹ ਸੂਰਬੀਰ ਅਣਖੀਲਾ ਯੋਧਾ ਅਣਖ ਅਤੇ ਗੈਰਤ ਲਈ ਆਪਣੀ ਜ਼ਿੰਦਗੀ ਘੋਲ ਘੁਮਾ ਗਿਆ। ਉਹ ਹੱਸਦਿਆਂ-ਹੱਸਦਿਆਂ ਫਾਂਸੀ ਦੇ ਤਖ਼ਤੇ 'ਤੇ ਝੂਲ ਗਿਆ।




*ਨੈਣਾਂ ਦੇਵੀ ਮੰਦਿਰ ਵਾਲੀ ਪਹਾੜੀ ਤੋਂ ਹੇਠਾਂ ਬਣਾਈ ਜਿਉਣੇ ਦੀ ਯਾਦਗਾਰ।*

***ਨੈਣਾਂ ਦੇਵੀ ਦੇ ਸ਼ਰਧਾਲੂਆਂ ਦਾ ਮੱਤ ਹੈ ਕਿ ਜਿਉਣਾ ਪੁਲਿਸ ਦੇ ਹੱਥ ਨਹੀਂ ਆਇਆ। ਉਹਨੇ ਪਹਾੜੀ ਤੋਂ ਛਲਾਂਗ ਲਗਾ ਕੇ ਜਾਨ ਦੇ ਦਿੱਤੀ ਸੀ। ਉਨ੍ਹਾਂ ਨੇ ਉਥੇ ਉਹਦੀ ਸਮਾਧ ਵੀ ਬਣਾਈ ਹੋਈ ਹੈ ਪਰ ਹਕੀਕਤ ਇਹ ਹੈ ਕਿ ਜਿਉਣੇ ਮੌੜ ਨੂੰ ਫਿਰੋਜ਼ਪੁਰ ਦੀ ਜੇਲ੍ਹ ਵਿਚ ਡੱਕ ਦਿੱਤਾ ਗਿਆ। ਮੁਕੱਦਮਾ ਚੱਲਿਆ ਤੇ ਫਾਂਸੀ ਦੀ ਸਜ਼ਾ ਸੁਣਾਈ ਗਈ।***

---

## *ਮਿੰਨੀ ਕਹਾਣੀ*

## ਫਾਲਤੂ ਸਮਾਨ

ਪੁਰਾਣੇ ਜਿਹੇ ਕੱਚੇ ਘਰਾਂ ਦੇ ਨਾਲ ਹੀ ਇਕ ਸ਼ਾਨਦਾਰ ਮਕਾਨ ਸੀ, ਜਿਸ ਨੂੰ ਹੁਣੇ ਹੀ ਰੰਗ-ਰੋਗਨ ਕਰਕੇ ਚਮਕਾਇਆ ਗਿਆ ਸੀ। ਉਸ ਮਕਾਨ ਦੇ ਸਾਰੇ ਹੀ ਮੈਂਬਰ ਆਲੇ-ਦੁਆਲੇ ਬਿਖਰੇ ਸਮਾਨ ਨੂੰ ਸਾਂਭਣ ਲੱਗੇ ਹੋਏ ਸਨ। ਬਿੱਟੂ ਘਰ ਵਿਚ ਸਭ ਤੋਂ ਛੋਟਾ ਬੱਚਾ ਸੀ ਜੋ ਆਪਣੇ ਖਿਡੌਣੇ ਵਗੈਰਾ ਸਾਂਭ ਰਿਹਾ ਸੀ। ਬਿੱਟੂ ਨੂੰ ਉਸ ਦੀ ਮੰਮੀ ਨੇ ਅਵਾਜ਼ ਮਾਰੀ। ਉਹ ਮੰਮੀ ਕੋਲ ਆ ਕੇ ਬੋਲਿਆ, "ਹਾਂ ਮੰਮੀ।"

"ਇਹ ਨਾ ਫਾਲਤੂ ਦਾ ਸਮਾਨ ਓਧਰ ਸਟੋਰ ਵਿਚ ਰੱਖੀਂ ਜਾ।" ਬਿੱਟੂ ਦੀ ਮੰਮੀ ਨੇ ਸਟੋਰ ਵੱਲ ਇਸ਼ਾਰਾ ਕਰਕੇ ਕਿਹਾ, ਤੇ ਬਿੱਟੂ ਛੋਟਾ-ਛੋਟਾ ਸਮਾਨ ਲੈ ਕੇ ਸਟੋਰ ਵੱਲ ਨੂੰ ਭੱਜ ਤੁਰਿਆ। ਕੁਝ ਚਿਰ ਮਗਰੋਂ ਬਿੱਟੂ ਆਇਆ ਤੇ ਬੋਲਿਆ, "ਮੰਮੀ ਮੈਂ ਸਾਰਾ ਫਾਲਤੂ ਸਮਾਨ ਸਟੋਰ ਵਿਚ ਰੱਖ ਦਿੱਤਾ।"

"ਸ਼ਾਬਾਸ਼," ਉਸ ਦੀ ਮੰਮੀ ਬੋਲੀ।

"ਪਰ ਮੰਮੀ ਜੀ ਦਾਦਾ ਜੀ ਰਹਿ ਗਏ," ਬਿੱਟੂ ਨੇ ਭੋਲੇਪਨ ਵਿਚ ਕਿਹਾ।

"ਓ ਚੁਪ, ਏਦਾਂ ਨਹੀਂ ਬੋਲੀਦਾ," ਬਿੱਟੂ ਦੀ ਮੰਮੀ ਤਿਲਮਿਲਾਈ।

"ਤੁਸੀਂ ਹੀ ਤਾਂ ਕੱਲ ਆਂਟੀ ਨੂੰ ਕਹਿੰਦੇ ਸੀ, ਦਾਦਾ ਜੀ ਬਸ ਹੁਣ ਫਾਲਤੂ ਸਮਾਨ ਹੈ।"

ਇਹ ਸੁਣ ਕੇ ਦਾਦਾ ਜੀ ਚੁਪ-ਚਾਪ ਸੋਟੀ ਦੇ ਸਹਾਰੇ ਤੁਰ ਕੇ ਸਟੋਰ ਵਿਚ ਪਈ ਪੁਰਾਣੀ ਜਿਹੀ ਮੰਜੀ 'ਤੇ ਬੈਠ ਗਏ ਤੇ ਅੱਖਾਂ ਵਿਚ ਸਮੁੰਦਰ ਭਰ ਕੇ ਸੋਚਾਂ ਦੀ ਗਹਿਰਾਈ ਵਿਚ ਡੁੱਬ ਗਏ।

-ਨਾਇਬ ਸਿੰਘ ਸੈਂਪਲੇ
ਫੋਨ: 91-98728-05203

ਕਹਾਣੀ

# ਭੇਤੀ ਬੰਦੇ

**ਪ੍ਰੇਮ ਗੋਰਖੀ**

ਅਖ਼ਬਾਰਾਂ ਵਾਲੇ ਭੱਲੇ ਨੇ ਹੱਥ ਝਾੜ ਕੇ ਦਿਖਾ ਦਿੱਤੇ। ਘੰਟੇ ਭਰ ਤੋਂ ਉਹਦਾ ਰਾਹ ਦੇਖ ਰਹੇ ਸੀ ਕਿ ਉਹ ਆ ਕੇ ਜ਼ਰੂਰ ਕੋਈ ਆਸ ਦੀ ਕਿਰਨ ਦਿਖਾਏਗਾ ਪਰ ਉਹਨੇ ਆਉਂਦਿਆਂ ਹੀ ਸਿਰ ਫੇਰ ਦਿੱਤਾ। "ਓਏ ਭਰਾਵੋ, ਐਧਰ ਆਓ ਮੇਰੇ ਕੋਲ...ਉਠੋ 'ਤਾਂਹ..." ਅੰਬੂ ਢਾਬੇ ਵਾਲੇ ਨੇ ਕੋਲ ਆ ਕੇ ਕਿਹਾ ਤਾਂ ਸਾਰਿਆਂ ਦਾ ਧਿਆਨ ਭੱਲੇ ਵਲੋਂ ਹਟ ਕੇ ਅੰਬੂ ਵੱਲ ਹੋ ਗਿਆ।

ਸਾਰੇ ਜਣੇ ਦੋ ਪੈਰ ਅੰਬੂ ਵੱਲ ਵਧੇ। ਉਹਨੇ ਹਥਲੇ ਸਾਫੇ ਨਾਲ ਮੋਟੀ ਧੌਣ ਦੁਆਲਿਉਂ ਪਸੀਨਾ ਪੂੰਝਿਆ ਤੇ ਵੱਡੀਆਂਵੱਡੀਆਂ ਅੱਖਾਂ ਘੁਮਾ ਕੇ ਸਭ ਵੱਲ ਦੇਖਦਿਆਂ ਰਤਾ ਕੁ ਆਵਾਜ਼ ਦਬ ਕੇ ਬੋਲਿਆ, "ਉਨ੍ਹਾਂ ਦੋਹਾਂ ਨੂੰ ਪੁਲਿਸ ਵਾਲੇ ਪਤਾ ਨਈਂ ਮਾਰ ਕੇ ਜਾਂ ਕੁਛ ਹੋਰ ਕਰਕੇ, ਬਈ ਰੱਬ ਜਾਣੇ...ਸਵੇਰੇ ਮੂੰਹ ਨੇਰ੍ਹੇ ਜੀਪ 'ਚ ਸੁੱਟ ਕੇ ਲੈ ਗਏ...ਮੈਂ ਚਾਹ ਦੇਣ ਆਏ ਨੇ ਇਨ੍ਹਾਂ ਨੂੰ ਆਪਣੀ ਅੱਖੀਂ ਦੇਖਿਆ।"

"ਅੱਛਾ!" ਸਭ ਦੇ ਮੂੰਹ ਅੱਡੇ ਰਹਿ ਗਏ। ਅੱਖਾਂ ਅੱਗੇ 'ਨੇਰ੍ਹ ਪਸਰ ਗਿਆ। ਦੂਰ ਦੁਮੇਲ 'ਚ ਖੁਲ੍ਹਾ ਦਰਵਾਜ਼ਾ ਜਿਵੇਂ ਅਚਾਨਕ ਬੰਦ ਹੋ ਗਿਆ। ਤੇ ਕਾਨ੍ਹੇ-ਭਾਨੇ ਦੇ ਚਿਹਰਿਆਂ ਦੀ ਜੋ ਬਾਰੀਕ ਕਾਤਰ ਜਿਹੀ ਨਜ਼ਰ ਆਉਂਦੀ ਸੀ, ਪਲ ਵਿਚ ਹੀ ਅਲੋਪ ਹੋ ਗਈ। ਇਸੇ ਘੜੀ ਦੋ ਮੁੰਡੇ ਸਾਈਕਲਾਂ 'ਤੇ ਸਾਹੋਸਾਹੇ ਹੋਏ ਆਏ, "ਕਿਸੇ ਪਿੰਡ ਦੇ ਖੇਤਾਂ 'ਚ ਉਨ੍ਹਾਂ ਨੂੰ ਟਰਾਲੀ 'ਚ ਪਾ ਕੇ ਲਿਆਏ ਆ... ਹਸਪਤਾਲ ਲੈ ਕੇ ਗਏ ਆ।" ਬੱਸ ਇੰਨਾ ਕਹਿ ਕੇ ਉਹ ਮੁੜ ਪਏ। ਅਸੀਂ ਹਸਪਤਾਲ ਨੂੰ ਹੋ ਤੁਰੇ।

ਕਾਨ੍ਹਾ ਤੇ ਭਾਨਾ-ਦੋਨੋਂ ਧਰਮਸ਼ਾਲਾ ਵਿਚ ਰਹਿੰਦੇ ਸਨ। ਦੋਨੋਂ ਉਚੀ ਥੇਹ ਉਪਰ ਉਗੇ ਪਿੱਪਲ ਤੇ ਬੋਹੜ। ਉਹ ਬਹੁਤਾ ਬੱਸ ਅੱਡੇ ਵਿਚ ਰਹਿੰਦੇ। ਨਾ ਕੋਈ ਅੱਗਾ ਨਾ ਪਿੱਛਾ। ਜੇ ਕਿਤੇ ਭਾਨੇ ਕੋਲੋਂ ਪੁੱਛ ਲਓ ਤਾਂ ਸ਼ੁਰੂ ਹੋ ਜਾਵੇਗਾ, "ਕੀ ਦੱਸੀਏ ਤੇ ਕੀ ਨਾ ਦੱਸੀਏ...ਪਿੰਡ ਗਹੌਰ ਤਸ੍ਹੀਲ ਫਿਲੌਰ, ਮਿਸਤਰੀ ਨੰਦ ਸੂੰ ਦਾ ਵਿਹੜਾ, ਬਈ ਜਾਣੇ ਨਾ ਜਿਹੜਾ...ਦੋ ਧੀਆਂ ਤੇ ਤਿੰਨ ਪੁੱਤ...ਇੱਕ ਨੂੰ ਛੱਡ ਕੇ ਸਾਰੇ ਘੜੁੱਤ...ਜਿਹਨੂੰ ਛੱਡਿਆ ਉਹ ਤੁਹਾਡੇ ਸਾਹਮਣੇ ਬੈਠਾ ਭਾਨ ਸੂੰ ਭੋਗਲ।" ਉਹ ਭੋਗਲ ਸ਼ਬਦ ਉਤੇ ਆ ਕੇ ਰਤਾ ਕੁ ਜ਼ੋਰ ਲਾ ਦਿੰਦਾ, ਫਿਰ ਆਪ ਈ ਢਿੱਲਾ ਜਿਹਾ ਪੈ ਕੇ ਕਹਿੰਦਾ, "ਮਿੱਟੀ ਪਾ ਓਏ ਵੱਡਿਆ ਭੋਗਲਾ, ਰਹਿ ਗਏ ਹੋਰ ਚਾਰ ਦਿਹਾੜੇ, ਕਰ ਲਾ ਕੋਈ ਚੰਗਾ ਕੰਮ।" ਫਿਰ ਲੰਮਾ ਸਾਹ ਲੈ ਕੇ ਬੋਲਦਾ, "ਤੇ ਆਪਾਂ ਫੌਜ ਵਿਚ ਜਾ ਭਰਤੀ ਹੋਏ...ਭਾਈਆ ਕਹਿੰਦਾ ਰਿਹਾ ਦੁਕਾਨ 'ਤੇ ਕੰਮ ਕਰਾਂ, ਪਰ ਮੇਰਾ ਮਨ ਦਾਤੀਆਂ-ਰੰਬੇ ਚੰਡਣ ਨੂੰ ਨਾ ਮੰਨਿਆ। ਦੋਨੋਂ ਵੱਡੇ ਭਰਾ ਕਿਸੇ ਬੰਦੇ ਨੂੰ ਮਾਰ ਕੇ ਵੀਹਵੀਹ ਸਾਲ ਲਈ ਵੱਡੇ ਘਰ ਜਾ ਬੈਠੇ। ਮਾਂ ਤੇ ਭਾਈਆ ਰਹਿ ਗਏ 'ਕੱਲੇ ਉਨ੍ਹਾਂ ਨੂੰ ਰੋਣ ਨੂੰ ਤੇ ਰੋਂਦੇ-ਰੋਂਦੇ ਅਖ਼ੀਰ ਤੁਰ ਗਏ ਤੇ ਬਾਕੀ ਰਹਿ ਗਿਆ ਕੰਧਾਂ ਨੂੰ ਪਿੱਟਣ ਲਈ ਪਿੱਛੇ ਭਾਨ ਸੂੰ ਭੋਗਲ।" ਤੇ ਉਹਦਾ ਗੱਚ ਭਰ ਆਉਂਦਾ, ਅੱਖਾਂ ਸਿੰਮ ਪੈਂਦੀਆਂ।

"ਰੋਈ ਚੱਲ ਮਰ ਗਿਆਂ ਨੂੰ ਚੇਤੇ ਕਰ ਕਰ।" ਵਿਚੇ ਕਾਨ੍ਹਾ ਬੋਲਣਾ ਸ਼ੁਰੂ ਕਰ ਦਿੰਦਾ, "ਤੂੰ 'ਕੱਲਾ ਨਈਂ ਰੋਂਦਾ ਭਰਾਵਾ, ਸਾਰਾ ਮੁਲਖ ਈ ਵਿਛੜ ਗਿਆਂ ਨੂੰ ਯਾਦ ਕਰ ਕਰ ਰੋਈ ਜਾਂਦਾ ਪਰ ਭਰਾਵਾ ਲੱਭਦਾ ਕੀ ਆ...ਖੇਹ ਸੱਤਾਂ ਚੁੱਲ੍ਹਿਆਂ ਦੀ।...ਬੀਤ ਗਏ 'ਤੇ ਮਿੱਟੀ ਪਾ ਦੇ...ਨਾ ਚੇਤੇ ਕਰਿਆ ਕਰ ਜ਼ਾਲਮਾ ਕਿਸੇ ਨੂੰ ਵੀ, ਕਿਉਂ ਦੁੱਖ ਭੋਗਦੈਂ, ਬਾਕੀ ਮੈਂ ਦੱਸ ਦਿੰਨਾਂ...ਲਓ ਜੀ ਇਹ ਆ ਗਿਆ ਫੌਜ 'ਚੋਂ ਗੋਲੀਆਂ ਖਾ ਕੇ ਤੇ ਘਰ ਆ ਬੈਠਿਆ। ਘਰ ਕਾਹਦਾ ਸੀ, ਢੱਠੀ ਹੋਈ ਡੇੜ ਕੰਧ...ਤਾਇਆਂ-ਚਾਚਿਆਂ ਨੇ ਬੂਹੇਬਾਰੀਆਂ ਪੁੱਟ ਕੇ ਅੰਦਰ ਸੁੱਟ ਲਏ, ਕੱਚੀਆਂ ਇੱਟਾਂ ਵੀ ਨਈਂ ਛੱਡੀਆਂ ਤੇ ਭੋਗਲ ਸਾਬ੍ਹ ਆ ਲੱਗੇ ਮਿੱਲ 'ਚ।"

"ਤੈਨੂੰ ਜੁ ਮਿਲਣਾ ਸੀ ਪਿਛਲੇ ਜਨਮਾਂ ਦਾ ਕੋਈ ਲੇਖਾਜੋਖਾ ਕਰਨ," ਕਹਿੰਦਾ ਹੋਇਆ ਭਾਨਾ ਕਾਨ੍ਹ ਦਾ ਹੱਥ ਫੜ ਕੇ ਅੱਖਾਂ ਨੂੰ ਲਾ ਲੈਂਦਾ ਤੇ ਲੰਮਾ ਸਾਹ ਭਰ ਕੇ ਬੋਲਦਾ, "ਕਾਨ੍ਹਿਆ ਜੇ ਤੇਰਾ ਭਰਾ ਚੰਗਾ ਹੁੰਦਾ ਤਾਂ ਤੈਨੂੰ ਕਿਤੇ ਮਾੜਾ ਮੋਟਾ ਚੜਾਚਪੜਾਸੀ ਈ ਰਖਾ ਦਿੰਦਾ, ਆਪ ਏਨਾ ਵੱਡਾ ਅਫਸਰ ਸੀ ਪਰ ਬਈ ਜਿਸ ਭਰਾ ਨੇ ਭਰਾ ਦੀਆਂ ਜੜ੍ਹਾਂ ਨਹੀਂ ਵੱਢੀਆਂ, ਉਹ ਭਰਾ ਕੇਹਾ ਹੋਇਆ। ਤੇਰੇ ਪੈਰ ਤਾਂ ਤੇਰੀ ਭਰਜਾਈ ਨੇ ਈ ਨਾ ਲੱਗਣ ਦਿੱਤੇ, ਨਿਆਣੇ ਖਿਡਾਉਣ 'ਤੇ ਲਾਈ ਰੱਖਿਆ, ਉਹ ਤੈਨੂੰ ਖੁਰੇ ਵਿਚ ਨ੍ਹਾਉਣ ਵੀ ਨਈਂ ਸੀ ਦਿੰਦੀ, ਠੀਕ ਆ ਨਾ ਕਾਨ੍ਹਿਆ?" ਭਾਨਾ ਟਕੋਰੀਂ ਉਤਰ ਆਉਂਦਾ। "ਤੈਂ ਆਪਣੇ ਬਜ਼ੁਰਗ ਕੋਲੋਂ ਵੀ ਪੰਡਤਾਂ ਆਲੀ ਕੋਈ ਗੱਲ ਨਾ ਸਿੱਖੀ। ਉਹ ਵਿੱਦਿਆ ਕਿਤੇ ਸਿੱਖੀ ਹੁੰਦੀ ਤਾਂ ਕਿਹਦੇ ਲੈਣ ਦੇ ਸੀ। ਅਖ਼ੀਰ ਭਰਾ ਨੇ ਘਰੋਂ ਧੱਕਾ ਦੇ ਦਿਤਾ, ਉਹ ਤਾਂ ਮਾਸੜ ਚੰਗਾ ਨਿਕਲਿਆ ਜਿਹਨੇ ਚਰਨਾਂ 'ਤੇ ਆ ਡਿੱਗੇ ਨੂੰ ਸੰਭਾਲ ਲਿਆ। ਤੈਨੂੰ ਉਹਨੇ ਢੋਲਕੀ ਵਜਾਉਣੀ, ਖੜਤਾਲਾਂ ਵਜਾਉਣੀਆਂ ਤੇ ਭਜਨ ਗਾਉਣੇ ਸਿਖਾ ਦਿੱਤੇ...ਫੇਰ ਤੈਨੂੰ ਉਹਨੇ ਮਿੱਲ ਵਿਚ ਭਰਤੀ ਕਰਾ ਦਿੱਤਾ।"

ਉਹ ਦੁੱਖ ਨਾਲ ਭਰੀਆਂ ਗੱਲਾਂ ਕਰਕੇ ਹੱਸਦੇ। ਮਿੱਲ ਵਿਚ ਕੰਮ ਕਰਦੇ ਉਹ ਨਾਲ ਦਿਆਂ ਦਾ ਮਨ ਪ੍ਰਚਾਈ ਰੱਖਦੇ। ਉਨ੍ਹਾਂ ਦੋਹਾਂ 'ਚੋਂ ਇਕ ਦਾ ਚਿੱਤ ਕੰਮ 'ਤੇ ਜਾਣ ਨੂੰ ਨਾ ਕਰਦਾ ਤਾਂ ਦੂਜਾ ਵੀ ਹਟੀਪਲੱਟੀ ਲੈ ਕੇ ਪੈ ਜਾਂਦਾ। ਉਨ੍ਹਾਂ ਨੂੰ ਕੰਮ ਉਪਰ ਆਏ ਨਾ ਦੇਖ ਕੇ ਦੂਜੇ ਆਦਮੀ ਪਾਲਾਂ ਬੰਨ੍ਹੀਂ ਧਰਮਸ਼ਾਲਾ ਨੂੰ ਤੁਰ ਪੈਂਦੇ। ਕੋਈ ਦੁਆਈ ਫੜ ਲਿਆਉਂਦਾ, ਕੋਈ ਚਾਹ ਬਣਾਉਣ ਬੈਠ ਜਾਂਦਾ। ਕੋਈ ਲੱਤਾਂ ਬਾਹਾਂ ਘੁੱਟਣ ਬੈਠ ਜਾਂਦਾ ਤੇ ਕੋਈ ਸਿਰ ਵਿਚ ਤੇਲ ਝੱਸਣ ਲੱਗਦਾ।

ਜਿਨ੍ਹਾਂ ਦਿਨਾਂ ਵਿਚ ਮਿੱਲ 'ਚ ਹੜਤਾਲ ਹੋਈ, ਉਦੋਂ ਕਾਨ੍ਹੇ ਤੇ ਭਾਨੇ ਨੇ ਜੋ ਕੰਮ ਕੀਤਾ ਉਹਨੇ ਪੂਰੇ ਸ਼ਹਿਰ ਵਿਚ ਲੋਕਾਂ ਨੂੰ ਦੋਹਾਂ ਦੇ ਗੁਣ ਗਾਉਣ ਲਾ ਦਿੱਤਾ। ਪੂਰੇ ਤਿੰਨ ਮਹੀਨੇ ਹੜਤਾਲ ਰਹੀ। ਤਨਖਾਹਾਂ ਬੰਦ ਤੇ ਭੁੱਖ ਦਾ ਰਾਜ ਰਿਹਾ। ਉਦੋਂ ਭਾਨਾ ਤੇ ਕਾਨ੍ਹਾ ਸ਼ਹਿਰ ਨਿਕਲੇ, ਰੁਪਈਆ ਰੁਪਈਆ ਮੰਗ ਕੇ ਹਜ਼ਾਰਾਂ ਰੁਪਈਆ ਇਕੱਠਾ ਕਰ ਦਿੱਤਾ। ਇਨ੍ਹਾਂ ਦਿਨਾਂ ਵਿਚ ਹੀ ਕਾਨ੍ਹੇ ਨੇ ਰੁੜਕੀ ਵਾਲੇ ਸਾਧੂ ਕੋਲੋਂ ਸਾਨਗੀ ਵਜਾਉਣੀ ਸਿੱਖੀ। ਪਹਿਲਾਂ ਤਾਂ ਉਸ ਨੂੰ ਗਜ਼ ਵੀ ਫੜਨਾ ਨਈਂ ਸੀ ਆਉਂਦਾ ਪਰ ਸਾਧੂ ਨੇ ਉਹਨੂੰ ਐਸਾ ਚੰਡਿਆ ਕਿ ਸਾਨਗੀ ਕਾਨ੍ਹੇ ਦੇ ਕੋਲ ਪਈ ਹੀ ਵੱਜਣ ਲੱਗ ਪੈਂਦੀ। ਹੜਤਾਲੀਆਂ ਦੇ ਤੰਬੂ 'ਚ ਰਾਤ ਦਿਨ ਸਾਨਗੀ ਵੱਜਦੀ। ਕਾਨ੍ਹੇ ਵੱਲ ਦੇਖ ਕੇ ਭਾਨੇ ਨੇ ਢੱਡ ਖਰੀਦ ਲਿਆਂਦੀ ਤੇ ਹੌਲੀਹੌਲੀ ਉਹਦਾ ਹੱਥ ਖੁੱਲ੍ਹ ਗਿਆ।

ਸਾਨਗੀ ਵਜਦੀ...ਰਾਤ ਰਾਤ ਤੱਕ। ਦਿਨ ਢਲ ਜਾਂਦਾ ਤੇ ਸੂਰਜ ਦਰੀਂ ਆ ਢੁਕਦਾ...ਸਾਨਗੀ ਦੀਆਂ ਸੁਰਾਂ ਵਿਚ ਧੁੱਪ ਦਾ ਤੇਜ਼ ਮੱਠਾ ਪੈ ਜਾਂਦਾ। ਸੀਤ ਹਵਾ ਦੇ ਬੁੱਲੇ ਸਾਨਗੀ ਦੀਆਂ ਸੁਰਾਂ ਨਾਲ ਮਿਲ ਕੇ ਆਪਣੀ ਠੰਡ ਭੁੱਲ ਜਾਂਦੇ। ਤੇ ਭਾਨੇ ਦੀ ਢੱਡ ਜਦੋਂ ਵੱਜਦੀ ਤਾਂ ਦਰਖਤਾਂ 'ਤੇ ਬੈਠੇ ਜਨੌਰ ਸਹਿਮ ਜਾਂਦੇ, ਬੀਹੀ ਵਿਚ ਚਲਦੇ ਕਦਮ ਰੁਕ ਜਾਂਦੇ। ਮੋਢੇ ਨਾਲ ਮੋਢਾ ਖਹਿਣ ਲੱਗਦਾ। ਉਹ ਇਉਂ ਝੂਮਦੇ ਜਿਵੇਂ ਮਾਲਵੇ ਵਾਲੇ ਰਾਮੂੰਵਾਲੀਏ ਭਰਾਵਾਂ ਦਾ ਕਵੀਸ਼ਰੀ ਜੱਥਾ ਗਾ ਰਿਹਾ ਹੋਵੇ।



ਮਿੱਲ ਵਿਚ ਹੜਤਾਲ ਖੁੱਲ੍ਹੀ ਤਾਂ ਭਾਨਾ ਤੇ ਕਾਨ੍ਹਾ ਕੰਮ 'ਤੇ ਨਾ ਗਏ। ਲੋਕ ਲੱਭਣ ਆਏ ਤਾਂ ਧਰਮਸ਼ਾਲਾ ਵਾਲੇ ਕਮਰੇ ਨੂੰ ਜਿੰਦਾ ਲੱਗਾ ਹੋਇਆ ਸੀ। ਉਹ ਦੋਨੋਂ ਕਿੱਥੇ ਛਪਨ ਹੋ ਗਏ, ਕਿਸੇ ਨੂੰ ਕੁਛ ਪਤਾ ਨਹੀਂ।

ਜਦੋਂ ਕਈ ਮਹੀਨੇ ਬੀਤ ਗਏ ਤਾਂ ਇਕ ਦਿਨ ਉਹ ਨਜ਼ਰ ਆਏ। ਉਹੀ ਠਾਠ ਬਾਠ, ਉਹੀ ਮੜਕ ਤੇ ਆਕੜ। ਫਿਰਦੇਫਿਰਾਉਂਦੇ ਉਹ ਦੁਪਹਿਰੇ ਮਿੱਲ ਦੇ ਗੇਟ 'ਤੇ ਆ ਗਏ। ਮਜ਼ਦੂਰਾਂ ਨੂੰ ਪਤਾ ਲੱਗਾ ਤਾਂ ਦੌੜੇ ਤੇ ਜੱਫੀਆ ਪਾ ਪਾ ਮਿਲੇ। ਉਹ ਗੱਲਾਂ ਕਰਦੇ ਯੂਨੀਅਨ ਦੇ ਦਫ਼ਤਰ ਵਿਚ ਕਾਮਰੇਡ ਕੋਲ ਆ ਬੈਠੇ। ਕਾਮਰੇਡ ਨੇ ਉਨ੍ਹਾਂ ਨੂੰ ਕੰਮ 'ਤੇ ਲੱਗਣ ਲਈ ਜ਼ੋਰ ਪਾਇਆ ਤਾਂ ਉਹ ਅੜ ਗਏ। ਕਾਮਰੇਡ ਚੁੱਪ ਕਰ ਗਿਆ। ਤੁਰਨ ਲੱਗੇ ਤਾਂ ਕਾਨ੍ਹੇ ਨੇ ਫਤੂਹੀ ਦੀ ਜੇਬ 'ਚੋਂ ਪੰਜ ਸੌ ਰੁਪਈਆ ਕੱਢ ਕੇ ਕਾਮਰੇਡ ਦੇ ਮੂਹਰੇ ਰੱਖ ਦਿੱਤਾ।

"ਨਾ ਬਈ ਸਾਥੀਓ, ਇਹ ਕੰਮ ਨਈਂ ਹੋਣਾ, ਚੁੱਕੋ ਇਹ ਪੈਸੇ ਤੇ ਰੱਖੋ ਆਪਣੇ ਕੋਲ," ਕਾਮਰੇਡ ਨੇ ਨੱਕ 'ਤੇ ਢਿਲਕ ਆਈ ਐਨਕ ਨੂੰ ਫੜਦਿਆਂ ਦੂਜੇ ਹੱਥ ਨਾਲ ਨੋਟ ਚੁੱਕੇ ਕੇ ਕਾਨ੍ਹੇ ਵੱਲ ਵਧਾਏ।

"ਕਿਉਂ ਕਾਮਰੇਡਾ, ਇਹ ਪੈਹੇ ਤੇਰੇ ਦੰਦੀਆਂ ਵੱਢਦੇ ਆ? ਦੱਸ ਭਲਾ ਹੁਣ 5-6 ਮਹੀਨਿਆਂ 'ਚ ਯੂਨੀਅਨ ਬਹੁਤ ਅਮੀਰ ਹੋ ਗਈ? ਭਰਾਵਾ ਅਸੀਂ ਇਹ ਮਿਹਨਤ ਕਰਕੇ ਈ ਕਮਾਏ ਆ," ਭਾਨਾ ਤਲਖ਼ ਹੋ ਕੇ ਕਾਮਰੇਡ ਦੁਆਲੇ ਹੋ ਗਿਆ।

"ਚੰਗਾ ਬਈ ਨਾ ਲੈ ਤੂੰ, ਅਸੀਂ ਧਰਮਸ਼ਾਲਾ ਦੇ ਧਰਮਖਾਤੇ 'ਚ ਜਮ੍ਹਾਂ ਕਰਾ ਦਿੰਦੇ ਆਂ ਜਾਂ ਫੇਰ ਭਾਈ ਜੀ ਨੂੰ ਦੇਗ ਕਰਾਉਣ ਲਈ ਦੇ ਆਵਾਂਗੇ। ਨਾਲੇ ਉਹਦੇ ਚਾਰ ਦਿਨ ਚੰਗੇ ਲੰਘ ਜਾਣਗੇ, ਵਿਚਾਰਾ ਪਊਏ ਅਧੀਏ ਨਾਲੋਂ 'ਕੱਠੀਆਂ ਚਾਰ ਛੇ ਬੋਤਲਾਂ ਲਿਆ ਰੱਖੂ, ਕਿਉਂ ਭਾਨ ਸਿਆਂ?" ਬੋਲਦੇ ਕਾਨ੍ਹੇ ਨੇ ਨੋਟਾਂ ਵੱਲ ਹੱਥ ਵਧਾਇਆ ਤਾਂ ਕਾਮਰੇਡ ਨੇ ਝਪੱਟਾ ਮਾਰ ਕੇ ਨੋਟ ਕਾਬੂ ਕਰ ਲਏ।

ਉਹ ਸਵੇਰੇ ਉਠਦੇ, ਨ੍ਹਾ ਧੋ ਕੇ ਧਰਮਸ਼ਾਲਾ ਦੇ ਅੰਦਰਵਾਰ ਪੱਕੇ ਥੜ੍ਹੇ ਉਪਰ ਬਹਿ ਜਾਂਦੇ। ਕਾਨ੍ਹਾ ਸਾਨਗੀ ਦੀਆਂ ਤਾਰਾਂ ਕੱਸਦਾ ਤੇ ਟੁਣਕਾਅ ਕੇ ਸੁਰ ਕਰਦਾ। ਭਾਨਾ ਘੰਟਾ ਭਰ ਤਾਂ ਸ਼ੀਸ਼ਾ ਮੂਹਰੇ ਰੱਖ ਕੇ ਪੰਜ ਸੱਤ ਵਾਰੀ ਪੱਗ ਬੰਨ੍ਹਦਾ ਤੇ ਢਾਹੁੰਦਾ, ਫਿਰ ਢੱਡ ਉਪਰ ਜਿਉਂ ਇਕੋ ਤਾਲ ਪੋਲੇਪੋਲੇ ਉਂਗਲੀ ਮਾਰਨ ਲੱਗਦਾ, ਬੜਾ ਚਿਰ ਮਾਰੀ ਹੀ ਜਾਂਦਾ। ਫਿਰ ਉਹ ਦੋਨੋਂ ਇਕ ਤਾਲ ਸਾਜ਼ ਵਜਾਉਣੇ ਸ਼ੁਰੂ ਕਰਦੇ, ਝੂਮਣ ਲੱਗਦੇ। ਅੱਖਾਂ ਮੁੰਦ ਜਾਂਦੀਆਂ, ਗਜ਼ ਦੇ ਸਿਰੇ 'ਤੇ ਬੱਝੇ ਘੁੰਗਰੂਆਂ ਦੀ ਛਣਕਾਰ ਚੁੱਪ ਖੜ੍ਹੀਆਂ ਕੰਧਾਂ ਨੂੰ ਗੂੰਜਣ ਲਾ ਦਿੰਦੀ। ਦਰਖਤਾਂ ਦੇ ਪੱਤੇ ਨੱਚਣ ਲੱਗਦੇ। ਆਲਾ ਦੁਆਲਾ ਸੰਗੀਤ ਨਾਲ ਭਰ ਜਾਂਦਾ।

ਹੌਲੀ ਹੌਲੀ ਦੋਹਾਂ ਨੇ ਸ਼ਹਿਰ ਵਿਚ ਖਾੜੇ ਲਾਉਣੇ ਸ਼ੁਰੂ ਕਰ ਦਿੱਤੇ। ਉਨ੍ਹੀਂ ਪਹਿਲਾਂ ਖਾੜਾ ਅੰਬਾਂ ਵਾਲੀ ਬਾੜੀ ਕੋਲ ਲਾਇਆ। ਦੂਜੇ ਦਿਨ ਸ਼ਹੀਦਾਂ ਵਾਲੇ ਚੌਕ ਵਿਚ ਤੇ ਅਗਲੇ ਦਿਨ ਪੀਰਾਂ ਵਾਲੀ ਮਜ਼ਾਰ ਕੋਲ। ਥੋੜ੍ਹੇ ਦਿਨਾਂ ਵਿਚ ਹੀ ਉਨ੍ਹਾਂ ਪੂਰੇ ਸ਼ਹਿਰ 'ਚ ਗੇੜਾ ਦੇ ਦਿੱਤਾ। ਤੇ ਅਖ਼ੀਰ ਬੱਸ ਅੱਡੇ ਵਿਚ ਪੱਕੇ ਹੀ ਆ ਟਿਕੇ।

ਕਈ ਵਰ੍ਹੇ ਹੋ ਗਏ ਹਨ ਉਨ੍ਹਾਂ ਨੂੰ ਬੱਸ ਅੱਡੇ ਵਿਚ ਮੰਗਦਿਆਂ। ਅੱਡੇ ਵਾਲੇ 'ਖਾਸ ਬੰਦਿਆਂ' 'ਚ ਉਹ ਵੀ ਗਿਣੇ ਜਾਂਦੇ ਹਨ। ਕਈ ਡਰਾਈਵਰਕੰਡਕਟਰ ਵੀ ਉਨ੍ਹਾਂ ਕੋਲ ਆ ਕੇ ਪੁੱਛਣਗੇ, "ਰੱਬ ਦਿਓ ਬੰਦਿਓ, ਭਲਾ ਤੇਰਾਂ ਪੱਚੀ ਆਲਾ ਲਸ਼ਕਰ ਲੰਘ ਗਿਆ? ਆਹ ਪੈਪਸੂ ਆਲੇ ਤਿੰਨ ਦਸ 'ਤੇ ਆਉਂਦੇ ਆ...ਕਿਤੇ ਲੰਘ ਤਾਂ ਨਈਂ ਗਏ? ਚਾਰ ਵਜੇ ਚੰਡੀਗੜ੍ਹ ਡਿਪੂ ਆਲਾ ਦੇਵ ਆਵੇ ਤਾਂ ਆਹ ਰੁੱਕਾ ਫੜਾ ਦਿਓ।"

ਸਮਾਂ ਬੀਤਣ ਨਾਲ ਉਹ ਦੋਨੋਂ ਵੀ ਹੁਣ ਅੱਗੇ ਵਾਲੇ ਨਈਂ ਰਹੇ। ਉਨ੍ਹਾਂ ਦੀ ਬੋਲਚਾਲ, ਗੀਤਸੰਗੀਤ ਤੇ ਲੋਕਾਂ ਨੂੰ ਦੇਖਣਪਰਖਣ ਦੀ ਨਿਗ੍ਹਾ ਵੀ ਬਦਲ ਗਈ ਹੈ। ਸਮਾਂ ਲੰਘਦਾ ਲੰਘਦਾ ਉਨ੍ਹਾਂ ਦੀ ਸੋਚ 'ਤੇ ਵੀ ਝਰੀਟਾ ਪਾ ਗਿਆ ਹੈ। ਹੁਣ ਉਹ ਇੰਨੇ ਹੁਸ਼ਿਆਰ ਹੋ ਗਏ ਹਨ ਕਿ ਰੁਮਕਦੀ ਹਵਾ 'ਚੋਂ ਰੰਗ ਫੜਨ ਲੱਗੇ ਹਨ। ਉਹ ਜਦੋਂ ਭਰੀ ਹੋਈ ਬੱਸ 'ਚ ਚੜ੍ਹਦੇ ਹਨ ਤਾਂ ਸਿੱਧਾ ਸਾਨਗੀ ਜਾਂ ਢੱਡ ਵਜਾ ਕੇ ਲੋਕਾਂ ਨੂੰ ਸੰਬੋਧਨ ਨਹੀਂ ਹੁੰਦੇ। ਬੱਸ ਵਿਚ ਆ ਕੇ, ਪਲ ਭਰ ਲਈ ਨਿਗ੍ਹਾ ਟਿਕਾਅ ਕੇ, ਫਿਰ ਤਾਰਾਂ 'ਤੇ ਗਜ਼ ਪੋਲੇਪੋਲੇ ਫੇਰਦਿਆਂ, ਤੁਣਕੇ ਨਾਲ ਘੁੰਗਰੂ ਛਣਕਾ ਕੇ ਕਾਨ੍ਹਾ ਸ਼ੁਰੂ ਕਰਦਾ ਹੈ,

"ਬੱਲੇ ਬੱਲੇ! ਲੈ ਬਈ ਭਾਨਿਆ, ਆਹ ਤਾਂ ਦੁਆਬੀਏ ਛਾ ਗਏ... ਦੇਖ ਲੈ ਡੁਬਈ ਬੱਸ ਵਿਚ ਈ ਉਤਰ ਪਈ ਆ...ਵੱਜਦੀਆਂ ਟੇਪਾਂ...ਨਈਂ ਰੀਸਾਂ ਬਈ।" ਪੱਟਾਂ 'ਤੇ ਟੇਪ ਰੱਖੀ ਬੈਠੇ ਵਿਦੇਸ਼ੋਂ ਮੁੜੇ, ਲਿਸ਼ਕਦੇ ਮੁੰਡੇ ਦੇ ਮੋਢੇ 'ਤੇ ਹੱਥ ਰੱਖ ਦਿੰਦਾ ਉਹ ਤੇ ਬੋਲਦਾ, "ਪਾ ਤੇ ਫੇ ਚੁਬਾਰੇ?...ਲਾ ਤਾ ਘਰ 'ਚ ਰੰਗੀਨ ਟੀ.ਵੀ.? ਲੈ ਆਇਐਂ ਸੋਨੇ ਦੇ ਬਿਸਕੁਟ? ਸ਼ਾਬਾਸ਼ੇ ਬਈ ਸ਼ਾਬਾਸ਼ੇ...ਚੱਕ 'ਤਾ ਇਕ ਵਾਰੀ ਗੰਦ ਘਰ ਦਾ!" ਫਿਰ ਉਹ ਗਾਉਣ ਲੱਗਦੇ।

ਤੇ ਦੂਜੀ ਬੱਸ ਚੜ੍ਹਦੇ ਤਾਂ ਭਾਨਾ ਢੱਡ 'ਤੇ ਉਂਗਲ ਮਾਰਦਾ ਆਖਣ ਲੱਗਦਾ, "ਬਈ ਪ੍ਰਭੂ ਦਿਓ ਬੰਦਿਓ, ਤੁਹਾਨੂੰ ਪਤਾ ਈ ਆ ਪਈ ਅਸੀਂ ਮੰਗਣ ਨਈਂ ਆਏ। ਅਸੀਂ ਤਾਂ ਆਏ ਆਂ ਇਨ੍ਹਾਂ ਬੀਬੀਆਂ ਦਾਹੜੀਆਂ ਦੇ ਦਰਸ਼ਨ ਪਰਸ਼ਨ ਕਰਨ...ਆਹ ਛੈਲ ਛਬੀਲੇ ਗੱਭਰੂਆਂ ਦੇ...ਇਨ੍ਹਾਂ ਆਪਣੀਆਂ ਮਾਂਵਾਂ ਦੇ।" ਅਚਾਨਕ ਭਾਨਾ ਚੁੱਪ ਕਰ ਜਾਂਦਾ। ਉਹ ਅੱਥਰੂ ਕੇਰਦੀ ਇਕ ਜੁਆਨ ਔਰਤ ਵੱਲ ਗਹੁ ਨਾਲ ਦੇਖਦਾ ਕਾਨ੍ਹੇ ਨੂੰ ਪੁੱਛਦਾ, "ਕਾਨ੍ਹਿਆ ਭਰਾਵਾ ਇਹ ਬੱਸ ਭਲਾ ਕਿੱਥੋਂ ਆਈ ਆ?"

"ਇਹ ਸ਼ੈਦ ਪਟਿਆਲੇ ਤੋਂ ਆ!"

"ਭਾ ਪਟਿਆਲੇ ਨੂੰ ਤਾਂ ਚੱਲੀ ਐ...ਗੁਰਦਾਸਪੁਰੋਂ ਆ...," ਇਕ ਮਰਦ ਸੁਆਰੀ ਵਿਚੋਂ ਹੀ ਬੋਲਦੀ।

"ਉਹ ਹੋ...ਹੋ...ਮਾਫੀ ਦੇਣੀ ਸੰਗਤੇ...ਭੁੱਲ ਹੋ ਗਈ...ਭੁੱਲ ਹੋ ਗਈ। ਗੁਰਦਾਸਪੁਰ ਤਾਂ ਰਾਤੀਂ ਸੁਣਿਆ ਬੰਦੇ ਨੂੰ ਬੰਦਾ ਖਾ ਗਿਆ...ਲਾਸ਼ਾਂ ਵਿਛ ਗਈਆਂ....ਰੱਬਾ ਮਿਹਰ ਕਰ! ਮਿਹਰ ਕਰ!" ਬੋਲਦੇ ਹੋਏ ਉਹ ਬੱਸ 'ਚੋਂ ਹੇਠਾਂ ਉਤਰ ਆਉਂਦੇ।

"ਬੱਲੇ ਬੱਲੇ...ਜੈ ਗੁਰਦੇਵ ਬਈ ਮਲਵਈ ਭਰਾਵੋ...ਬੜਾ ਲੰਮਾ ਸਫ਼ਰ ਕਰਕੇ ਆਏ ਆਂ ਤੁਸੀਂ। ਲਓ ਫੇ ਸਾਡੇ ਤੋਂ ਵੀ ਸੁਣ ਲਓ ਰੱਬ ਦੇ ਘਰ ਦੀ...ਤੁਸੀਂ ਵੀ ਜਾਣਾ ਤੇ ਅਸੀਂ ਵੀ ਜਾ ਕੇ ਰੋਟੀ ਟੁੱਕ ਕਰਨੈ...ਤੁਸੀਂ ਸਾਡੇ ਕੋਈ ਬੰਨ੍ਹੇ ਹੋਏ ਨਈਂ ਤੇ ਨਾ ਈ ਅਸੀਂ ਤੁਹਾਡੇ ਬੰਨ੍ਹੇ ਆਂ।" ਸੁਆਰੀਆਂ ਹੱਸਣ ਲੱਗਦੀਆਂ। ਕਾਨ੍ਹਾ ਕਾਹਲੀ ਕਾਹਲੀ ਤਿੰਨ ਚਾਰ ਝਟਕੇ ਗਜ਼ ਨੂੰ ਮਾਰ ਕੇ ਘੁੰਗਰੂ ਛਣਕਾਉਂਦਾ ਤੇ ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚਦਾ ਹੋਇਆ ਬੋਲਦਾ, "ਨਾਲੇ ਭਰਾਵੋ ਤੁਹਾਡਾ ਕੀ ਆ, ਤੁਸੀਂ ਤਾਂ ਲੱਪ ਸਾਰਾ ਜਰਦਾ ਬੁੱਲ੍ਹਾ 'ਚ ਰੱਖਿਆ ਨਈਂ ਤੇ ਪਠਾਨਕੋਟ ਪਹੁੰਚੇ ਨਈਂ...ਪਰ ਸਾਡਾ ਤਾਂ ਐਂ ਸਰਦਾ ਨਈਂ।"

"ਏਸ ਸਹੁਰੇ ਜਰਦੇ ਨੇ ਤਾਂ ਪੂਰਾ ਮਾਲਵਾ ਚੱਟ ਲਿਆ।" ਭਾਨਾ ਵੀ ਬੋਲ ਪਿਆ।

"ਨਾਲੇ ਆਹ ਚਮਕੀਲੇ ਤੇ ਲੁਧੇਹਾਣੀਏ ਹੋਰ ਗਾਈਕਾਂ ਨੇ ਪੁੱਟ ਕੇ ਸੁੱਟ ਤੇ ਸਾਰੇ ਮਲਵਈ...ਕਿਉਂ ਮਾਲਕੋ?" ਕਹਿ ਕੇ ਕਾਨ੍ਹੇ ਨੇ ਇਕ ਛੀਂਟਕੇ ਜਿਹੇ ਆਦਮੀ ਦੀਆਂ ਅੱਖਾਂ ਵਿਚ ਸਿੰਨ੍ਹ ਕੇ ਦੇਖਿਆ। ਫਿਰ ਉਹਨੇ ਲੰਮੀ ਹੇਕ ਲਾ ਕੇ ਬੋਲ ਛੋਹੇ,

ਲੱਗ ਗਈ ਅੱਗ ਜ਼ਮਾਨੇ ਨੂੰ,
ਸੰਭਲ ਜਾ ਬੰਦਿਆ
ਖਾ ਜਾਣਗੇ ਵੱਡੇ ਨੇਤਾ
ਰਹਿ ਜੂ ਮੁੱਠੀਆਂ ਦੇ ਵਿਚ ਰੇਤਾ
ਸੰਭਲ ਜਾ ਬੰਦਿਆ, ਸੰਭਲ ਜਾ ਬੰਦਿਆ...।

ਜਦੋਂ ਉਨ੍ਹਾਂ ਦਾ ਚਿੱਤ ਕਰਦਾ ਉਹ ਢੱਡ ਸਾਨਗੀ ਮੋਢਿਆਂ ਨਾਲ ਟੰਗੀ ਤਾਂਗੇਅੱਡੇ ਵਿਚ ਬੋਹੜ ਹੇਠਾਂ ਆ ਬੈਠਦੇ...ਸੌਂ ਜਾਂਦੇ, ਲੰਮੀਆਂ ਤਾਣ ਕੇ। ਬੇਫ਼ਿਕਰੀ ਵਿਚ ਸਾਰੇ ਆਲਮ ਨੂੰ ਭੁੱਲ ਜਾਂਦੇ। ਉਹ ਬਹੁਤਾ ਮੰਗਣ 'ਤੇ ਵੀ ਜ਼ੋਰ ਨਾ ਦਿੰਦੇ। ਕਈ ਵਾਰ ਇਕ ਦੋ ਬੱਸਾਂ ਹੀ ਦੇਖਦੇ। ਪੈਸੇ ਦਾ ਲੋਭ ਨਾ ਕਰਦੇ। ਉਨ੍ਹਾਂ ਨੇ ਤਾਂ ਕਦੇ ਵੀ ਇਉਂ ਨਹੀਂ ਸੀ ਆਖਿਆ, "ਭਰਾਵੋ ਕੋਈ ਧੇਲੀ ਰੁਪਈਆ ਦੇ ਦਿਓ...ਅਸੀਂ ਦੋ ਦਿਨਾਂ ਦੇ ਭੁੱਖੇ ਆਂ...ਸਾਡੇ ਨਿਆਣ ਰੋਂਦੇ ਆ।" ਨਾ ਕਦੇ ਤਰਲਾ ਹੀ ਲਿਆ ਸੀ। ਸਗੋਂ ਆਕੜ ਕੇ ਗੱਲ ਕਰਦੇ।

"ਬਈ ਭਾਨ ਸਿਆਂ, ਇਹ ਤਾਂ ਮਝੈਲਾਂ ਆਲੀ ਬੱਸ ਆ...ਦੇਖ ਲੈ ਉਚੇ ਲੰਮੇ ਕੱਦ ਕਾਠ ਤੇ ਸ਼ਮਲੇ ਆਲੀਆਂ ਪੱਗਾਂ...।"

"ਓਏ ਰੱਬ ਦਿਆ ਬੰਦਿਆ ਹੋਣ ਵੀ ਕਿਉਂ ਨਾ...ਇਹ ਸਭ ਮਿਹਰਾਂ ਬਾਡਰ ਦੀਆਂ ਈ ਆ...ਜੀਹਦਾ ਵੱਸਦਾ ਰਹੇ ਪਾਕਿਸਤਾਨ ਫੀਮ ਦੇ ਬੋਰੇ ਘੱਲਣ ਆਲਾ...!" ਭਾਨੇ ਨੇ ਗੱਲ ਨੂੰ ਪੂਰਾ ਮਰੋੜਾ ਦਿੱਤਾ।

"ਫੀਮ ਦੇ ਬੋਰੇ ਵੀ ਤੇ ਨਾਲ ਸੰਤਾਲੀਆਂ ਵੀ...ਕਿਉਂ ਭਾਈ ਠੀਕ ਆ ਨਾ?" ਕਾਨ੍ਹਾ ਮੁੱਛਾਂ ਵਿਚ ਹੱਸਦਾ ਚੰਗੇ ਡੀਲ ਡੌਲ ਵਾਲੇ ਇਕ ਸਰਦਾਰ ਕੋਲ ਆ ਖੜ੍ਹਾ ਹੋਇਆ।

"ਹੈਗੇ ਤੁਹੀਂ ਬੜੇ 'ਸਤਾਦ...ਕੰਜਰ ਦੇ।" ਸਰਦਾਰ ਨੇ ਅੱਧੇ ਕੁ ਗੁੱਸੇ ਨਾਲ ਕਾਨ੍ਹੇ ਵੱਲ ਘੂਰ ਕੇ ਦੇਖਿਆ।

ਕਾਨ੍ਹੇ ਨੇ ਸਰਦਾਰ ਦੇ ਗੁੱਸੇ ਨੂੰ ਭਾਂਪ ਲਿਆ। ਉਹ ਮੌਕਾ ਸੰਭਾਲਦਿਆ ਬੋਲਿਆ, "ਮਾਰ੍ਹਾਜ ਤੁਹਾਡੀਆਂ ਤਾਂ ਬਰਕਤਾਂ ਸਾਰੀਆਂਤੁਹਾਡੀਆਂ ਸਰਦਾਰੀਆਂ ਕੈਮ ਰਹਿਣ...ਇਹ ਕੈਮ ਆਂ ਤਾਂ ਅਸੀਂ ਵੀ ਕੈਮ ਆਂ...ਫੇ ਤਾਂ ਜਾਣੋਂ ਪੂਰਾ ਮੁਲਖ ਈ ਕੈਮ ਆਂ...ਕਿਉਂ ਭਾਨ ਸਿਆਂ?"

ਸਾਨਗੀ ਵੱਜਣ ਲੱਗਦੀ। ਕਈ ਜਣੇ ਹੱਸਦੇ ਹੋਏ ਪੈਸੇ ਫੜਾਉਣ ਲੱਗਦੇ।

ਇਉਂ ਹੀ ਇਕ ਦਿਨ ਉਹ ਬੱਸ ਵਿਚ ਖੜ੍ਹੇ ਗਾ ਰਹੇ ਸਨ ਕਿ ਪੁਲਿਸ ਵਾਲੇ ਆ ਚੜ੍ਹੇ।

"ਬੰਦ ਕਰੋ ਓਏ...ਉਤਰੋ ਹੇਠਾਂ...." ਥਾਣੇਦਾਰ ਨੇ ਦਬਕਾ ਮਾਰਿਆ।

"ਹੇਠਾਂ ਉਤਰ ਜਾ ਓਏ ਭਾਨਿਆ, ਐਵੇਂ ਸਾਬ੍ਹ ਕਿਤੇ ਗੋਲੀ ਨਾ ਮਾਰ ਦੇਣ।"

"ਤੈਨੂੰ ਗੋਲੀ ਦੀ ਲੋੜ ਆ? ਠਹਿਰ ਦਿੰਦਾ ਤੈਨੂੰ ਗੋਲੀ," ਥਾਣੇਦਾਰ ਨੇ ਭਾਨੇ ਵੱਲ ਅੱਖਾਂ ਕੱਢ ਕੇ ਦੇਖਿਆ।

"ਮਾਲਕੋ ਨੌਕਰ ਆਂ...ਗੋਲੀ ਦਿਓ ਚਾਹੇ ਬੰਬ...ਜਿਥੇ ਵਿਚਾਰੇ ਹੋਰ ਖਾਂਦੇ ਫਿਰਦੇ ਆ ਅਸੀਂ ਵੀ ਲੈਨ 'ਚ ਲੱਗ ਜਾਂਗੇ," ਕਾਨ੍ਹਾ ਪੋਲਾ ਜਿਹਾ ਮੂੰਹ ਬਣਾ ਕੇ ਬੋਲਿਆ।

"ਬੰਦ ਹੁੰਦੈਂ ਕਿ ਨਈਂ...ਦਫਾ ਹੋਵੋ ਏਥੋਂ," ਹੇਠਾਂ ਉਤਰਦੇ ਭਾਨੇ ਨੂੰ ਸਿਪਾਹੀ ਨੇ ਅਜਿਹਾ ਜ਼ੋਰ ਨਾਲ ਧੱਫਾ ਮਾਰਿਆ ਕਿ ਉਹ ਡਿੱਗਦਾ ਡਿੱਗਦਾ ਕੋਲ ਖੜ੍ਹੀ ਦੂਜੀ ਬੱਸ ਦੇ ਪਹੀਆ ਵਿਚਾਲੇ ਜਾ ਡਿੱਗਿਆ।

ਇਕ ਦਿਨ ਸ਼ਹਿਰ ਵਿਚ ਗੜਬੜ ਹੋ ਗਈ ਤੇ ਕਾਨ੍ਹੇਭਾਨੇ ਨੂੰ ਜਿਵੇਂ ਗਾਉਣ ਲਈ ਨਵਾਂ ਵਿਸ਼ਾ ਮਿਲ ਗਿਆ,

"ਮਾਰ ਕੇ ਗੋਲੀਆਂ ਭੁੰਨ 'ਤੇ
ਬੇਦੋਸ਼ੇ ਸ਼ਹਿਰੀ ਜੀ।
ਚੜ੍ਹ ਕੇ ਪੁਲਸ ਆ ਗਈ
ਗੂੰਗੀ ਤੇ ਬਹਿਰੀ ਜੀ।
ਆ ਜਾ ਸ਼ੇਖ ਫਰੀਦਾ ਦੇਖ ਲੈ
ਆਪਣੇ ਦੇਸ਼ ਪੰਜਾਬ ਦਾ ਹਾਲ...।

ਇਕ ਰਾਤ ਦੂਰ ਸਾਧਾਂ ਦੀ ਛਾਉਣੀ ਤੋਂ ਪਾਰ ਚੰਦਰਮਾ ਹੱਥ ਭਰ ਚੜ੍ਹ ਆਇਆ ਸੀ। ਹਲਕੇ ਚਾਨਣ ਨੇ ਅੱਧਾ ਅੰਬਰ ਮੱਲ ਲਿਆ ਸੀ। ਹਵਾ ਸੀ ਕਿ ਕਿਤੇ ਦੂਰ ਠਹਿਰ ਗਈ ਸੀ। ਹੁੱਸੜ ਆਪਣੇ ਪੈਰ ਨਹੀਂ ਸੀ ਛੱਡ ਰਿਹਾ। ਪਰ ਕਾਨ੍ਹੇ ਦੀ ਸਾਨਗੀ ਦੀਆਂ ਸੁਰਾਂ ਨੇ ਅੰਬਰ ਤੱਕ ਪਸਰੀ ਗਰਦ ਨੂੰ ਹੌਲੀਹੌਲੀ ਛੰਡਣਾ ਸ਼ੁਰੂ ਕਰ ਦਿੱਤਾ।

ਕਾਨ੍ਹਾ ਪੂਰੇ ਰੰਗ ਵਿਚ ਰੰਗਿਆ ਗਾ ਰਿਹਾ ਸੀ। ਭਾਨੇ ਨੇ ਦਰਾਂ ਵੱਲ ਘੁਸਰਮੁਸਰ ਹੁੰਦੀ ਸੁਣੀ ਤੇ ਗਹੁ ਨਾਲ ਦੇਖਿਆਸਿਪਾਹੀ ਸਨ। ਉਹਨੇ ਇਸ਼ਾਰੇ ਨਾਲ ਉਨ੍ਹਾਂ ਨੂੰ ਮੰਜੇ 'ਤੇ ਬਹਿਣ ਲਈ ਕਿਹਾ, "ਆਹ ਦੇਖ ਓਏ ਚੌਧਰੀਆ...ਛੋਟੇ ਭਾਈ ਆਏ ਆ।"

ਭਾਨੇ ਦੀ ਆਵਾਜ਼ ਸੁਣ ਕੇ ਕਾਨ੍ਹੇ ਨੇ ਬੰਦ ਅੱਖਾਂ ਖੋਲ੍ਹੀਆਂ ਤਾਂ ਸਿਪਾਹੀ ਦੇਖ ਕੇ ਬਿੰਦ ਭਰ ਲਈ ਉਹਦੀ ਨਿਗ੍ਹਾ ਪਥਰਾ ਗਈ।

"ਚਲੋ ਬਈ ਉਠੋ, ਤੁਹਾਨੂੰ ਸਾਬ੍ਹ ਯਾਦ ਕਰਦੇ ਆ।"

"ਕੀ ਹੋ ਗਿਆ ਸਰਕਾਰੇ? ਸੁੱਖ ਤਾਂ ਆ?" ਭਾਨਾ ਉਠ ਕੇ ਕਿੱਲੀ ਉਤੋਂ ਕੁੜਤਾ ਲਾਹ ਕੇ ਪਾਉਣ ਲੱਗ ਪਿਆ।

"ਓਏ ਭਰਾਵੋ ਚਲੇ ਤਾਂ ਚਲਦੇ ਆਂ...ਪਰ ਉਦਾਂ ਨਾ ਸਾਡੇ ਨਾਲ ਕਰਿਓ ਜਿੱਦਾਂ ਪਰਸੋਂ ਇਕ ਮੁੰਡੇ ਨਾਲ ਕੀਤੀ ਆ...ਪਹਿਲਾਂ ਤਾਂ ਕੁੱਟ ਕੁੱਟ ਠਾਣੇ 'ਚ ਮਾਰ'ਤਾ...ਫੇਰ ਲੈਨਾਂ 'ਤੇ ਸੁੱਟ ਆਏ," ਕਹਿੰਦਿਆਂ ਕਾਨ੍ਹੇ ਨੇ ਸਾਨਗੀ ਪਰ੍ਹਾਂ ਰੱਖ ਦਿੱਤੀ।

ਸਿਪਾਹੀਆਂ ਨੇ ਇਕ ਦੂਜੇ ਦੇ ਮੂੰਹ ਵੱਲ ਦੇਖਿਆ।

"ਕਾਨ੍ਹਿਆ ਕਿਉਂ ਤੂੰ ਐਵੇਂ ਬੋਲਦਾ ਰਹਿੰਦੈਂ, ਮਾਰ 'ਤਾ ਤਾਂ ਫੇ ਕੀ ਹੋਇਆ...ਕਮਲਿਆ ਠਾਣੇ ਹੁੰਦੇ ਕਾਹਦੇ ਲਈ ਆ!" ਸਿਰ 'ਤੇ ਪੱਗ ਲਪੇਟਦਾ ਭਾਨਾ ਬੋਲਿਆ।

"ਮੂੰਹ ਬੰਦ ਕਰਕੇ ਤੁਰਨ ਦੀ ਗੱਲ ਕਰੋ, ਕਿਉਂ ਭੌਂਕੀ ਜਾਨੇ ਓਂ," ਦੋ ਸਿਪਾਹੀ ਇਕੱਠੇ ਝਈ ਲੈ ਕੇ ਪਏ ਤੇ ਕਾਨ੍ਹੇਭਾਨੇ ਨੂੰ ਅੱਗੇ ਅੱਗੇ ਤੋਰ ਲਿਆ।

ਥਾਣੇ ਅੰਦਰ ਦਾਖ਼ਲ ਹੁੰਦਿਆਂ ਹੀ, ਲਾਟੂ ਦੀ ਲੋਏ, ਪੱਖੇ ਮੂਹਰੇ ਕੁਰਸੀ 'ਤੇ ਬੈਠੇ ਥਾਣੇਦਾਰ ਨੇ ਉਨ੍ਹਾਂ ਵੱਲ ਦੇਖਿਆ ਤੇ ਉਠ ਪਿਆ, "ਆ ਗਏ ਪ੍ਰਾਹੁਣੇ...ਸੁਣਾਈ ਕੋਈ ਰੱਬ ਦੇ ਘਰ ਦੀ..." ਬੋਲਦਾ ਹੋਇਆ ਉਹ ਉਨ੍ਹਾਂ ਦੇ ਕੋਲ ਆ ਗਿਆ। "ਪਿਓ ਦਿਓ ਪੁੱਤੋਂ ਤੁਸੀਂ ਬਾਜ਼ ਨਈਂ ਆਏ...ਇਕ ਦਿਨ ਹੋਇਆ, ਦੋ ਦਿਨ ਹੋਏ...ਤੁਸੀਂ ਤਾਂ ਹੱਦ ਈ ਕਰ ਦਿੱਤੀ...ਸਾਲੇ ਤਾਨਸੈਨ ਦੇ," ਬੋਲਦੇ ਹੋਏ ਨੇ ਕੋਲ ਖੜ੍ਹੇ ਸਿਪਾਹੀਆਂ ਵੱਲ ਦੇਖਿਆ, "ਮੈਂ ਤੁਹਾਨੂੰ ਕਿਹਾ ਸੀ ਇਨ੍ਹਾਂ ਦੇ ਗਿੱਟੇ-ਗੋਡੇ ਤੋੜ ਕੇ ਲਿਆਇਓ।" ਫਿਰ ਉਹ ਮਾਲਖ਼ਾਨੇ ਵੱਲ, ਹਨੇਰੇ 'ਚ ਜਾਂਦਾ ਗੁੱਸੇ 'ਚ ਬੋਲਿਆ, "ਪਾ ਓ ਬਿੱਕਰਾ ਇਨ੍ਹਾਂ ਨੂੰ ਲੰਮਿਆਂ ਜ਼ਰਾ...ਝਾੜ ਜ਼ਰਾ ਮਿੱਟੀ ਆਹ ਵੱਡੇ ਫੌਜੀ ਦੀ।"

ਕਾਨ੍ਹੇ ਨੇ ਭਾਨੇ ਵੱਲ ਮੁਸਕਰਾ ਕੇ ਦੇਖਿਆ, "ਲੈ ਬਈ ਝੜਾ ਲੈ ਮਿੱਟੀ ਭਾਨਿਆ...ਇਹਦੇ ਤਾਂ ਬਈ ਖਰਖਰਾ ਵੀ ਮਾਰ ਦਿਓ।"

"ਹੁਣ ਤਾਂ ਬੂਥਾ ਬੰਦ ਕਰੋ...ਬਕਵਾਸ ਕਰੀ

*(ਅਗਲੇ ਸਫੇ 'ਤੇ ਜਾਰੀ)*

# ਕਸਰ ਜੱਜ ਨਾਲ ਇਹ ਵੀ ਨਹੀਂ ਛੱਡਦਾ!

## ਨਿੰਦਰ ਘੁਗਿਆਣਵੀ-2



*ਪੰਜਾਬੀ ਟ੍ਰਿਬਿਊਨ, ਚੰਡੀਗੜ੍ਹ ਦੇ ਸੰਪਾਦਕ ਰਹਿ ਚੁਕੇ ਸ. ਗੁਰਬਚਨ ਸਿੰਘ ਭੁੱਲਰ ਦੀਆਂ ਲਿਖਤਾਂ ਪੰਜਾਬ ਟਾਈਮਜ਼ ਦੇ ਪਾਠਕ ਇਕ ਅਰਸੇ ਤੋਂ ਪੜ੍ਹਦੇ ਆ ਰਹੇ ਹਨ। ਉਹ ਸਾਹਿਤ ਅਕਾਦਮੀ ਇਨਾਮ ਜੇਤੂ ਨਾਮੀ ਕਹਾਣੀਕਾਰ ਵੀ ਹਨ ਅਤੇ ਪੱਤਰਕਾਰ ਵੀ। ਉਨ੍ਹਾਂ ਨੂੰ ਕਹਾਣੀ ਵਿਚ ਪੱਤਰਕਾਰੀ ਤੇ ਪੱਤਰਕਾਰੀ ਵਿਚ ਕਹਾਣੀ ਰਲਾਉਣ ਦੀ ਵੀ ਪੂਰੀ ਜਾਚ ਹੈ। ਪੰਜਾਬੀ ਦੇ ਸ਼੍ਰੋਮਣੀ ਨਾਟਕਕਾਰ ਮਰਹੂਮ ਬਲਵੰਤ ਗਾਰਗੀ ਬਾਰੇ ਭੁੱਲਰ ਸਾਹਿਬ ਦਾ ਲੰਮਾ ਰੇਖਾ-ਚਿਤਰ ਨੁਮਾ ਲੇਖ ਪਾਠਕ ਪੜ੍ਹ ਹੀ ਚੁਕੇ ਹਨ। ਰੇਖਾ-ਚਿਤਰ ਲਿਖਦਿਆਂ ਸ਼ਾਇਦ ਆਪਣੇ ਜ਼ਿਲ੍ਹੇ ਦੇ ਹਮਵਾਸੀ ਬਲਵੰਤ ਗਾਰਗੀ ਦੀ ਉਂਗਲ ਫੜਦਿਆਂ ਉਹ ਵਿਅਕਤੀ ਦੀਆਂ ਸਿਫਤਾਂ ਵੀ ਕਰੀ ਜਾਂਦੇ ਹਨ ਤੇ ਉਸ ਨੂੰ ਚੋਭਾਂ ਵੀ ਲਾਈ ਜਾਂਦੇ ਹਨ। ਇਹੋ ਕੁਝ ਉਨ੍ਹਾਂ ਬਲਵੰਤ ਗਾਰਗੀ ਨਾਲ ਕੀਤਾ ਸੀ ਅਤੇ ਫਿਰ ਪ੍ਰਿੰ. ਸਰਵਣ ਸਿੰਘ ਬਾਰੇ ਲੇਖ ਵਿਚ। ਇਹੋ ਜੁਗਤ ਉਨ੍ਹਾਂ ਹੁਣ ਨਿੰਦਰ ਘੁਗਿਆਣਵੀ ਬਾਰੇ ਲਿਖੇ ਇਸ ਲੇਖ ਵਿਚ ਵਰਤੀ ਹੈ। -ਸੰਪਾਦਕ*

ਜੱਜ ਦੀ ਪਾਈ ਹੋਈ ਉਨੀ ਦੇ ਬਦਲੇ ਨਿੰਦਰ ਇੱਕੀ ਕਿਵੇਂ ਪਾਉਂਦਾ ਹੈ ਤੇ ਵਾਰ ਵਾਰ ਕਿਵੇਂ ਪਾਉਂਦਾ ਹੈ, ਇਹ ਤਾਂ ਪੜ੍ਹਿਆਂ ਹੀ ਬਣਦਾ ਹੈ।

ਇਕ ਦਿਨ ਜੱਜ ਸਾਹਬ ਨੂੰ ਪਿਆਉਣ ਲਈ ਜਦੋਂ ਇਹ ਪਾਣੀ ਦਾ ਗਲਾਸ ਹੱਥ ਵਿਚ ਫੜ ਕੇ ਗਿਆ, ਉਹ ਗਾਲ੍ਹਾਂ ਦੇਣ ਲੱਗਾ, ਉਹ ਜਾਂ ਉਹਦਾ ਕੋਈ ਮਹਿਮਾਨ ਕੁਛ ਵੀ ਮੰਗੇ, ਉਹ ਚੀਜ਼ ਟਰੇਅ ਵਿਚ ਰੱਖ ਕੇ ਲਿਆਉਣੀ ਹੈ। ਅਗਲੇ ਦਿਨ ਜਦੋਂ ਇਕ ਮਹਿਮਾਨ ਇਹਨੂੰ ਕਾਰ ਵਿਚ ਪਈ ਐਨਕ ਡਰਾਈਵਰ ਤੋਂ ਮੰਗ ਲਿਆਉਣ ਲਈ ਭੇਜਦਾ ਹੈ, ਇਹ ਜਾਣ-ਬੁੱਝ ਕੇ ਐਨਕ ਵੀ ਟਰੇਅ ਵਿਚ ਰੱਖ ਕੇ ਜਾ ਪੇਸ਼ ਕਰਦਾ ਹੈ। ਜੱਜ ਮੱਥੇ ਉਤੇ ਹੱਥ ਮਾਰਦਾ ਹੈ, “ਦੁਰ ਫਿੱਟੇ ਮੂੰਹ ਤੇਰੇ ਢੇਰਨਿਆ! ਅਕਲ ਦਾ ਮਾਰਿਆ ਹੋਇਆ! ਇਹ ਕੀ?” ਇਹ ਫੇਰ ਵੀ ਅੱਗੋਂ ਚੁੱਪ ਕਰਨ ਦੀ ਥਾਂ ਉਹਦਾ ਹੀ ਕੱਲ੍ਹ ਵਾਲਾ ਆਦੇਸ਼ ਚੇਤੇ ਕਰਵਾ ਦਿੰਦਾ ਹੈ। ਉਹਨੂੰ ਹੋਰ ਅੱਗ ਲੱਗ ਜਾਂਦੀ ਹੈ, “ਚੁੱਪ ਕਰ, ਸਾਲਾ ਭੌਂਕਦਾ ਐ। ਜੇ ਮੈਂ ਜੁੱਤੀ ਜਾਂ ਬੂਟ



ਗੁਰਬਚਨ ਸਿੰਘ ਭੁੱਲਰ
ਫੋਨ: 01191-1165736868
bhullargs@gmail.com

ਮੰਗਾਂ, ਉਹ ਵੀ ਟਰੇਅ ਵਿਚ ਰੱਖੇਂਗਾ? ਭੱਜ ਜਾ ਇੱਥੋਂ ਜੱਭਲ ਜਿਆ।” ਤੇ ਇਹ ਰਸੋਈ ਵਿਚ ਜਾ ਕੇ ਹੱਸ-ਹੱਸ ਦੂਹਰਾ ਹੁੰਦਾ ਰਹਿੰਦਾ ਹੈ।

ਮੱਝ ਦੀ ਕੱਟੀ ਮਰ ਗਈ, ਇਹ ਭੋਲੇ ਜਿਹੇ ਮੂੰਹ ਨਾਲ ਆਖਦਾ ਹੈ, “ਸਰ ਜੀ, ਮੱਝ ਬੜੀ ਰੋਈ ਰਾਤ। ਹੁਣ ਵੀ ਰੋਂਦੀ ਐ। ਵਿਚ ਵਿਚ ਵੈਣ ਵੀ ਪਾਉਂਦੀ ਐ ਕੱਟੀ ਦੇ...ਧੀ ਮਰ ਗਈ!” ਜੱਜ ਦਾ ਤਿੜਕਣਾ ਸੁਭਾਵਿਕ ਸੀ, “ਫਿੱਟੇ ਮੂੰਹ ਤੇਰੇ ਜੰਮਣ ਦੇ! ਮੈਂ ਕੀ ਕਰਾਂ ਫੇਰ? ਤੂੰ ਵੀ ਰੋ ਲੈ ਮੱਝ ਦੇ ਗਲ ਨੂੰ ਚਿੰਬੜ ਕੇ। ਜਦੋਂ ਤੂੰ ਮਰਿਆ, ਤੇਰੀ ਮਾਂ ਵੀ ਏਵੇਂ ਈ ਰੋਊ ਤੈਨੂੰ।”

ਬਹੁਕਰ ਨਾ ਮਿਲਣ ਉਤੇ ਇਹ ਜੱਜ ਨੂੰ ਜਾ ਪੁਛਦਾ ਹੈ, “ਸਰ, ਤੁਸੀਂ ਤਾਂ ਨਹੀਂ ਦੇਖੀ ਕਿਤੇ ਬਹੁਕਰ ਪਈ?”

ਜੱਜ ਕੱਪੜਿਉਂ ਬਾਹਰ ਨਾ ਹੋਵੇ ਤਾਂ ਕੀ ਕਰੇ? “ਮੈਂ ਬਹੁਕਰ ਦੀ ਰਾਖੀ ਕਰਦਾਂ ਐਥੇ? ਹੇਖਾਂ! ਮੈਂ ਬਹੁਕਰ ਸੰਭਾਲਿਆ ਕਰਾਂ? ਮੈਨੂੰ ਬਹੁਕਰ ਪੁਛਦੈ।” ਉਹ ਭਖ ਜਾਂਦਾ ਹੈ।

ਉਸ ਦਿਨ ਤਾਂ ਹੱਦ ਹੀ ਹੋ ਜਾਂਦੀ ਹੈ ਜਦੋਂ ਜੱਜ ਅਜੇ ਚੱਜ ਨਾਲ ਕਾਰ ਵਿਚ ਬੈਠਾ ਵੀ ਨਹੀਂ ਹੁੰਦਾ ਅਤੇ ਇਹ ਕਾਰ ਦੀ ਤਾਕੀ ਜ਼ੋਰ ਨਾਲ ਬੰਦ ਕਰ ਦਿੰਦਾ ਹੈ। ਉਹਦਾ ਪੈਰ ਚੀਥੜਿਆ ਜਾਂਦਾ ਹੈ ਅਤੇ ਦੰਦ ਪੀਂਹਦਿਆਂ ਤੇ ਪੈਰ ਨੂੰ ਹੱਥਾਂ ਨਾਲ ਘੁਟਦਿਆਂ ਉਹ ਚੀਕਦਾ ਹੈ, “ਓ ਹੋ ਹਾਇ ਓਏ! ਤੇਰੀ ਬੇੜੀ ਬਹਿ ਜੇ, ਮੈਂ ਮਰ ਗਿਆ, ਆ ਜਾ, ਕੋਠੀ ਆ ਜਾ... ਤੈਨੂੰ ਚਬਾਊਂ ਮੈਂ ਦਾਖੂ ਦਾਣੇ... ਆਈਂ, ਤੇਰੀਆਂ ਟੰਗਾਂ ਭੰਨੂੰ।” ਤੇ ਇਹਦੇ ਕੋਠੀ ਪਹੁੰਚਣ ਉਤੇ ਉਹ ਤਿੜਕਦਾ ਹੈ, “ਤੂੰ ਭੈਣ ਚੋ... ਨਿੱਕਲ ਜਾ ਇਥੋਂ, ਸਾਲਿਆ। ਕੁੱਤਾ ਕਿਸੇ ਥਾਂ ਦਾ। ਕਿੱਥੋਂ ਪੇਸ਼ ਪਿਆ ਐਂ ਮੇਰੇ, ਅੰਨ੍ਹਿਆ ਕਿਸੇ ਥਾਂ ਦਿਆ। ਤੇਰੀ ਬਹਿ ਜਾਏ ਬੇੜੀ ਸਮੁੰਦਰ ਦੇ ਅੱਧ ਵਿਚ ਜਾ ਕੇ। ਇਉਂ ਅੜਾਈਦੀ ਐ ਤਾਕੀ? ਪੈਰ ਭੰਨ ਦਿੱਤਾ ਮੇਰਾ, ਭੂਤਣਿਆ ਕਿਤੋਂ ਦਿਆ!”

ਜਦੋਂ ਡਾਕਟਰ ਦਵਾਈ ਮਲ ਕੇ ਰਾਤ ਨੂੰ ਇਕ ਵਾਰ ਫੇਰ ਮਲਣ ਲਈ ਸ਼ੀਸ਼ੀ ਇਹਦੇ ਵੱਲ ਕਰਦਾ ਹੈ, ਜੱਜ ਕੂਕਦਾ ਹੈ, “ਇਹਨੇ ਕੀ ਲਾਉਣੀ ਐ ਸੁਆਹ ਤੇ ਖੇਹ। ਲਿਆਓ ਮੈਨੂੰ ਫੜਾਓ ਡਾਕਟਰ ਸਾਹਿਬ ਤੁਸੀਂ, ਮੈਂ ਆਪੇ ਈ ਲਾ ਲਊਂ।”

ਦੇਖਣ ਵਾਲੀ ਗੱਲ ਇਹ ਹੈ ਕਿ ਇਹਦੇ ਜਾਣ-ਬੁੱਝ ਕੇ ਕੀਤੇ ਜਾਂ ਅਣਜਾਣੇ ਵਿਚ ਹੋ ਗਏ ਇਸ ਕਾਰਨਾਮੇ ਨਾਲ ਗੇਟ ਮੂਹਰੇ ਖੜ੍ਹਾ ਗੰਨਮੈਨ ਵੀ ਬਾਗ਼ੋਬਾਗ ਹੈ ਅਤੇ ਦੂਜਾ ਅਰਦਲੀ ਕਿਸ਼ਨ ਵੀ ਆਖਦਾ ਹੈ, “ਸਾਹਿਬ ਵੀ ਤੇਰੇ ਕੋਲੋਂ ਈ ਠੀਕ ਹੁੰਦਾ ਐ। ਮੇਰੇ ਵਰਗੇ ਨੂੰ ਇਹ ਕੀ ਸਮਝਦੈ। ਚੰਗਾ ਪੈਰ ਭੰਨਿਆ ਸਾਲੇ ਦਾ।”

ਸਾਹਿਬ ਪਹਿਲੇ ਵੀਹ-ਪੱਚੀ ਦਿਨ ਚੰਗਾ ਰਹਿੰਦਾ ਹੈ। ਇਹਦੇ ਗਾਉਣ ਦੀ ਵਡਿਆਈ ਕਰਦਾ ਹੈ, “ਓਏ ਨਿੰਦਰਾ, ਤੂੰ ਤਾਂ ਕਮਾਲ ਕਰ ਦਿੱਤੀ। ਤੂੰ ਐਥੇ ਅਰਦਲੀ ਲੱਗ ਕੇ ਕੀ ਲੈਣਾ ਸੀ ਓਏ? ਤੂੰ ਸਟੇਜਾਂ ਉਤੇ ਗਾ। ਵਾਧੂ ਰੁਪਈਏ। ਤੇਰੇ ਕੋਲ ਕਲਾ ਐ।” ਪਰ ਛੇਤੀ ਹੀ ਉਹ ਗੱਲ-ਗੱਲ ਉਤੇ ਮਰਾਸੀ ਕਹਿਣ ਲੱਗ ਪੈਂਦਾ ਹੈ। ਉਹ ਗਾਲ੍ਹਾਂ ਲਈ ਲੱਭ ਲੱਭ ਕੇ ਸ਼ਬਦ ਲਿਆਉਂਦਾ ਹੈ। ਇਹ ਆਪਣੀ ਥਾਂ ਲੱਖਣ ਲਾਉਂਦਾ ਹੈ ਕਿ ਜੱਜ ਨੂੰ ਕੋਈ ਘਰੇਲੂ ਟੈਨਸ਼ਨ ਹੈ; ਬੀਬੀ ਲੜਦੀ ਹੋਊ ਜੋ ਇਥੇ ਨਹੀਂ ਆਉਂਦੀ। ਹੁਣ ਇਹਨੂੰ ਚੈਨ ਕਿੱਥੇ! ਜਾ ਪੁੱਛਦਾ ਹੈ, ਬੀਬੀ ਜੀ ਕਦੋਂ ਆਉਣਗੇ। ਇਹਨੇ ਤਾਂ ਜਿਵੇਂ ਜੱਜ ਦੇ ਦੁਖਦੇ ਪੈਰ ਉਤੇ ਪੈਰ ਰੱਖ ਦਿੱਤਾ ਹੋਵੇ, “ਤੂੰ ਬੀਬੀ ਤੋਂ ਕੀ ਦਹੀਂ ਲੈਣੀ ਐਂ? ਕੁੱਤੇ ਦੀ ਪੂਛ ਐਂ ਤੂੰ, ਬਾਰਾਂ ਸਾਲਾਂ ਪਿੱਛੋਂ ਵੀ ਵਿੰਗੀ ਦੀ ਵਿੰਗੀ। ਭੌਂਕਣੋ ਹਟ ਜਾਇਆ ਕਰ ਕਿਸੇ ਵੇਲੇ।” ਗੱਲ ਉਸ ਸਮੇਂ ਤਾਂ ਬਿਲਕੁਲ ਸਾਫ਼ ਹੋ ਜਾਂਦੀ ਹੈ ਜਦੋਂ ਸਾਹਿਬ ਆਪਣੇ ਸਾਂਢੂ ਦੇ ਸੁਲਾਹ ਦੇ ਜਤਨਾਂ ਦੇ ਜਵਾਬ ਵਿਚ ਆਖਦਾ ਹੈ, “ਵੇਖੋ ਤਸੀਲਦਾਰ ਸਾਹਿਬ, ਮੈਂ ਬੜਾ ਭੈੜਾ ਬੰਦਾ ਆਂ। ਮੈਂ ਓਸ ਜ਼ਨਾਨੀ ਦੇ ਪੈਰੀਂ ਕਿਉਂ ਪਵਾਂ ਜਾ ਕੇ? ਆਵੇ, ਨਾ ਆਵੇ।”

ਘਰੇਲੂ ਪ੍ਰੇਸ਼ਾਨੀ ਤੋਂ ਇਲਾਵਾ ਜੱਜ ਦੇ ਖਿਝੇ ਰਹਿਣ ਦਾ ਇਕ ਹੋਰ ਕਾਰਨ ਸੀ ਜੋ ਲੇਖਾਂ ਦੀਆਂ ਅਨੇਕ ਘਟਨਾਵਾਂ ਵਿਚੋਂ ਉਭਰਦਾ ਸੀ। ਇਹ ਉਹਦਾ ਨਿੰਦਰ ਨਾਲ ਧੁਰ ਅੰਦਰੋਂ ਈਰਖਾ ਕਰਨਾ ਅਤੇ ਖਾਰ ਖਾਣਾ ਸੀ। ਰੱਬ ਹੀ ਜਾਣੇ, ਉਹ ਵੀ ਇਸ ਬਾਰੇ ਸਚੇਤ ਸੀ ਕਿ ਨਹੀਂ ਅਤੇ ਇਹ ਵੀ ਇਹ ਗੱਲ ਸਮਝਦਾ ਸੀ ਕਿ ਨਹੀਂ। ਉਹ ਗੱਲ-ਗੱਲ ਉਤੇ ਇਹਨੂੰ ਨਹੀਂ, ਇਹਦੀ ਕਲਾ ਨੂੰ ਗਾਲ਼ਾਂ ਦਿੰਦਾ ਸੀ। ਕਿੱਥੇ ਉਹ ਇਕ ਜੱਜ, ਪਰ ਉਹਨੂੰ ਸਬੰਧਿਤ ਲੋਕਾਂ ਤੋਂ ਬਿਨਾਂ ਕੋਈ ਨਹੀਂ ਸੀ ਜਾਣਦਾ ਅਤੇ ਕਿੱਥੇ ਇਹ ਅਰਦਲੀ, ਜਿਸ ਦੀਆਂ ਫ਼ੋਟੋ ਤੇ ਲਿਖਤਾਂ ਅਖ਼ਬਾਰਾਂ ਵਿਚ ਛਪਦੀਆਂ ਸਨ, ਜੋ ਸਾਹਿਤਕ ਇਕੱਠਾਂ ਵਿਚ ਸ਼ਾਮਿਲ ਹੁੰਦਾ ਸੀ ਅਤੇ ਜਿਸ ਨੂੰ ਰੇਡੀਓ ਤੇ ਟੈਲੀਵਿਜ਼ਨ ਉਤੇ ਬੁਲਾਇਆ ਜਾਂਦਾ ਸੀ। ਉਹ ਦਿਨੇ ਇਹਤੋਂ ਵਾਲ ਝਸਵਾ ਕੇ, ਸ਼ਾਮ ਨੂੰ ਪੀਣ ਮਗਰੋਂ “ਵਾਲ ਦੁਖਣ ਲਾ ਦਿੱਤੇ ਤੇ ਸਾਰੇ ਦੇ ਸਾਰੇ ਪੱਟ ਦਿੱਤੇ” ਆਖ ਕੇ ਕਹਿੰਦਾ ਹੈ, “ਕੋਈ ਨਾ ਪੁੱਤ, ਕੋਈ ਨਾ, ਤੈਨੂੰ ਮੈਂ ਬਣਾਊਂ ਵੱਡਾ ਗਵੱਈਆ! ਸਾਲਾ ਵੱਡਾ ਗਵੱਈਆ, ਆ ਗਿਐ, ਟੁੰਗ-ਲੁੰਗ-ਲੁੰਗ, ਮਰਾਸੀ ਕਿਤੋਂ ਦਾ ਮੇਰੇ



*ਸ. ਪਰਕਾਸ਼ ਸਿੰਘ ਬਾਦਲ ਤੋਂ ਪੰਜਾਬ ਸਰਕਾਰ ਦਾ ਸਨਮਾਨ ਪ੍ਰਾਪਤ ਕਰਦਿਆਂ*

ਪੇਸ਼ ਪੈ ਗਿਆ।” ਤੇ ਸਮੇਂ-ਸਮੇਂ ਉਹਦਾ ਇਹ ਨਿੰਦਿਆ-ਰਾਗ ਜਾਰੀ ਰਹਿੰਦਾ ਹੈ, “ਕੰਮ ਵੇਲੇ ਹੱਥ ਠਰਦੇ ਐ, ਟੁੰਗ-ਲੁੰਗ-ਲੁੰਗ ਕਰਨ ਨੂੰ ਕਿਵੇਂ ਚਲਦੇ ਐ ਸਾਰੀ ਦਿਹਾੜੀ? ... ਭੰਨਾਂ ਤੇਰੀਆਂ ਟੰਗਾਂ ਸਾਲਿਆ ਵੱਡਿਆ ਗਵੱਈਆ। ... ਮੈਂ ਕਰਦੈਂ ਤੇਰਾ ਹੀਲਾ-ਵਸੀਲਾ, ਵੱਡੇ ਗਵੱਈਏ ਦਾ। ਕਿਵੇਂ ਖੜ੍ਹਾ ਐ ਸਾਲਾ ਆਕੜਿਆ ਕੋਹੜ-ਕਿਰਲੇ ਵਾਂਗੂੰ, ਮੰਤਰੀਆਂ ਦੇ ਨਾਲ। ਗਲ ‘ਚ ਹਾਰ ਪਾਏ ਐ। ਬੂਥੀ ਹਾਰਾਂ ਆਲੀ ਐ ਤੇਰੀ? ਤੇਰੇ ਗਲ ਵਿਚ ਜੇ ਮੈਂ ਟੁੱਟੇ ਛਿੱਤਰਾਂ ਦੇ ਹਾਰ ਨਾ ਪਾਏ ਤਾਂ ਤੂੰ ਫੇਰ ਕਹੀਂ। ਆ ਗਿਆ ਵੱਡਾ ਗਵੱਈਆ ਤੂੰ, ਭੰਨੂੰ ਤੇਰੀਆਂ ਟੰਗਾਂ ਮੈਂ। ਤੇਰੀ ਤੁੰਗ-ਲੁੰਗ ਭੰਨਾਂ ਕਿ ਤੇਰੀ ਧੌਣ? ਦੋਵਾਂ ਵਿਚੋਂ ਕਿਹੜੀ ਭੰਨਾਂ? ਦੱਸ ਮੈਨੂੰ, ਕਿਹੜੀ ਭੰਨਾਂ ਓਇ, ਜੇ ਤੇਰੀ ਉਂਗਲ ਵੱਢ ਦਿਆਂ ਮੈਂ ਹੁਣੇ, ਤੇਰੀ ਤੁੰਗ-ਲੁੰਗ ਕਿਵੇਂ ਵੱਜੂ? ਵੱਜੂਗੀ? ਜੇ ਵੱਜੂ ਤਾਂ ਦੱਸ ਉਏ।”

ਕਿਥੇ ਤਾਂ ਮੁੱਢਲੇ ਦਿਨੀਂ ਜੱਜ ਇਹਨੂੰ “ਕਮਾਲ ਕਰ ਦਿੱਤੀ” ਅਤੇ “ਤੇਰੇ ਕੋਲ ਕਲਾ ਐ” ਆਖ ਕੇ ਅਰਦਲੀ ਬਣੇ ਰਹਿਣ ਦੀ ਥਾਂ



*ਸਵਰਗੀ ਗਿਆਨੀ ਜ਼ੈਲ ਸਿੰਘ ਪੁਸਤਕ ‘ਤੂੰਬੀ ਦੇ ਵਾਰਿਸ’ ਰਿਲੀਜ਼ ਕਰਦਿਆਂ*

ਸਟੇਜਾਂ ਉਤੇ ਗਾਉਣ ਦੀ ਤੇ ਖੁੱਲ੍ਹੀ ਮਾਇਆ ਕਮਾਉਣ ਦੀ ਸਲਾਹ ਅਤੇ ਪ੍ਰੇਰਨਾ ਦਿੰਦਾ ਹੈ, ਕਿੱਥੇ ਹੁਣ ਉਚਰਦਾ ਹੈ, “ਹੈਂਅ ਓਏ ਮਰਾਸੀਆ, ਜੇ ਤੂੰ ਹਾਅ ਤੂੰਬੀ ਫੜ ਕੇ ਬੱਸਾਂ ਜਾਂ ਰੇਲ-ਗੱਡੀਆਂ ਵਿਚ ਗਾਣੇ ਸੁਣਾਵੇਂ ਲੋਕਾਂ ਨੂੰ, ਤੇ ਹੱਥ ਵਿਚ ਇਕ ਠੂਠਾ ਜਿਆ ਫੜ ਲਵੇਂ, ਤਾਂ ਤੈਨੂੰ ਘਾਟਾ ਤਾਂ ਕੋਈ ਨਹੀਂ ਰਹਿਣਾ ਉਏ”, ਤੇ ਉਹ “ਹੀਂ ਹੀਂ ਹੀਂ” ਹਸਦਾ ਹੈ। ਸਭ ਤੋਂ ਹਸਾਉਣਾ ਤੇ ਹਾਸੋਹੀਣਾ ਤਾਂ ਉਹ ਦ੍ਰਿਸ਼ ਹੈ ਜਦੋਂ ਕਦੀ ਵੀ ਨਾ ਗਾਇਆ ਅਤੇ ਨਾ ਵਜਾਇਆ ਹੋਣ ਦੇ ਬਾਵਜੂਦ ਜੱਜ ਆਪ ਇਹਤੋਂ ਚੰਗਾ ਗਮੰਤਰੀ ਅਤੇ ਵਜੰਤਰੀ ਹੋਣ ਦਾ ਦਾਅਵਾ ਕਰ ਕੇ ਤੂੰਬੀ ਫੜ ਲੈਂਦਾ ਹੈ ਅਤੇ ਗਾਉਣ ਲਗਦਾ ਹੈ। ਜੋ ਘਰਾਟ ਰਾਗ ਉਹਦੇ ਮੂੰਹੋਂ ਨਿਕਲਦਾ ਹੈ ਅਤੇ ਜੋ ਰੁਦਨ ਤੇ ਵਿਰਲਾਪ ਬਿਚਾਰੀ ਤੂੰਬੀ ਦੀਆਂ ਤਾਰਾਂ ਵਿਚੋਂ ਉਪਜਦਾ ਹੈ, ਉਹਦਾ ਪੂਰਾ ਵਰਣਨ ਤਾਂ ਪੜ੍ਹਿਆਂ ਹੀ ਬਣਦਾ ਹੈ।

ਜੱਜ ਪਹਿਲੇ ਵੀਹ-ਪੱਚੀ ਦਿਨ ਵਾਹਵਾ ਰਿਹਾ ਸੀ। ਕੀੜਾ ਉਹਨੂੰ ਉਸ ਪਿੱਛੋਂ ਹੀ ਲੜਿਆ ਸੀ। ਇਸ ਦੌਰ ਵਿਚ ਵੀ ਉਹ ਬਿਨ-ਪੀਤਿਆਂ ਵਾਹਵਾ ਠੀਕ ਰਹਿੰਦਾ ਸੀ ਪਰ ਗਲਾਸੀ ਅੰਦਰ ਜਾਂਦਿਆਂ ਹੀ ਉਹਦੇ ਤੌਰ ਬਦਲ ਜਾਂਦੇ ਸਨ। ਤੇ ਗਲਾਸੀ ਰੋਜ਼ ਸ਼ਾਮ ਨੂੰ ਅੰਦਰ ਜਾਂਦੀ ਸੀ ਜਿਸ ਦੇ ਨਾਲ ਹੀ ਉਹਦੀ ਨੌਟੰਕੀ ਸ਼ੁਰੂ ਹੋ ਜਾਂਦੀ ਸੀ। ਬਦਲੀ ਹੁੰਦਿਆਂ ਹੀ ਉਹ ਪੰਘਰ ਕੇ ਫੇਰ ਮੁੱਢਲੇ ਦਿਨਾਂ ਵਰਗਾ ਹੋ ਜਾਂਦਾ ਹੈ, “ਓਏ ਨਿੰਦਰਿਆ, ਗੱਲ ਸੁਣ ਓਏ, ਤੇਰੀ ਤੂੰਬੀ ਕੀ ਆਂਹਦੀ ਐ, ਟੁੰਗ-ਲੁੰਗ-ਲੁੰਗ? ਹੁਣ ਤੇਰੀ ਤੂੰਬੀ ਕੌਣ ਸੁਣੂ ਓਏ? ਮੈਂ ਕਿਵੇਂ ਸੁਣੂੰ ਹੁਣ ਤੇਰੀ ਤੂੰਬੀ? ਉਰ੍ਹੇ ਆ ਐਧਰ ਮੇਰੇ ਕੋਲ, ਆ ਉਰ੍ਹੇ। ਗੱਲ ਸੁਣ ਉਏ ਪੁੱਤ, ਤੇਰੀ ਟੁੰਗ-ਲੁੰਗ-ਲੁੰਗ, ਦੱਸ ਮੈਨੂੰ, ਮੈਂ ਕਿਵੇਂ ਸੁਣੂੰ?” ਉਹ ਇਹਨੂੰ ਆਪਣੇ ਕੋਲ ਬਿਠਾਉਂਦਾ ਹੈ, ਅੱਖਾਂ ਭਰ ਲੈਂਦਾ ਹੈ, ਇਹਨੂੰ ਗਲਵੱਕੜੀ ਵਿਚ ਲੈ ਲੈਂਦਾ ਹੈ, ਜੁਆਕਾਂ ਵਾਂਗ ਰੋ ਪੈਂਦਾ ਹੈ ਅਤੇ ਇਕ ਪੈਗ ਹੋਰ ਅੰਦਰ ਸੁੱਟ ਕੇ ਆਖਦਾ ਹੈ, “ਗੱਲ ਸੁਣ ਓਏ ਪੁੱਤ, ਹੁਣ ਜਾਂਦੀ ਵਾਰੀ ਗੌਣ ਸੁਣਾ ਦੇ। ਕੋਈ ਗਾ ਯਮਲੇ ਜੱਟ ਦਾ।” ਤੇ ਗੀਤ ਸੁਣ ਕੇ ਉਹਦੇ ਹਵਾਲੇ ਨਾਲ ਆਖਦਾ ਹੈ, “ਓਏ ਨਿੰਦਰਿਆ, ਓਏ ਹੁਣ ਅਸੀਂ ਵੀ ਦੂਰ ਦੇ ਸੱਜਣ ਹੋ ਗਏ ਓਏ। ਕੱਲ੍ਹ ਨੂੰ ਅਸੀਂ ਵੀ ਦੂਰ ਚਲੇ ਜਾਣਾ ਐ। ਓਏ ਨਿੰਦਰੀ, ਤੇਰੀ ਟੁੰਗ-ਲੁੰਗ-ਟੁੰਗ-ਲੁੰਗ ਕਿੱਥੋਂ ਸੁਣੂੰ ਹੁਣ? ਪੁੱਤ ਤੂੰ ਮੇਰੇ ਨਾਲ ਈ ਚੱਲ। ਮੈਂ ਤਾਂ ਤੈਨੂੰ ਨਾਲ ਈ ਲਿਜਾਣਾ ਐ। ਵੇਖੂੰ ਮੈਂ ਕਿਹੜਾ ਰੋਕਦਾ ਐ ਤੈਨੂੰ।”

ਤੇ ਪਾਠਕ ਹੈਰਾਨ ਹੁੰਦਾ ਹੈ, ਕਿਤੇ ਜੱਜ ਹਾਲਾਤ ਦੀ ਮਾਰ ਦਾ ਅਬੈੜਾ ਬਣਾਇਆ ਹੋਇਆ ਮੂਲ ਰੂਪ ਵਿਚ ਨਰਮ-ਦਿਲ ਤੇ ਜਜ਼ਬਾਤੀ ਆਦਮੀ ਤਾਂ ਨਹੀਂ? ਕਿਤੇ ਉਹ ਮਨੋਰੋਗੀ ਤਾਂ ਨਹੀਂ?

ਇਹ ਸਾਰਾ ਸਮਾਂ ਨਿੰਦਰ ਘੁਗਿਆਣਵੀ “ਦੜ ਵੱਟ, ਜ਼ਮਾਨਾ ਕੱਟ, ਭਲੇ ਦਿਨ ਆਵਣਗੇ” ਗਾਉਂਦਿਆਂ ਤੇ ਸੋਚਦਿਆਂ ਲੰਘਾਉਂਦਾ ਹੈ। ਤੇ ਇਹਦੇ ਲਈ ਭਲੇ ਦਿਨ ਲਿਆਉਣ ਵਿਚ ਤੀਜੇ ਸਾਹਿਬ ਦੀ ਉਜੱਡ ਪਤਨੀ ਸਹਾਈ ਹੁੰਦੀ ਹੈ ਜਦੋਂ ਉਹ ਇਹਨੂੰ ਸਵੀਟੀ ਦੇ ਪਿਸ਼ਾਬ ਉਤੇ ਪੋਚਾ ਮਾਰਨ ਲਈ ਆਖਦੀ ਹੈ। ਇਹਦਾ ਸਵੈਮਾਣ ਜਾਗ ਪੈਂਦਾ ਹੈ ਅਤੇ ਇਹ ਸਹੇ ਨਾਲੋਂ ਵੱਧ ਪਹੇ ਤੋਂ ਡਰਦਾ ਹੈ, “ਮੈਂ ਨੀ, ਬੀਬੀ ਜੀ, ਪੋਚਾ-ਪੂਚਾ ਮਾਰਨਾ, ਮੈਂ ਥੋਨੂੰ ਦੱਸਾਂ, ਮੈਂ ਨੀ ਮਾਰਨਾ ਪੋਚਾ। ਭਲਕੇ ਕਹੋਂਗੇ, ਸਾਡੇ ਜੁਆਕਾਂ ਦੀ ਲੈਟਰਿਨ ਚੁੱਕ।” ਤੇ ਇਹ ਗੀਤ ਇਹਦੇ ਲਈ ਇਹ ਰੂਪ ਧਾਰਨ ਕਰ ਲੈਂਦਾ ਹੈ, “ਦੜ ਵੱਟਿਆ, ਜ਼ਮਾਨਾ ਕੱਟਿਆ, ਭਲੇ ਦਿਨ ਆ ਗਏ ਓਏ!” ਇਹ ਗੁਲਾਮੀ ਵਰਗੀ ਨੌਕਰੀ ਤੋਂ ਪਿੱਛਾ ਛੁਡਾ ਕੇ ਆਜ਼ਾਦ ਹੋ ਭੱਜ ਤੁਰਦਾ ਹੈ।

2001 ਵਿਚ ਇਹਨੇ ਉਨ੍ਹਾਂ ਲੇਖਾਂ ਨੂੰ ‘ਮੈਂ ਸਾਂ ਜੱਜ ਦਾ ਅਰਦਲੀ’ ਨਾਂ ਦੀ ਪੁਸਤਕ ਦਾ ਰੂਪ ਦੇਣ ਦਾ ਫ਼ੈਸਲਾ ਕੀਤਾ ਤੇ ਮੈਨੂੰ ਮੁੱਖ-ਸ਼ਬਦ ਲਿਖਣ ਲਈ ਕਿਹਾ। ਇਕ ਥਾਂ ਨਿੰਦਰ ਘੁਗਿਆਣਵੀ ਨੇ ਛੋਟੀ ਉਮਰ ਵਿਚ ਪਾਠ ਕਰਨ ਦੀ ਚੇਟਕ ਬਾਰੇ ਲਿਖਿਆ ਸੀ। ਉਹਨੇ ਦਸਿਆ ਸੀ ਕਿ ਕਿਤੇ ਕਿਸੇ ਅਖੰਡ ਪਾਠ ਲਈ ਪਾਠੀ ਥੁੜ ਜਾਂਦਾ ਸੀ ਤਾਂ ਇਲਾਕੇ ਦੇ ਪਾਠੀ ਸਿੰਘ ਇਹਨੂੰ ਲੈ ਜਾਂਦੇ ਸਨ। ਹੁਣ ਜਦੋਂ ਪੰਜਾਬੀ ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ ਕਾਫ਼ੀ ਵਿਕਾਸ ਕਰ ਰਹੀਆਂ ਹਨ, ਚੰਗੇ ਵਾਰਤਕਕਾਰਾਂ ਦੀ ਅਜੇ ਵੀ ਥੁੜ ਹੈ। ਮੁੱਖ-ਸ਼ਬਦਾਂ ਵਿਚ ਮੈਂ ਕਾਮਨਾ ਕੀਤੀ, ਥੁੜੇ ਪਾਠੀ ਦੀ ਥਾਂ ਲੈਣ ਵਾਂਗ ਇਹ ਥੁੜੇ ਵਾਰਤਕਕਾਰ ਦੀ ਥਾਂ ਵੀ ਲਵੇ। ਮੈਂ ਲਿਖਿਆ, ਇਸ ਵਿਚ ਚੰਗਾ ਵਾਰਤਕਕਾਰ ਬਣਨ ਦੀ ਪੂਰੀ ਸੰਭਾਵਨਾ ਹੈ, ਜੋ ਇਸ ਪੁਸਤਕ ਵਿਚ ਭਲੀਭਾਂਤ ਉਜਾਗਰ ਹੋਈ ਹੈ। ਇਹਤੋਂ ਇਲਾਵਾ ਉਪਰੋਕਤ ਸਾਰੇ ਵਿਚਾਰ ਵੀ ਮੈਂ ਮੁੱਖ-ਸ਼ਬਦਾਂ ਵਿਚ ਸਮੋ ਦਿੱਤੇ। ਵਿਸ਼ੇ ਦੀ ਨਵੀਨਤਾ ਦੇ ਨਾਲ ਨਾਲ ਪਾਠਕਾਂ ਲਈ ਦਿਲਚਸਪ ਹੋਣ ਦਾ ਮੇਰਾ ਲੱਖਣ ਠੀਕ ਨਿਕਲਿਆ। ਹੁਣੇ ਹੁਣੇ ਉਸ ਪੁਸਤਕ ਦੀ 7ਵੀਂ ਐਡੀਸ਼ਨ ਛਪੀ ਹੈ।

ਨਿੰਦਰ ਘੁਗਿਆਣਵੀ ਦੀ ਕਲਮੀ ਸਰਗਰਮੀ, ਲਗਨ ਤੇ ਹਿੰਮਤ ਦਾ ਅੰਦਾਜ਼ਾ ਇਥੋਂ ਲਾਇਆ ਜਾ ਸਕਦਾ ਹੈ ਕਿ ਇਹਨੇ ਦਸ-ਬਾਰਾਂ ਸਾਲਾਂ ਮਗਰੋਂ ਹੁਣ ਜੋ ਪੁਸਤਕ ‘ਠੰਢੀ ਧਰਤੀ, ਤਪਦੇ ਲੋਕ’ ਮੈਨੂੰ ਕੁਛ ਸ਼ਬਦ ਲਿਖਣ ਲਈ ਭੇਜੀ ਹੈ, ਉਹ ਇਹਦੀ ਅਠੱਤੀਵੀਂ ਪੁਸਤਕ ਹੈ।

---

# ਭੇਤੀ ਬੰਦੇ

*(ਪਿਛਲੇ ਸਫੇ ਤੋਂ ਜਾਰੀ)*

ਜਾਂਦੇ ਆ,” ਕਾਨ੍ਹੇ ਦੇ ਮਗਰ ਆਉਂਦੇ ਸਿਪਾਹੀ ਨੇ ਦਬਵੀਂ ਆਵਾਜ਼ ‘ਚ ਕਹਿੰਦਿਆਂ ਕਾਨ੍ਹੇ ਦੀ ਪਿੱਠ ‘ਤੇ ਡੰਡੇ ਦੀ ਹੁੱਝ ਮਾਰੀ।

ਸੱਚੀਂ ਮੁੱਚੀਂ ਜਿਵੇਂ ਕੋਈ ਕੰਧਾਂ ਤੋਂ ਮਿੱਟੀ ਝਾੜਦਾ ਹੈ। ਜਿਵੇਂ ਬੱਕਰੇ ਨੂੰ ਹਲਾਲ ਕੀਤਾ ਜਾ ਰਿਹਾ ਹੋਵੇ। ਜਿਵੇਂ ਆਵਾਜ਼ ਨੂੰ ਕੋਈ ਬੰਨ੍ਹਣ ਦੀ ਕੋਸ਼ਿਸ਼ ਕਰ ਰਿਹਾ ਹੋਵੇ।

“ਦੇਖੂੰ ਮੈਂ ਕਿੱਦਾਂ ਤੁਸੀਂ ਮੂੰਹ ‘ਚੋਂ ਵਾਜ਼ ਵੀ ਕਢਦੇ ਆਂ, ਜੀਭਾਂ ਨਾ ਕੁਤਰ ਦਿੱਤੀਆਂ ਤਾਂ,” ਰੋਅਬਦਾਰ ਬੋਲਾਂ ਤੋਂ ਕੰਧਾਂ ਕੰਬ ਕੰਬ ਜਾ ਰਹੀਆਂ ਸਨ।

ਜਦੋਂ ਬੱਸ ਅੱਡੇ ਵਿਚ ਦੁਕਾਨਾਂ ਵਾਲਿਆਂ ਨੂੰ ਭਾਨੇ ਤੇ ਕਾਨ੍ਹੇ ਪੁਲਿਸ ਦੇ ਲੈ ਜਾਣ ਬਾਰੇ ਪਤਾ ਲੱਗਾ ਤਾਂ ਦਿਨ ਦੇ ਦੱਸ ਵੱਜਣ ਵਾਲੇ ਸਨ। ਹਰਜੀਤ ਸਿੰਘ ਫਰੂਟਵਾਲਾ ਦੌੜ ਕੇ ਅਖ਼ਬਾਰਾਂ ਵਾਲੇ ਭੱਲੇ ਨੂੰ ਲੈਣ ਚਲਾ ਗਿਆ ਤੇ ਸੋਡਾ ਵਾਟਰ ਵਾਲਾ ਭਗਤ ਚੰਦ ਛੇ ਸੱਤ ਜਾਣਿਆਂ ਨੂੰ ਲੈ ਕੇ ਥਾਣੇ ਆ ਗਿਆ।

ਅਖ਼ਬਾਰ ਵਾਲੇ ਭੱਲੇ ਨੇ ਕੋਈ ਗੱਲ ਪਿੜ ਪੱਲੇ ਨਾ ਪਾਈ।

ਤੇ ਹੁਣ ਹਸਪਤਾਲ ਦੇ ਐਮਰਜੈਂਸੀ ਵਾਰਡ ਵਿਚ ਸਾਡੇ ਸਾਹਮਣੇ ਕਾਨ੍ਹਾ ਮੰਜੇ ‘ਤੇ ਬੇਹੋਸ਼ ਪਿਆ ਸੀ। ਮਿੱਟੀ ਤੇ ਲਹੂ ਨਾਲ ਭਰੇ ਲੀੜੇ, ਮੂੰਹ ਦੁਆਲੇ ਜੰਮੇ ਲਹੂ ਦੀਆਂ ਪੇਪੜੀਆਂ, ਵੱਖੀ ਤੋਂ ਪਾਟਿਆ ਕੁੜਤਾ ਜਿਹਦੇ ਅੰਦਰ ਨੀਲਾ ਪਿਆ ਪਿੰਡਾ ਵੀ ਦਿਸ ਰਿਹਾ ਸੀ।

ਨਰਸ ਦੋ ਵਾਰੀ ਆ ਕੇ ਉਹਨੂੰ ਦੇਖ ਕੇ ਗਈ। ਗੁਲੂਕੋਜ਼ ਦੀ ਬੋਤਲ ਮੁੱਕਣ ਵਾਲੀ ਸੀ।

ਜਿਹੜਾ ਡਰਾਈਵਰ ਆਪਣੇ ਪਿੰਡੋਂ, ਟਰਾਲੀ ‘ਚ ਕਾਨ੍ਹੇ ਨੂੰ ਪਾ ਕੇ ਲਿਆਇਆ ਸੀ ਉਹ ਸਾਡੇ ਕੋਲ ਖੜ੍ਹਾ ਦੱਸ ਰਿਹਾ ਸੀ, “ਇਹ ਕੱਲਾ ਈ ਟੋਇਆਂ ‘ਚ ਪਿਆ ਸੀ, ਮਾਰ ਕੁੱਟ ਕੇ ਸੁੱਟਿਆ...ਪਛਾਣਿਆ ਨਾ ਜਾਵੇ। ਮੈਂ ਕਿਹਾ ਇਹ ਤਾਂ ਸਾਡਾ ਸਾਨਗੀ ਵਾਲਾ ਕਾਨ੍ਹੈ...ਬਈ ਇਹ ਕਿੱਥੇ...। ਭਰਾਵੋ ਓਸੇ ਵੇਲੇ ਪਾਣੀ ਲਿਆ ਕੇ ਮੂੰਹ ‘ਚ ਪਾਇਆ ‘ਤੇ ਚੁੱਕ ਕੇ ਲੈ ਆਂਦਾ।”

“ਜੇ ਹੋਰ ਘੜੀ ਪਿਆ ਰਹਿੰਦਾ ਤਾਂ ਗਿਆ ਸੀ,” ਭਗਤ ਚੰਦ ਹੌਲੀ ਜਿਹੇ ਬੋਲਿਆ।

“ਬਈ ਭਾਨਾ ਫੇ ਕਿਥੇ ਗਿਆ?” ਹਰਜੀਤ ਸਿੰਘ ਨੇ ਕਿਹਾ, “ਤੁਸੀਂ ਅੱਗੇ ਪਿੱਛੇ ਨਿਗ੍ਹਾ ਮਾਰਨੀ ਸੀ...ਕੀ ਪਤਾ ਭਾਨਾ ਵੀ ਉਥੇ ਈ ਹੋਵੇ,” ਉਹਨੇ ਡਰਾਈਵਰ ਨੂੰ ਕਿਹਾ।

“ਬੰਦੇ ਚੰਗੇ ਸੀ...ਬੜਾ ਦਿਲ ਲਾਉਂਦੇ ਸੀ...ਬੱਸ ਹੁਣ ਤਾਂ ਆਖ਼ਰੀ ਦਰਸ਼ਨ ਆ,” ਪਾਨ ਵਾਲਾ ਗਿਰਧਾਰੀ ਬੋਲਿਆ। “ਸੱਟਾਂ ਬਹੁਤ ਆ, ਸਿਰ ਵਿਚ ਸੱਟ ਜ਼ਿਆਦਾ...।”

ਤਦ ਕਾਨ੍ਹੇ ਨੇ ਅੱਖਾਂ ਪੁੱਟੀਆਂ। ਅਸੀਂ ਸਾਰੇ ਉਹਦੇ ਨੇੜੇ ਨੂੰ ਝੁਕੇ।

“ਕਾਨ੍ਹਿਆ...ਹੋਸ਼ ਕਰ ਭਾਈ...ਅਸੀਂ ਆਂ ਤੇਰੇ ਕੋਲ,” ਭਗਤ ਚੰਦ ਕਾਨ੍ਹੇ ਦੇ ਨੇੜੇ ਹੋਰ ਝੁਕ ਕੇ ਬੋਲਿਆ।

“ਓਏ ਮੇਰੀ ਸਾਨਗੀ ਕਿਥੇ ਆ, ਭਾਨਿਆ, ਉਹ ਭਾਨਿਆ,” ਕਾਨ੍ਹੇ ਨੇ ਹੱਥ ਨੂੰ ਉਪਰ ਚੁੱਕਿਆ ਪਰ ਹੱਥ ਹੇਠਾਂ ਡਿੱਗ ਪਿਆ, “ਲਿਆ ਮੇਰਾ ਗਜ਼, ਆਹ ਕੀ ਹੋ ਗਿਆ ਮੈਨੂੰ?” ਉਹਨੇ ਉਚੀ ਆਵਾਜ਼ ‘ਚ ਕਿਹਾ ਤੇ ਅੱਖਾਂ ਪੂਰੀਆਂ ਖੋਲ੍ਹ ਦਿੱਤੀਆਂ।

ਅਸੀਂ ਪਿਛਾਂਹ ਹਟ ਗਏ ਤੇ ਇਕ ਦੂਜੇ ਦੀਆਂ ਅੱਖਾਂ ਵਿਚ ਬੈਠੇ ਕਾਨ੍ਹੇ ਨੂੰ ਦੇਖਣ ਲੱਗੇ।

# ਗੀਤ ਸ਼ਗਨਾਂ ਦੇ ਹੋ ਗਏ ਉਦਾਸ...

## ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

ਮਾਰਚ ਮਹੀਨੇ ਦਾ ਪਹਿਲਾ ਹਫਤਾ ਸੀ। ਕਾਲਜ ਵਿਚ ਪੁਰਾਣੇ ਵਿਦਿਆਰਥੀਆਂ ਦੀ ਮਿਲਣੀ ਦਾ ਸਮਾਗਮ ਸੀ। ਕੈਨੇਡਾ, ਅਮਰੀਕਾ ਜਾ ਵਸੇ ਵਿਦਿਆਰਥੀ ਵੀ ਆਪਣੇ ਅਤੀਤ ਦੇ ਦਿਨ ਲੱਭਣ ਆਏ ਹੋਏ ਸਨ। ਕੰਟੀਨ ਵਾਲਾ ਗਿਆਨ ਚਾਚਾ ਵੀ ਅੱਜ ਕਾਫ਼ੀ ਲਿਸ਼ਕਿਆ ਹੋਇਆ ਸੀ ਪਰ ਸਟੇਡੀਅਮ ਦੀਆਂ ਪੌੜੀਆਂ 'ਤੇ ਕੋਈ ਪ੍ਰੇਮੀ ਜੋੜਾ ਕਾਫ਼ੀ ਉਦਾਸ ਦਿਖਾਈ ਦੇ ਰਿਹਾ ਹੈ। ਲੰਮੀ ਚੁੱਪ ਤੋੜਦਿਆਂ ਪ੍ਰਗਟ ਬੋਲਿਆ, "ਸੀਤਲ! ਇਹ ਵਿਆਹ ਰੁਕ ਨਹੀਂ ਸਕਦਾ? ਸਾਡੇ ਕੀਤੇ ਕੌਲ-ਕਰਾਰਾਂ ਦਾ ਕੀ ਬਣੇਗਾ? ਜੋ ਸੁਪਨੇ ਅਸੀਂ ਦੋਹਾਂ ਨੇ ਇਕੱਠਿਆਂ ਦੇਖੇ ਸੀ, ਉਨ੍ਹਾਂ ਦਾ ਕੀ ਬਣੇਗਾ?"

"ਪ੍ਰਗਟ ਜਾਨ! ਤੁਸੀਂ ਸਮਝਣ ਦੀ ਕੋਸ਼ਿਸ਼ ਕਰੋ। ਮੈਂ ਆਪਣੇ ਭਵਿੱਖ ਲਈ ਇਹ ਵਿਆਹ ਨਹੀਂ ਕਰਵਾ ਰਹੀ, ਸਗੋਂ ਮੇਰੇ ਵਿਆਹ ਕਰਵਾਉਣ ਨਾਲ ਤੇਰਾ ਵੀ ਭਵਿੱਖ ਬਣ ਜਾਵੇਗਾ।" ਸੀਤਲ ਨੇ ਜਵਾਬ ਦਿੱਤਾ।

"ਮੇਰੀ ਜਾਨ! ਉਹ ਕਿਵੇਂ, ਮੈਨੂੰ ਦੱਸ ਜਲਦੀ ਦੱਸ?" ਪ੍ਰਗਟ ਬੋਲਿਆ ਨਹੀਂ ਜਿਵੇਂ ਚੀਕਿਆ ਹੋਵੇ।

"ਮੇਰਾ ਹੋਣ ਵਾਲਾ ਪਤੀ ਅਮਰੀਕਾ ਦਾ ਸਿਟੀਜ਼ਨ ਹੈ। ਉਸ ਨੇ ਵਿਆਹ ਕਰਵਾ ਕੇ ਮੈਨੂੰ ਆਪਣੇ ਨਾਲ ਹੀ ਲੈ ਜਾਣਾ ਹੈ। ਜਾਂਦਿਆਂ ਹੀ ਮੈਨੂੰ ਗਰੀਨ ਕਾਰਡ ਮਿਲ ਜਾਣਾ ਹੈ। ਜਦੋਂ ਗਰੀਨ ਕਾਰਡ ਮਿਲ ਗਿਆ, ਮੈਂ ਘਰਵਾਲੇ ਨੂੰ ਲਾਲ ਅੱਖਾਂ ਦਿਖਾਉਣ ਲੱਗ ਪੈਣਾ ਹੈ। ਬੱਸ, ਫਿਰ ਕੀ! ਇਹ ਧਾਗਾ ਉਲਝਿਆ ਸਮਝ। ਮੈਂ ਤੇਰੀ ਹਾਂ, ਤੇਰੀ ਹੀ ਰਹਾਂਗੀ।" ਸੀਤਲ ਨੇ ਪ੍ਰਗਟ ਦੇ ਮੱਥੇ ਤੋਂ ਵਾਲ ਪਰ੍ਹੇ ਕਰਦਿਆਂ ਕਿਹਾ।

"ਇਹ ਕੋਈ ਆਸਾਨ ਨਹੀਂ।" ਪ੍ਰਗਟ ਬੋਲਿਆ।

"ਦੇਖ ਜਾਨ! ਨਾ ਤਾਂ ਤੇਰੇ ਘਰ ਦੇ ਅਮੀਰ ਨੇ, ਜਿਹੜੇ ਤੀਹ ਲੱਖ ਰੁਪਏ ਲਾ ਕੇ ਤੈਨੂੰ ਅਮਰੀਕਾ ਭੇਜ ਦੇਣਗੇ; ਨਾ ਮੇਰਾ ਪਰਿਵਾਰ ਹੀ ਇੰਜ ਕਰ ਸਕਦਾ ਹੈ। ਵਧੀਆ ਤਰੀਕਾ ਇਹੀ ਹੈ ਕਿ ਮੈਂ ਉਸ ਨਾਲ ਚੁੱਪ-ਚਾਪ ਵਿਆਹ ਕਰਵਾ ਕੇ ਉਥੇ ਪਹੁੰਚ ਜਾਵਾਂ, ਤੇ ਬਾਅਦ ਵਿਚ ਤੈਨੂੰ ਸੱਦ ਲਵਾਂ।" ਸੀਤਲ ਸ਼ਾਇਦ ਪ੍ਰਗਟ ਨਾਲੋਂ ਜ਼ਿਆਦਾ ਚੁਸਤ ਸੀ।

"ਪਰ ਮੈਂ ਤੈਨੂੰ ਕਿਸੇ ਦੀਆਂ ਬਾਹਾਂ ਵਿਚ ਕਿਵੇਂ ਦੇਖ ਸਕਦਾ ਹਾਂ।" ਪ੍ਰਗਟ ਬੋਲਿਆ।

"ਜਾਨ! ਜਿਸ ਤਨ ਵਿਚ ਮਨ ਨਹੀਂ ਹੁੰਦਾ, ਉਹ ਤਨ ਲਾਸ਼ ਬਰਾਬਰ ਹੁੰਦਾ ਹੈ। ਮੇਰੇ ਮਨ ਵਿਚ ਤਾਂ ਤੂੰ ਹੈਂ, ਬੱਸ ਤੂੰ!" ਸੀਤਲ ਨੇ ਦੋਵੇਂ ਬਾਹਾਂ ਪ੍ਰਗਟ ਦੇ ਗਲ ਪਾਉਂਦਿਆਂ ਕਿਹਾ।

"ਦੇਖੀਂ ਕਿਤੇ ਅਮਰੀਕਾ ਜਾ ਕੇ ਬਦਲ ਨਾ ਜਾਈਂ। ਹੋਰ ਨਾ ਗਰੀਬ ਨਾਲ ਉਸ ਜੱਟ ਵਰਗੀ ਹੋ ਜਾਵੇ ਜਿਸ ਦੀਆਂ ਅੱਖਾਂ ਅੱਗੇ ਪੱਕੀ ਫਸਲ ਮੱਚ ਕੇ ਤਬਾਹ ਹੋ ਗਈ ਸੀ।" ਪ੍ਰਗਟ ਦੀਆਂ ਅੱਖਾਂ ਵਿਚ ਹੰਝੂ ਸਨ।

ਹਾਲ ਵਿਚੋਂ ਤਾੜੀਆਂ ਦੀ ਗੂੰਜ ਸੁਣਾਈ ਦੇਣ ਲੱਗੀ। ਦੋਵੇਂ ਵਿਛੜਨਾ ਨਹੀਂ ਸਨ ਚਾਹੁੰਦੇ, ਪਰ ਢਲਦੇ ਪ੍ਰਛਾਵਿਆਂ ਨੇ ਉਨ੍ਹਾਂ ਨੂੰ ਆਪਣੇ ਪਿੰਡਾਂ ਵਾਲੇ ਰਾਹ ਤੋਰ ਦਿੱਤਾ। ਕਾਲਜ ਦੇ ਫੰਕਸ਼ਨ ਤੋਂ ਬੇ-ਖ਼ਬਰ ਉਹ ਨਵੀਂ ਜ਼ਿੰਦਗੀ ਦੀਆਂ ਵਿਉਂਤਬੰਦੀਆਂ ਕਰਦੇ ਵਿਛੜ ਗਏ।

ਸੀਤਲ ਦਾ ਵਿਆਹ ਬੜੀ ਧੂਮ-ਧਾਮ ਨਾਲ ਹੋਇਆ। ਉਸ ਦੇ ਸਹੁਰੇ ਖੁਸ਼ ਸਨ, ਉਨ੍ਹਾਂ ਨੂੰ ਲੰਮੀ, ਸੋਹਣੀ ਤੇ ਪੜ੍ਹੀ-ਲਿਖੀ ਨੂੰਹ ਮਿਲ ਗਈ ਹੈ। ਸੀਤਲ ਦਾ ਪਤੀ ਹੈਰੀ ਵੀ ਸੀਤਲ ਦੇ ਹੁਸਨ ਨੂੰ ਦੇਖ ਸ਼ਰਾਬੀ ਹੋਇਆ ਜਾਪਦਾ ਸੀ। ਉਹ ਸੀਤਲ ਨੂੰ ਮੁੜ-ਮੁੜ ਕੇ ਆਪਣੀਆਂ ਬਾਹਾਂ ਵਿਚ ਘੁੱਟ ਰਿਹਾ ਸੀ। ਪੰਜਾਬੀ ਤੇ ਅੰਗਰੇਜ਼ੀ ਦੇ ਗੁਤਾਵੇ ਨਾਲ ਸੀਤਲ ਨੂੰ ਪੁਚਕਾਰ ਰਿਹਾ ਸੀ।

ਮੈਰਿਜ ਪੈਲੇਸ ਤੋਂ ਹੀ ਡੋਲੀ ਵਿਦਾ ਕਰ ਦਿੱਤੀ ਗਈ। ਸੀਤਲ ਨੇ ਜਦੋਂ ਸਹੁਰਿਆਂ ਦੀ ਦਹਿਲੀਜ਼ 'ਤੇ ਪਹਿਲਾ ਪੈਰ ਰੱਖਿਆ, ਤਾਂ ਕਿਲ੍ਹੇ ਵਰਗੀ ਤਿੰਨ ਮੰਜ਼ਿਲੀ ਕੋਠੀ ਦੇਖ ਕੇ ਹੈਰਾਨ ਹੋ ਗਈ। ਮਾਪਿਆਂ ਦਾ ਤਿੰਨ ਕਮਰੇ ਦਾ ਘਰ ਉਸ ਨੂੰ ਤੰਗ ਜਿਹਾ ਲੱਗਣ ਲੱਗਿਆ। ਉਸ ਨੂੰ ਅਮਰੀਕਾ ਵਾਲੇ ਬੜੇ ਚੰਗੇ ਦਿਖਾਈ ਦੇਣ ਲੱਗੇ। ਜਦੋਂ ਉਸ ਨੇ ਹੈਰੀ ਵੱਲ ਦੇਖਿਆ, ਤਾਂ ਝੱਟ ਉਸ ਨੂੰ ਪ੍ਰਗਟ ਯਾਦ ਆ ਗਿਆ। ਸੀਤਲ ਨੂੰ ਪਤਾ ਹੀ ਨਾ ਲੱਗਿਆ, ਕਦੋਂ ਸੱਸ ਨੇ ਪਾਣੀ ਵਾਰ ਕੇ ਪੀਤਾ, ਤੇ ਪਹਿਲਾਂ ਚੌਂਕੇ ਤੋਂ ਹੈਰੀ ਨੂੰ ਉਤਾਰ ਲਿਆ। ਸਾਰੀਆਂ ਮੇਲਣਾਂ ਹੱਸਣ ਲੱਗੀਆਂ ਕਿ ਹੈਰੀ ਪਹਿਲਾਂ ਉਤਰਿਆ ਹੈ, ਹੁਣ ਤੋਂ ਹੀ ਵਹੁਟੀ 'ਤੇ ਹੈਰੀ ਦਾ ਰੋਹਬ ਰਹੇਗਾ। ਸਾਰੇ ਸ਼ਗਨ-ਵਿਹਾਰ ਹੋ ਚੁੱਕੇ ਸਨ। ਰਾਤ ਪਈ 'ਤੇ ਪ੍ਰਾਹੁਣੇ ਵੀ ਜਾ ਚੁੱਕੇ ਸਨ।

ਕੋਠੀ ਦਾ ਤੀਜੀ ਮੰਜ਼ਿਲ ਵਾਲਾ ਕਮਰਾ ਰੋਸ਼ਨੀ ਨਾਲ ਭਰਿਆ ਹੋਇਆ ਸੀ। ਹੈਰੀ ਨੇ ਸੀਤਲ ਦੇ ਚੰਨ ਵਰਗੇ ਮੁਖੜੇ ਅੱਗੇ ਸਾਰੀ ਰੋਸ਼ਨੀ ਨੂੰ ਨਕਾਰਦਿਆਂ ਬੱਤੀ ਬੁਝਾ ਦਿਤੀ ਅਤੇ ਸੀਤਲ ਦਾ ਮੁੱਖ ਆਪਣੀ ਬੁੱਕਲ ਵਿਚ ਲੈ ਲਿਆ। ਉਹ ਚੰਨ ਨੂੰ ਆਪਣੇ ਤੋਂ ਦੂਰ ਨਹੀਂ ਸੀ ਕਰਨਾ ਚਾਹੁੰਦਾ, ਪਰ ਸੂਰਜ ਦੀ ਵਾਰੀ ਆਉਂਦਿਆਂ ਹੀ ਚੰਨ ਬਾਹਾਂ ਤੋਂ ਦੂਰ ਹੋ ਗਿਆ।

ਤਿੰਨ ਮਹੀਨੇ ਹੈਰੀ ਨੇ ਸੀਤਲ ਨੂੰ ਬਹੁਤ ਘੁਮਾਇਆ, ਤੇ ਕਾਗਜ਼ ਬਣਵਾ ਕੇ ਨਾਲ ਹੀ ਲੈ ਆਇਆ। ਸਾਰਾ ਪਰਿਵਾਰ ਅਗਾਂਹ ਏਅਰਪੋਰਟ 'ਤੇ ਲੈਣ ਆਇਆ। ਗਰੀਬ ਘਰ ਦੀ ਧੀ ਲਈ ਇਹ ਸਵਰਗ ਤੋਂ ਘੱਟ ਨਹੀਂ ਸੀ। ਜਿਸ ਨੇ ਹਮੇਸ਼ਾ ਘਰੋਂ ਨਿਕਲਦਿਆਂ ਰੂੜੀਆਂ ਹੀ ਦੇਖੀਆਂ ਸਨ, ਅੱਜ ਚਾਰੇ ਪਾਸੇ ਸੰਗਮਰਮਰ ਚਮਕ ਰਿਹਾ ਸੀ; ਪਰ ਪ੍ਰਗਟ ਦੇ ਪਿਆਰ ਨੇ ਸੀਤਲ ਨੂੰ ਹੈਰੀ ਦੀ ਬਣਨ ਨਹੀਂ ਦਿੱਤਾ। ਉਸ ਨੇ ਗਰੀਨ ਕਾਰਡ ਲੈਂਦਿਆਂ ਹੀ ਆਪਣਾ ਰੰਗ ਬਦਲਣਾ ਸ਼ੁਰੂ ਕਰ ਦਿੱਤਾ। ਗੱਲ ਗੱਲ 'ਤੇ ਲੜਾਈ ਮੁੱਲ ਲੈਣ ਲੱਗੀ। ਸੀਤਲ ਕਈ ਗੱਲਾਂ ਇਸ ਤਰ੍ਹਾਂ ਦੀਆਂ ਵੀ ਕਰ ਜਾਂਦੀ ਕਿ ਹੈਰੀ ਦਾ ਕੁੱਟਣ ਲਈ ਹੱਥ ਉਠਣ ਲੱਗਦਾ। ਗੱਲ ਜ਼ਿਆਦਾ ਵਧ ਗਈ ਤਾਂ ਸੀਤਲ ਆਪਣੇ ਗਰਾਈਂ ਚਾਚੇ ਕੋਲ ਚਲੀ ਗਈ, ਤੇ ਸਹੁਰਿਆਂ 'ਤੇ ਝੂਠੇ ਇਲਜ਼ਾਮ ਲਾਉਣ ਲੱਗ ਪਈ।

ਚਾਚੇ ਨੇ ਕੁਝ ਦਿਨ ਰੱਖ ਕੇ ਅਗਾਂਹ ਉਸ ਨੂੰ ਬੇਬੀ ਸਿਟਰ ਦੀ ਨੌਕਰੀ ਦਿਵਾ ਦਿੱਤੀ। ਖਾਣਾ-ਪੀਣਾ ਤੇ ਰਹਿਣਾ ਮੁਫਤ ਵਿਚ ਸੀ। ਸੀਤਲ ਪਿੱਛੇ ਆਪਣੇ ਮਾਪਿਆਂ ਨੂੰ ਵੀ ਡਾਲਰ ਭੇਜ ਦਿੰਦੀ, ਤੇ ਪ੍ਰਗਟ ਨੂੰ ਵੀ। ਥੋੜ੍ਹਾ ਸਮਾਂ ਲੰਘਿਆ ਤਾਂ ਸੀਤਲ ਨੂੰ ਦਸ ਸਾਲਾ ਗਰੀਨ ਕਾਰਡ ਮਿਲ ਗਿਆ। ਹੁਣ ਉਸ ਨੇ ਹੈਰੀ ਨਾਲੋਂ ਤਲਾਕ ਲੈਣ ਲਈ ਕਾਗਜ਼ ਭਰ ਦਿੱਤੇ। ਚਾਚੇ ਨੇ ਵੀ ਬਹੁਤ ਸਮਝਾਇਆ ਕਿ ਇੰਜ ਨਾ ਕਰੇ, ਪਰ ਨਹੀਂ! ਤਲਾਕ ਤੋਂ ਬਾਅਦ ਸੀਤਲ ਇੰਡੀਆ ਨੂੰ ਜਹਾਜ਼ ਚੜ੍ਹ ਗਈ। ਪ੍ਰਗਟ ਦੀਆਂ ਬਾਹਾਂ ਵਿਚ ਡਿੱਗਦਿਆਂ ਉਸ ਨੇ ਜਿਵੇਂ ਰੱਬ ਪਾ ਲਿਆ ਹੋਵੇ। ਦੋ-ਚਾਰ ਮਹੀਨੇ ਘੁੰਮਦੀ ਨੇ ਪ੍ਰਗਟ ਨਾਲ ਵਿਆਹ ਕਰਵਾ ਲਿਆ। ਪ੍ਰਗਟ ਨੂੰ ਛੇਤੀ ਸੱਦਣ ਦਾ ਵਾਅਦਾ ਕਰ ਕੇ ਮੁੜ ਜਹਾਜ਼ ਚੜ੍ਹ ਆਈ। ਕੁਝ ਚਿਰ ਬਾਅਦ ਪ੍ਰਗਟ ਅਮਰੀਕਾ ਆ ਗਿਆ। ਸੀਤਲ ਦਾ ਚਾਅ ਚੁੱਕਿਆ ਨਹੀਂ ਸੀ ਜਾਂਦਾ। ਜਿਹੜਾ ਪੇਪਰ ਵਰਕ ਉਸ ਨੇ ਹੈਰੀ ਤੋਂ ਬਣਵਾਇਆ ਸੀ, ਉਹੀ ਸਾਰਾ ਪੇਪਰ ਵਰਕ ਆਪ ਪ੍ਰਗਟ ਨੂੰ ਬਣਾ ਕੇ ਦਿੱਤਾ। ਪ੍ਰਗਟ ਟਰੱਕ ਦਾ ਲਾਇਸੰਸ ਲੈ ਕੇ ਚੰਗੀ ਕਮਾਈ ਕਰਨ ਲੱਗਿਆ। ਪਹਿਲਾਂ ਘਰਦਿਆਂ ਦੇ ਧੋਣੇ ਧੋ ਦਿੱਤੇ।

ਸਮਾਂ ਲੰਘਿਆ, ਤਾਂ ਦੋਵਾਂ ਦੇ ਪਿਆਰ ਵਿਚ ਤਰੇੜ ਆਉਣ ਲੱਗੀ। ਸੀਤਲ ਹਰ ਗੱਲ ਨਾਲ ਹੀ ਪ੍ਰਗਟ ਨੂੰ ਕਹਿ ਦਿੰਦੀ ਕਿ 'ਮੈਂ ਤੈਨੂੰ ਗਲੀਆਂ ਵਿਚ ਫਿਰਦੇ ਨੂੰ ਅਮਰੀਕਾ ਦਿਖਾਇਆ। ਤੇਰੇ ਕਰ ਕੇ ਮੈਂ ਆਪਣਾ ਘਰ-ਬਾਰ ਤਿਆਗ ਦਿੱਤਾ। ਜਿੰਨਾ ਤੈਂ ਸਾਰੀ ਉਮਰ ਕਮਾ ਕੇ ਦੇਣਾ ਹੈ, ਉਤਨਾ ਤਾਂ ਮੈਂ ਬਣਿਆ ਛੱਡ ਕੇ ਆ ਗਈ ਹਾਂ।' ਪ੍ਰਗਟ ਆਪਣੀ ਕਮਾਈ ਪਿੱਛੇ ਭੇਜਦਾ ਰਿਹਾ, ਤੇ ਸੀਤਲ ਸੜਦੀ ਰਹਿੰਦੀ। ਅਖੀਰ ਪਿਆਰ ਦੀ ਪੀਂਘ ਅੱਧਵੱਟੇ ਟੁੱਟ ਗਈ। ਪ੍ਰਗਟ ਨੇ ਸਿਟੀਜ਼ਨ ਹੁੰਦਿਆਂ ਸਾਰ ਸੀਤਲ ਨੂੰ ਛੱਡ ਦਿੱਤਾ।

ਸੀਤਲ ਨੂੰ ਅਮਰੀਕਾ ਰਹਿੰਦਿਆਂ ਹੁਣ ਬਾਰਾਂ ਸਾਲ ਹੋ ਗਏ ਸਨ। ਅਜੇ ਤਕ ਕੋਈ ਬੱਚਾ ਨਹੀਂ ਹੋਇਆ ਸੀ। ਹੁਣ ਤਾਂ ਹੁਸਨ ਵੀ ਟੋਭੇ ਦੀ ਰੇਤ ਵਾਂਗ ਉਡ ਗਿਆ ਸੀ। ਉਸ ਦੇ ਪੱਲੇ ਪਛਤਾਵਾ ਸੀ। ਜੋ ਕੁਝ ਸੋਚਿਆ ਸੀ, ਉਹ ਨਹੀਂ ਸੀ ਹੋਇਆ। ਜੋ ਨਹੀਂ ਸੋਚਿਆ ਸੀ, ਉਹ ਹੋ ਚੁੱਕਾ ਸੀ। ਹੈਰੀ ਦੇ ਘਰ ਦੇ ਦਰਵਾਜ਼ੇ ਵੀ ਉਸ ਲਈ ਬੰਦ ਹੋ ਚੁੱਕੇ ਸਨ। ਉਹ ਹੁਣ ਆਪਣੀ ਨਵੀਂ ਵਹੁਟੀ ਨਾਲ ਵਧੀਆ ਜ਼ਿੰਦਗੀ ਬਤੀਤ ਕਰ ਰਿਹਾ ਸੀ। ਪ੍ਰਗਟ ਵੀ ਇੰਡੀਆ ਜਾ ਕੇ ਵਿਆਹ ਕਰਵਾ ਆਇਆ ਸੀ। ਉਸ ਨੇ ਵੀ ਗਰੀਬ ਘਰ ਦੀ ਧੀ ਨਹੀਂ, ਸਗੋਂ ਅਮੀਰ ਘਰ ਦੀ ਧੀ ਨਾਲ ਵਿਆਹ ਕਰਵਾਇਆ।

ਪ੍ਰਗਟ ਨੇ ਆਉਂਦਿਆਂ ਸਾਰ ਆਪਣਾ ਸ਼ਹਿਰ ਬਦਲ ਲਿਆ। ਸੀਤਲ ਦਾ ਜੀਵਨ ਸਮਾਜਕ ਸਮੁੰਦਰ ਵਿਚ ਗੋਤੇ ਖਾ ਰਿਹਾ ਸੀ। ਇਕ ਦਿਨ ਅਖ਼ਬਾਰ ਵਿਚ ਪੜ੍ਹਿਆ ਕਿ ਰਿਸ਼ਤੇ ਦੀ ਲੋੜ ਹੈ। ਚੰਗੀ ਪ੍ਰਾਪਰਟੀ ਦੇ ਮਾਲਕ ਲਈ ਔਰਤ ਦੀ ਲੋੜ ਹੈ। ਤਲਾਕਸ਼ੁਦਾ ਬੱਚੇ ਤੋਂ ਬਗੈਰ ਵਾਲੀ ਨੂੰ ਪਹਿਲ ਹੈ। ਸੀਤਲ ਨੇ ਫੋਨ ਘੁਮਾਇਆ। ਗੱਲ ਕੀਤੀ ਤਾਂ ਅੱਗੇ ਵਾਲਾ ਉਸ ਤੋਂ ਵੀਹ ਸਾਲ ਵੱਡਾ ਸੀ। ਆਪਣੇ ਵਾਸਤੇ ਪਤਨੀ ਤੇ ਆਪਣੇ ਬੱਚਿਆਂ ਵਾਸਤੇ ਮਾਂ ਚਾਹੁੰਦਾ ਸੀ। ਸੀਤਲ ਉਸ ਬੰਦੇ ਨੂੰ ਮਿਲਣ ਤੋਂ ਬਾਅਦ ਭੁੱਬਾਂ ਮਾਰ ਕੇ ਰੋਈ। ਉਸ ਨੂੰ ਅੱਜ ਪਤਾ ਲੱਗਿਆ ਕਿ ਧਨ ਦੌਲਤ ਕੀ ਹੁੰਦੀ ਹੈ, ਤੇ ਪਿਆਰ ਕੀ ਹੁੰਦਾ ਹੈ! ਅੱਜ ਉਸ ਨੂੰ ਹੈਰੀ ਦੀ ਠੁਕਰਾਈ ਹੋਈ ਦੌਲਤ ਯਾਦ ਆ ਗਈ। ਪ੍ਰਗਟ ਦੇ ਪਿਆਰ ਵਿਚੋਂ ਮਿਲੇ ਧੋਖੇ ਨੂੰ ਉਹ ਭੁੱਲ ਨਾ ਸਕੀ ਜਿਸ ਕਰ ਕੇ ਉਸ ਨੂੰ ਆਹ ਦਿਨ ਦੇਖਣੇ ਪਏ। ਹੁਣ ਪਛਤਾਵੇ ਤੋਂ ਬਿਨਾਂ ਕੁਝ ਪੱਲੇ ਨਹੀਂ। ਕਈਆਂ ਦੇ ਵਿਆਹ 'ਤੇ ਗਾਏ ਸ਼ਗਨਾਂ ਦੇ ਗੀਤ, ਪਛਤਾਵੇ ਦੀਆਂ ਕਵਿਤਾਵਾਂ ਬਣ ਕੇ ਰਹਿ ਜਾਂਦੀਆਂ ਹਨ!

---

## ਗਜ਼ਲ

ਦਰਿਆ ਸਾਗਰ ਭਰਦੇ।
ਦਰਿਆ ਸਾਗਰ ਤਰਦੇ।

ਕਤਰਾ ਕਤਰਾ ਲੈ ਕੇ,
ਦਰਿਆ ਸਾਗਰ ਕਰਦੇ।

ਹੰਝੂਆਂ ਨੇ ਕੀ ਮੁਕਣੈਂ,
ਦਰਿਆ ਸਾਗਰ ਘਰ ਦੇ।

ਇਕ ਪਲੜੇ ਹੰਝ, ਦੂਜੇ,
ਦਰਿਆ ਸਾਗਰ ਧਰ ਦੇ।

ਕਹਿਰ ਕੁਲ ਅਸਮਾਨਾਂ ਦੇ,
ਦਰਿਆ ਸਾਗਰ ਜਰਦੇ।

ਪਾ ਮੇਰੇ ਹੰਝੂਆਂ ਤੇ,
ਦਰਿਆ ਸਾਗਰ ਪਰਦੇ।

ਦਰਿਆ ਖ਼ਾਤਰ ਕਰ ਦਿਲ
ਦਰਿਆ, ਸਾਗਰ ਦਰ ਦੇ।

ਲਾ ਸ਼ਰਤ ਅਥਰੂਆਂ ਸੰਗ,
ਦਰਿਆ ਸਾਗਰ ਹਰਦੇ।

ਛਡ ਪਿਆਸੀ ਧਰਤੀ ਨੂੰ,
ਦਰਿਆ ਸਾਗਰ ਭਰਦੇ।

ਵਿਚ ਪਿਆਸ ਪਪੀਹੇ ਦੀ,
ਦਰਿਆ ਸਾਗਰ ਮਰਦੇ।

ਚਿਤ ਰੋਣ ਨੂੰ ਕਰਦਾ ਹੈ,
ਦਰਿਆ ਸਾਗਰ ਵਰ ਦੇ।

ਬਿਰਹਨ ਦੇ ਨੈਣਾਂ ਚੋਂ,
ਦਰਿਆ ਸਾਗਰ ਵਰ੍ਹਦੇ।

ਰਣਧੀਰ ਨੇ ਅਜ ਰੋਣੈ,
ਦਰਿਆ ਸਾਗਰ ਡਰਦੇ।

*-ਰਣਧੀਰ ਸਿੰਘ*
*ਨਿਊ ਯਾਰਕ*

## ਗਜ਼ਲ

ਦਿਲ ਦੀ ਬਾਤ ਸੁਣਾਉਣੀ ਚਾਹੁੰਦਾਂ।
ਹੁਣ ਮੈਂ ਗੱਲ ਮੁਕਾਉਣੀ ਚਾਹੁੰਦਾਂ।

ਦੇਖ ਲਈ ਮੈਂ ਤੇਰੀ ਯਾਰੀ,
ਹੋਰ ਨਾ ਅਗ੍ਹਾਂ ਵਧਾਉਣੀ ਚਾਹੁੰਦਾਂ।

ਮੁਆਫ਼ ਕਰੀਂ ਤੂੰ ਮੇਰੇ ਯਾਰਾ,
ਨਾ ਕੋਈ ਗੱਲ ਜਤਾਉਣੀ ਚਾਹੁੰਦਾਂ।

ਜੋ ਵੀ ਹੋਇਆ, ਅੱਗੇ-ਪਿੱਛੇ,
ਉਸ 'ਤੇ ਮਿੱਟੀ ਪਾਉਣੀ ਚਾਹੁੰਦਾਂ।

ਜਿਹੜੀ ਗੱਲ ਤੋਂ ਖਾਧਾ ਧੋਖਾ,
ਮੁੜਕੇ ਨਾ, ਦੁਹਰਾਉਣੀ ਚਾਹੁੰਦਾਂ।

ਮੁਬਾਰਕ ਤੈਨੂੰ, ਤੇਰੀ ਦੁਨੀਆਂ,
ਮੈਂ ਕੰਨੀ, ਖਿਸਕਾਉਣੀ ਚਾਹੁੰਦਾਂ।

*-ਰਾਠੇਸ਼ਵਰ ਸਿੰਘ ਸੂਰਾਪੁਰੀ*
*ਫ਼ੋਨ: 916-969-9337*

---

## ਜਾਗੋ ਜਾਗੋ ਸੁੱਤੇ ਬਥੇਰਾ

ਲੁਟ ਰਿਹਾ ਹੈ ਚਾਰ ਚੁਫੇਰਾ
ਜਿਹੜੇ ਹੁਣ ਤੀਕ ਵੀ ਨਾ ਜਾਗੇ
ਲੁਟ ਗਿਆ ਸਭ ਕੁਝ, ਫਿਰ ਕੀ ਜਾਗੇ?
ਜ਼ੁਲਮ ਨੇ ਕੀਤਾ ਘੁਪ ਹਨੇਰਾ,
ਜਾਗੋ ਜਾਗੋ ਸੁੱਤੇ ਬਥੇਰਾ।

ਲੰਘਿਆ ਪਲ ਮੁੜ ਹੱਥ ਨਹੀਂ ਆਉਣਾ
ਪੈ ਜਾਏ ਨਾ ਫਿਰ ਪਛਤਾਉਣਾ
ਕਾਲੀ ਬੋਲੀ ਰਾਤ ਦੇ ਪਿਛੋਂ
ਚੜ੍ਹ ਜਾਂਦਾ ਹੈ ਫੇਰ ਸਵੇਰਾ,
ਜਾਗੋ ਜਾਗੋ ਸੁੱਤੇ ਬਥੇਰਾ।

ਇਕ ਰੋਸ਼ਨੀ ਨਜ਼ਰ ਆਉਂਦੀ
ਜੋ ਪਵਨ ਗੁਰੂ, ਮਾਂ ਧਰਤੀ ਗਾਉਂਦੀ
ਆਓ ਬਾਣੀ ਮਨ ਵਸਾਈਏ
ਫੇਰ ਦਿਲਾਵਰ 'ਸੂਖ ਘਨੇਰਾ',
ਜਾਗੋ ਜਾਗੋ ਸੁੱਤੇ ਬਥੇਰਾ।

*-ਦਿਲਾਵਰ ਸਿੰਘ ਜੌਹਲ*
*ਫੋਨ: 516-567-8943*

## ਸੋਚ ਦੇ ਸਮੁੰਦਰ 'ਚੋਂ

ਲੈ ਸੋਚ ਦੇ ਸਮੁੰਦਰ 'ਚੋਂ
ਇਕ ਬੁੱਕ ਪਾਣੀ ਸ਼ਬਦਾਂ ਦੀ।
ਲੈ ਡੁੱਬ ਕੇ ਸੋਚ ਸਿਆਹੀ 'ਚੋਂ
ਬਣੀ ਕਲਮ ਸੀ ਹਾਣੀ ਸ਼ਬਦਾਂ ਦੀ।
ਬਣੇ ਸ਼ਬਦ ਸੋਚ ਦੇ ਰਾਜੇ ਜੀ
ਬਣੀ ਕਲਮ ਹੈ ਰਾਣੀ ਸ਼ਬਦਾਂ ਦੀ।
ਇਨ੍ਹਾਂ ਸ਼ਬਦਾਂ ਤੋਂ ਬਣਨ ਕਹਾਣੀਆਂ
ਲਿਖੇ ਕਲਮ ਕਹਾਣੀ ਸ਼ਬਦਾਂ ਦੀ।
ਹਰ ਲੇਖ ਦੇ ਰੁੱਖ ਨੂੰ ਲੱਗਦੀ ਰਹੀ
ਇਕ ਸੋਹਣੀ ਟਾਹਣੀ ਸ਼ਬਦਾਂ ਦੀ।
ਬਣੇ ਦਰੀਆਂ-ਖੇਸ ਤਾਂ ਲਿਖਤਾਂ ਦੇ
ਬਣੀ ਕਲਮ ਜਦੋਂ ਤਾਣੀ ਸ਼ਬਦਾਂ ਦੀ।
ਸਦਾ ਜੰਮਦੇ ਗਏ ਨਾ ਮਰਨ ਵਾਲੇ
ਬੜੀ ਉਮਰ ਸਿਆਣੀ ਸ਼ਬਦਾਂ ਦੀ।
ਰੱਖੀਂ ਸੁੱਚਮ ਸ਼ਬਦਾਂ ਵਿਚ ਨਿੰਮੇ
ਬਣ ਜਾਏ ਗੁਰਬਾਣੀ ਸ਼ਬਦਾਂ ਦੀ।

*-ਨਿੰਮਾ ਡੱਲੇਵਾਲ*

---

## ਅੱਜ ਕਲ ਏਹੋ ਚੱਲਦਾ ਜੇ

ਨਾ ਰੇਸ਼ਮ, ਨਾ ਮਖਮੱਲ ਦਾ ਜੇ।
ਅੱਜ ਕਲ ਬੱਸ ਏਹੋ ਚੱਲਦਾ ਜੇ।
ਜੋ ਸੋਨਾ ਬਣ ਬਣ ਦਗਦਾ ਏ,
ਅੰਦਰੋਂ ਸਾਰਾ ਪਿੱਤਲ ਦਾ ਜੇ।
ਗੱਲ ਹੋਰ ਕਹੀ ਹੋਠਾਂ ਐਪਰ,
ਮਤਲਬ ਕੁਝ ਹੋਰ ਨਿਕਲਦਾ ਜੇ।
ਖੱਬੀ ਖਾਂ ਅਫਸਰ, ਸੱਤਾ ਦੇ,
ਬੂਟਾਂ ਤੇ ਪੂਛਲ ਝਲਦਾ ਜੇ।
ਜੇ ਚੱਕਾ ਜਾਮ ਦਿਸੇ ਅੱਗੇ,
ਆਗੂ ਫੱਟ 'ਲੇਨ' ਬਦਲਦਾ ਜੇ।
ਸਿੰਘਾਸਣ 'ਤੇ ਸਜਿਆ ਦਾਤਾ,
ਸਾਡੇ ਟੁਕੜਾਂ 'ਤੇ ਪਲਦਾ ਜੇ।
ਪਹਿਲਾਂ ਵਾਲਾ ਕੁਲਬੀਰ ਨਹੀਂ,
ਬੱਸ ਝੌਲਾ ਜਿਹਾ ਸ਼ਕਲ ਦਾ ਜੇ।

*-ਕੁਲਬੀਰ ਪੱਡਾ*

---

## ਜੀਵਨ ਤੱਤ

ਰੋਂਦੇ ਵੱਲ ਨੂੰ ਵੇਖ ਕਦੇ ਵੀ ਹੱਸੀਏ ਨਾ,
ਫੇਸ-ਬੁੱਕ 'ਤੇ ਦੁੱਖ ਕਿਸੇ ਨੂੰ ਦੱਸੀਏ ਨਾ।

ਧਰਤੀ ਉਤੇ ਰੱਬ ਤੇ ਸ਼ਾਂਤੀ ਮਿਲ ਜਾਂਦੀ,

## ਕਾਵਿ-ਮੰਚ

ਮੰਗਲ, ਚੰਦ ਗ੍ਰਹਿ 'ਤੇ ਜਾ ਕੇ ਵੱਸੀਏ ਨਾ।

ਬੋਲ ਜ਼ੁਬਾਨੋ, ਤੀਰ ਕਮਾਨੋ ਪਰਤਣ ਨਾ,
ਕਾਟਵੀਂ ਗੱਲ ਆਖ ਕਸੂਤੇ ਫਸੀਏ ਨਾ।

ਮੂੰਹ 'ਤੇ ਕੀਤੀ ਸੱਚੀ ਕੌੜੀ ਲੱਗਦੀ ਗੱਲ,
ਝੂਠੀ ਮਿਲੀ ਤਾਰੀਫ, ਸੁਆਦ ਚੱਖੀਏ ਨਾ।

ਵਿਚਲੇ ਮਾਰਗ ਚਲਦਿਆਂ ਉਸਤਤ ਕਰੇ ਜਹਾਨ,
ਨਾ ਵੱਧ ਢਿੱਲ੍ਹੀਆਂ, ਵੱਧ ਵਾਗਾਂ ਕੱਸੀਏ ਨਾ।

ਬੰਦਾ ਡੰਗਣਾ ਆਦਤ ਬਿੱਛੂਆਂ-ਸੱਪਾਂ ਦੀ,
ਰੱਬ ਬਣਾਇਆ ਬੰਦਾ ਇਸ ਨੂੰ ਡੱਸੀਏ ਨਾ।

ਤੋੜ ਨਿਭਾਉਣੀ ਹੋਵੇ ਯਾਰੀ ਲਾਈਏ ਫੇਰ,
ਅੱਧ ਵਿਚਾਲੇ ਛੱਡ ਕੇ ਬਾਦ 'ਚ ਨੱਸੀਏ ਨਾ।

ਸ਼ੁਭ ਕਰਮ ਜੇ ਪਹਿਲਾਂ 'ਗਿੱਲਾ' ਕੀਤੇ ਹੋਣ,
ਬਾਦ 'ਚ ਮੰਦੇ ਕੰਮੀਂ ਧਰਤੀ ਧੱਸੀਏ ਨਾ।

*-ਜੁਗਰਾਜ ਗਿੱਲ*
*ਫੋਨ: 704-257-6693*

---

## ਦੂਰ ਭ੍ਰਿਸ਼ਟਾਚਾਰ

ਤਖਤਾਂ ਗੱਦੀਆਂ ਵਾਲਿਓ, ਕੰਨ ਦੇ ਸੁਣੋ ਆਵਾਜ਼।
ਹਿੱਲਣ ਲੱਗੀਆਂ ਗੱਦੀਆਂ, ਹਿੱਲ ਰਹੇ ਹੁਣ ਰਾਜ।
ਵੱਜਣੇ ਹੁਣ ਨਾ ਏਸ ਥਾਂ, ਜਬਰ ਜ਼ੁਲਮ ਦੇ ਸਾਜ਼।
ਹੁਣ ਤਾਂ ਸੱਚ ਨਿਆਂ ਦੇ, ਸਿਰ 'ਤੇ ਸਜਣਾ ਤਾਜ।
ਬੈਠਣਗੇ ਹੁਣ ਤਖਤ 'ਤੇ, ਪਰਜਾ ਦੇ ਹਿੱਤਕਾਰ।
ਸਾਫ ਕਰਨਗੇ ਲੋਕ ਹੁਣ, ਗੰਦ ਤੇ ਭ੍ਰਿਸ਼ਟਾਚਾਰ।

ਕੀਤੇ ਇਸ ਥਾਂ ਲੋਟੂਆਂ, ਕਿਰਤੀ ਲਹੂ ਲੁਹਾਨ।
ਰਿਸ਼ਵਤ ਵੱਢੀ ਖਾ ਲਿਆ, ਕੁਰਸੀ ਦਾ ਈਮਾਨ।
ਹਰ ਥਾਂ ਬੁੜ੍ਹਕਣ ਚੌਧਰੀ, ਰਿਸ਼ਵਤਖੋਰ ਸ਼ੈਤਾਨ।
ਨਸ਼ਿਆਂ ਸਭ ਸੁੜ੍ਹਾਕ ਲਏ, ਧੀਆਂ-ਪੁੱਤ ਜੁਆਨ।
ਉਠ ਤੁਰੇ ਹੁਣ ਲੋਕ ਸਭ, ਦੇਸ਼ ਦਾ ਕਰਨ ਸੁਧਾਰ।
ਆਪਣੀ ਮੌਤੇ ਮਰੇਗਾ, ਹੁਣ ਕੂੜ ਤੇ ਭ੍ਰਿਸ਼ਟਾਚਾਰ।

ਠੱਗੀ-ਚੋਰੀ, ਹੇਰਾ-ਫੇਰੀ, ਦੋ ਨੰਬਰੀ ਥਾਂ ਥਾਂ ਕਾਰ।
ਅਣਖ ਜ਼ਮੀਰਾਂ ਵੇਚੀਆਂ, ਵਿਕਰੀ ਨੇ ਕਿਰਦਾਰ।
ਦੇਸ਼ ਕੌਮ ਦੀ ਗੱਲ ਨਾ, ਸ਼ਰਮ ਨਾ ਸੱਚ ਆਚਾਰ।
ਬਾਹਰੋਂ ਦਿੱਸੇ ਚਾਨਣਾ, ਦਿਲ ਵਿਚ ਘੋਰ ਅੰਧਾਰ।
ਲੋਕ ਨੇ ਮੰਗਦੇ ਅਮਨ-ਸ਼ਾਂਤੀ, ਰੋਟੀ ਤੇ ਰੁਜ਼ਗਾਰ।
ਕਹਿੰਦੇ ਮਿਲ ਕੇ ਕਰਾਂਗੇ, ਹੁਣ ਦੂਰ ਭ੍ਰਿਸ਼ਟਾਚਾਰ।

*-ਗਿਆਨ ਸਿੰਘ ਕੋਟਲੀ ਵੈਨਕੂਵਰ*
*ਫੋਨ: 604-502-7151*

---

## ਗਜ਼ਲ

ਨਿੱਤ ਨਵੇਂ ਬਣਦੇ ਜੋ ਯਾਰ ਵੇਖੇ,
ਯਾਰਾਂ 'ਤੇ ਹੀ ਕਰਦੇ ਵਾਰ ਵੇਖੇ।
ਹੋਰਾਂ ਨੂੰ ਅਕਲਾਂ ਦਿੰਦੇ ਨਾ ਥੱਕਦੇ,
ਖੀਸੇ ਕੱਟਦੇ ਉਹ ਸ਼ੱਰੇ ਬਜ਼ਾਰ ਵੇਖੇ।
ਚੁਗਲੀ ਨਿੰਦਾ ਕਰਦੇ ਹੋਰਾਂ ਦੀ ਜੋ,
ਮੂੰਹ ਭਾਰ ਡਿੱਗਦੇ ਉਹ ਫਨਕਾਰ ਵੇਖੇ।
ਉਮਰਾਂ ਦੇ ਸਾਥ ਦਾ ਵਾਅਦਾ ਕਰਕੇ,
ਆਸ਼ਕ ਭੱਜਦੇ ਮਾਰੋ ਮਾਰ ਵੇਖੇ।
ਖੂਨ ਪੀ ਕੇ ਪੇਟ ਨਾ ਭਰ ਸਕੇ,
ਭੁੱਖੇ ਮਰਦੇ ਜੋ ਸ਼ਾਹੂਕਾਰ ਵੇਖੇ।
ਹੱਥ ਛੁਰੀ ਮੂੰਹ ਵਿਚ ਰਾਮ ਰਾਮ,
ਤਰ੍ਹਾਂ ਤਰ੍ਹਾਂ ਦੇ ਮੈਂ ਕਿਰਦਾਰ ਵੇਖੇ।
ਮੰਦਰ ਗੁਰਦੁਆਰੇ ਰਗੜਦੇ ਮੱਥੇ,
ਲੋਕਾਂ ਲੁੱਟਦੇ ਸ਼ੱਰੇ ਬਜ਼ਾਰ ਵੇਖੇ।
ਚੋਰ ਤੇ ਕੁੱਤਾ ਰਲ ਗਏ ਪੰਨੂ,
ਤਫ਼ਤੀਸ਼ ਕਰਦੇ ਸ਼ਰੀਫ਼ ਥਾਣੇਦਾਰ ਵੇਖੇ।

*-ਚਰਨਜੀਤ ਸਿੰਘ ਪੰਨੂ*

---

## ਵਿਅੰਗ

ਧੂਹੀ ਜਾਂਦੇ ਜੋ ਕੁੜੀ ਨੂੰ ਬਸ ਵਿਚੋਂ,
ਮੁੰਡੇ ਆਫਰੇ ਨਾਲ ਸ਼ਰਾਬ ਦੇ ਨੇ।
ਕਹਿੰਦੇ ਮੱਛੀ, ਮੁਰਗਾ ਈ ਖੁਰਾਕ ਸਾਡੀ,
ਮਗਰ ਮੱਛ ਸਿਆਸੀ ਤਲਾਬ ਦੇ ਨੇ।
ਥਾਣੇ ਜਾ ਪਤਵੰਤਿਆਂ ਪਾਈ ਰੌਲੀ,
ਚੁੱਪ ਖੜ੍ਹੇ ਸਿਪਾਹੀ ਜਨਾਬ ਦੇ ਨੇ।
ਵਰਦੀ ਆਖਦੀ ਤੁਸੀਂ ਨਾ ਬੁਰਾ ਮੰਨੋ,
ਚਮਚੇ ਲਾਡਲੇ ਸਿਆਸਤੀ ਸਾਹਬ ਦੇ ਨੇ।

*-ਹਰਦੀਪ ਢਿੱਲੋਂ, ਅਬੋਹਰ*
*ਫੋਨ: 91-98764-57242*

# ਮੇਰੇ ਦੋਸਤ ਤੇ ਰਾਹਨਮਾ: ਹਰਿਭਜਨ, ਵਿਰਕ ਤੇ ਖੁਸ਼ਵੰਤ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਮੇਰੇ ਜੀਵਨ ਵਿਚ ਮੈਨੂੰ ਮਿੱਤਰਾਂ ਦੀ ਵੱਡੀ ਦਾਤ ਮਿਲੀ ਹੈ। ਇਨ੍ਹਾਂ ਵਿਚੋਂ ਅੱਜ ਦੇ ਦਿਨ ਕੇਵਲ ਤਿੰਨਾਂ ਨੂੰ ਚੇਤੇ ਕਰਨਾ ਸਬੱਬ ਦੀ ਗੱਲ ਹੈ। ਉਹ ਇਹ ਕਿ ਖੁਸ਼ਵੰਤ ਸਿੰਘ ਸਾਨੂੰ ਹੁਣੇ ਹੁਣੇ ਵਿਛੋੜਾ ਦੇ ਗਿਆ ਹੈ ਤੇ ਹਰਿਭਜਨ ਸਿੰਘ ਨੂੰ ਉਸ ਤੋਂ ਪਿਛਲੇ ਹਫਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਇਕ ਪੁਰਖਲੂਸ ਯਾਦਗਾਰੀ ਭਾਸ਼ਣ ਰਾਹੀਂ ਯਾਦ ਕੀਤਾ। ਇਸੇ ਹੀ ਯੂਨੀਵਰਸਿਟੀ ਨੇ ਮੇਰੇ ਜਿੰਮੇ ਕੁਲਵੰਤ ਸਿੰਘ ਵਿਰਕ ਦੀਆਂ ਚੋਣਵੀਆਂ ਰਚਨਾਵਾਂ ਅੰਗਰੇਜ਼ੀ ਵਿਚ ਸੰਪਾਦਨ ਤੇ ਇਕੱਤ੍ਰਿਤ ਕਰਨ ਦਾ ਕੰਮ ਲਾਇਆ ਸੀ ਜਿਹੜਾ ਕਿ ਮੈਂ ਪਿਛਲੇ ਹਫਤੇ ਹੀ ਸੌਂਪ ਕੇ ਆਇਆ ਹਾਂ।

ਇਨ੍ਹਾਂ ਤਿੰਨਾਂ ਵਿਚੋਂ ਮੈਂ ਵਿਰਕ ਦੇ ਸਭ ਤੋਂ ਵੱਧ ਨੇੜੇ ਸਾਂ। ਉਸ ਦਾ ਤੇ ਮੇਰਾ ਪਿਛੋਕੜ ਵੀ ਮਿਲਦਾ ਸੀ, ਕਾਰਜ ਖੇਤਰ ਵੀ ਤੇ ਰਚਨਾਕਾਰੀ ਵੀ। ਪੰਜਾਬੀ ਕਹਾਣੀਕਾਰਾਂ ਵਿਚ ਪਾਠਕ ਤੇ ਆਲੋਚਕ ਉਸ ਨੂੰ ਬਹੁਤ ਉਚਾ ਸਥਾਨ ਦਿੰਦੇ ਆਏ ਹਨ। ਇਸ ਬਾਰੇ ਦੋ ਰਾਵਾਂ ਵੀ ਨਹੀਂ ਸਨ। 'ਦੁੱਧ ਦਾ ਛੱਪੜ', 'ਤੂੜੀ ਦੀ ਪੰਡ', 'ਧਰਤੀ ਹੇਠਲਾ ਬੌਲਦ' ਵਰਗੀਆਂ ਉਸ ਦੀਆਂ ਕਈ ਕਹਾਣੀਆਂ ਦੁਨੀਆਂ ਦੇ ਕਹਾਣੀ ਸਾਹਿਤ ਵਿਚ ਉਤਮ ਹੀ ਨਹੀਂ ਉਚਤਮ ਗਿਣੀਆਂ ਜਾ ਸਕਦੀਆਂ ਹਨ। ਪਰ ਇਹ ਗੱਲ ਉਸ ਦੇ ਸਮਿਆਂ ਦੇ ਅੰਗਰੇਜ਼ੀ ਪਾਠਕ ਹੀ ਜਾਣਦੇ ਹਨ ਕਿ ਉਸ ਨੇ ਪੰਜਾਬ ਦੀ ਉਤਪਤੀ ਤੇ ਵਿਕਾਸ ਬਾਰੇ ਏਨੇ ਹੀ ਚੰਗੇ ਲੇਖ ਵੀ ਲਿਖੇ ਹਨ, ਜਿਹੜੇ ਉਸ ਦੇ ਸਮੇਂ ਦੀਆਂ ਅੰਗਰੇਜ਼ੀ ਅਖਬਾਰਾਂ ਤੇ ਰਸਾਲਿਆਂ ਵਿਚ ਛਪ ਚੁੱਕੇ ਹਨ। ਇਹ ਚੰਗੀ ਗੱਲ ਹੈ ਕਿ ਇਹ ਲੇਖ ਉਸ ਦੇ ਬੱਚਿਆਂ ਨੇ ਹੁਣ ਤੱਕ ਸੰਭਾਲ ਰੱਖੇ ਸਨ। ਉਨ੍ਹੀਵੀਂ ਸਦੀ ਦੇ ਅਰੰਭਕ ਪੰਜਾਬ ਤੇ ਵੀਹਵੀਂ ਸਦੀ ਦੇ ਦੂਜੇ ਅੱਧ ਵਾਲੇ ਪੰਜਾਬ ਬਾਰੇ ਉਸ ਦੇ ਲੇਖ ਅੱਖਾਂ ਖੋਲ੍ਹਣ ਵਾਲੇ ਹਨ। ਜੇ ਇਨ੍ਹਾਂ ਨੂੰ ਜਰਨੈਲੀ ਸੜਕ ਦੀ ਉਸਾਰੀ ਤੇ ਸਮਾਪਤੀ ਅਤੇ ਅਪਰ ਬਾਰੀ ਜਾਂ ਸਰਹੰਦ ਨਾਂ ਦੀਆਂ ਨਹਿਰਾਂ ਵਾਲੇ ਲੇਖਾਂ ਨਾਲ ਜੋੜ ਕੇ ਪੜ੍ਹੀਏ ਤਾਂ ਓਧਰਲੇ ਤੇ ਏਧਰਲੇ ਪੰਜਾਬ ਦੀ ਸਮੁੱਚੀ ਕਿਸਾਨੀ ਦਾ ਜੀਵਨ, ਉਦਮ ਤੇ ਪ੍ਰਾਪਤੀਆਂ ਸਾਹਮਣੇ ਆ ਜਾਂਦੀਆਂ ਹਨ। ਉਸ ਦੇ ਲਿਖੇ ਭਾਸ਼ਾ ਤੇ ਸਾਹਿਤ ਬਾਰੇ ਕੁਝ ਹੋਰ ਲੇਖ ਤੇ ਰੋਜ਼ਾਨਾ ਜੀਵਨ ਦੀਆਂ ਆਮ ਵਾਰਦਾਤਾਂ ਵਿਚੋਂ ਮਿਲੀਆਂ ਘਟਨਾਵਾਂ ਦੇ ਤੱਥ, ਜਿਹੜੇ ਉਸ ਨੇ ਅੰਗਰੇਜ਼ੀ ਸਮਾਚਾਰ ਪੱਤਰਾਂ ਲਈ



ਕੁਲਵੰਤ ਸਿੰਘ ਵਿਰਕ



ਖੁਸ਼ਵੰਤ ਸਿੰਘ

'ਮਿਡਲ' ਵਜੋਂ ਲਿਖੇ, ਉਸ ਦੀ ਲੇਖਣੀ ਦੇ ਸੋਨੇ ਉਤੇ ਸੁਹਾਗੇ ਦਾ ਕੰਮ ਕਰਦੇ ਹਨ। ਮੈਂ ਖੁਸ਼ ਹਾਂ ਕਿ ਪੰਜਾਬੀ ਯੂਨੀਵਰਸਿਟੀ ਨੇ ਮੇਰਾ ਕੀਤਾ ਇਹ ਕੰਮ ਪ੍ਰਵਾਨ ਕਰ ਲਿਆ ਹੈ ਜਿਹੜਾ ਮੈਂ ਵਿਰਕ ਦੇ ਪੁੱਤਰਾਂ-ਧੀਆਂ ਦੀ ਸਹਾਇਤਾ ਬਿਨਾਂ ਨੇਪਰੇ ਨਹੀਂ ਸਾਂ ਚਾੜ੍ਹ ਸਕਦਾ। ਮੈਂ ਇਸ ਨੂੰ ਆਪਣੇ ਜੀਵਨ ਵਿਚ ਕੀਤੇ ਕੰਮਾਂ ਵਿਚੋਂ ਸਭ ਤੋਂ ਉਤਮ ਸਮਝਦਾ ਹਾਂ। ਇਹ ਆਉਣ ਵਾਲੀਆਂ ਪੀੜ੍ਹੀਆਂ ਲਈ ਅਤਿਅੰਤ ਲਾਭਦਾਇਕ ਪੁਸਤਕ ਬਣ ਗਈ ਹੈ।

ਹਰਿਭਜਨ ਸਿੰਘ ਨਾਲ ਮੇਰੀ ਸਾਂਝ ਦਿੱਲੀ ਜਾ ਕੇ ਪਈ। ਈਸ਼ਵਰ ਚਿੱਤਰਕਾਰ, ਪ੍ਰੀਤਮ ਸਿੰਘ ਸਫੀਰ, ਹਰਿਭਜਨ ਤੇ ਤਾਰਾ ਸਿੰਘ-ਇਹ ਤਿੰਨੋ ਇਕ ਦੂਜੇ ਦੇ ਬਹੁਤ ਨੇੜੇ ਕਰੋਲ ਬਾਗ ਵਿਚ ਰਹਿੰਦੇ ਸਨ, ਜਿਥੋਂ ਦੇ ਬਾਜ਼ਾਰ ਨੂੰ ਸਾਰੇ ਲੋਕ ਲਾਹੌਰ ਦੀ ਅਨਾਰਕਲੀ ਕਹਿ ਕਹਿ ਕੇ ਚੇਤੇ ਕਰਦੇ ਸਨ। ਇਨ੍ਹਾਂ ਦੇ ਬਹੁਤ ਨੇੜੇ ਅੰਮ੍ਰਿਤਾ ਪ੍ਰੀਤਮ, ਹਰਚਰਨ ਸਿੰਘ, ਕਪੂਰ ਸਿੰਘ ਘੁੰਮਣ, ਪ੍ਰੋ. ਕਿਸ਼ਨ ਸਿੰਘ, ਦਰਸ਼ਨ ਸਿੰਘ ਤੇ ਹੋਰ ਵੀ ਸਨ ਪਰ ਮੇਰੀ ਮਿੱਤਰਤਾ ਹਰਿਭਜਨ ਸਿੰਘ ਤੇ ਤਾਰਾ ਸਿੰਘ ਨਾਲ ਵਧੇਰੇ ਸੀ। ਮੈਂ ਹਰਿਭਜਨ ਸਿੰਘ ਨੂੰ ਹੇਠ ਲਿਖੀਆਂ ਪੰਕਤੀਆਂ ਲਿਖਦੇ ਤੇ ਗਾਉਂਦੇ ਵੇਖਦਾ ਰਿਹਾ ਹਾਂ,

ਕਾਲੀ ਰਾਤ ਨੂੰ ਬੰਸੀ ਨੇ ਡੰਗਿਆ
ਕਿਸੇ ਗੀਤ ਮੈਨੂੰ ਹੱਥ ਲਾਇਆ।
---
ਰਾਹ ਵਿਚ ਆਈ ਰਾਤ ਚਾਨਣੀ
ਪੈਰ ਨਾ ਪੁੱਟਿਆ ਜਾਏ।
---
ਮੈਂ ਭਰੀ ਸੁਗੰਧੀਆਂ ਪੌਣ
ਸੱਜਣ ਤੇਰੇ ਬੂਹੇ।
ਵੇ ਤੂੰ ਇੱਕ ਵਾਰੀ ਤੱਕ ਲੈ ਕੌਣ
ਸੱਜਣ ਤੇਰੇ ਬੂਹੇ।
---
ਮੈਂ ਦਿਵਸ ਨਹੀਂ ਜੋ ਕਲ ਵੀ ਆਇਆ
ਅੱਜ ਵੀ ਆਵਾਂਗਾ।
ਇਕਰਾਰ ਨਹੀਂ ਇਕ ਵਾਰ ਨਿਭਾਂ,
ਸੌ ਵਾਰ ਨਿਭਾਵਾਂਗਾ।
---
ਪੈਰ ਹੇਠਾਂ ਬੁਝ ਗਿਆ
ਅੰਗਿਆਰ ਏਨਾ ਆਖ ਕੇ।
ਵੰਡ ਦੇ ਦੁਨੀਆਂ ਨੂੰ ਤੜਪਾਂ,
ਮੈਂ ਤਾਂ ਹੁਣ ਬੇਨੂਰ ਹਾਂ।

ਹਰਿਭਜਨ ਸਿੰਘ ਦੀ ਆਵਾਜ਼ ਤੇ ਪੇਸ਼ਕਾਰੀ ਹੋਰ ਵੀ ਚੰਗੀ ਸੀ। ਉਸ ਨੇ ਇਹੋ ਜਿਹੀਆਂ ਅਨੇਕਾਂ ਵਧੀਆ ਪੰਕਤੀਆਂ ਮੇਰੇ ਮੋਟਰ ਸਾਈਕਲ ਦੇ ਪਿੱਛੇ ਜਾਂ ਮੇਰੀ ਕਾਰ ਵਿਚ ਬੈਠ ਨੇੜਲੀ ਰਿੱਜ ਉਤੇ ਲੰਘਦਿਆਂ ਕਾਲੀ ਰਾਤ ਵਿਚ ਵੀ ਗਾਈਆਂ ਤੇ ਚੰਦ ਦੀ ਚਾਨਣੀ ਵਿਚ ਵੀ। ਉਰਦੂ, ਹਿੰਦੀ ਤੇ ਪੰਜਾਬੀ ਦਾ ਗਿਆਤਾ ਹੋਣ ਨਾਤੇ ਉਸ ਨੇ ਬਹੁਤ ਕੁਝ ਪੜ੍ਹਿਆ ਤੇ ਗੁੜ੍ਹਿਆ ਹੋਇਆ ਸੀ। ਉਸ ਨਾਲ ਸਰੋਦੀ ਕਵਿਤਾ ਦੀਆਂ ਤਹਿਆਂ ਫੋਲਣ ਦਾ ਆਪਣਾ ਹੀ ਮਜ਼ਾ ਸੀ।

ਖੁਸ਼ਵੰਤ ਸਿੰਘ ਥੋੜ੍ਹੇ ਕੀਤੇ ਡਾਹੀ ਦੇਣ ਵਾਲਾ ਵਿਅਕਤੀ ਨਹੀਂ ਸੀ। ਮੁੰਬਈ ਰਹਿ ਕੇ ਲੰਮਾ ਸਮਾਂ ਇਲਸਟ੍ਰੇਟਿਡ ਵੀਕਲੀ ਦੀ ਸੰਪਾਦਨਾ ਕਰਨ ਤੋਂ ਬਿਨਾ ਉਹ ਨੌਕਰੀ ਦੇ ਸਬੰਧ ਵਿਚ ਲੰਡਨ, ਪੈਰਿਸ ਤੇ ਅਮਰੀਕਾ ਵੀ ਗਿਆ। ਭਾਰਤ ਰਹਿੰਦਿਆਂ ਵੀ ਉਸ ਨੂੰ ਦੂਰ-ਦੁਰਾਡੇ ਦੇਸ਼ਾਂ ਦੇ ਸੱਦੇ ਆਉਂਦੇ ਰਹਿੰਦੇ ਸਨ। ਪਰ ਉਹ ਵਿਹਲਾ ਬੈਠਣ ਵਾਲਾ ਬੰਦਾ ਨਹੀਂ ਸੀ। ਉਸ ਨੇ ਅੰਮ੍ਰਿਤਾ ਪ੍ਰੀਤਮ ਦਾ ਨਾਵਲ 'ਪਿੰਜਰ' ਲੰਡਨ ਨੂੰ ਸਮੁੰਦਰ ਜਹਾਜ਼ ਰਾਹੀਂ ਜਾਂਦਿਆਂ ਅੰਗਰੇਜ਼ੀ ਵਿਚ ਅਨੁਵਾਦ ਕੀਤਾ ਸੀ। ਮੇਰੀ ਉਸ ਨਾਲ ਜਾਣ-ਪਛਾਣ ਤੇ ਮਿੱਤਰਤਾ ਦਾ ਕਾਰਨ ਉਸ ਦਾ ਨਾਵਲ 'ਟਰੇਨ ਟੂ ਪਾਕਿਸਤਾਨ' ਬਣਿਆ ਜਿਸ ਨੂੰ ਮੈਂ ਪੰਜਾਬੀ ਵਿਚ ਅਨੁਵਾਦ ਕਰਦਿਆਂ 'ਪਾਕਿਸਤਾਨ ਮੇਲ' ਨਾਂ ਦਿੱਤਾ ਜਿਹੜਾ ਉਸ ਨੂੰ ਬਹੁਤ ਪਸੰਦ ਆਇਆ।

ਉਂਜ ਵੀ ਮੈਂ ਦਸ ਸਾਲ ਉਸ ਦੇ ਘਰ ਦੇ ਖੱਬੇ ਤੇ ਦੱਸ ਸਾਲ ਸੱਜੇ ਹੱਥ ਪੰਡਾਰਾ ਰੋਡ ਤੇ ਭਾਰਤੀ ਨਗਰ ਦੇ ਸਰਕਾਰੀ ਕੁਆਟਰਾਂ ਵਿਚ ਉਸ ਦੇ ਘਰੋਂ ਕੇਵਲ ਸੌ ਡੇਢ ਸੌ ਗਜ਼ ਦੀ ਦੂਰੀ ਉਤੇ ਰਿਹਾ ਹਾਂ ਜਿਸ ਨਾਲ ਨੇੜਤਾ ਵਧ ਗਈ। ਸਾਡੇ ਪਰਿਵਾਰਾਂ ਦਾ ਇੱਕ ਦੂਜੇ ਦੇ ਘਰ ਗੁਵਾਂਢੀਆਂ ਵਾਲਾ ਆਉਣ ਜਾਣ ਸੀ। ਮੈਂ ਉਸ ਦੀਆਂ ਸ਼ਾਮ ਦੀਆਂ ਬੈਠਕਾਂ ਵਿਚ ਬੜੇ ਵੱਡੇ ਬੰਦਿਆਂ ਨੂੰ ਮਿਲਿਆ ਹਾਂ। ਉਹ ਸਮੇਂ ਦਾ ਬਹੁਤ ਪਾਬੰਦ ਸੀ। ਸੱਤ ਤੋਂ ਅੱਠ ਤੱਕ ਗਲਾਸੀ ਤੇ ਅੱਠ ਤੋਂ ਨੌਂ ਤੱਕ ਰੋਟੀ ਉਸ ਦਾ ਨਿਯਮ ਸੀ ਜਿਸ ਨੂੰ ਤੋੜਨਾ ਸਹਿਲ ਨਹੀਂ ਸੀ।

ਉਸ ਨੇ ਭਰਪੂਰ ਜੀਵਨ ਜੀਵਿਆ, ਰੱਜ ਕੇ ਲਿਖਿਆ ਤੇ ਪੂੰਜ ਕੇ ਜੀਵਨ ਨੂੰ ਮਾਣਿਆ। ਮੇਰੇ ਦੂਜੇ ਦੋ ਮਿੱਤਰਾਂ ਦੇ ਟਾਕਰੇ ਆਖਰੀ ਦਮ ਤੱਕ ਹੋਸ਼ ਹਵਾਸ ਵਿਚ ਰਹਿ ਕੇ ਅਤੇ ਆਪਣਾ ਸੌਵਾਂ ਜਨਮ ਦਿਨ ਮਨਾ ਕੇ ਤੁਰਨ ਵਾਲਾ ਉਹ ਇਕ ਅਜਿਹਾ ਵਿਅਕਤੀ ਸੀ ਜਿਸ ਉਤੇ ਹਰ ਕਿਸੇ ਨੂੰ ਰਸ਼ਕ ਹੋ ਸਕਦਾ ਹੈ।

**ਅੰਤਿਕਾ:** (ਮੀਰ ਤਕੀ ਮੀਰ)
ਅਹਿਦੇ ਜਵਾਨੀ ਰੋ ਰੋ ਕਾਟਾ,
ਪੀਰੀ ਮੇਂ ਲੀਂ ਆਖੇਂ ਮੂੰਦ,
ਯਾਨਿ ਰਾਤ ਬਹੁਤ ਥੇ ਜਾਗੇ,
ਸੁਬਹਾ ਹੂਈ ਆਰਾਮ ਕੀਆ।

# ਵਿਦੇਸ਼ਾਂ ਵਿਚਲੇ ਗੁਰੂ ਘਰ ਅਤੇ ਦੇਸੀ ਸਿੱਖ ਸਿਆਸਤ

ਖਰੀ ਗੱਲ



ਕੁਲਦੀਪ ਸਿੰਘ ਢੀਂਡਸਾ
ਫੋਨ: 510-676-4440

ਜੇਕਰ ਵਿਦੇਸ਼ਾਂ ਵਿਚ ਵੱਸਦੇ ਸਮੁੱਚੇ ਭਾਰਤੀਆਂ, ਖਾਸ ਕਰਕੇ ਸਿੱਖਾਂ ਦੀਆਂ ਗਤੀਵਿਧੀਆਂ 'ਤੇ ਨਜ਼ਰ ਮਾਰੀਏ ਤਾਂ ਇੱਕ ਗੱਲ ਸਾਫ਼ ਨਜ਼ਰ ਆਉਂਦੀ ਹੈ ਕਿ ਵਿਦੇਸ਼ਾਂ ਵਿਚ ਵੱਸਦੇ ਸਿੱਖ ਦੇਸੀ ਰਾਜਨੀਤੀ ਦਾ ਬੁਰੀ ਤਰ੍ਹਾਂ ਸ਼ਿਕਾਰ ਹਨ। ਧੜੇਬੰਦੀ, ਦੂਸ਼ਣਬਾਜ਼ੀ ਅਤੇ ਖੋਖਲੀ ਬਿਆਨਬਾਜ਼ੀ ਉਤੇ ਆਧਾਰਤ ਸਿੱਖ ਧਾਰਮਿਕ ਅਸਥਾਨਾਂ ਵਿਚ ਉਨ੍ਹਾਂ ਵੱਲੋਂ ਕੀਤੀ ਜਾ ਰਹੀ ਦੇਸੀ ਰਾਜਨੀਤੀ ਸਿੱਖ ਧਰਮ ਅਤੇ ਸਮੁੱਚੀ ਸਿੱਖ ਕੌਮ ਲਈ ਘਾਤਕ ਸਿੱਧ ਹੋ ਰਹੀ ਹੈ। ਇਹ ਸਭ ਵੇਖ ਦਿਲ ਵਿਚੋਂ ਇਹੋ ਹੂਕ ਨਿਕਲਦੀ ਹੈ,

ਮੇਰੀ ਕੌਮ ਦਿਉ ਸਰਦਾਰੋ,
ਜ਼ਰਾ ਕੁਝ ਤਾਂ ਸੋਚ ਵਿਚਾਰੋ,
ਹਰ ਥਾਂ ਰਾਜਨੀਤੀ ਨਾ ਵਾੜੋ,
ਸਾਨੂੰ ਖੂੰਜੇ ਲਾ ਦਿਉਗੀ।
ਸਾਡੀ ਹੋਂਦ ਨਿਆਰੀ ਜੱਗ ਤੋਂ
ਇਹ ਖ਼ਤਰੇ ਵਿਚ ਪਾ ਦਿਉਗੀ।

ਇਹ ਬੜੇ ਮਾਣ ਵਾਲੀ ਗੱਲ ਹੈ ਕਿ ਸਿੱਖ ਦੁਨੀਆਂ ਵਿਚ ਜਿੱਥੇ ਵੀ ਗਏ, ਜਿਸ ਵੀ ਮੁਲਕ ਜਾਂ ਥਾਂ ਨੂੰ ਉਨ੍ਹਾਂ ਆਪਣੇ ਰਹਿਣ ਲਈ ਚੁਣਿਆ, ਉਨ੍ਹਾਂ ਉੱਥੇ ਹੀ ਆਪਣਾ ਗੁਰੂ ਘਰ ਵੀ ਉਸਾਰ ਲਿਆ। ਪਰ ਦੁੱਖ ਉਸ ਵੇਲੇ ਹੁੰਦਾ ਹੈ ਜਦੋਂ ਅਜਿਹਾ ਕਰਨ ਪਿੱਛੇ ਪ੍ਰਬੰਧਕਾਂ ਦਾ ਮਨੋਰਥ ਕੁੱਝ ਹੋਰ ਹੁੰਦਾ ਹੈ ਅਤੇ ਉਸਾਰੇ ਗਏ ਗੁਰੂ ਘਰਾਂ ਦਾ ਇਸਤੇਮਾਲ ਧਾਰਮਿਕ ਫਲਸਫ਼ੇ ਨੂੰ ਸਮਝਣ, ਧਰਮ ਨੂੰ ਪ੍ਰਫੁਲਤ ਕਰਨ ਅਤੇ ਕੌਮ ਦੇ ਭਲੇ ਲਈ ਨਹੀਂ ਸਗੋਂ ਚੌਧਰ ਦੀ ਭੁੱਖ, ਈਰਖਾ ਅਤੇ ਧੜੇਬਾਜ਼ੀ 'ਤੇ ਆਧਾਰਤ ਕੂੜ, ਥੋਥੀ ਅਤੇ ਕੋਝੀ ਰਾਜਨੀਤੀ ਲਈ ਕੀਤਾ ਜਾਂਦਾ ਹੈ। ਯੋਗ, ਸਿਆਣੇ ਅਤੇ ਸਮਝਦਾਰ ਨਿਸ਼ਕਾਮ ਸੇਵਕਾਂ ਅਤੇ ਲੀਡਰਾਂ ਨੂੰ ਦੂਸ਼ਣਬਾਜ਼ੀ ਦਾ ਸ਼ਿਕਾਰ ਕਰਕੇ ਉਨ੍ਹਾਂ ਨੂੰ ਗੁਰੂ ਘਰਾਂ ਦੇ ਪ੍ਰਬੰਧਾਂ ਤੋਂ ਲਾਂਭੇ ਕਰ ਦਿੱਤਾ ਜਾਂਦਾ ਹੈ। ਇੱਥੋਂ ਤੱਕ ਕਿ ਕਈ ਗੁਰੂ ਘਰਾਂ ਵਿਚ ਤਾਂ ਹਰ ਵਾਰ ਚੋਣਾਂ ਦੌਰਾਨ ਰਵਾਇਤੀ ਸਿੱਖ ਲੀਡਰਾਂ ਵੱਲੋਂ ਸਿੱਖ ਸੰਗਤਾਂ ਵਿਚ ਚੰਗੀ ਦਿੱਖ ਅਤੇ ਚੰਗੇ ਪ੍ਰਭਾਵ ਵਲੇ ਸਿੱਖਾਂ ਨੂੰ ਸਤਰੰਜ ਦੇ ਮੋਹਰਿਆਂ ਵਾਂਗ ਬਦਲ ਬਦਲ ਕੇ ਵੀ ਵਰਤਿਆ ਜਾਂਦਾ ਹੈ।

ਸਿੱਖ ਕੌਮ ਨੂੰ ਦਰਪੇਸ਼ ਮੁਸ਼ਕਲਾਂ ਅਤੇ ਕੌਮ ਵਿਚ ਆ ਰਹੀ ਗਿਰਾਵਟ ਦਾ ਮੁੱਖ ਕਾਰਨ ਸੁਹਿਰਦ, ਨੀਤੀਵਾਨ, ਦੂਰਅੰਦੇਸ਼ੀ, ਪੜ੍ਹੇ-ਲਿਖੇ ਅਤੇ ਸੂਝਵਾਨ ਲੀਡਰਾਂ ਦਾ ਅੱਗੇ ਨਾ ਆ ਸਕਣਾ ਹੈ। ਨਤੀਜੇ ਵਜੋਂ ਲਿਆਕਤਹੀਣ, ਚਾਲਬਾਜ਼, ਖੁਦਗਰਜ਼ ਅਤੇ ਕੁਝ ਲੰਡਰ ਕਿਸਮ ਦੇ ਲੀਡਰਾਂ ਦੀਆਂ ਕੋਝੀਆਂ ਚਾਲਾਂ ਨੇ ਕੌਮ ਦੇ ਵਿਦਵਾਨ ਅਤੇ ਸੂਝਵਾਨ ਪ੍ਰਬੰਧਕਾਂ ਅਤੇ ਸਿਆਸਤਦਾਨਾਂ ਨੂੰ ਪ੍ਰਬੰਧਾਂ ਅਤੇ ਰਾਜਨੀਤੀ ਤੋਂ ਦੂਰ ਕਰ ਦਿੱਤਾ ਹੈ। ਸਾਡੇ ਸਮਾਜ ਵਿਚ ਲੀਡਰ ਅਖਵਾਉਣ ਵਾਲੇ ਬਹੁਤ ਸਾਰੇ ਲੋਕ ਵੱਡੇ ਲੀਡਰਾਂ ਵਿਚ ਤਬਦੀਲ ਹੁੰਦੇ ਜਾ ਰਹੇ ਹਨ। ਖੁਦਗਰਜ਼, ਮੌਕਾਪ੍ਰਸਤ ਅਤੇ ਅਕਲ ਵਿਹੂਣੇ ਅਜਿਹੇ ਕੁਝ ਲੀਡਰਾਂ ਨੇ ਕੌਮ ਦੇ ਕਈ ਹੀਰਿਆਂ ਨੂੰ ਮਾਰਵਾਉਣ ਵਿਚ ਵੀ ਕੋਈ ਕਸਰ ਬਾਕੀ ਨਹੀਂ ਛੱਡੀ। ਇਹ ਲੀਡਰ ਨਾ ਤਾਂ ਸਾਡੀ ਕੌਮ ਨੂੰ ਕੋਈ ਸੇਧ ਹੀ ਦੇ ਸਕਦੇ ਹਨ ਅਤੇ ਨਾ ਹੀ ਚਿਰਾਂ ਤੋਂ ਲਟਕ ਰਹੇ ਸਿੱਖ ਮਸਲਿਆਂ ਦਾ ਕੋਈ ਹੱਲ ਕਰ ਜਾਂ ਕਰਵਾ ਸਕਦੇ ਹਨ। ਪਰ ਦੂਜੇ ਪਾਸੇ ਆਪਣੀ ਅਣਖ, ਬਹਾਦਰੀ ਅਤੇ ਧਰਮ ਨਾਲ ਪਰਨਾਏ ਲੋਕਾਂ ਨੇ ਕੁਰਬਾਨੀਆਂ ਦੇਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ।

ਸਾਡੀ ਕੌਮ ਦਾ ਇਹ ਵੀ ਵੱਡਾ ਦੁਖਾਂਤ ਹੈ ਕਿ ਆਪਣੇ ਆਪ ਨੂੰ ਨਿਰਵੈਰ ਅਤੇ ਨਿਰਭਉ ਅਖਵਾਉਣ ਵਾਲਾ ਸਿੱਖ ਅੱਜ ਆਪਣਿਆਂ ਦਾ ਹੀ ਵੈਰੀ ਅਤੇ ਆਪਣਿਆਂ ਤੋਂ ਹੀ ਭੈਭੀਤ ਹੈ। ਸਿੱਖਾਂ ਦੀ 75% ਸ਼ਕਤੀ, ਸਮਾਂ ਅਤੇ ਸਾਧਨ ਆਪਸੀ ਲੜਾਈਆਂ ਅਤੇ ਝਗੜਿਆਂ ਦੀ ਭੇਟ ਚੜ੍ਹ ਰਹੇ ਹਨ। ਕੌਮ ਵਿਚ ਸਰਦਾਰਾਂ ਨਾਲੋਂ ਗੱਦਾਰਾਂ ਦੀ ਗਿਣਤੀ ਵਧਦੀ ਜਾ ਰਹੀ ਹੈ। ਕਾਰਨ, ਹਰ ਸਿੱਖ ਆਪਣੇ ਆਪ ਨੂੰ ਬਹੁਤ ਵੱਡਾ ਸਿਆਸਤਦਾਨ ਸਮਝਣ ਲੱਗ ਪਿਆ ਹੈ। ਸਿਆਸਤ ਕੋਈ ਮਾੜੀ ਗੱਲ ਨਹੀਂ। ਰੱਜ ਕੇ ਸਿਆਸਤ ਕਰੋ ਪਰ ਆਪਣਿਆਂ ਨਾਲ ਹੀ ਕੋਝੀ, ਸੌੜੀ ਅਤੇ ਭਰਾ ਮਾਰੂ ਸਿਆਸਤ ਕਰਨੀ ਉਚਿੱਤ ਨਹੀਂ। ਦੇਸ਼-ਵਿਦੇਸ਼ ਵਿਚ ਵੱਸਦਿਆਂ ਅਤੇ ਉਥੋਂ ਦੇ ਨਾਗਰਿਕ ਹੁੰਦਿਆਂ ਉਥੋਂ ਦੀਆਂ ਲੋਕਲ, ਰਾਜ ਅਤੇ ਨੈਸ਼ਨਲ ਸਰਕਾਰਾਂ ਵਿਚ ਆਪਣੀ ਸਿਆਣਪ, ਵਿਦਵਤਾ, ਇਮਾਨਦਾਰੀ ਅਤੇ ਦਿਆਨਤਦਾਰੀ ਦਾ ਸਬੂਤ ਦਿੰਦੇ ਹੋਏ, ਆਦਰਸ਼ ਸਿੱਖ ਲੀਡਰ ਬਣ ਕੇ, ਆਪਣਾ ਅਤੇ ਆਪਣੀ ਕੌਮ ਦਾ ਮਾਣ ਵਧਾਉ।

ਸਾਡੀ ਕੌਮ ਦਾ ਇੱਕ ਹੋਰ ਵੱਡਾ ਦੁਖਾਂਤ ਇਹ ਵੀ ਹੈ ਕਿ ਅਸੀਂ ਆਪਣੇ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਫ਼ੈਸਲੇ ਕਰਨ ਵੇਲੇ ਆਪਣੀ ਸੋਚ, ਸਮਝ ਅਤੇ ਜ਼ਮੀਰ ਦਾ ਸਹਾਰਾ ਨਹੀਂ ਲੈਂਦੇ, ਸਗੋਂ ਸਾਡੇ ਫ਼ੈਸਲਿਆਂ 'ਤੇ ਸਾਡੀ ਧੜੇਬੰਦੀ ਅਤੇ ਪਾਰਟੀਬਾਜ਼ੀ ਭਾਰੂ ਹੁੰਦੀ ਹੈ। ਨਾ ਹੀ ਅਸੀਂ ਕੋਈ ਨਿਰਣਾ ਲੈਣ ਜਾਂ ਨਤੀਜੇ 'ਤੇ ਪਹੁੰਚਣ ਤੋਂ ਪਹਿਲਾਂ ਪੂਰੇ ਤੱਥ ਹੀ ਇਕੱਠੇ ਕਰਦੇ ਹਾਂ। ਬਹੁਤੀ ਵਾਰੀ ਝੂਠ ਫਰੇਬ ਨੂੰ ਹੀ ਮੁੱਦਾ ਬਣਾ ਕੇ ਸਿਆਣੇ, ਦਾਨਸ਼ਮੰਦ ਅਤੇ ਇਮਾਨਦਾਰ ਵਿਅਕਤੀਆਂ ਨੂੰ ਬਦਨਾਮ ਕਰਦੇ ਹਾਂ। ਉਨ੍ਹਾਂ ਵੱਲੋਂ ਕੀਤੇ ਗਏ ਕੰਮਾਂ ਦੀ ਸ਼ਲਾਘਾ ਤਾਂ ਕੀ ਕਰਨੀ ਹੁੰਦੀ ਹੈ ਸਗੋਂ ਬਿਨਾਂ ਵਜ੍ਹਾ ਝੂਠੇ ਇਲਜ਼ਾਮ ਲਾ ਕੇ ਉਨ੍ਹਾਂ ਦਾ ਆਪਣੇ ਸਮਾਜ ਵਿਚ ਅਕਸ ਖਰਾਬ ਕਰਦੇ ਹਾਂ ਅਤੇ ਆਮ ਲੋਕਾਂ ਨੂੰ ਵੀ ਇਸ ਗੁਨਾਹ ਵਿਚ ਸ਼ਾਮਲ ਕਰ ਲੈਂਦੇ ਹਾਂ। ਹੋਣਾ ਤਾਂ ਇਹ ਚਾਹੀਦਾ ਹੈ ਕਿ ਹਰ ਸਿੱਖ ਆਪਣੀ ਕਹਿਣੀ ਅਤੇ ਕਰਨੀ ਦਾ ਪੱਕਾ ਧਾਰਨੀ ਹੋਵੇ। ਸਿੱਖ ਕੌਮ ਅਤੇ ਧਰਮ ਨਾਲ ਸਬੰਧਤ ਕਿਸੇ ਫੈਸਲੇ ਉਤੇ ਧੜੇਬੰਦੀ ਜਾਂ ਪਾਰਟੀਬਾਜ਼ੀ ਭਾਰੂ ਨਾ ਹੋਵੇ। ਕੋਈ ਵੀ ਫੈਸਲਾ ਕਰਨ ਤੋਂ ਪਹਿਲਾਂ ਵੱਧ ਤੋਂ ਵਧ ਵਿਚਾਰਾਂ ਹੋ ਸਕਦੀਆਂ ਹਨ, ਵੋਟਾਂ ਪਵਾਈਆਂ ਜਾ ਸਕਦੀਆਂ ਹਨ, ਹੋਰ ਤੱਥ ਇਕੱਠੇ ਕਰਨ ਲਈ ਫੈਸਲਾ ਮੁਲਤਵੀ ਹੋ ਸਕਦਾ ਹੈ, ਕਮੇਟੀਆਂ ਬਣਾਈਆਂ ਜਾ ਸਕਦੀਆਂ ਹਨ। ਪਰ ਇੱਕ ਵਾਰ ਕੀਤਾ ਫੈਸਲਾ ਸਭਨਾਂ ਨੂੰ ਮਨਜ਼ੂਰ ਹੋਣਾ ਚਾਹੀਦਾ ਹੈ।

ਸਿੱਖਾਂ ਦੇ ਗੁਰੂ ਘਰ, ਬਚਪਨ ਤੋਂ ਬੁਢਾਪੇ ਦੀ ਕਿਸੇ ਵੀ ਅਵਸਥਾ ਵਿਚ ਗੁਜ਼ਰ ਰਹੇ, ਹਰ ਇਨਸਾਨ ਨੂੰ ਜੀਵਨ ਜਾਚ ਸਿਖਾਉਣ ਦੇ ਸੋਮੇ ਹਨ। ਅਸੀਂ ਗੁਰੂ ਘਰ ਜਾਂਦੇ ਹਾਂ, ਮੱਥਾ ਟੇਕਦੇ ਹਾਂ, ਰੁਮਾਲੇ ਚੜ੍ਹਾਉਂਦੇ ਹਾਂ, ਲੰਗਰ ਵੀ ਕਰਵਾਉਂਦੇ ਹਾਂ, ਆਪਣੀ ਕਿਰਤ ਕਮਾਈ ਵਿਚੋਂ ਦਸਵੰਧ ਵੀ ਕੱਢਦੇ ਹਾਂ ਪਰ ਅਫਸੋਸ ਹੈ ਕਿ ਗੁਰੂ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦੱਸੇ ਗੁਰਮਤਿ ਮਾਰਗ ਉਤੇ ਚੱਲਣ ਵੱਲ ਧਿਆਨ ਨਹੀਂ ਦਿੰਦੇ। ਕਹਿਣ ਨੂੰ ਗੁਰਦੁਆਰੇ ਅਸੀਂ ਹਉਮੈ ਦਾ ਤਿਆਗ ਕਰਨ ਲਈ ਜਾਂਦੇ ਹਾਂ ਪਰ ਸੱਚ ਇਹ ਹੈ ਕਿ ਅੱਜ ਅਸੀਂ ਆਪਣੇ ਗੁਰਦੁਆਰਿਆਂ ਨੂੰ ਆਪੋ ਆਪਣੀ ਧੜੇਬੰਧਕ ਹਉਮੈ ਨੂੰ ਪੱਠੇ ਪਾਉਣ ਦਾ ਵੱਡਾ ਕੇਂਦਰ ਬਣਾ ਧਰਿਆ ਹੈ। ਗੁਰੂ ਘਰ, ਜੇ ਸਖਤੀ ਨਾਲ ਕਹਿਣਾ ਹੋਵੇ ਤਾਂ ਮੂਰਤੀ ਪੂਜਾ ਅਤੇ ਕਰਮਕਾਂਡ ਦੀ ਲਪੇਟ ਵਿਚ ਆ ਚੁਕੇ ਹਨ ਅਤੇ ਗੁਰੂ ਦੇ ਦੱਸੇ ਮਾਰਗ ਉਤੇ ਤੁਰਨਾ ਅਸੀਂ ਸਿੱਖਾਂ ਨੇ ਉਕਾ ਹੀ ਵਿਸਾਰ ਛੱਡਿਆ ਹੈ।

ਆਉ, ਨਵੇਂ ਗੁਰੂ ਘਰ ਉਸਾਰਨ ਦੇ ਨਾਲ ਨਾਲ ਪਹਿਲਾਂ ਬਣੇ ਗੁਰੂ ਘਰਾਂ ਦੇ ਪ੍ਰਬੰਧਾਂ ਵਿਚ ਸੁਧਾਰ ਕਰੀਏ। ਸੁਧਾਰਾਂ ਦੇ ਨਾਂ 'ਤੇ ਕੀਤੀ ਜਾ ਰਹੀ ਰਾਜਨੀਤੀ ਬੰਦ ਕਰੀਏ, ਆਪਸ ਵਿਚ ਮਿਲ ਬੈਠ ਕੇ ਅਜਿਹੇ ਪ੍ਰੋਗਰਾਮ ਉਲੀਕੀਏ ਕਿ ਹਰ ਗੁਰੂ ਘਰ ਹਰ ਵੇਲੇ ਸ਼ਾਂਤੀ ਅਤੇ ਉਪਦੇਸ਼ ਦਾ ਸੋਮਾ ਬਣ ਜਾਵੇ। ਆਉ, ਸਿੱਖੀ ਕਦਰਾਂ ਕੀਮਤਾਂ ਨੂੰ ਸਮਝੀਏ ਅਤੇ ਅਪਨਾਈਏ। ਆਪਣੇ ਅਤੇ ਆਪਣੀ ਕੌਮ ਵਿਚ ਆਈਆਂ ਤਰੁੱਟੀਆਂ ਨੂੰ ਦੂਰ ਕਰਕੇ ਸਿੱਖੀ ਕਿਰਦਾਰ ਕਾਇਮ ਰੱਖਣ ਲਈ ਯੋਜਨਾਬੱਧ ਤਰੀਕੇ ਨਾਲ ਕੰਮ ਕਰੀਏ ਅਤੇ ਦੁਨੀਆਂ ਦੇ ਲੋਕਾਂ ਦੀਆਂ ਨਜ਼ਰਾਂ ਵਿਚ ਸਿੱਖ ਨੂੰ ਦੁਨੀਆਂ ਦਾ ਇੱਕ ਆਦਰਸ਼ ਮਨੁੱਖ ਸਾਬਤ ਕਰਨ ਵਿਚ ਆਪੋ ਆਪਣਾ ਬਣਦਾ ਯੋਗਦਾਨ ਪਾਈਏ।

## ਅੱਗਾਂ ਦਾ ਸੇਕ

-ਪ੍ਰੋ. ਮਨਜੀਤ, ਸ਼ਿਕਾਗੋ
ਫੋਨ: 815-436-2566

ਅੱਗਾਂ ਦਾ ਸੇਕ!
ਪ੍ਰਚੰਡ ਭਾਂਬੜ
ਅਸਮਾਨੀ ਲਪਟਾਂ
ਲਾਲ ਰੰਗੇ
ਜਗਦੇ ਬੁਝਦੇ
ਹਵਾਵਾਂ ਦਾ ਮੂੰਹ ਚੁੰਮਦੇ
ਜ਼ਿੰਦਗੀ ਦੇ ਚੰਗਿਆੜੇ।

ਉਮਰਾਂ ਦੇ ਚੁੱਲ੍ਹੇ ਧੁਖਦਾ
ਹੱਡਾਂ ਦਾ ਬਾਲਣ
ਸਿਲ੍ਹਾ ਜਿਹਾ
ਮਿਹਨਤਾਂ ਮੁਸ਼ੱਕਤਾਂ
ਮਜਬੂਰੀਆਂ ਦਾ
ਬੋਝ ਢੋਂਦੇ ਰਾਹ!

ਉਦਰ ਅੱਗ
ਜਠਰ ਅਗਨੀ
ਨਾ ਕੋਈ ਘਟ
ਅਜਲਾਂ ਤੋਂ
ਅੰਦਰ ਦਾ ਲਾਂਭੂ
ਮੀਹਾਂ ਦਾ ਪਾਣੀ
ਵਿਅਰਥ ਸਭ
ਧੁਰਾਂ ਦਾ
ਏਹ ਸੇਕ ਡਾਢਾ
ਢਲਦੀ
ਸਭ ਗਾਲਦੀ
ਮੱਚ ਮੱਚ ਉਠਦੀ
ਏਹ ਊਰਜਾ
ਅੰਦਰ ਦੀ ਅੱਗ!

ਤ੍ਰਿਸ਼ਨਾ!
ਰੂਹਾਂ ਦਾ ਪਿੰਡਾ
ਝੁਲਸਦੀ ਮਾਇਆ
ਤੰਦੂਰ ਤਾਇਆ
ਇਕ ਛਲਾਵਾ
ਏਹ! ਕਾਮ-ਅੱਗ
ਸਮਿਆਂ ਤੋਂ ਸਾੜੇ
ਜਤਿ ਸਤਿ, ਸਭ ਤਪ
ਰੂਪ-ਰੰਗ ਜੁਆਨੀ
ਸਭ ਲਿਤਾੜੇ
ਜਾਤਾਂ ਨ ਪ੍ਰਵਾਹ
ਲੱਗ ਜਾਏ ਦਾਅ
ਨ ਕੋਈ ਪ੍ਰੇਸ਼ਾਨੀ
ਫਿਰ! ਚਾਹੇ ਗਿਆਨੀ!

ਭੁੱਖ ਅੱਗ!
ਇਕ ਹੋਰ ਅੱਗ
ਹਰ ਇਕ ਦੀ ਅੱਗ
ਰੱਜਿਆ ਨਾ ਕੋਈ
ਬੁਰੀ ਮੌਤ ਤੋਂ
ਸੁੱਟੀ ਪਰ੍ਹਾਂ
ਏਸ ਸ਼ਰਮ ਲੋਈ।

ਸਵੇਰਾਂ ਜੇ ਆਹਰ
ਖੜ੍ਹੀ ਫਿਰ ਦੁਪਹਿਰ
ਰਾਤਾਂ ਜੇ ਸੌਂਵੇਂ
ਸੁਬ੍ਹਾ ਫਿਰ ਖਲੋਵੇ,
ਧੂਰ੍ਹਾ ਚਾਲ ਦਾ
ਏਹ! ਕਮਾਲ ਦਾ
ਪ੍ਰਚੰਡ ਭਾਂਬੜ
ਏਹ! ਅੱਗਾਂ ਦਾ ਸੇਕ
ਜ਼ਿੰਦਗੀ ਦੀ ਚਾਲ
ਨ ਭਰਮ-ਭੇਦ!



# ਮਹਿਕਦਾ ਫਿਲਮੀ ਫੁੱਲ ਨੰਦਾ

ਆਪਣੇ ਸਮਿਆਂ ਦੀ ਖ਼ੂਬਸੂਰਤ ਅਦਾਕਾਰਾ ਨੰਦਾ ਨੂੰ ਇਕ ਵਾਰ ਫਿਰ ਯਾਦ ਕੀਤਾ ਗਿਆ। 8 ਜਨਵਰੀ 1939 ਨੂੰ ਜਨਮੀ ਨੰਦਾ 25 ਮਾਰਚ 2014 ਨੂੰ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਈ। ਉਹਦੇ ਤੁਰ ਜਾਣ 'ਤੇ ਅਦਾਕਾਰ ਮਨੋਜ ਕੁਮਾਰ, ਉਹਦੀ ਪੱਕੀ ਸਹੇਲੀ ਵਹੀਦਾ ਰਹਿਮਾਨ ਅਤੇ ਹੋਰਾਂ ਨੇ ਉਸ ਨੂੰ ਯਾਦ ਕੀਤਾ। ਮਨੋਜ ਨੂੰ ਤਾਂ ਅੱਜ ਤੱਕ ਹੈਰਾਨੀ ਹੈ ਕਿ ਉਸ ਵਕਤ ਦੀ ਹਿੱਟ ਹੀਰੋਇਨ ਨੰਦਾ ਨੇ ਉਸ ਵਰਗੇ ਨਵੇਂ ਅਦਾਕਾਰ ਨੂੰ ਕਿਸ ਤਰ੍ਹਾਂ ਸਹਿਯੋਗ ਦੇ ਕੇ ਮਨ ਮੋਹ ਲਿਆ ਸੀ। ਵਹੀਦਾ ਤਾਂ ਉਸ ਦੀਆਂ ਗੱਲਾਂ ਕਰਦੀ ਨਹੀਂ ਥੱਕਦੀ। ਉਹ ਇਹ ਵੀ ਦੱਸਦੀ ਹੈ ਕਿ ਨੰਦਾ ਨੂੰ ਕਿਸ ਤਰ੍ਹਾਂ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪਿਆ। ਬਚਪਨ ਵਿਚ ਹੀ ਉਸ ਦੇ ਸਿਰ ਤੋਂ ਪਿਤਾ ਦਾ ਦੇਹਾਂਤ ਹੋ ਗਿਆ ਸੀ ਅਤੇ ਪਰਿਵਾਰ ਉਤੇ ਸੰਕਟ ਛਾ ਗਿਆ। ਇਸ ਸੰਕਟ ਕਾਰਨ ਉਸ ਨੂੰ ਬਾਲ ਕਲਾਕਾਰ ਵਜੋਂ ਫਿਲਮਾਂ ਕਰਨੀਆਂ ਪਈਆਂ। 1956 ਵਿਚ ਵੀ. ਸ਼ਾਂਤਾ ਰਾਮ ਨੇ ਉਸ ਨੂੰ ਆਪਣੀ ਫਿਲਮ 'ਤੂਫ਼ਾਨ ਔਰ ਦੀਆ' ਵਿਚ ਵੱਡਾ ਰੋਲ ਦਿੱਤਾ। 'ਭਾਬੀ' (1957) ਲਈ ਉਸ ਦੀ ਨਾਮਜ਼ਦਗੀ ਫਿਲਮ ਫੇਅਰ ਦੇ ਸਰਬੋਤਮ ਸਹਾਇਕ ਅਦਾਕਾਰਾ ਪੁਰਸਕਾਰ ਲਈ ਹੋਈ। ਇਸ ਤੋਂ ਬਾਅਦ ਉਸ ਨੇ ਪਿਛੇ ਮੁੜ ਕੇ ਨਹੀਂ ਦੇਖਿਆ।

1959 ਵਿਚ ਉਸ ਨੂੰ 'ਛੋਟੀ ਬਹਨ' ਵਿਚ ਲੀਡ ਰੋਲ ਮਿਲਿਆ। ਫਿਲਮ ਹਿੱਟ ਹੋ ਗਈ ਤੇ ਨਾਲ ਹੀ ਨੰਦਾ। ਇਸ ਤੋਂ ਬਾਅਦ ਉਸ ਨੇ ਦੇਵਾ ਨੰਦ ਨਾਲ 'ਹਮ ਦੋਨੋ' ਅਤੇ 'ਤੀਨ ਦੇਵੀਆਂ' ਫਿਲਮਾਂ ਕੀਤੀਆਂ। ਦੋਹਾਂ ਫਿਲਮਾਂ ਨੇ ਖ਼ੂਬ ਧੁੰਮਾਂ ਪਾਈਆਂ। 1960 ਵਿਚ ਬੀ.ਆਰ. ਚੋਪੜਾ ਨੇ ਵੱਖਰੀ ਜਿਹੀ ਫਿਲਮ 'ਕਾਨੂੰਨ' ਬਣਾਈ। ਇਸ ਫਿਲਮ ਵਿਚ ਕੋਈ ਗੀਤ ਨਹੀਂ ਸੀ। ਇਸ ਦੀ ਹੀਰੋਇਨ ਨੰਦਾ ਹੀ ਸੀ। 'ਜਬ ਜਬ ਫੂਲ ਖਿਲੇ' ਵਿਚ ਉਸ ਦੀ ਅਦਾਕਾਰੀ ਦੇਖਣ ਲਾਇਕ ਸੀ।

ਨੰਦਾ ਨੇ ਸਾਰੀ ਉਮਰ ਵਿਆਹ ਨਹੀਂ ਕਰਵਾਇਆ। 1992 ਵਿਚ ਅੱਧਖੜ ਉਮਰ ਦੀ ਨੰਦਾ ਨੇ ਵਹੀਦਾ ਰਹਿਮਾਨ ਦੀ ਗੱਲ ਮੰਨ ਕੇ ਫਿਲਮਸਾਜ਼ ਮਨਮੋਹਨ ਦਸਾਈ ਨਾਲ ਮੰਗਣੀ ਕਰ ਲਈ, ਪਰ ਬਾਲਕੋਨੀ ਤੋਂ ਡਿੱਗ ਕੇ ਮਨਮੋਹਨ ਦੀ ਮੌਤ ਹੋ ਗਈ ਅਤੇ ਇਉਂ ਇਹ ਵਿਆਹ ਵਿਚਾਲੇ ਹੀ ਰਹਿ ਗਿਆ। ਇਸ ਹਾਦਸੇ ਤੋਂ ਇਕ ਸਾਲ ਪਹਿਲਾਂ ਹੀ ਨੰਦਾ ਦੀ ਮਾਂ ਚੱਲ ਵਸੀ ਸੀ। ਇਸ ਤੋਂ ਬਾਅਦ ਨੰਦਾ ਬੁਰੀ ਤਰ੍ਹਾਂ ਟੁੱਟ ਗਈ।

1981 ਵਿਚ ਉਹ ਕਾਫ਼ੀ ਸਾਲਾਂ ਦੇ ਵਕਫ਼ੇ ਵਿਚੋਂ 'ਆਹਿਸਤਾ ਆਹਿਸਤਾ' ਫਿਲਮ ਵਿਚ ਨਜ਼ਰ ਆਈ। ਫਿਰ ਉਸ ਨੇ 'ਮਜ਼ਦੂਰ' ਫਿਲਮ ਕੀਤੀ ਅਤੇ ਰਾਜ ਕਪੂਰ ਦੀ ਫਿਲਮ 'ਪ੍ਰੇਮ ਰੋਗ' (1983) ਉਸ ਦੀ ਆਖ਼ਰੀ ਫਿਲਮ ਸੀ। ਇਸ ਤੋਂ ਬਾਅਦ ਉਸ ਨੇ ਫਿਲਮੀ ਦੁਨੀਆਂ ਨੂੰ ਸਲਾਮ ਆਖ ਦਿੱਤੀ ਪਰ ਉਸ ਨੇ ਅਜਿਹੀਆਂ ਖ਼ੂਬਸੂਰਤ ਫਿਲਮਾਂ ਬਣਾਈਆਂ ਹਨ ਕਿ ਦਰਸ਼ਕ ਉਸ ਨੂੰ ਚਿਰਾਂ ਤੱਕ ਯਾਦ ਰੱਖਣਗੇ।

# ਸੰਗੀਤ ਦੀ ਸੰਗਤ ਤੇ ਅਮਨ



ਮਸ਼ਹੂਰ ਸਰੋਦ ਵਾਦਕ ਉਸਤਾਦ ਅਮਜਦ ਅਲੀ ਖਾਨ ਇਸ ਗੱਲ ਤੋਂ ਖੁਸ਼ ਹਨ ਕਿ ਭਾਰਤ ਦੇ ਨੌਜਵਾਨਾਂ ਵਿਚ ਸੰਗੀਤ ਲਈ ਰੁਚੀ ਵਧ ਰਹੀ ਹੈ। ਸਰੋਦ, ਤਬਲਾ ਅਤੇ ਸਿਤਾਰ ਵਰਗੇ ਸ਼ਾਸਤਰੀ ਵਾਦ ਵਜਾਉਣ ਵਿਚ ਮਾਹਿਰ ਉਸਤਾਦ ਅਮਜਦ ਅਲੀ ਖਾਨ ਆਪਣੇ ਪੁੱਤਰਾਂ ਅਮਾਨ ਅਲੀ ਖਾਨ ਅਤੇ ਅਯਾਨ ਅਲੀ ਖਾਨ ਨਾਲ ਸੰਯੁਕਤ ਰਾਸ਼ਟਰ ਅਕਾਦਮਿਕ ਇੰਪੈਕਟ ਅਤੇ ਸੰਯੁਕਤ ਰਾਸ਼ਟਰ ਵਿਚ ਭਾਰਤੀ ਦੂਤਘਰ ਵਲੋਂ ਕਰਵਾਏ 'ਸ਼ਾਂਤੀ ਲਈ ਸੰਗੀਤ' ਸਮਾਗਮ ਵਿਚ ਆਪਣਾ ਪ੍ਰੋਗਰਾਮ ਪੇਸ਼ ਕਰਨ ਅਮਰੀਕਾ ਆਏ ਸਨ। ਇਸ ਮੌਕੇ ਉਨ੍ਹਾਂ ਦਾ ਕਹਿਣਾ ਸੀ ਕਿ ਸੰਗੀਤ ਦੇ ਬਰਾਬਰ ਦਾ ਕੋਈ ਹੋਰ ਗਹਿਣਾ ਨਹੀਂ। ਇਸ ਨੂੰ ਪਾ ਕੇ ਹਰ ਕੋਈ ਅਸ਼-ਅਸ਼ ਕਰ ਉਠਦਾ ਹੈ। ਸੰਗੀਤ ਵਿਚ ਇੰਨੀ ਤਾਕਤ ਹੈ ਕਿ ਇਹ ਨਿੰਸਲ ਸਰੀਰਾਂ ਵਿਚ ਵੀ ਜਾਨ ਪਾ ਦਿੰਦਾ ਹੈ। ਦਿਲੋ-ਦਿਮਾਗ ਉਤੇ ਸੰਗੀਤ ਦਾ ਅਸਰ ਸਦਾ ਹੀ ਪਾਜੇਟਿਵ ਅਤੇ ਲੰਮੇ ਸਮੇਂ ਤੱਕ ਪੈਂਦਾ ਹੈ। ਸਾਨੂੰ ਚਾਹੀਦਾ ਹੈ ਕਿ ਅਸੀਂ ਸਾਰੇ ਆਪੋ-ਆਪਣੇ ਬੱਚਿਆਂ ਨੂੰ ਕਿਸੇ ਨਾ ਕਿਸੇ ਰੂਪ ਵਿਚ ਸੰਗੀਤ ਨਾਲ ਜੋੜੀਏ। ਚੇਤੇ ਰਹੇ ਕਿ ਉਸਤਾਦ ਅਮਜਦ ਅਲੀ ਖਾਨ ਉਦੋਂ ਸਿਰਫ 6 ਸਾਲਾ ਦੇ ਸਨ ਜਦੋਂ ਉਨ੍ਹਾਂ ਪਹਿਲੀ ਵਾਰ ਸਰੋਦ-ਵਾਦਨ ਕੀਤਾ ਸੀ। ਇਹ ਪ੍ਰੋਗਰਾਮ ਭਾਰਤੀ ਸੰਗੀਤ ਦੇ ਇਤਿਹਾਸ ਦਾ ਅਹਿਮ ਅਧਿਆਇ ਹੋ ਨਿਬੜਿਆ। ਸੰਗੀਤ ਦੀ ਤਾਲੀਮ ਉਨ੍ਹਾਂ ਆਪਣੇ ਪਿਤਾ ਹਾਫ਼ਿਜ਼ ਅਲੀ ਖਾਨ ਤੋਂ ਹਾਸਲ ਕੀਤੀ। ਉਨ੍ਹਾਂ ਦੇ ਟੱਬਰ ਦੀਆਂ ਛੇ ਪੀੜ੍ਹੀਆਂ ਸੰਗੀਤ ਦੀ ਸੰਗਤ ਵਿਚ ਹਨ। ਉਨ੍ਹਾਂ ਉਤੇ ਬਣਾਈ ਦਸਤਾਵੇਜ਼ੀ ਫਿਲਮ 'ਗੁਲਜ਼ਾਰ' 1990 ਦਾ ਫਿਲਮਫੇਅਰ ਪੁਰਸਕਾਰ ਜਿੱਤ ਚੁੱਕੀ ਹੈ।

# ਗਦਰ, ਫਿਲਮ ਤੇ ਗੀਤ

ਕਲਾ ਮਨੁੱਖ ਦੀ ਰੂਹ ਦੀ ਖੁਰਾਕ ਕਹੀ ਜਾਂਦੀ ਹੈ। ਮਨੁੱਖੀ ਮਨ ਦੇ ਖੇੜੇ, ਚਾਅ-ਮਲ੍ਹਾਰ, ਹੇਰਵੇ, ਉਦਾਸੀ, ਜੋਸ਼ ਅਤੇ ਦੁੱਖ ਦੀ ਨੁਮਾਇੰਦਗੀ ਕਰਦੀਆਂ ਕਲਾ ਦੀਆਂ ਵੰਨਗੀਆਂ ਹਮੇਸ਼ਾਂ ਮਨੁੱਖ ਦੇ ਅੰਗ-ਸੰਗ ਰਹੀਆਂ ਹਨ। ਕਲਾ ਤੋਂ ਬਿਨਾਂ ਮਨੁੱਖੀ ਇਤਿਹਾਸ ਅਧੂਰਾ ਹੈ। ਮਨੁੱਖ ਦੀ ਸਿਰਜਣਾ ਵਿਚ ਕਲਾ ਦਾ ਅਹਿਮ ਹਿੱਸਾ ਹੈ। ਕਲਾ ਮਨੁੱਖ ਨੂੰ ਸੰਵੇਦਨਸ਼ੀਲ ਬਣਾਉਣ ਦੇ ਨਾਲ-ਨਾਲ ਸਿਆਸੀ ਅਤੇ ਸਮਾਜਕ ਲਹਿਰਾਂ ਦਾ ਅਟੁੱਟ ਅੰਗ ਰਹੀ ਹੈ। ਸਿਨੇਮਾ, ਕਲਾ ਦੀ ਅਹਿਮ ਵੰਨਗੀ ਹੈ ਜਿਸ ਦੀ ਲੋਕਾਂ ਵਿਚ ਪਹੁੰਚ ਹੋਰ ਵੰਨਗੀਆਂ ਤੋਂ ਕਿਤੇ ਵਧੇਰੇ ਹੈ। ਗ਼ਦਰ ਲਹਿਰ ਨੇ ਇਸ ਮਾਧਿਅਮ ਦੀ ਵਿਸ਼ਾਲਤਾ ਅਤੇ ਵਿਰਾਟਤਾ ਨੂੰ ਪਛਾਣਿਆ ਸੀ। ਇਸੇ ਕੜੀ ਵਿਚ ਸੰਨ 1917 ਦੇ ਰੂਸੀ ਇਨਕਲਾਬ ਤੋਂ ਬਾਅਦ ਲੈਨਿਨ ਨੇ ਕਿਹਾ ਸੀ ਕਿ ਲੋਕਾਂ ਦੀ ਗੱਲ ਕਰਨ ਦਾ ਅਤੇ ਲੋਕਾਂ ਤੱਕ ਗੱਲ ਪਹੁੰਚਾਉਣ ਦਾ ਸਭ ਤੋਂ ਵੱਡਾ ਮਾਧਿਅਮ ਸਿਨੇਮਾ ਹੋਵੇਗਾ। ਇਸ ਐਲਾਨ ਤੋਂ ਬਾਅਦ ਸਾਮਰਾਜੀ ਮੁਲਕਾਂ ਨੇ ਫ਼ਿਲਮਾਂ ਉੱਤੇ ਪਾਬੰਦੀਆਂ ਬਿਠਾ ਦਿੱਤੀਆਂ ਅਤੇ ਆਪਣੇ ਨਿਜ਼ਾਮ ਨੂੰ ਵਡਿਆਉਂਦੀਆਂ ਫ਼ਿਲਮਾਂ ਗ਼ੁਲਾਮ ਬਸਤੀਆਂ ਵਿਚ ਵੰਡਣੀਆਂ ਸ਼ੁਰੂ ਕਰ ਦਿੱਤੀਆਂ ਸਨ।



ਗ਼ਦਰੀਆਂ ਨੇ ਫ਼ਿਲਮਾਂ ਰਾਹੀਂ ਹਿੰਦੀ ਕਿਸਾਨਾਂ ਨੂੰ ਅੰਗਰੇਜ਼ ਬਸਤਾਨਾਂ ਵਿਰੁਧ ਖੜ੍ਹਾ ਕਰਨ ਲਈ ਹੰਭਲੇ ਸ਼ੁਰੂ ਕਰ ਦਿੱਤੇ। ਉੱਘੇ ਗ਼ਦਰੀ ਪਾਂਡੂਰੰਗ ਖਾਨ ਖੋਜੇ ਆਪਣੀ ਵਿਥਿਆ ਵਿਚ ਇਸ ਗੱਲ ਦਾ ਜ਼ਿਕਰ ਕਰਦੇ ਹਨ। ਖਾਨ ਖੋਜੇ ਗੁਜਰਾਤੀ ਸਨ ਅਤੇ 1906 ਵਿਚ ਅਮਰੀਕਾ ਗਏ। ਉਨ੍ਹਾਂ ਨੇ ਸ਼ਿਕਾਗੋ ਤੋਂ ਕੈਮਿਸਟਰੀ ਦੀ ਪੜ੍ਹਾਈ ਕੀਤੀ ਅਤੇ ਖੇਤੀਬਾੜੀ ਵਿਗਿਆਨੀ ਬਣੇ। ਉਹ ਮਿਨੀਸੋਟਾ ਯੂਨੀਵਰਸਿਟੀ ਵਿਚ ਡਾਕਟਰੀ ਦੀ ਪੜ੍ਹਾਈ ਕਰ ਰਹੇ ਸਨ ਜਦੋਂ ਗ਼ਦਰੀਆਂ ਦੇ ਸੰਪਰਕ ਵਿਚ ਆਏ। ਇਹ ਸੰਨ 1914 ਦੀ ਗੱਲ ਹੈ। ਕੈਲੀਫੋਰਨੀਆਂ ਵਿਚ ਹੋਈ ਮਿਲਣੀ ਵਿਚ ਫ਼ੈਸਲਾ ਕੀਤਾ ਗਿਆ ਕਿ ਹਿੰਦੋਸਤਾਨ ਦੀ ਮੁਕਤੀ ਲਈ ਜੰਗ ਸ਼ੁਰੂ ਕੀਤੀ ਜਾਣੀ ਚਾਹੀਦੀ ਹੈ। ਖਾਨ ਖੋਜੇ ਲਿਖਦੇ ਹਨ, "ਆਲਮੀ ਜੰਗ ਅਜੇ ਸ਼ੁਰੂ ਨਹੀਂ ਹੋਈ ਸੀ, ਸੋ ਸਾਡੀ ਵਿਉਂਤ ਅਮਰੀਕਾ ਵਿਚ ਵਸੇ ਹਿੰਦੋਸਤਾਨੀ ਕਿਸਾਨਾਂ ਵਿਚ ਫ਼ਿਲਮਾਂ ਰਾਹੀਂ ਪ੍ਰਚਾਰ ਕਰ ਕੇ ਅੰਗਰੇਜ਼ੀ ਸਰਕਾਰ ਵਿਰੁਧ ਹਥਿਆਰ ਚੁੱਕਣ ਲਈ ਹੱਲਾਸ਼ੇਰੀ ਦੇਣ ਦੀ ਸੀ।" ਖਾਨ ਖੋਜੇ ਨੂੰ ਕੁਝ ਹੋਰ ਗ਼ਦਰੀਆਂ ਸਮੇਤ ਮੱਧ-ਪੂਰਬ ਦੇ ਮੋਰਚੇ ਉੱਤੇ ਘੱਲਿਆ ਗਿਆ। ਉਹ ਦੱਸਦੇ ਹਨ ਕਿ ਉਨ੍ਹਾਂ ਨੂੰ ਅਮਰੀਕਾ ਤੋਂ ਯੂਨਾਨੀ ਜਹਾਜ਼ ਰਾਹੀਂ ਯੂਨਾਨ ਦੀ ਪੀਰਾਸ ਬੰਦਰਗਾਹ ਉੱਤੇ ਭੇਜਿਆ ਗਿਆ ਜਿਥੋਂ ਉਨ੍ਹਾਂ ਨੇ ਗ਼ਦਰੀ ਬਿਸ਼ਨ ਦਾਸ ਨੂੰ ਹੋਰ ਸਮਾਨ ਦੇ ਨਾਲ ਫ਼ਿਲਮ-ਪ੍ਰੋਜੈਕਟਰ ਦੇ ਕੇ ਹਿੰਦੋਸਤਾਨ ਤੋਰ ਦਿੱਤਾ। ਖਾਨ ਖੋਜੇ ਸੰਨ 1919 ਤੱਕ ਮੱਧ-ਪੂਰਬ ਵਿਚ ਹਿੰਦੀ ਗ਼ਦਰੀਆਂ, ਈਰਾਨੀਆਂ, ਬਲੋਚਾਂ ਅਤੇ ਮੁਕਾਮੀ ਲੋਕਾਂ ਨਾਲ ਮਿਲ ਕੇ ਅੰਗਰੇਜ਼ ਬਸਤਾਨਾਂ ਵਿਰੁਧ ਲੜਦੇ ਰਹੇ। ਗ਼ਦਰੀਆਂ ਨੇ ਫ਼ਿਲਮ ਨੂੰ ਬਸਤਾਨਾਂ ਵਿਰੁਧ ਹਥਿਆਰ ਦੇ ਰੂਪ ਵਿਚ ਦੇਖਿਆ ਸੀ।




ਗ਼ਦਰ ਦੇ ਗੀਤ, ਗ਼ਦਰੀਆਂ ਦੇ ਪ੍ਰਚਾਰ ਦਾ ਇਕ ਹੋਰ ਅਹਿਮ ਮਾਧਿਅਮ ਸਨ। ਕਰਤਾਰ ਸਿੰਘ ਸਰਾਭੇ ਦੀ ਕੁਲ ਸਿਆਸੀ ਜ਼ਿੰਦਗੀ ਉਤੇ ਨਜ਼ਰ ਮਾਰੀ ਜਾਵੇ ਤਾਂ ਪਤਾ ਲਗਦਾ ਹੈ ਕਿ ਉਨ੍ਹਾਂ ਦੇ ਸਿਆਸੀ ਜੀਵਨ ਦਾ ਵਧੇਰੇ ਸਮਾਂ ਗ਼ਦਰ ਅਖ਼ਬਾਰ ਦੀ ਪੱਤਰਕਾਰੀ ਅਤੇ ਲੇਖਣੀ ਵਿਚ ਬੀਤਿਆ ਸੀ। ਜਿਹੜੇ ਲੋਕ ਸਰਾਭੇ ਨੂੰ ਮਹਿਜ਼ ਪਿਸਤੌਲ ਨਾਲ ਹੀ ਦੇਖਦੇ ਹਨ, ਉਨ੍ਹਾਂ ਨੂੰ ਉਪਰਲੇ ਹਵਾਲਿਆਂ ਵੱਲ ਝਾਤ ਮਾਰ ਲੈਣੀ ਚਾਹੀਦੀ ਹੈ। ਪਿਛਲੇ ਸਮੇਂ ਵਿਚ ਗਿੱਪੀ ਗਰੇਵਾਲ ਦੇ ਗੀਤ ਦੇ ਬੋਲ ਕੁਝ ਅਜਿਹੇ ਸਨ ਕਿ ਸਰਾਭੇ ਨੇ ਕੋਈ ਕਿਤਾਬ ਨਹੀਂ ਪੜ੍ਹੀ ਸੀ। ਇਸ ਕਰ ਕੇ ਸਿਰ੍ਹਾਣੇ ਬੰਦੂਕ ਰੱਖ ਕੇ ਸੌਣ ਵਾਲਿਆਂ ਨੂੰ ਇਹ ਨਾ ਸਮਝਾਓ ਕਿ ਜੰਗ ਕਿਵੇਂ ਲੜੀਦੀ ਹੈ। ਇਤਿਹਾਸ ਗਵਾਹ ਹੈ ਕਿ ਸਰਾਭੇ ਨੇ ਕਲਮ ਤੇ ਹਥਿਆਰ, ਦੋਹਾਂ ਨਾਲ ਜੰਗ ਲੜੀ ਸੀ ਅਤੇ ਉਹਦੀ ਸਿਆਸੀ ਜ਼ਿੰਦਗੀ ਦਾ ਵਧੇਰੇ ਸਮਾਂ ਕਲਮ ਲੈ ਕੇ ਜੰਗ ਲੜਨ ਦਾ ਹੀ ਸੀ। ਉਹ ਜਿਉਂਦਾ ਜਾਗਦਾ, ਗਿਆਨਵਾਨ ਅਤੇ ਚਿੰਤਨਸ਼ੀਲ ਬੰਦਾ ਸੀ। ਪੰਜਾਬੀਆਂ ਦੀ ਸਿਫ਼ਤ ਕਰਨ ਵੇਲੇ ਜ਼ਰੂਰੀ ਨਹੀਂ ਕਿ ਉਨ੍ਹਾਂ ਨੂੰ ਮਾਸਖੋਰੇ, ਹਿੰਸਕ, ਦਿਮਾਗ-ਵਿਹੂਣੇ ਅਤੇ ਅਨਪੜ੍ਹ ਕਹਿ ਕੇ ਹੀ ਬਹਾਦਰ ਸਿੱਧ ਕੀਤਾ ਜਾ ਸਕਦਾ ਹੈ। ਇਕ ਪਾਸੇ ਅਜਿਹੇ ਉਜੱਡ ਗੀਤਾਂ ਦਾ ਦੌਰ ਹੈ ਅਤੇ ਦੂਜੇ ਪਾਸੇ ਹਕੂਕ ਲਈ ਲੜ ਰਹੇ ਕਿਰਤੀ, ਅਕਲ ਅਤੇ ਸਾਂਝ ਦੇ ਜਸ਼ਨਾਂ ਦੇ ਗੀਤ ਗਾ ਰਹੇ ਹਨ; ਬੇਸ਼ੱਕ 'ਮੁੱਖਧਾਰਾ' ਕਿਰਤੀਆਂ ਦੇ ਗੀਤਾਂ ਨੂੰ ਥਾਂ ਨਹੀਂ ਦਿੰਦੀ। ਕੁਝ ਦਿਨ ਪਹਿਲਾਂ ਕਿਸਾਨਾਂ ਅਤੇ ਮਜ਼ਦੂਰਾਂ ਦੀ ਜੋਟੀ ਨੇ ਬਠਿੰਡੇ ਵਿਚ ਸਰਕਾਰ ਦੀ ਬੂਥ ਲਵਾ ਦਿੱਤੀ ਸੀ। ਮੋਰਚੇ ਦੀ ਜਿੱਤ ਤੋਂ ਬਾਅਦ ਕਿਸਾਨ ਆਗੂ ਸ਼ਿੰਗਾਰਾ ਸਿੰਘ ਮਾਨ ਭਰੇ ਇਕੱਠ ਵਿਚ ਗੀਤ ਗਾ ਰਿਹਾ ਸੀ, "ਕਹਿੰਦੇ ਰਫਲਾਂ ਰੱਖਣ ਦੇ ਸ਼ੌਕੀ, ਬਠਿੰਡੇ ਵਾਲੇ ਅਕਲਾਂ ਭਰੇ... ਬਾਜ਼ੀ ਮਾਰ ਗਿਆ ਬਠਿੰਡੇ ਵਾਲਾ ਮੋਰਚਾ... ਉਏ ਹਾਕਮਾਂ ਦੇ ਹੋਸ਼ ਉੱਡ ਗਏ।" ਉਹ ਬਠਿੰਡੇ ਵਾਲਿਆਂ ਦੇ ਸਿਰ ਥੋਪੇ ਗਏ ਹਿੰਸਕ-ਜਸ਼ਨ ਨੂੰ ਮੂਲੋਂ ਉਲਟ ਰਿਹਾ ਹੈ। ਉਹ ਅਕਲ, ਹਿੰਮਤ ਅਤੇ ਸਾਂਝੀਵਾਲਤਾ ਨੂੰ ਕੇਂਦਰ ਵਿਚ ਲਿਆ ਰਿਹਾ ਹੈ।

ਲੈਨਿਨ ਕਹਿੰਦਾ ਹੈ ਕਿ ਮੈਨੂੰ ਸਿਰਫ਼ ਇਹ ਦੱਸੋ ਕਿ ਮੁਲਕ ਦੇ ਨੌਜਵਾਨਾਂ ਦੀ ਜ਼ੁਬਾਨ ਉੱਤੇ ਕਿਹੜੇ ਗੀਤ ਹਨ, ਮੈਂ ਤੁਹਾਨੂੰ ਮੁਲਕ ਦਾ ਭਵਿੱਖ ਦੱਸ ਦੇਵਾਂਗਾ। ਮੁਲਕ ਦਾ ਭਵਿੱਖ ਲੋਕਾਂ ਦੀ ਜ਼ੁਬਾਨ ਉੱਤੇ ਚੜ੍ਹੇ ਗੀਤਾਂ ਨੇ ਬਿਆਨ ਕਰਨਾ ਹੈ। ਇਸ ਪ੍ਰਸੰਗ ਵਿਚ ਸਾਨੂੰ ਸਾਡੇ ਮੁਲਕ ਦੀ ਜਵਾਨੀ ਦੇ ਮੂੰਹ ਉੱਤੇ ਚੜ੍ਹੇ ਗੀਤਾਂ ਅਤੇ ਫ਼ਿਲਮਾਂ ਨੂੰ ਵਾਚ ਲੈਣਾ ਚਾਹੀਦਾ ਹੈ। ਜੇ ਸਾਡੀ ਜ਼ੁਬਾਨ ਉੱਤੇ ਮਨੁੱਖ ਦੀ ਬਿਹਤਰੀ, ਨਾਬਰੀ ਅਤੇ ਜ਼ਿੰਦਗੀ ਦੇ ਗੀਤ ਨਹੀਂ ਹਨ, ਤਾਂ ਸਾਡਾ ਭਵਿੱਖ ਰੌਸ਼ਨ ਕਿਵੇਂ ਹੋ ਸਕਦਾ ਹੈ? ਜ਼ਿੰਦਗੀ ਦੇ ਆਸ਼ਕਾਂ ਨੇ ਮਨੁੱਖਤਾ ਦੇ ਭਵਿੱਖ ਦੇ ਨਕਸ਼ ਘੜਨੇ ਹਨ। ਉਨ੍ਹਾਂ ਆਸ਼ਕਾਂ ਦੇ ਗੀਤ ਮਨੁੱਖ ਦੀ ਪਹੁੰਚ ਤੋਂ ਪਰ੍ਹੇ ਨਹੀਂ ਹੋਣੇ ਚਾਹੀਦੇ, ਪਰ ਡਾਢਿਆਂ ਨੇ ਇਨ੍ਹਾਂ ਗੀਤਾਂ ਨੂੰ ਹਮੇਸ਼ਾ ਪਿੱਛੇ ਸੁੱਟਿਆ ਹੈ। ਜਵਾਨੀ ਦੀ ਜ਼ੁਬਾਨ ਉੱਤੇ ਚੜ੍ਹਾਏ ਗਏ ਗੀਤ ਅਤੇ ਫ਼ਿਲਮਾਂ ਉਨ੍ਹਾਂ ਦੀਆਂ ਆਪਣੀਆਂ ਨਹੀਂ, ਸਗੋਂ ਵੱਡੀ ਸਾਜ਼ਿਸ਼ ਦਾ ਨਤੀਜਾ ਹਨ। ਇਨਕਲਾਬੀਆਂ ਦੀ ਵਿਰਾਸਤ ਦੀ ਕੜੀ ਵਿਚ ਪੰਜਾਬੀਆਂ ਨੇ ਸੋਚਣਾ ਹੈ ਕਿ ਮਾਧਿਅਮਾਂ ਦੀ ਵਰਤੋਂ ਕਿਸ ਪੱਖ ਲਈ ਕਰਨੀ ਹੈ। ਇਨ੍ਹਾਂ ਮਾਧਿਅਮਾਂ ਦੀ ਵਰਤੋਂ ਲੋਕ ਵਿਰੋਧੀ ਪ੍ਰਚਾਰ ਲਈ ਵੀ ਕੀਤੀ ਜਾ ਸਕਦੀ ਹੈ ਅਤੇ ਲੋਕ ਪੱਖੀ ਪ੍ਰਚਾਰ ਲਈ ਵੀ। ਸਾਡੇ ਪੁਰਖਿਆਂ ਨੇ ਇਨ੍ਹਾਂ ਮਾਧਿਅਮਾਂ ਦੀ ਵਰਤੋਂ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਰੋਕਣ ਲਈ ਲਗਾਤਾਰ ਚਲਦੀ ਜੰਗ ਵਿਚ ਅਹਿਮ ਹਥਿਆਰ ਵਜੋਂ ਕੀਤੀ ਸੀ। ਲੁੱਟ ਅਜੇ ਰੁਕੀ ਨਹੀਂ ਹੈ ਅਤੇ ਮਾਧਿਅਮ ਦੀ ਵਰਤੋਂ ਦਾ ਸਵਾਲ ਹਮੇਸ਼ਾ ਬਣਿਆ ਰਹੇਗਾ।

-ਜਤਿੰਦਰ ਮੌਹਰ
ਫੋਨ: 91-97799-34747

Since 1990

# PCS SACRAMENTO

Non Profit

Presents

(USA)

25ਵਾਂ

ਸਿਲਵਰ ਜੁਬਲੀ ਸੈਲੀਬ੍ਰੇਸ਼ਨਜ਼

# ਵਿਸਾਖੀ ਮੇਲਾ

# Visakhi Mela







**Featuring : Songs, Gidha & Bhangra, Dances, Skits and Much More**

**Celebration On Saturday 19th April 2014 at 3:00 P.M.**

## S.E.S. Hall

**10427 E. STOCKTON BLVD. ELK GROVE, CA 95624**

*Spcl. Appearance*

**Bhangra & Gidda**



ਸਹਿਯੋਗੀ ਜਥੇਬੰਦੀਆਂ : ਇੰਡੋ ਅਮੈਰੀਕਨ ਹੈਰੀਟੇਜ ਫੋਰਮ (ਫਰਿਜ਼ਨੋ), ਜੀ. ਐਚ. ਜੀ. ਅਤੇ ਸੰਗੀਤ ਅਕੈਡਮੀ (ਫਰਿਜ਼ਨੋ), ਕਿੰਗ ਸਪੋਰਟਸ ਕਲੱਬ ਸੈਕਰਾਮੈਂਟੋ, ਪੰਜਾਬੀ ਅਮੈਰੀਕਨ ਹੈਰੀਟੇਜ ਸੁਸਾਇਟੀ (ਯੂਬਾਸਿਟੀ), ਪੰਜਾਬੀ ਕਲਚਰਲ ਐਸੋਸੀਏਸ਼ਨ ਆਫ ਸੈਂਟਰਲ ਵੈਲੀ (ਫਰਿਜ਼ਨੋ), ਡਾਇਮੰਡ ਕਲੱਬ ਸੈਕਰਾਮੈਂਟੋ, ਇੰਡੋ ਅਮੈਰੀਕਨ ਦੇਸ ਭਗਤ ਫਾਊਂਡੇਸ਼ਨ, ਇੰਡਸ ਵੈਲੀ ਅਮੈਰੀਕਨ ਚੈਂਬਰ ਆਫ ਕਾਮਰਸ, ਇੰਡੋ ਅਮੈਰੀਕਨ ਕਲਚਰਲ ਆਰਗੇਨਾਈਜ਼ੇਸ਼ਨ, ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਅਮੈਰੀਕਾ, ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ (ਸਟਾਕਟਨ ਯੂਨਿਟ), ਇੰਡੋ ਅਮੈਰੀਕਨ ਕਲਚਰਲ ਐਂਡ ਸਪੋਰਟਸ ਆਰਗੇਨਾਈਜ਼ੇਸ਼ਨ ਯੂ.ਐਸ.ਏ. ਅਤੇ ਪੰਜਾਬੀ ਵਿਰਸਾ ਸੰਭਾਲ।

ਪ੍ਰਬੰਧਕੀ ਕਮੇਟੀ: ਰਾਜਿੰਦਰ ਪਾਲ ਸਿੰਘ, ਅਮਰੀਕ ਸਿੰਘ ਪਰਹਾਰ, ਹਰਜਿੰਦਰ ਬਸਰਾ, ਤੀਰਥ ਸਹੋਤਾ, ਪਰਮਜੀਤ ਢਿਲੋਂ, ਸੁਰਿੰਦਰ ਬਿੰਦਰਾ, ਅਜੈਬ ਕਾਹਲੋਂ, ਰਸ਼ਪਾਲ ਫਰਵਾਲਾ, ਜਰਨੈਲ ਸਰਪੰਚ, ਦੇਬੀ ਗਿੱਲ, ਸੁਖਰਾਜ ਸਿੰਘ ਔਲਖ, ਭੁਪਿੰਦਰ ਰੀਹਲ, ਜਸਵਿੰਦਰ ਪੂਨੀ, ਜਸਵੰਤ ਸ਼ਾਦ, ਅਰਜਿੰਦਰ ਕੁੱਕੀ, ਪਵਿੱਤਰ ਨਾਹਲ, ਸਤਵਿੰਦਰ ਰੰਗੀ, ਵਰਿੰਦਰ ਸੰਘੇੜਾ, ਕਮਲ ਬੰਗਾ, ਪਰਮਿੰਦਰ ਵਿਰਕ, ਬਲਵੀਰ ਜੌਹਲ, ਅਵਤਾਰ ਡੋਡ, ਹਰਜਿੰਦਰ ਪੰਧੇਰ, ਸਤਵਿੰਦਰ ਸਰਹੱਦੀ, ਪਾਲ ਸਿੰਘ, ਮਨੋਹਰ ਲਾਲ ਰੌਤੀ, ਜਰਨੈਲ ਮੰਡੇਰ, ਜਗਜੀਤ ਕੰਦੋਲਾ, ਦਲਜੀਤ ਸਿੰਘ ਲੋਪੋ, ਭੋਲੀ ਸਿੰਘ, ਯਾਦਵਿੰਦਰ ਗਿੱਲ, ਕਰਮਜੀਤ ਮਿਨਹਾਸ, ਜਤਿੰਦਰ ਸਿੰਘ, ਸਤਨਾਮ ਸਿੰਘ ਤਾਤਲਾ, ਬਖਸ਼ੀਸ਼ ਗਿੱਲ, ਬਲਵੰਤ ਸਿੰਘ ਕੰਦੋਲਾ, ਵਿਜੇ ਪਰਹਾਰ, ਰਾਜ ਬਰਾੜ, ਪ੍ਰੇਮ ਚੁੰਬਰ (ਐਡੀਟਰ ਦੇਸ ਦੋਆਬਾ)

ਸਪੌਂਸਰ ਕਰਤਾ: ਹਰਜੀਤ ਸਿੰਘ (ਮਾਊਂਟੇਨ ਮਾਈਕ'ਜ਼ ਪੀਜ਼ਾ ਐਲਕਗ੍ਰੋਵ), ਇੰਦਰਜੀਤ ਸਿੰਘ (ਮਾਊਂਟੇਨ ਮਾਈਕ'ਜ਼ ਪੀਜ਼ਾ ਐਲਕਗ੍ਰੋਵ ਫਲੋਰੀਨ), ਬੰਗਾ ਪੈਲੇਸ, ਇੰਡੀਆ ਹਾਊਸ ਆਫ ਗਰੋਸਰੀ, ਦੇਸੀ ਬਾਜ਼ਾਰ, ਇੰਡੀਆ ਸਪਾਈਸਜ਼ ਐਂਡ ਮਿਊਜ਼ਿਕ ਇਨ ਐਲਕਗ੍ਰੋਵ, ਰਾਜਿੰਦਰ ਸਿੰਘ, ਗੁਰਨੇਕ ਸਿੰਘ, ਜਸਵਿੰਦਰ ਸੰਧੂ, ਅਵਤਾਰ ਅਟਵਾਲ, ਚਰਨ ਬੜਵਾਲ, ਪਿਆਰਾ ਸਿੰਘ ਪਰਹਾਰ, ਮਲਕੀਤ ਬੇਪਾਰਾਏ, ਜੱਸੀ ਸੰਘਾ (ਪਾਵਰ ਮਾਰਟ), ਏ.ਬੀ. ਸਵੀਟਸ, ਮਨਜੀਤ ਢਿਲੋਂ (ਮੋਡੈਸਟੋ), ਮਨਪ੍ਰੀਤ ਸਿੰਘ, ਪਰਮਿੰਦਰਜੀਤ ਸਿੰਘ, ਜਸਵੰਤ ਸਿੰਘ, ਗੁਰਚੇਤਨ ਸਿੰਘ, ਮਨਜੀਤ ਸਿੰਘ, ਕੁਲਵਿੰਦਰ ਬੈਂਬੀ, ਮਨਜੀਤ ਸਿੰਘ (ਪੰਜਾਬ ਇੰਸ਼ੋਰੈਂਸ ਐਂਡ ਇੰਮੀਗ੍ਰੇਸ਼ਨ ਟੈਕਸ ਸਰਵਿਸ), ਪਰਮਜੀਤ ਧਾਲੀਵਾਲ (ਫਰਿਜ਼ਨੋ), ਅਮਰਜੀਤ ਦੂਲੇ, ਗੁਰਮੁਖ ਗੋਸਲ (ਸ਼ੇਰੇਟਨ ਹੋਟਲ), Wells Fargo Bank, Money Gram (Fast Trip Florin Road), ਮਨਜੀਤ ਸਿੰਘ, ਨਿਰਮਲ ਸਿੰਘ, ਗੁਰਦੀਪ ਢਿਲੋਂ, ਜਸਵਿੰਦਰ ਬੇਪਾਰਾਏ, ਜਸਵੀਰ ਬਾਂਦੀ (World Financial Group), ਜੇ.ਆਰ. ਸਿਧਰਾ ਅਮੈਰੀਕਨ ਟ੍ਰੈਵਲਜ਼, ਅਕਲੇਸ਼ ਸਿੰਘ (ਕੁਆਲਿਟੀ ਵੈਡਿੰਗ), ਅਟਵਾਲ ਬ੍ਰਦਰਜ਼ (ਮਰਸਿੱਦ) ਅਤੇ ਕਿਰਨਜੀਤ ਢੱਡਾ।

**ਕੈਲੇਫੋਰਨੀਆ ਦੀਆਂ ਗਿੱਧੇ ਅਤੇ ਭੰਗੜੇ ਦੀਆਂ ਚੋਟੀ ਦੀਆਂ ਟੀਮਾਂ ਭਾਗ ਲੈ ਰਹੀਆਂ ਹਨ।**

*For More Information Please Contact :* *Participation:* Rashpal Pharwala (916) 880-0531, *Stalls:* Tirath Sahota (916) 271-8382, Amrik Parhar (916) 502-0064, *Host by:* Jaswant S. Shad (209) 992-7185

**ADMISSION FREE** Please No Alcohol, No Food or Drinks Inside the Hall. No Cameras Will Be Will Be Tightly Enforced Allowed Inside The Hall, Security

**Website : www.sacpcs.com**

Printer : Barapind Printing Press (E-mail: barapindpress@gmail.com)



Send money to your loved ones this Vaisakhi.
Cash pick up in minutes.*
MoneyGram.
bringing you closer
moneygram.com 800-926-9400
/moneygram @moneygramMe
Available for pick up at any of these locations:
भारतीय डाक
India Post
SUPREME SECURITIES LTD.
State Bank of India
THE BANKER TO EVERY INDIAN
UAEXCHANGE®
Thomas Cook
Travel Smooth
thomascook.in
• Foreign Exchange •
*Subject to agent operating hours, availability and local laws and regulations. Licensed as a Money Transmitter by the Banking Department of the State of New York. MoneyGram, the Globe and MoneyGram Bringing You Closer are marks of MoneyGram. All other marks are the property of their owners. © 2014 MoneyGram.
0114-17AMT